ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 21 | 1 June 2022 to 7 June 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com



ਵਿਸ਼ੇਸ਼ ਦਿਹਾੜਾ 6 ਜੂਨ 2022 ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਜੂਨ 1984 ਘਲੂਘਾਰੇ ਦੇ ਸ਼ਹੀਦਾਂ ਦੀ ਸ਼ਹੀਦੀ ਦਿਹਾੜੇ ਮੌਕੇ ਉੱਤੇ ਅਦਾਰਾ ਅੰਮ੍ਰਿਤਸਰ ਟਾਈਮਜ਼ ਵੱਲੋਂ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ ਅਤੇ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਕੀਤੀ ਜਾਂਦੀ ਹੈ ਕਿ ਸਿੱਖ ਕੌਮ ਨੂੰ ਸਦਾ ਚੜ੍ਹਦੀ ਕਲਾ ਵਿਚ ਰੱਖੇ



## ਸਿੱਧੂ ਮੂਸੇਵਾਲਾ ਦੇ ਕਤਲ ਪਿੱਛੇ ਗੈਂਗਸਟਰ ਜਾਂ ਏਜੰਸੀਆਂ

**ਕੇਐਸ ਚੱਠਾ**

ਸਿੱਧੂ ਮੂਸੇਵਾਲਾ ਦਾ ਕਤਲ ਕੋਈ ਗੈਂਗਵਾਰ ਦਾ ਕਤਲ ਨਹੀਂ ਇਹ ਇਕ ਏਜੰਸੀਆਂ ਦੁਆਰਾ ਦਿੱਤਾ ਗਿਆ ਕਤਲ ਹੈ ਸਿੱਧੂ ਮੂਸੇਵਾਲ ਨੂੰ ਫ਼ਿਲਮੀ ਸਟਾਈਲ ਨਾਲ ਅੱਗੇ ਪਿੱਛੇ ਕਾਰਾਂ ਗੱਡੀਆਂ ਲਾ ਕੇ ਤੇ ਤੀਸਰੀ ਗੱਡੀ ਤੋ ਸਾਈਡ ਤੋਂ ਗੋਲੀਆਂ ਮਾਰੀਆਂ ਗਈਆਂ। ਇਸ ਤਰਾਂ ਦੀਆਂ ਘਟਨਾਵਾਂ ਨੂੰ ਬਹੁਤ ਹੀ ਟਰੇਂਡ ਕਮਾਂਡੋ Training ਵਾਲੇ ਹੀ ਦੇ ਸਕਦੇ ਹਨ। ਖਾੜਕੂ ਦੌਰ ਵਿਚ ਇਸ ਤਰਾਂ ਨਾਲ ਮਿਲਦੇ ਢੰਗਾਂ ਨਾਲ ਖਾੜਕੂਆਂ ਨੂੰ ਮਾਰਿਆ ਗਿਆ ਸੀ। ਭਾਰਤੀ ਏਜੰਸੀਆਂ ਦੀ ਸਿੱਧੂ ਮੂਸੇਵਾਲ ਦੇ ਕਤਲ ਪਿੱਛੇ ਜਿਹੜੀ ਮਨਸ਼ਾ ਹੈ ਆਉਣ ਵਾਲੇ ਦਿਨਾਂ ਵਿੱਚ ਪਤਾ ਲੱਗ ਜਾਵੇਗਾ ਪਰ ਇਸ ਤਰਾਂ ਲੱਗ ਰਿਹਾ ਜਿਸ ਤਰਾਂ ਪਹਿਲਾਂ ਛੋਟਾ ਰਾਜਨ ਭਾਰਤੀ ਏਜੰਸੀਆਂ ਨੇ ਆਪਣੇ ਸੁਰੱਖਿਅਤ ਛਤਰੀ ਥੱਲੇ ਰੱਖ ਕੇ ਉਸ ਲਈ ਬਹੁਤ ਸਾਰੇ ਕਾਰਨਾਮੇ ਅੰਜਾਮ ਦਿੱਤੇ ਸਨ ਇਸੇ ਤਰਾਂ ਹੀ ਲਾਰੈਂਸ ਬਿਸ਼ਨੋਈ ਨੂੰ ਛੋਟਾ ਰਾਜਨ ਦੀ ਜਗਾ ਦਿੱਤੀ ਜਾ ਰਹੀ ਹੈ ਇਸ ਦੀ ਉਦਾਹਰਨ ਸੁਪਰੀਮ ਕੋਰਟ ਵੱਲੋਂ ਸਿੱਧੂ ਦੇ ਕਤਲ ਸਬੰਧੀ ਉਸ ਦੇ ਰਿਮਾਂਡ ਲਾਰੈਂਸ ਬਿਸ਼ਨੋਈ ਦੇ ਹੱਕ ਵਿਚ ਆਏ ਫ਼ੈਸਲੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਇੰਡੀਆ ਟੂਡੇ ਦੇ ਬਲਵਿੰਦਰ ਬਿੜਕ ਨੇ ਸਿੱਧੂ ਮੂਸੇਵਾਲ ਕਤਲ ਸੰਬੰਧੀ ਸਵਾਲ ਚੁੱਕੇ ਹਨ।

– ਸਿੱਧੂ ਮੂਸੇਵਾਲਾ ਨੂੰ ਮਾਰਨ ਲਈ ਵਰਤੀ ਗਈ ਗੰਨ AN94 ਹੈ ਜੋ ਕਿ ਅਤਿ





ਆਧੁਨਿਕ ਤੇ ਬੇਹੱਦ ਖ਼ਤਰਨਾਕ ਰਸ਼ੀਅਨ ਗੰਨ ਹੈ ਜੋ ਕਿ ਰੂਸੀ ਫ਼ੌਜ ਵੱਲੋਂ ਵਰਤੀ ਜਾਂਦੀ ਹੈ। ( ਜਾਣਕਾਰੀ ਦਾ ਸੋਰਸ ਇੰਡੀਆ ਟੂਡੇ,ਨਵਭਾਰਤ ਟਾਈਮਜ਼, ਭਾਸਕਰ )

– ਇਹ ਬੰਦੂਕ ੯੦੦ ਮੀਟਰ ਪ੍ਰਤੀ ਸਕਿੰਟ ਦੀ ਰਫ਼ਤਾਰ ਨਾਲ ਇੱਕ ਮਿੰਟ 'ਚ ੬੦੦ ਗੋਲੀਆਂ ਦਾਗ਼ ਸਕਦੀ ਹੈ। ਇੱਕ ਵਾਰ 'ਚ ਇਸ ਦੀ ਸਮਰੱਥਾ ੬੦੦ ਤੋਂ ੧੮੦੦ ਗੋਲ਼ੀਆਂ ਤੱਕ ਹੈ। ਇੱਕ ਤੋਂ ਬਾਅਦ ਦੂਜੀ ਗੋਲ਼ੀ 'ਚ ਮਹਿਜ਼ ਮਾਈਕਰੋਸੈਕਿੰਡਸ ਦਾ ਫ਼ਰਕ ਹੁੰਦਾ ਹੈ ਜਿਸ ਕਾਰਨ ਜਿਸਨੂੰ ਇਸਦੀ ਗੋਲ਼ੀ ਲੱਗਦੀ ਹੈ ਇੱਕੋ ਵਕਤ ਇੱਕ ਨਹੀਂ ਸਗੋਂ ਦੋ ਗੋਲੀਆਂ ਵੱਜਦੀਆਂ ਹਨ।

– ਸਭ ਤੋਂ ਵੱਡਾ ਸਵਾਲ ਹੈ ਕਿ ਅਜਿਹੀ ਖ਼ਤਰਨਾਕ ਗੰਨ ਦਾ ਗ਼ੈਰ-ਕਾਨੂੰਨੀ ਢੰਗ ਨਾਲ਼ ਰੂਸ ਤੋਂ ਭਾਰਤ ਅਤੇ ਪੰਜਾਬ ਤੱਕ ਪਹੁੰਚਣਾ ਕਿਸੇ ਬਹੁਤ ਹੀ ਵੱਡੀ ਮਦਦ ਤੋਂ ਬਿਨਾਂ ਕਿਵੇਂ ਸੰਭਵ ਹੋ ਸਕਦਾ ਹੈ ?

– ਫਿਰ ਅਜਿਹੇ ਹਥਿਆਰ ਜੋ ਭਾਰਤ 'ਚ ਵਰਤਿਆ ਹੀ ਨਹੀਂ ਜਾਂਦਾ,ਜੇ ਉਸਦੀ ਇੱਥੋਂ ਤੱਕ ਪਹੁੰਚ ਹੋ ਰਹੀ ਹੈ ਤਾਂ ਚਲਾਉਣ ਵਾਲਿਆਂ ਨੇ ਕਿਤੋਂ ਇਸ ਦੀ ਵਿਸ਼ੇਸ਼ ਟ੍ਰੇਨਿੰਗ ਵੀ ਲਈ ਹੋਵੇਗੀ !!

– ਇਸ ਘਟਨਾ ਦੀਆਂ ਤਾਰਾਂ ਬਹੁਤ ਵੱਡੇ ਪੱਧਰ ਤੱਕ ਜੁੜੀਆਂ ਹੋ ਸਕਦੀਆਂ ਹਨ ਜਿਸ ਲਈ ਉੱਚ ਪੱਧਰੀ ਨਿਰਪੱਖ ਨਿਆਇਕ ਜਾਂਚ ਦੀ ਜ਼ਰੂਰਤ ਹੈ ( ਜਿਸਦੀ ਸੰਭਾਵਨਾ ਆਮ ਤੌਰ 'ਤੇ ਬਹੁਤ ਘੱਟ ਹੁੰਦੀ ਹੈ) ।

– ਜੇ ਇਹ ਕਾਰਾ ਗੈਂਗਸਟਰਾਂ ਦਾ ਨਿਕਲਦਾ ਹੈ ਤਾਂ ਇਸਦਾ ਮਤਲਬ ਗੈਂਗਸਟਰਾਂ ਦਾ ਨੈਕਸੈੱਸ ਅੰਤਰਰਾਸ਼ਟਰੀ ਪੱਧਰ ਤੱਕ ਫੈਲਿਆ ਹੋਇਆ ਹੈ ਜਿਸ 'ਚ ਜੇਕਰ ਕੋਈ ਜਾਂਚ ਤੁਰੇਗੀ ਤਾਂ ਗੱਲ ਬਹੁਤ ਦੂਰ ਤੱਕ ਜਾਣ ਦੀ ਸੰਭਾਵਨਾ ਹੈ .....।

## ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਲਿਆਂਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੁਰਾਣਾ ਸਰੂਪ

### ਸ਼ਾਹਮੁਖੀ ਵਿੱਚ ਲਿਖਿਆ ਸਰੂਪ ਦੇਸ਼ ਵੰਡ ਵੇਲੇ ਆਪਣੇ ਨਾਲ ਭਾਰਤ ਲਿਆਇਆ ਸੀ ਕਵਾਤਰਾ ਪਰਿਵਾਰ



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਦੀ ਅਗਵਾਈ ਹੇਠ ਸ਼ਾਹਮੁਖੀ ਵਿੱਚ ਲਿਖਿਆ ਗੁਰੂ ਗ੍ਰੰਥ ਸਾਹਿਬ ਦਾ ਸਦੀ ਪੁਰਾਣਾ ਪਾਵਨ ਸਰੂਪ ਰਾਮ ਪ੍ਰਕਾਸ਼ ਕਵਾਤਰਾ ਦੇ ਪਰਿਵਾਰ ਕੋਲੋਂ ਪ੍ਰਾਪਤ ਕੀਤਾ ਗਿਆ। ਇਹ ਸਰੂਪ ਹਰੀ ਸਿੰਘ ਪ੍ਰਿੰਟਰਜ਼, ਲਾਹੌਰ ਦਾ ਛਾਪਿਆ ਹੋਇਆ ਹੈ। ਜਾਣਕਾਰੀ ਅਨੁਸਾਰ ਦੇਸ਼ ਦੀ ਵੰਡ ਤੋਂ ਪਹਿਲਾਂ ਰਾਮ ਪ੍ਰਕਾਸ਼ ਕਵਾਤਰਾ ਦਾ ਪਰਿਵਾਰ ਪਾਕਿਸਤਾਨ ਦੇ ਸਰਗੋਧਾ ਵਿੱਚ ਰਹਿੰਦਾ ਸੀ ਤੇ ਵੰਡ ਤੋਂ ਬਾਅਦ ਇਹ ਪਰਿਵਾਰ ਭਾਰਤ ਆਉਣ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਇਸ ਪਾਵਨ ਸਰੂਪ ਨੂੰ ਵੀ ਨਾਲ ਲਿਆਇਆ ਸੀ। ਇਸ ਮਗਰੋਂ ਜਿੰਨਾ ਚਿਰ ਰਾਮ ਪ੍ਰਕਾਸ਼ ਕਵਾਤਰਾ ਜਿਊਂਦੇ ਰਹੇ, ਉਹ ਖ਼ੁਦ ਇਸ ਪਾਵਨ ਸਰੂਪ ਦੀ ਸੇਵਾ-ਸੰਭਾਲ ਕਰਦੇ ਸਨ। ਹੁਣ ਪਰਿਵਾਰ ਵਿੱਚ ਕੋਈ ਵੀ ਸ਼ਾਹਮੁਖੀ ਨਹੀਂ ਪੜ ਸਕਦਾ, ਇਸ ਕਰਕੇ ਰਾਮ ਪ੍ਰਕਾਸ਼ ਕਵਾਤਰਾ ਦੇ ਪੁੱਤਰ ਰਾਜਿੰਦਰ ਕਵਾਤਰਾ ਨੇ ਇਹ ਸਰੂਪ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਹੈ। ਗੁਰਦੁਆਰਾ ਰਕਾਬ ਗੰਜ ਦੇ ਪ੍ਰਬੰਧਕਾਂ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਦੀ ਅਗਵਾਈ ਹੇਠ ਇਹ ਪਾਵਨ ਸਰੂਪ ਗੁਰਦੁਆਰਾ ਸਾਹਿਬ ਵਿੱਚ ਲਿਆ ਕੇ ਮਰਿਆਦਾ ਅਨੁਸਾਰ ਸੰਭਾਲ ਦਿੱਤਾ ਗਿਆ ਹੈ।

## ਖਹਿਰਾ ਤਾਜ਼ਾ ਹਿੰਸਕ ਮਾਹੌਲ ਤੋਂ ਚਿੰਤਤ

### ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਖਹਿਰਾ ਨੇ ਡੀਜੀਪੀ ਨੂੰ ਲਿਖਿਆ ਪੱਤਰ : ਜੇ ਜਾਨੀ ਨੁਕਸਾਨ ਹੋਇਆ ਤਾਂ ਸਰਕਾਰ ਜ਼ਿੰਮੇਵਾਰੀ ਹੋਵੇਗੀ।

**ਚੰਡੀਗੜ/ਏ.ਟੀ.ਨਿਊਜ਼ :-** ਭੁਲੱਥ ਦੇ ਵਿਧਾਇਕ ਸੁਖਪਾਲ ਖਹਿਰਾ ਨੇ ਡੀਜੀਪੀ ਪੰਜਾਬ ਵੀਕੇ ਭਾਵਰਾ ਨੂੰ ਪੱਤਰ ਲਿਖਿਆ ਹੈ। ਇਸ ਪੱਤਰ ਵਿਚ ਉਨਾਂ ਵਿਧਾਇਕ ਦੇ ਪ੍ਰੋਟੋਕਲ ਮਤਾਬਿਕ ਸੁਰੱਖਿਆ ਦੇਣ ਦੀ ਮੰਗ ਕੀਤੀ ਹੈ। ਉਨਾਂ ਲਿਖਿਆ ਹੈ ਕਿ ਜੇ ਜਾਨੀ ਨੁਕਸਾਨ ਹੋਇਆ ਤਾਂ ਸਰਕਾਰ ਜ਼ਿੰਮੇਵਾਰੀ ਹੋਵੇਗੀ।

ਬੀਤੇ ਕੁਝ ਹਫਤਿਆਂ ਵਿੱਚ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਹੁਤ ਹੀ ਨਾਜ਼ੁਕਕ ਬਣ ਚੁੱਕੀ ਹੈ। ਪਿਛਲੇ ਦਿਨੀਂ ਪ੍ਰਸਿੱਧ ਗਾਇਕ ਅਤੇ ਕਾਂਗਰਸੀ ਆਗੂ ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲਾ ਦਾ ਦਿਨ ਦਿਹਾੜੇ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਮਸ਼ਹੂਰ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦਾ ਚੱਲਦੇ ਕਬੱਡੀ ਟੂਰਨਾਮੈਂਟ ਵਿਚ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਬੀਤੇ ਦਿਨੀਂ ਹੋਏ ਸਿੱਧੂ ਮੂਸੇਵਾਲਾ ਦੇ ਕਤਲ ਨੇ ਨਾ ਸਿਰਫ ਪੰਜਾਬ ਬਲਕਿ ਵਿਸ਼ਵ ਭਰ ਵਿੱਚ ਵੱਸਦੇ ਪੰਜਾਬੀਆਂ ਦੇ ਮਨਾਂ ਵਿਚ ਡਰ ਅਤੇ ਭੈਅ ਪੈਦਾ ਕਰ ਦਿੱਤਾ ਹੈ। ਇਥੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਾਰਦਾਤ ਤੋਂ ਬਾਅਦ ਮੈਨੂੰ ਆਪਣੇ ਸ਼ੁੱਭ ਚਿੰਤਕਾਂ, ਸਾਥੀਆਂ ਅਤੇ ਹਮਾਇਤੀਆਂ ਦੇ ਦਰਜਨਾਂ ਫੋਨ ਕਾਲ ਅਤੇ ਸੁਨੇਹੇ ਆਏ ਹਨ ਜੋ ਕਿ ਮੇਰੀ ਸੁਰੱਖਿਆ ਨੂੰ ਲੈ ਕੇ ਚਿੰਤਤ ਹਨ ਕਿਉਂਕਿ ਮੌਜੂਦਾ ਸਮੇਂ ਵਿੱਚ ਮੈਨੂੰ ਇੱਕ ਐਮ.ਐਲ.ਏ ਵਜੋਂ ਮੁਹੱਈਆ ਕਰਵਾਏ ਜਾਣ ਵਾਲੇ ਸੁਰੱਖਿਆ ਕਰਮੀ ਤੱਕ ਵੀ ਨਹੀਂ ਦਿੱਤੇ ਗਏ ਹਨ।

ਇਥੇ ਦੱਸਣਾ ਬਣਦਾ ਹੈ ਕਿ ਜਦੋਂ ਮੈਂ ਬਤੌਰ ਵਿਰੋਧੀ ਧਿਰ ਨੇਤਾ, ਪੰਜਾਬ ਡਿਊਟੀ ਨਿਭਾ ਰਿਹਾ ਸੀ ਤਾਂ ਮੈਂ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਗੱਲ ਜੋਰਦਾਰ ਢੰਗ ਨਾਲ ਉਠਾਂਦਾ ਰਿਹਾ ਹਾਂ, ਭਾਵੇਂ ਉਹ ਭੂਮੀ ਮਾਫੀਆ, ਡਰੱਗ ਮਾਫੀਆ, ਸੈਂਡ ਮਾਫੀਆ, ਕੇਬਲ ਮਾਫੀਆ, ਗੈਂਗਸਟਰਾਂ ਅਤੇ ਡੇਰਾਵਾਦ ਵਿਰੁੱਧ ਹੋਵੇ। ਇਨਾਂ ਸੱਭ ਤੋਂ ਇਲਾਵਾ ਜਦ ਮੈਂ ਯੂਏਪੀਏ ਕਾਨੂੰਨ ਅਤੇ ਇਸ ਦੇ ਅਧੀਨ ਨਿਰਦੋਸ਼ਾਂ ਨੂੰ ਝੂਠਾ ਫਸਾਏ ਜਾਣ ਦੇ ਖਿਲਾਫ ਅਵਾਜ਼ ਉਠਾਈ ਸੀ ਤਾਂ ਕੱਟੜਵਾਦੀ ਸੰਸਥਾਵਾਂ ਅਤੇ ਵਿਅਕਤੀਆਂ ਵੱਲੋਂ ਮੇਰੀ ਅਵਾਜ ਨੂੰ ਦਬਾਉਣ ਅਤੇ ਧਮਕਾਉਣ ਦੀਆਂ ਕਾਰਵਾਈਆਂ ਕੀਤੀਆਂ ਗਈਆਂ ਸਨ, ਜਿਸ ਸਬੰਧੀ ਫੋਨ ਕਾਲਾਂ, ਵਟਸਐਪ ਕਾਲਾਂ, ਇੰਟਰਨੈਟ ਕਾਲਾਂ, ਮੈਸੇਜ ਆਦਿ ਅਤੇ ਸੋਸ਼ਲ ਮੀਡੀਆ ਜਿਵੇਂ



ਕਿ ਫੇਸਬੁੱਕ, ਵਟਸਐਪ ਆਦਿ ਉੱਪਰ ਮੈਨੂੰ ਚੁੱਪ ਕਰਵਾਏ ਜਾਣ ਬਾਰੇ ਲਿਖੇ ਅਤੇ ਬੋਲੇ ਜਾਣ ਸਬੰਧੀ ਮੈਂ ਏ.ਡੀ.ਜੀ.ਪੀ ਸਕਿਉਰਟੀ ਨੂੰ ਮਿਤੀ 11.07.2020 ਅਤੇ ਤੁਹਾਡੇ ਦਫਤਰ ਨੂੰ ਮਿਤੀ 16.11.2020 ਅਤੇ 28.06.20 21 ਨੂੰ ਪੱਤਰ ਲਿਖ ਕੇ ਜਾਣੂ ਕਰਵਾ ਦਿੱਤਾ ਸੀ।(ਪੱਤਰਾਂ ਦੀ ਕਾਪੀ ਨਾਲ ਨੱਥੀ ਹੈ)

ਹੁਣ ਵੀ ਮੇਰੇ ਵੱਲੋਂ ਪੰਜਾਬ ਦੇ ਮਸਲਿਆਂ ਅਤੇ ਪੰਜਾਬੀਆਂ ਦੀ ਭੂਮੀ ਮਾਫੀਆ, ਡਰੱਗ ਮਾਫੀਆ, ਸੈਂਡ ਮਾਫੀਆ, ਕੇਬਲ ਮਾਫੀਆ, ਡੇਰਾਵਾਦ ਅਤੇ ਬੇਰੁਜ਼ਗਾਰੀ ਆਦਿ ਵਿਰੁੱਧ ਲੜਾਈ ਨੂੰ ਲੋਕਤੰਤਰਿਕ ਢੰਗ ਨਾਲ ਹੋਰ ਜੋਰ ਸ਼ੋਰ ਨਾਲ ਲੜਣ ਦੀ ਮੇਰੀ ਜੱਦੋ ਜਹਿਦ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਆਪਣੇ ਸੂਬੇ, ਹਲਕੇ ਅਤੇ ਸੂਬੇ ਦੇ ਲੋਕਾਂ ਨੂੰ ਸਹੀ ਸੇਧ ਦੇਣ ਅਤੇ ਪਬਲਿਕ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਲਈ ਆਮ ਪਬਲਿਕ ਨੂੰ ਸ਼ਾਂਤਮਈ ਢੰਗ ਨਾਲ ਲਾਮਬੱਧ ਕਰਨ ਦੀ ਮੇਰੀ ਯੋਜਨਾ ਹੈ। ਮੈਨੂੰ ਖਦਸ਼ਾ ਹੈ ਕਿ ਵਿਰੋਧੀ ਪਾਰਟੀਆਂ, ਫਿਰਕੂ ਤਾਕਤਾਂ ਅਤੇ ਵੱਖ ਵੱਖ ਮਾਫੀਆ ਦੇ ਸਰਗਣਾ ਮੇਰੀਆਂ ਲੋਕ ਹਿੱਤ ਕੋਸ਼ਿਸ਼ਾਂ ਨੂੰ ਰੋਕਣ ਅਤੇ ਉਨਾਂ ਵਿੱਚ ਵਿਘਨ ਪਾਉਣ ਦਾ ਯਤਨ ਕਰਨਗੇ।

ਮੇਰੀ ਇੱਕ ਰਿਹਾਇਸ਼ ਪਿੰਡ ਰਾਮਗੜ ਥਾਣਾ ਭੁਲੱਥ ਜ਼ਿਲਾ ਕਪੂਰਥਲਾ ਅਤੇ ਦੂਸਰੀ ਰਿਹਾਇਸ਼ ਚੰਡੀਗੜ ਵਿਖੇ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਮੌਜੂਦਾ ਸਮੇਂ ਜੋ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ, ਉਹ ਨਾਕਾਫੀ ਹੈ। ਇਸ ਲਈ ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੇਰੀਆਂ ਦੋਨੋਂ ਰਿਹਾਇਸ਼ਾਂ ਉੱਪਰ ਗਾਰਦ ਤਾਇਨਾਤ ਕੀਤੀ ਜਾਵੇ, ਇੱਕ ਸੁਰੱਖਿਆ ਵਹੀਕਲ ਮੁਹੱਈਆ ਕਰਵਾਇਆ ਜਾਵੇ ਅਤੇ ਲੋੜੀਂਦੇ ਸੁਰੱਖਿਆ ਕਰਮੀਆਂ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕਰਕੇ ਮੇਰੇ ਨਾਲ ਤਾਇਨਾਤ ਕੀਤਾ ਜਾਵੇ।

ਜੇਕਰ ਮੇਰੇ ਜਾਂ ਮੇਰੇ ਪਰਿਵਾਰ ਦਾ ਕਿਸੇ ਪ੍ਰਕਾਰ ਨਾਲ ਵੀ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜਿੰਮੇਵਾਰ ਮੌਜੂਦਾ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਜਿੰਮੇਵਾਰ ਹੋਵੇਗਾ।



ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ
ਨਗਰ ਕੀਰਤਨ ਅਤੇ ਪਾਤਸ਼ਾਹੀ ਰੈਲੀ
10am - 88 2nd Street, San Francisco
ਸ਼ਨਿਰਰਵਾਰ
4 ਜੂਨ
Civic Center Plaza, San Francisco
ਸ਼ਹੀਦਾਂ ਦੀ ਸੋਚ ਤੇ ਪਹਿਰਾ
ਦੇਣ ਦਾ ਪ੍ਰਗਟਾਵਾ ਕਰਦੇ ਹੋਏ ਪਰਿਵਾਰਾਂ
ਸਮੇਤ ਨਗਰ ਕੀਰਤਨ ਵਿੱਚ ਹਾਜ਼ਰੀਆਂ ਭਰੋ ਅਤੇ
ਰੈਲੀ ਵਿੱਚ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਬਾਰੇ ਵੀਚਾਰਾਂ ਸੁਣੋ




TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
TOGETHER WE SAVE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਅਮਰੀਕਾ ਦੇ ਸ਼ਹਿਰ ਚਿਕੋਪੀ ਨੇ 29 ਅਪ੍ਰੈਲ ਨੂੰ ਸਿੱਖ ਕੌਮ ਦੇ ਅਜ਼ਾਦੀ ਦਿਵਸ ਦੇ ਐਲਾਨਨਾਮੇ ਵਜੋਂ ਮਾਨਤਾ ਦਿੱਤੀ

**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :-** ਅਮਰੀਕਾ ਦੇ ਸ਼ਹਿਰ ਚਿਕੋਪੀ ਨੇ 29 ਅਪ੍ਰੈਲ ਨੂੰ ਸਿੱਖ ਕੌਮ ਦੇ ਅਜ਼ਾਦੀ ਦਿਵਸ ਦੇ ਐਲਾਨਨਾਮੇ ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਘੋਸ਼ਣਾ ਪੱਤਰ ਚਿਕੋਪੀ ਸਿਟੀ ਦੇ ਮੇਅਰ, ਸ੍ਰੀ ਜੌਹਨ ਵਿਯੂ ਦੁਆਰਾ ਜਾਰੀ ਕੀਤਾ ਗਿਆ ਹੈ। ਚਿਕੋਪੀ ਅਮਰੀਕਾ ਦੇ ਪ੍ਰਾਂਤ ਮੈਸੇਚਿਉਸੇਟਸ ਦਾ ਇੱਕ ਵਧੀਆ ਸ਼ਹਿਰ ਹੈ। ਇਸ ਘੋਸ਼ਣਾ ਪੱਤਰ ਵਿੱਚ ਵਿਸ਼ੇਸ਼ ਜ਼ਿਕਰ ਹੈ ਕਿ ਭਾਰਤ ਨੇ 1984 ਤੋਂ ਲੈ ਕੇ ਹੁਣ ਤੱਕ ਸਿੱਖਾਂ ਦੇ ਜਾਇਜ਼ ਅਜ਼ਾਦੀ ਸੰਘਰਸ਼ ਨੂੰ ਕੁਚਲਣ ਲਈ ਸਿੱਖਾਂ ਦੀ ਨਸਲਕੁਸ਼ੀ ਕੀਤੀ ਹੈ, ਜਿਸ ਦੇ ਜਵਾਬ ਵਿਚ ਸਿੱਖਾਂ ਨੇ ਸਰਬੱਤ ਖ਼ਾਲਸੇ ਰਾਹੀਂ 26 ਜਨਵਰੀ, 1986 ਨੂੰ ਪੰਥਕ ਕਮੇਟੀ ਦਾ ਸੰਗਠਨ ਕੀਤਾ ਗਿਆ। ਭਾਰਤ ਦੇ ਕਬਜ਼ੇ ਵਾਲੇ ਪੰਜਾਬ ਵਿੱਚ ਪ੍ਰਭੂ ਸੱਤਾ ਸੰਪੰਨ ਰਾਜ ਸਿੱਖ ਕੌਮ ਦੇ ਸਵੈ-ਨਿਰਣੇ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਇੱਕੋ ਇੱਕ ਪ੍ਰਭਾਵਸ਼ਾਲੀ ਸਾਧਨ ਹੈ, ਜਿਸ ਕਾਰਨ 29 ਅਪ੍ਰੈਲ, 1986 ਨੂੰ ਨਿਯੁਕਤ ਪੰਥਕ ਕਮੇਟੀ ਦੁਆਰਾ ਸਿੱਖਾਂ ਦੀ ਅਜ਼ਾਦੀ ਦਾ ਐਲਾਨਨਾਮਾ ਕੀਤਾ ਗਿਆ ਸੀ। ਇਹ ਕਾਰਜ ਗੁਰਨੀਦੰਰ ਸਿੰਘ ਧਾਲੀਵਾਲ ਵਰਲਡ ਸਿੱਖ ਪਾਰਲੀਮੈਂਟ ਦੀ ਅਣਥੱਕ ਮਿਹਨਤ ਸਦੱਕੇ ਸਿਰੇ ਲੱਗਾ। ਖ਼ਾਲਿਸਤਾਨ ਅਫੇਅਰ ਸੈਂਟਰ ਦੇ ਡਾ. ਅਮਰਜੀਤ ਸਿੰਘ ਨੇ ਵਰਲਡ ਸਿੱਖ ਪਾਰਲੀਮੈਂਟ




*ਅਮਰੀਕਾ ਦੇ ਸ਼ਹਿਰ ਚਿਕੋਪੀ ਵਿਚ ਸਿੱਖ ਕੌਮ ਦੇ ਅਜ਼ਾਦੀ ਦਿਵਸ ਦੇ ਐਲਾਨਨਾਮੇ ਸਮੇਂ ਸ਼ਹਿਰ ਚਿਕੋਪੀ ਮੇਅਰ ਤੇ ਸਿੱਖ ਆਗੂ।*

ਦੇ ਇਸ ਉੱਦਮ ਦੀ ਤਾਰੀਫ਼ ਕਰਦੇ ਕਿਹਾ ਕਿ ਸਿੱਖਾਂ ਦੇ ਹੱਕਾਂ ਦੀ ਗੱਲ ਹਰ ਇੱਕ ਪੱਧਰ ਤੇ ਹੋਣੀ ਲਾਜ਼ਮੀ ਹੈ। ਦੂਸਰੇ ਦੇਸ਼ਾਂ ਵਿੱਚ ਵੀ ਇਸ ਤਰਾਂ ਦੀ ਪਹਿਲਕਦਮੀ ਦੀ ਲੋੜ ਹੈ ਅਤੇ ਸਿੱਖ ਸੰਸਥਾਵਾਂ ਨੂੰ ਸਾਂਝੇ ਤੌਰ ਤੇ ਇਸ ਤਰਾਂ ਦੇ ਕੰਮਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਕਿਹਾ ਕਿ ਅਸੀਂ ਅਮਰੀਕਾ ਦੇ ਸੰਵਿਧਾਨ ਦੀ ਪਾਲਣਾ ਕਰਦੇ ਹੋਏ ਆਪਣੇ ਧਾਰਮਿਕ ਅਤੇ ਸਿਆਸੀ ਮਸਲਿਆਂ ਦੀ ਗੱਲ ਖੁੱਲ ਕੇ ਕਰ ਸਕਦੇ ਹਾਂ ਜੋ ਕਿ ਭਾਰਤੀ ਤੰਤਰ ਹੇਠ ਅਜਿਹਾ ਕਰਨ ਤੇ ਸਿੱਖਾਂ ਨੂੰ ਜੇਲਾਂ ਅੰਦਰ ਡੱਕ ਦਿੱਤਾ ਜਾਂਦਾ ਹੈ। ਬੰਦੀ ਸਿੰਘਾਂ ਦੀਆਂ ਸਜਾਵਾਂ ਪੂਰੀਆਂ ਹੋਣ ਤੇ ਵੀ ਰਿਹਾ ਨਾ ਕਰਨਾ ਭਾਰਤ ਦੀ ਝੂਠੀ ਡੈਮੋਕ੍ਰੇਸੀ ਦਾ ਚਿਹਰਾ ਨੰਗਾ ਕਰਦਾ ਹੈ। ਬਾਹਰਲੇ ਦੇਸ਼ਾਂ ਦੀ ਅਜ਼ਾਦੀ ਅੰਦਰ ਰਹਿੰਦੇ ਅਸੀਂ ਆਪਣੇ ਕਾਰਜ ਗੁਰੂ ਕ੍ਰਿਪਾ ਸਦਕਾ ਸੰਵਿਧਾਨਿਕ ਸੂਝ ਬੂਝ ਨਾਲ ਫ਼ਤਿਹ ਕਰ ਕੌਮ ਦੀ ਝੋਲੀ ਵਿੱਚ ਪਾਉਣ ਲਈ ਹਮੇਸ਼ਾ ਵਚਨਬੱਧ ਹਾਂ। ਸਿੱਖ ਜਥੇਬੰਦੀਆਂ ਨੂੰ ਹੋਰ ਅਧਿਕਾਰ ਖੇਤਰਾਂ ਵਿੱਚ ਵੀ ਅਜਿਹੇ ਐਲਾਨਾਂ ਨੂੰ ਪੂਰਾ ਕਰਨ ਲਈ ਮਿਲ ਕੇ ਕੰਮ ਕਰਨ ਦੀ ਲੋੜ ਹੈ। ਵਰਲਡ ਸਿੱਖ ਪਾਰਲੀਮੈਂਟ ਅਮਰੀਕਾ ਅਤੇ ਹੋਰ ਦੇਸਾਂ ਵਿੱਚ ਇਸ ਤਰਾਂ ਦੇ ਯਤਨਾਂ ਵਿੱਚ ਸਹਾਇਤਾ ਲਈ ਕੋਈ ਵੀ ਲੋੜੀਂਦਾ ਦਸਤਾਵੇਜ਼ ਪ੍ਰਦਾਨ ਕਰਨ ਲਈ ਤਿਆਰ ਹੈ। ਸ. ਹਰਜਿੰਦਰ ਸਿੰਘ (ਪਾਈਨ ਹਿੱਲ-ਨਿਊਜਰਸੀ) ਮੀਡੀਆ ਬੁਲਾਰੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਕਿਹਾ ਕਿ ਸਿੱਖਾਂ ਨੂੰ ਆਪਣੇ ਹੱਕਾਂ ਤੇ ਰਲ ਮਿਲ ਪਹਿਰਾ ਦਿੰਦੇ ਰਹਿਣਾ ਚਾਹੀਦਾ ਹੈ। ਅਮਰੀਕਾ ਵਰਗੇ ਜਮਹੂਰੀਅਤ ਪਸੰਦ ਦੇਸ਼ ਮਨੁੱਖੀ ਹੱਕਾਂ ਦੀ ਕਦਰ ਕਰਦੇ ਹਨ। ਚਿਕੋਪੀ ਸ਼ਹਿਰ ਵੱਲੋਂ ਵੀ 29 ਅਪ੍ਰੈਲ ਨੂੰ ਸਿੱਖ ਕੌਮ ਦੇ ਅਜ਼ਾਦੀ ਦਿਵਸ ਦੇ ਐਲਾਨਨਾਮੇ ਵਜੋਂ ਮਾਨਤਾ ਦੇਣੀ ਬਹੁਤ ਵਧੀਆ ਫੈਸਲਾ ਹੈ। ਅਮਰੀਕਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਡਾ: ਪ੍ਰਿਤਪਾਲ ਸਿੰਘ ਨੇ ਵੀ ਚਿਕੋਪੀ ਸ਼ਹਿਰ ਦੇ ਇਸ ਐਲਾਨ ਤੋਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਰਲਡ ਸਿੱਖ ਪਾਰਲੀਮੈਂਟ ਦਾ ਧੰਨਵਾਦ ਕੀਤਾ।

---

# ਕਾਲੀ ਕਮਾਈ ਦੁਖਾਂਤ ਦੀ ਜੜ

## ‘ਗੈਂਗਸਟਰਾਂ ਦੇ ਚੱਕਰਵਿਊ’ ਵਿਚ ਉਲਝੇ ਕਬੱਡੀ ਖਿਡਾਰੀ ਤੇ ਪੰਜਾਬੀ ਕਲਾਕਾਰ

**ਜਲੰਧਰ/ਏ.ਟੀ.ਨਿਊਜ਼ :-** ਪੰਜਾਬੀ ਫਿਲਮ ਇੰਡਸਟਰੀ (ਪਾਲੀਵੁੱਡ) ਅਤੇ ਕਬੱਡੀ ਵਿੱਚ ਗੈਂਗਸਟਰਾਂ ਦੀ ਸ਼ਮੂਲੀਅਤ ਵਧਦੀ ਜਾ ਰਹੀ ਹੈ। ਉਨਾਂ ਦਾ ਉਦੇਸ਼ ਆਪਣੇ ਕਾਲੇ ਧਨ ਨੂੰ ਚਿੱਟੇ ਵਿੱਚ ਬਦਲ ਕੇ ਹੋਰ ਕਮਾਈ ਕਰਨਾ ਹੈ। ਇਸ ਮੁਕਾਬਲੇ ਵਿੱਚ ਕਬੱਡੀ ਪ੍ਰਮੋਟਰਾਂ ਅਤੇ ਗੈਂਗਸਟਰਾਂ ਨੇ ਮਿਲ ਕੇ ਖਿਡਾਰੀਆਂ ਅਤੇ ਕਲਾਕਾਰਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

ਇਸ ਸਾਲ ਮਾਰਚ ਵਿੱਚ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਅਤੇ ਤਿੰਨ ਦਿਨ ਪਹਿਲਾਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਇਸੇ ਦਾ ਨਤੀਜਾ ਹੈ। 14 ਮਾਰਚ ਨੂੰ ਜਲੰਧਰ ਦੇ ਨਕੋਦਰ ’ਚ ਕਬੱਡੀ ਮੁਕਾਬਲੇ ਦੌਰਾਨ ਇੰਗਲੈਂਡ ਦੇ ਰਹਿਣ ਵਾਲੇ ਪ੍ਰਵਾਸੀ ਭਾਰਤੀ ਅਤੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੀ ਗੈਂਗਸਟਰਾਂ ਨੇ ਗੋਲੀ ਮਾਰ ਹੱਤਿਆ ਕਰ ਦਿੱਤੀ ਸੀ।

ਕਤਲ ਦੀ ਜ਼ਿੰਮੇਵਾਰੀ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਵਿਰੋਧੀ ਧੜੇ ਦਵਿੰਦਰ ਬੰਬੀਆਂ ਨੇ ਲਈ ਸੀ। ਕਤਲ ਕਾਂਡ ਦਾ ਸਰਗਨਾ ਅਜੇ ਵੀ ਪੁਲਿਸ ਦੀ ਪਕੜ ਤੋਂ ਦੂਰ ਹੈ। ਹੁਣ ਤੱਕ ਦੀ ਜਾਂਚ ਵਿੱਚ ਪੁਲਿਸ ਸਿਰਫ ਇਹੀ ਜਾਣਕਾਰੀ ਹਾਸਲ ਕਰ ਸਕੀ ਹੈ ਕਿ ਕੈਨੇਡਾ ਦੀ ਨੈਸ਼ਨਲ ਕਬੱਡੀ ਫੈਡਰੇਸ਼ਨ (ਐੱਲਕੇਐੱਫ) ਦੇ ਸੰਚਾਲਕ ਸਨੋਵਰ ਢਿੱਲੋਂ ਨੇ ਇਸ ਕਤਲ ਨੂੰ ਬੰਬੀਆ ਗੈਂਗ ਨੇ ਅੰਜਾਮ ਦਿੱਤਾ ਸੀ। ਸੰਦੀਪ ਨੇ 20 19 ਵਿੱਚ ਮੇਜਰ ਕਬੱਡੀ ਲੀਗ ਫੈਡਰੇਸ਼ਨ (ਐੱਮਕੇਐੱਲਐੱਫ) ਦੀ ਸਥਾਪਨਾ ਕੀਤੀ, ਜਿਸ ਵਿੱਚ ਪੰਜਾਬ ਸਮੇਤ ਦੁਨੀਆ ਭਰ ਦੇ ਪੰਜਾਬੀਆਂ ਦੁਆਰਾ ਬਣਾਏ ਸੈਂਕੜੇ ਕਬੱਡੀ ਕਲੱਬਾਂ ਅਤੇ ਸੰਸਥਾਵਾਂ ਤੋਂ ਵੱਖ ਹੋ ਗਿਆ। ਪੰਜਾਬ ਵਿੱਚ ਨਵੰਬਰ ਤੋਂ ਮਾਰਚ ਤੱਕ ਪਿੰਡ ਪੱਧਰ ’ਤੇ ਸੈਂਕੜੇ ਕਬੱਡੀ ਟੂਰਨਾਮੈਂਟ ਕਰਵਾਏ ਜਾਂਦੇ ਹਨ। ਸੰਦੀਪ ਆਪਣੀ ਫੈਡਰੇਸ਼ਨ ਨਾਲ 700 ਕਬੱਡੀ ਕਲੱਬਾਂ ਨੂੰ ਜੋੜ ਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰ ਰਿਹਾ ਸੀ। ਇਹ ਗੱਲ ਵਿਦੇਸ਼ੀ ਕਬੱਡੀ ਪ੍ਰਮੋਟਰਾਂ ਅਤੇ ਗੈਂਗਸਟਰਾਂ ਨੂੰ ਪਸੰਦ ਨਹੀਂ ਸੀ ਜੋ ਪੰਜਾਬ ਨੂੰ ਖੇਰੂੰ-ਖੇਰੂੰ ਕਰ ਰਹੇ ਸਨ।

ਇਸ ਤੋਂ ਪਹਿਲਾਂ ਜਲੰਧਰ ਦੇ ਲਾਂਬੜਾ ਵਿਚ ਕਬੱਡੀ ਮੁਕਾਬਲੇ ਵਿਚ ਹਿੱਸਾ ਲੈ ਕੇ ਘਰ ਪਰਤ ਰਹੇ ਐਨਆਰਆਈ ਹਰਦੀਪ ਸਿੰਘ ਨੂੰ ਵੀ ਕੈਨੇਡੀਅਨ ਗੈਂਗਸਟਰਾਂ ਨੇ ਸੁਪਾਰੀ ਦੇ ਕੇ ਗੋਲੀ ਮਾਰ ਦਿੱਤੀ ਸੀ। ਹਾਲਾਂਕਿ ਉਸ ਦਾ ਬਚਾਅ ਹੋ ਗਿਆ।

### ਦੇਸ਼-ਵਿਦੇਸ਼ ਵਿਚ ਗੈਰ-ਕਾਨੂੰਨੀ ਕਬੱਡੀ ਸੰਗਠਨ, ਫਿਰ ਵੀ ਕੋਈ ਕਾਰਵਾਈ ਨਹੀਂ

ਦੇਸ਼ ਤੋਂ ਵਿਦੇਸ਼ਾਂ ਤੱਕ ਸਾਰੀਆਂ ਨਿੱਜੀ ਕਬੱਡੀ ਸੰਸਥਾਵਾਂ ਗੈਰ-ਕਾਨੂੰਨੀ ਹਨ। ਸਰਕਾਰ ਨੇ ਉਨਾਂ ਨੂੰ ਮਾਨਤਾ ਨਹੀਂ ਦਿੱਤੀ। ਇਸ ਤੋਂ ਬਾਅਦ ਵੀ ਕੋਈ ਕਾਰਵਾਈ ਨਹੀਂ ਹੋ ਰਹੀ। ਇਸ ਸਮੇਂ ਨੈਸ਼ਨਲ ਕਬੱਡੀ ਫੈਡਰੇਸ਼ਨ ਕੈਨੇਡਾ, ਮੇਜਰ ਕਬੱਡੀ ਲੀਗ ਫੈਡਰੇਸ਼ਨ ਯੂ.ਕੇ., ਨਾਰਥ ਇੰਡੀਆ ਕਬੱਡੀ ਫੈਡਰੇਸ਼ਨ, ਪੰਜਾਬ ਕਬੱਡੀ ਐਸੋਸੀਏਸ਼ਨਾਂ ਵਰਗੀਆਂ ਵੱਡੀਆਂ ਸੰਸਥਾਵਾਂ ਵਿੱਚੋਂ ਕੋਈ ਵੀ ਕਬੱਡੀ ਫੈਡਰੇਸ਼ਨ ਆਫ ਇੰਡੀਆ ਜਾਂ ਏਸ਼ੀਆ ਅਤੇ ਓਲੰਪਿਕ ਕਮੇਟੀ ਦੁਆਰਾ ਮਾਨਤਾ ਪ੍ਰਾਪਤ ਨਹੀਂ ਹੈ।

### ਪੰਜ ਸੌ ਕਰੋੜ ਦੇ ਟਰਨਓਵਰ ਵਾਲੀ ਪੰਜਾਬੀ ਫਿਲਮ ਇੰਡਸਟਰੀ ਵਿਚ ਗੈਂਗਸਟਰਾਂ ਦੀ ਦਖਲਅੰਦਾਜ਼ੀ

ਗੈਂਗਸਟਰਾਂ ਦੀ ਨਜ਼ਰ 1970 ਦੇ 30 ਸਾਲਾਂ ਬਾਅਦ ਪੰਜਾਬ ਵਿੱਚ ਮੁੜ ਸੁਰਜੀਤ ਹੋਈ ਪੰਜਾਬੀ ਫਿਲਮ ਇੰਡਸਟਰੀ ’ਤੇ ਸੀ, ਜੋ ਕਿ ਇਸ ਵੇਲੇ 2003 ਵਿੱਚ ਹੀ ਲਗਭਗ ਪੰਜ ਸੌ ਕਰੋੜ ਦੇ ਟਰਨਓਵਰ ਨਾਲ ਹੈ। ਪਾਲੀਵੁੱਡ ਸਾਲ 2000 ਤੋਂ ਲਗਾਤਾਰ ਵਧ ਰਿਹਾ ਹੈ। ਪੰਜਾਬੀ ਗੀਤਾਂ ਦਾ ਦੌਰ ਵੀ ਇਸੇ ਸਮੇਂ ਤੋਂ ਨਵੇਂ ਸਿਰੇ ਤੋਂ ਸ਼ੁਰੂ ਹੋਇਆ। ਗੈਂਗਸਟਰਾਂ ਨੇ ਪਹਿਲਾਂ ਪੰਜਾਬੀ ਗਾਇਕਾਂ ’ਤੇ ਪੈਸਾ ਲਾ ਕੇ ਬੰਦੂਕ ਕਲਚਰ ਨੂੰ ਉਤਸ਼ਾਹਿਤ ਕੀਤਾ। ਇਸ ਨਾਲ ਪੰਜਾਬ ਦੇ ਨੌਜਵਾਨਾਂ ਵਿੱਚ ਉਸ ਦੀ ਪਕੜ ਬਣ ਗਈ। ਨਾਲ ਹੀ ਕੁਝ ਗੈਂਗਸਟਰਾਂ ’ਤੇ ਫਿਲਮਾਂ ਵੀ ਬਣਵਾਈਆਂ। ਇਨਾਂ ਵਿਚ ਸ਼ਾਰਪ ਸ਼ੂਟਰ ਸੁੱਖਾ ਕਾਹਲਵਾਂ ਅਤੇ ਰੁਪਿੰਦਰ ਗਾਂਧੀ ’ਤੇ ਬਣੀਆਂ ਫਿਲਮਾਂ ਅਤੇ ਗੀਤਾਂ ਨੇ ਪਾਲੀਵੁੱਡ ਦਾ ਰਵੱਈਆ ਹੀ ਬਦਲ ਦਿੱਤਾ ਹੈ। ਸੁੱਖਾ ਦੀ ਫਿਲਮ ’ਤੇ ਸਰਕਾਰ ਨੇ ਪਾਬੰਦੀ ਲਾ ਦਿੱਤੀ ਸੀ ਪਰ ਰੁਪਿੰਦਰ ਦੀ ਫਿਲਮ ਰਿਲੀਜ਼ ਹੋ ਗਈ ਸੀ। ਸਿੱਧੂ ਮੂਸੇਵਾਲਾ ਵੀ ਕੈਨੇਡਾ ਤੋਂ ਵਾਪਸ ਆ ਕੇ ਆਪਣੇ ਗੀਤਾਂ ਵਿੱਚ ਬੰਦੂਕ ਸੱਭਿਆਚਾਰ ਨੂੰ ਪ੍ਰਮੋਟ ਕਰਕੇ ਸਟਾਰ ਬਣ ਗਿਆ।

ਇਸ ਵੇਲੇ 45 ਤੋਂ 50 ਪੰਜਾਬੀ ਫ਼ਿਲਮਾਂ ਦੀਆਂ ਦਰਜਨਾਂ ਮਿਊਜ਼ਿਕ ਐਲਬਮਾਂ ਰਿਲੀਜ਼ ਹੋ ਰਹੀਆਂ ਹਨ। ਗੈਂਗਸਟਰ ਇੰਟਰਨੈੱਟ ਮੀਡੀਆ ਚੈਨਲਾਂ ਰਾਹੀਂ ਵੱਡੇ-ਵੱਡੇ ਕਲਾਕਾਰਾਂ ਦੇ ਨਾਲ-ਨਾਲ ਉਭਰਦੇ ਕਲਾਕਾਰਾਂ ਨੂੰ ਪ੍ਰਮੋਟ ਕਰਕੇ ਪੈਸੇ ਕਮਾ ਰਹੇ ਹਨ। ਵਿਦੇਸ਼ਾਂ ਤੋਂ ਪੰਜਾਬੀ ਫ਼ਿਲਮਾਂ ਵਿੱਚ ਪੈਸਾ ਲਾਇਆ ਜਾ ਰਿਹਾ ਹੈ।

### ਛੇ ਗਾਇਕਾਂ ਤੋਂ 10-10 ਲੱਖ ਰੁਪਏ ਦੀ ਵਸੂਲੀ

ਇੰਨਾ ਹੀ ਨਹੀਂ ਗੈਂਗਸਟਰ ਮਸ਼ਹੂਰ ਗਾਇਕਾਂ ਤੋਂ ਵੀ ਫਿਰੌਤੀ ਵਸੂਲ ਰਹੇ ਹਨ। ਇੰਟੈਲੀਜੈਂਸ ਬਿਊਰੋ (ਆਈਬੀ) ਨੇ ਪਿਛਲੇ



ਦਿਨੀਂ ਆਪਣੀ ਰਿਪੋਰਟ ਵਿੱਚ ਜ਼ਿਕਰ ਕੀਤਾ ਹੈ ਕਿ ਹਾਲ ਹੀ ਵਿੱਚ ਪੰਜਾਬ ਦੇ ਛੇ ਗਾਇਕਾਂ ਤੋਂ ਗੈਂਗਸਟਰਾਂ ਨੇ 10-10 ਲੱਖ ਰੁਪਏ ਬਰਾਮਦ ਕੀਤੇ ਹਨ। ਲਾਰੈਂਸ ਬਿਸ਼ਨੋਈ ਅਤੇ ਦਵਿੰਦਰ ਬੰਬੀਆ ਗੈਂਗ ਜ਼ਬਰਦਸਤੀ ਗੈਂਗਸਟਰਾਂ ਵਿੱਚ ਪ੍ਰਮੁੱਖ ਹਨ। ਹਾਲਾਂਕਿ, ਆਈਬੀ ਨੇ ਆਪਣੀ ਰਿਪੋਰਟ ਵਿੱਚ ਗਾਇਕਾਂ ਦੇ ਨਾਵਾਂ ਦਾ ਜ਼ਿਕਰ ਨਹੀਂ ਕੀਤਾ ਹੈ।

ਸਾਲ 2018 ਵਿਚ ਪੰਜਾਬੀ ਕਲਾਕਾਰ, ਗਾਇਕ ਤੇ ਨਿਰਦੇਸ਼ਕ ਪਰਮੀਸ਼ ਵਰਮਾ ਤੋਂ ਵੀ ਜਬਰੀ ਵਸੂਲੀ ਲਈ ਗਈ ਸੀ। ਫਿਰੌਤੀ ਦੀ ਰਕਮ ਨਾ ਦੇਣ ’ਤੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ।

ਕਲਾਕਾਰਾਂ ’ਤੇ ਗੈਂਗਸਟਰਾਂ ਦੀ ਮਦਦ ਲੈਣ ਦਾ ਵੀ ਦੋਸ਼ ਹੈ ਪਿਛਲੇ ਦਿਨੀਂ ਨੈਸ਼ਨਲ ਸਟੂਡੈਂਟ ਯੂਨੀਅਨ ਆਫ਼ ਇੰਡੀਆ (ਐਨ.ਐਸ.ਯੂ.ਆਈ.) ਦੇ ਮੁਖੀ ਅਕਸ਼ੈ ਸ਼ਰਮਾ ਅਤੇ ਫ਼ਿਲਮ ‘ਸਿਕੰਦਰ-2’ ਦੇ ਅਦਾਕਾਰ ਕਰਤਾਰ ਚੀਮਾ ਵਿਚਾਲੇ ਹੋਇਆ ਝਗੜਾ ਇਸ ਦੀ ਤਾਜ਼ਾ ਮਿਸਾਲ ਹੈ। ਅਕਸ਼ੈ ਨੇ ਫਿਲਮ ’ਚ 25 ਲੱਖ ਰੁਪਏ ਨਿਵੇਸ਼ ਕਰਨ ਦਾ ਦਾਅਵਾ ਕੀਤਾ ਹੈ। ਉਨਾਂ ਦੋਸ਼ ਲਾਇਆ ਹੈ ਕਿ ਚੀਮਾ ਨਾ ਤਾਂ ਫਿਲਮ ਨੂੰ ਪੂਰਾ ਕਰ ਰਹੇ ਹਨ ਅਤੇ ਨਾ ਹੀ ਉਨਾਂ ਦੇ ਪੈਸੇ ਵਾਪਸ ਕਰ ਰਹੇ ਹਨ। ਸਿੱਧੂ ਨੂੰ ਕੈਨੇਡਾ ’ਚ ਬੈਠੇ ਗੈਂਗਸਟਰ ਗੋਲਡੀ ਬਰਾੜ ਤੋਂ ਧਮਕੀਆਂ ਮਿਲ ਰਹੀਆਂ ਹਨ, ਜਿਸ ਨੇ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ।

### ਈਡੀ ਦੀ ਪਕੜ ਵਿਚ ਸੀ, ਪਰ ਜਾਂਚ ਠੰਢੀ ਸੀ

ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ 2017-18 ਵਿੱਚ ਪੰਜਾਬੀ ਫਿਲਮਾਂ ਅਤੇ ਗੀਤਾਂ ਦੀਆਂ ਐਲਬਮਾਂ ਲਈ ਵਿਦੇਸ਼ੀ ਫੰਡਿੰਗ ਦੇ ਸਬੰਧ ਵਿੱਚ ਕਈ ਕਲਾਕਾਰਾਂ ਨੂੰ ਗ੍ਰਿਫਤਾਰ ਕਰ ਕੇ ਜਾਂਚ ਸ਼ੁਰੂ ਕੀਤੀ ਸੀ। ਦਿਲਜੀਤ ਦੋਸਾਂਝ, ਗਿੱਪੀ ਗਰੇਵਾਲ, ਜੈਜ਼ੀ ਬੀ ਅਤੇ ਮਨਤੇਜ ਮਾਨ ਵਰਗੇ ਕਲਾਕਾਰਾਂ ਦੇ ਨਾਂ ਸਾਹਮਣੇ ਆਏ ਹਨ। ਉਨਾਂ ਤੋਂ ਵੀ ਪੁੱਛਗਿੱਛ ਸ਼ੁਰੂ ਕਰ ਦਿੱਤੀ। ਈਡੀ ਦੇ ਤਤਕਾਲੀ ਸੰਯੁਕਤ ਨਿਰਦੇਸ਼ਕ ਨਿਰੰਜਨ ਸਿੰਘ ਖੁਦ ਇਨਾਂ ਮਾਮਲਿਆਂ ਦੀ ਜਾਂਚ ਕਰਵਾ ਰਹੇ ਸਨ। ਉਨਾਂ ਦੀ ਸੇਵਾਮੁਕਤੀ ਤੋਂ ਬਾਅਦ ਜਾਂਚ ਠੰਢੇ ਬਸਤੇ ਵਿੱਚ ਪੈ ਗਈ। ਇਨਾਂ ਕਲਾਕਾਰਾਂ ਖ਼ਿਲਾਫ਼ ਫਾਰੇਨ ਐਕਸਚੇਂਜ ਮੈਨੇਜਮੈਂਟ ਐਕਟ (ਫੇਮਾ) ਤਹਿਤ ਜਾਂਚ ਸ਼ੁਰੂ ਕੀਤੀ ਗਈ ਸੀ ਪਰ ਪੰਜਾਬ ਪੁਲਿਸ ਨੇ ਮਾਮਲਾ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਦੱਸਦਿਆਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ।

**ਪੰਜਾਬੀ ਫਿਲਮ ਇੰਡਸਟਰੀ ਦਾ ਕਾਰੋਬਾਰ**

**ਸਾਲ ਕਮਾਈ**

2011-36 ਕਰੋੜ

2012-93 ਕਰੋੜ

2013-148 ਕਰੋੜ

2014-241 ਕਰੋੜ

2015-172 ਕਰੋੜ

2021-180.72 ਕਰੋੜ

ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫਿਲਮਾਂ

-ਕੈਰੀ ਆਨ ਜੱਟਾ 57.67 ਕਰੋੜ

-ਹਿੰਮਤ ਰੱਖੋ 54.62 ਕਰੋੜ

-ਸਾਡਾ 53.10 ਕਰੋੜ

-ਸੌਂਕਣ-ਸੌਂਕਣੇ 48.58 ਕਰੋੜ

-ਸਰਦਾਰ ਜੀ 38.38 ਕਰੋੜ

ਵਿਦੇਸ਼ਾਂ ਵਿੱਚ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫਿਲਮਾਂ

ਚੱਲ ਮੇਰਾ ਪੁੱਤ 37.5 ਕਰੋੜ

ਹੌਸਲਾ ਰੱਖ 27.46 ਕਰੋੜ

ਚਾਰ ਸਾਹਿਬਜ਼ਾਦੇ 21.78 ਕਰੋੜ

ਅਰਦਾਸ ਕਰਾਂ 19.01 ਕਰੋੜ

ਅੰਗਰੇਜ਼ 16.55 ਕਰੋੜ


ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**



Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸਿੱਧੂ ਮੂਸੇਵਾਲਾ ਕਤਲ ਕਾਂਡ ਦੀ ਜਾਂਚ ਬਾਰੇ ਹੋਇਆ ਨਿਆਂਇਕ ਕਮਿਸ਼ਨ ਕਾਇਮ

## ✪ ਹਾਈ ਕੋਰਟ ਦੇ ਜੱਜ ਕਰਨਗੇ ਜਾਂਚ ✪ ਮੁੱਖ ਮੰਤਰੀ ਦੇ ਭਰੋਸੇ ਮਗਰੋਂ ਪਰਿਵਾਰ ਨੇ ਕਰਵਾਇਆ ਪੋਸਟਮਾਰਟਮ ✪ ਸਿੱਧੂ ਮੂਸੇਵਾਲਾ ਦੇ 20 ਤੋਂ ਜ਼ਿਆਦਾ ਗੋਲੀਆਂ ਲੱਗੀਆਂ ✪ ਦੇਹਰਾਦੂਨ ਤੋਂ ਪੰਜ ਸ਼ੱਕੀਆਂ ਨੂੰ ਹਿਰਾਸਤ ਵਿਚ ਲਿਆ ✪ ਭਾਜਪਾ ਤੇ ਅਕਾਲੀ ਦਲ ਦੇ ਆਗੂਆਂ ਨੇ ਕੀਤੀ ਨਿਖੇਧੀ, ਕਾਂਗਰਸ ਨੇ ਕਿਹਾ, ਸੀਐੱਮ ਤੇ ਡੀਜੀਪੀ ਦੇ ਹੱਥ ਖ਼ੂਨ ਨਾਲ ਰੰਗੇ ✪ ਲਾਰੈਂਸ ਬਿਸ਼ਨੋਈ ਗਰੁੱਪ ਨੇ ਲਈ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ

**ਚੰਡੀਗੜ੍ਹ/ਮਾਨਸਾ/ਏ.ਟੀ.ਨਿਊਜ਼ :-** ਬੀਤੇ ਦਿਨੀਂ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਜਦੋਂ ਆਪਣੇ ਸਾਥੀਆਂ ਸਮੇਤ ਪਿੰਡ ਜਵਾਹਰਕੇ ਤੋਂ ਮਾਨਸਾ ਵੱਲ ਆ ਰਿਹਾ ਸੀ ਤਾਂ ਪਿੰਡ ਨੇੜੇ ਅਣਪਛਾਤੀਆਂ ਗੱਡੀਆਂ ਵਿਚ ਸਵਾਰ ਵਿਅਕਤੀਆਂ ਨੇ ਉਸ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਹਮਲੇ ਵਿਚ ਉਸ ਦੇ ਦੋ ਸਾਥੀ ਵੀ ਗੰਭੀਰ ਜ਼ਖ਼ਮੀ ਹੋ ਗਏ ਸਨ ਜਿਨਾਂ ਵਿੱਚੋਂ ਇਕ ਹੋਰ ਸਾਥੀ ਦੀ ਮੌਤ ਹੋ ਗਈ ਸੀ। ਇਥੇ ਜ਼ਿਕਰਯੋਗ ਹੈ ਕਿ ਆਪਣੇ ਗਾਣਿਆਂ ਵਿਚ ਗੰਨ ਕਲਚਰ ਨੂੰ ਉਤਸ਼ਾਹਤ ਕਰਨ ਵਾਲੇ ਪੰਜਾਬੀ ਗਾਇਕ ਤੇ ਕਾਂਗਰਸੀ ਨੇਤਾ ਸਿੱਧੂ ਮੂਸੇਵਾਲਾ ਘਟਨਾ ਦੇ ਸਮੇਂ ਉਹ ਆਪਣੀ ਕਾਲੇ ਰੰਗ ਦੀ ਥਾਰ ਗੱਡੀ ਵਿਚ ਸਨ ਤੇ ਖ਼ੁਦ ਗੱਡੀ ਚਲਾ ਰਹੇ ਸਨ। ਉਨਾਂ ਦੀ ਗੱਡੀ 'ਤੇ 30 ਤੋਂ 40 ਰਾਊਂਡ ਫਾਈਰਿੰਗ ਕੀਤੀ ਗਈ, ਜਿਸ ਵਿਚ ਮੂਸੇਵਾਲਾ ਨੂੰ ਅੱਠ ਤੋਂ ਦਸ ਗੋਲੀਆਂ ਲੱਗੀਆਂ। ਹੱਤਿਆ ਵਿਚ ਏਕੇ-47 ਰਾਈਫਲ ਦੇ ਇਸਤੇਮਾਲ ਹੋਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਹੱਤਿਆ ਦੇ ਪਿੱਛੇ ਲਾਰੈਂਸ ਬਿਸ਼ਨੋਈ ਗੈਂਗ ਦਾ ਨਾਂ ਸਾਹਮਣੇ ਆ ਰਿਹਾ ਹੈ। ਉਨਾਂ ਨੂੰ ਜ਼ਖ਼ਮੀ ਹਾਲਤ ਵਿਚ ਮਾਨਸਾ ਦੇ ਹਸਪਤਾਲ ਵਿਚ ਲਿਆਂਦਾ ਗਿਆ, ਜਿੱਥੇ ਉਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਬੀਤੇ ਸ਼ਨਿਚਰਵਾਰ ਨੂੰ ਹੀ ਪੰਜਾਬ ਸਰਕਾਰ ਨੇ ਉਨਾਂ ਦੀ ਸੁਰੱਖਿਆ ਘੱਟ ਕਰ ਦਿੱਤੀ ਸੀ। ਉਨਾਂ ਨੂੰ ਅੱਠ ਸੁਰੱਖਿਆ ਮੁਲਾਜ਼ਮ ਦਿੱਤੇ ਗਏ ਸਨ, ਪਰ ਸ਼ਨਿਚਰਵਾਰ ਨੂੰ ਇਨਾਂ ਵਿਚੋਂ ਛੇ ਹਟਾ ਲਏ ਗਏ ਸਨ। ਉਨਾਂ ਨੂੰ ਕੁਝ ਸਮਾਂ ਪਹਿਲਾਂ ਗੈਂਗਸਟਰਾਂ ਤੋਂ ਧਮਕੀਆਂ ਵੀ ਮਿਲੀਆਂ ਸਨ। ਆਪ ਸਰਕਾਰ ਵਲੋਂ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਜਾਂਚ ਲਈ ਪੰਜਾਬ ਹਰਿਆਣਾ ਹਾਈਕੋਰਟ ਦੇ ਮੌਜੂਦਾ ਜੱਜ ਦੀ ਅਗਵਾਈ ਹੇਠ ਨਿਆਂਇਕ ਕਮਿਸ਼ਨ ਦੇ ਗਠਨ ਦਾ ਐਲਾਨ ਕੀਤੇ ਜਾਣ ਮਗਰੋਂ ਪਰਿਵਾਰ ਨੇ ਉਸ ਦੇ ਪੋਸਟਮਾਰਟਮ ਦੀ ਮਨਜ਼ੂਰੀ ਦੇ ਦਿੱਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕੌਮੀ ਜਾਂਚ ਏਜੰਸੀ (ਐੱਨਆਈਏ) ਵਰਗੀ ਕੇਂਦਰੀ ਜਾਂਚ ਏਜੰਸੀ ਨੂੰ ਸ਼ਾਮਲ ਕਰਨ ਅਤੇ ਜਾਂਚ ਕਮਿਸ਼ਨ ਨੂੰ ਪੂਰਾ ਸਹਿਯੋਗ ਯਕੀਨੀ ਬਣਾਏਗੀ। ਮੁੱਖ ਮੰਤਰੀ ਨੇ ਕਿਹਾ ਕਿ ਮਰਹੂਮ ਗਾਇਕ ਦੀ ਸੁਰੱਖਿਆ ਵਿੱਚ ਕਟੌਤੀ ਦੇ ਸਾਰੇ ਪਹਿਲੂਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਪੰਜਾਬੀ ਗਾਇਕ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗਰੁੱਪ ਦੇ ਗੋਲਡੀ ਬਰਾੜ



ਨੇ ਲਈ ਹੈ। ਬਿਸ਼ਨੋਈ ਗਰੁੱਪ ਦੇ ਸਚਿਨ ਬਿਸ਼ਨੋਈ ਦਤਾਰਾਂਵਾਲੀ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਲਿਖਿਆ ਕਿ ਵਿੱਕੀ ਮਿੱਡੂਖੇੜਾ ਤੇ ਗੁਰਲਾਲ ਬਰਾੜ ਦੇ ਕਤਲ ਵਿਚ ਇਸ ਦਾ ਨਾਂ ਆਉਣ ਦੇ ਬਾਵਜੂਦ ਪੁਲਿਸ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਸੀ। ਸਾਡੇ ਭਾਈ ਅੰਕਿਤ ਭਾਦੂ ਦੇ ਇਨਕਾਊਂਟਰ ਵਿੱਚ ਵੀ ਇਸ ਦਾ ਹੱਥ ਸੀ। ਇਸ ਨੇ ਕਿਹਾ ਸੀ ਕਿ ਮੈਂ ਕਿਸੇ ਦੀ ਪ੍ਰਵਾਹ ਨਹੀਂ ਕਰਦਾ, ਮੈਂ ਵੀ ਹਥਿਆਰ ਲੋਡ ਕਰਕੇ ਰੱਖਦਾ ਹਾਂ ਤੇ ਅੱਜ ਅਸੀਂ ਫਿਰ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਲਿਆ। ਮੈਂ ਤੇ ਗੋਲਡੀ ਬਰਾੜ ਇਸ ਦੀ ਜ਼ਿੰਮੇਵਾਰੀ ਲੈਂਦੇ ਹਾਂ।

ਪੰਜਾਬ ਕਾਂਗਰਸ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੁਰੱਖਿਆ ਵਾਪਸ ਲਏ ਜਾਣ ਤੋਂ ਬਾਅਦ ਮੂਸੇਵਾਲਾ ਦੀ ਹੱਤਿਆ ਹੋਈ ਹੈ। ਪੰਜਾਬ ਦੇ ਮੁੱਖ ਮੰਤਰੀ ਤੇ ਡੀਜੀਪੀ ਦੇ ਹੱਥ ਖ਼ੂਨ ਨਾਲ ਰੰਗੇ ਗਏ ਹਨ। ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਿੱਧੂ ਮੂਸੇਵਾਲਾ ਦੀ ਹੱਤਿਆ ਲਈ ਪੰਜਾਬ ਸਰਕਾਰ 'ਤੇ ਪਰਚਾ ਦਰਜ ਕਰਨ ਦੀ ਮੰਗ ਕੀਤੀ ਹੈ।ਭਾਜਪਾ ਦੇ ਸੂਬਾ ਜਨਰਲ ਸਕੱਤਰ ਡਾ. ਸੁਭਾਸ਼ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੋ ਖ਼ੁਦ ਹੀ ਗ੍ਰਹਿ ਵਿਭਾਗ ਦੇਖ ਰਹੇ ਹਨ ਪਰ ਉਨਾਂ ਦਾ ਧਿਆਨ ਸੂਬੇ ਦੀ ਕਾਨੂੰਨ ਵਿਵਸਥਾ ਵੱਲ ਨਹੀਂ ਹੈ। ਉਹ ਸਿਰਫ਼ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦਾ ਪੀਆਰ ਕਰ ਰਹੇ ਹਨ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਦੀ ਬੇਰਹਿਮੀ ਨਾਲ ਹੱਤਿਆ ਹੈਰਾਨ ਕਰਨ ਵਾਲੀ ਹੈ। ਪੰਜਾਬ ਦੀ 'ਆਪ' ਸਰਕਾਰ ਬੁਰੀ ਤਰਾਂ ਫੇਲ ਹੋਈ ਹੈ। ਪੰਜਾਬ ਵਿਚ ਕੋਈ ਸੁਰੱਖਿਅਤ ਨਹੀਂ।

ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਦੀ ਦਿਨ ਦਿਹਾੜੇ ਹੱਤਿਆ ਕਰ ਦਿੱਤੀ ਗਈ। ਇਸ ਦੀ ਜਾਂਚ ਕੇਂਦਰੀ ਜਾਂਚ ਏਜੰਸੀ ਨੂੰ ਕਰਨੀ ਚਾਹੀਦੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਇਮਾਨਦਾਰੀ ਨਾਲ ਸੋਚਣਾ ਚਾਹੀਦਾ ਹੈ ਕਿ ਕੀ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣ ਦਾ ਸਸਤਾ ਲੋਕਲੁਭਾਊ ਫ਼ੈਸਲਾ ਸਿੱਧੇ ਤੌਰ 'ਤੇ ਤ੍ਰਾਸਦੀ ਲਈ ਜ਼ਿੰਮੇਵਾਰ ਹੈ।

### ਸਿੱਧੂ ਮੂਸੇਵਾਲਾ ਦੇ 20 ਤੋਂ ਜ਼ਿਆਦਾ ਗੋਲੀਆਂ ਲੱਗੀਆਂ

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਪੋਸਟਮਾਰਟਮ ਡਾਕਟਰਾਂ ਦੇ ਪੈਨਲ ਵੱਲੋਂ ਭਾਰੀ ਸੁਰੱਖਿਆ ਹੇਠ ਮਾਨਸਾ ਦੇ ਸਿਵਲ ਹਸਪਤਾਲ ਵਿਚ ਕੀਤਾ ਗਿਆ। ਕਿਹਾ ਜਾ ਰਿਹਾ ਹੈ ਕਿ ਸਿੱਧੂ ਮੂਸੇਵਾਲਾ ਦੇ 20 ਤੋਂ ਜ਼ਿਆਦਾ ਗੋਲੀਆਂ ਲੱਗੀਆਂ ਹਨ। ਜਾਣਕਾਰੀ ਮੁਤਾਬਕ ਇੱਕ ਗੋਲੀ ਸਿਰ ਵਿਚ ਲੱਗਣ ਅਤੇ ਜ਼ਿਆਦਾ ਖ਼ੂਨ ਨਿਕਲਣ ਕਾਰਨ ਉਸਦੀ ਮੌਤ ਹੋਈ ਦੱਸੀ ਜਾਂਦੀ ਹੈ। ਉਸ ਦੇ ਅੰਦਰੂਨੀ ਅੰਗਾਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ।

ਨਵਜੋਤ ਸਿੱਧੂ ਲਿਆਏ ਸੀ ਸਿਆਸਤ ਵਿਚ ਉਨਾਂ ਦਾ ਅਸਲੀ ਨਾਂ ਸ਼ੁੱਭਦੀਪ ਸਿੰਘ ਸਿੱਧੂ ਸੀ ਪਰ ਉਹ ਸਿੱਧੂ ਮੂਸੇਵਾਲਾ ਨਾਂ ਨਾਲ ਹੀ ਜਾਣੇ ਜਾਂਦੇ ਸਨ। ਉਹ ਮਾਨਸਾ ਦੇ ਮੂਸਾ ਪਿੰਡ ਦੇ ਰਹਿਣ ਵਾਲੇ ਸਨ। 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਵਜੋਤ ਸਿੱਧੂ ਉਨਾਂ ਨੂੰ ਸਿਆਸਤ ਵਿਚ ਲੈ ਕੇ ਆਏ ਸਨ। ਉਨਾਂ ਨੇ ਮਾਨਸਾ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜੀ ਪਰ ਆਪ ਪਾਰਟੀ ਦੇ ਡਾ. ਵਿਜੇ ਸਿੰਗਲਾ ਦੇ ਹੱਥੋਂ ਹਾਰ ਗਏ ਸਨ।

ਹਮਲਾਵਰਾਂ ਦਾ ਡੱਟ ਕੇ ਕੀਤਾ ਸੀ ਮੁਕਾਬਲਾ ਅਖੀਰਲੇ ਸਮੇਂ ਵੀ ਸਿੱਧੂ ਮੂਸੇਵਾਲਾ ਮੌਤ ਸਾਹਮਣੇ ਦੇਖ ਕੇ ਜ਼ਰਾ ਵੀ ਨਹੀਂ ਡਰਿਆ ਬਲਕਿ ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕੀਤਾ। ਇਸ ਗੱਲ ਦਾ ਖੁਲਾਸਾ ਸਿੱਧੂ ਮੂਸੇਵਾਲਾ ਦੇ ਨਾਲ ਉਸ ਦੀ ਥਾਰ ਗੱਡੀ ਵਿਚ ਸਵਾਰ ਦੋ ਕਰੀਬੀ ਦੋਸਤਾਂ ਨੇ ਸਥਾਨਕ ਡੀਐੱਮਸੀ ਹਸਪਤਾਲ ਵਿਚ ਕੀਤਾ। ਉਨਾਂ ਦੱਸਿਆ ਕਿ ਸਿੱਧੂ ਮੂਸੇਵਾਲਾ ਨੇ ਹਮਲਾਵਰਾਂ ਨੂੰ ਸਾਹਮਣੇ ਦੇਖ ਕੇ ਡਰਨ ਦੀ ਥਾਂ ਆਪਣੇ ਲਾਇਸੈਂਸੀ ਹਥਿਆਰ ਵਿਚੋਂ ਗੋਲੀਆਂ ਚਲਾਈਆਂ ਸਨ, ਪਰ ਹਮਲਾਵਰ ਗਿਣਤੀ ਵਿਚ ਜ਼ਿਆਦਾ ਸਨ ਤੇ ਉਨਾਂ ਕੋਲ ਆਧੁਨਿਕ ਹਥਿਆਰ ਸਨ। ਹਮਲਾਵਰਾਂ ਨੇ ਸਿੱਧੂ ਮੂਸੇਵਾਲਾ ਦੀ ਗੱਡੀ ਨੂੰ ਚਾਰੇ ਪਾਸਿਓਂ ਘੇਰ ਕੇ ਅੰਨੇਵਾਹ ਗੋਲੀਆਂ ਚਲਾਈਆਂ, ਜੋ ਸਿੱਧੂ ਮੂਸੇਵਾਲਾ ਦੇ ਸਰੀਰ ਨੂੰ ਛਲਣੀ ਕਰ ਗਈਆਂ ਤੇ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਹਮਲੇ ਮੌਕੇ ਸਿੱਧੂ ਮੂਸੇਵਾਲਾ ਦਾ ਕਰੀਬੀ ਦੋਸਤ ਗੁਰਪ੍ਰੀਤ ਸਿੰਘ ਉਸ ਨਾਲ ਅੱਗੇ ਵਾਲੀ ਸੀਟ 'ਤੇ ਜਦੋਂਕਿ ਗੁਰਵਿੰਦਰ ਸਿੰਘ ਪਿੱਛੇ ਬੈਠਾ ਸੀ। ਦੋਵਾਂ ਨੇ ਦੱਸਿਆ ਕਿ ਉਹ ਸਿੱਧੂ ਮੂਸੇਵਾਲਾ ਦੀ ਮਾਸੀ, ਜੋ ਬਰਨਾਲਾ ਦੇ ਪਿੰਡ ਵਿਚ ਰਹਿੰਦੀ ਹੈ, ਦਾ ਪਤਾ ਲੈਣ ਲਈ ਘਰੋਂ ਨਿਕਲੇ ਸਨ। ਗੱਡੀ ਵਿਚ 5 ਲੋਕਾਂ ਦੇ ਬੈਠਣ ਲਈ ਥਾਂ ਨਹੀਂ ਸੀ, ਜਿਸ ਕਰਕੇ ਗਾਇਕ ਨੇ ਆਪਣੇ ਸੁਰੱਖਿਆ ਮੁਲਾਜ਼ਮਾਂ ਨੂੰ ਨਾਲ ਨਹੀਂ ਬਿਠਾਇਆ ਤੇ ਦੂਸਰੀ ਗੱਡੀ ਵਿਚ ਆਉਣ ਲਈ ਆਖਿਆ। ਗੁਰਵਿੰਦਰ ਸਿੰਘ ਅਨੁਸਾਰ ਜਿਵੇਂ ਹੀ ਉਹ ਪਿੰਡ ਤੋਂ ਕੁਝ ਦੂਰ ਪੁੱਜੇ ਤਾਂ ਸਭ ਤੋਂ ਪਹਿਲਾਂ ਉਨਾਂ 'ਤੇ ਪਿੱਛੋਂ ਇੱਕ ਫਾਇਰ ਹੋਇਆ ਸੀ। ਇੱਕ ਗੱਡੀ ਉਨਾਂ ਦੇ ਅੱਗੇ ਆ ਕੇ ਰੁਕ ਗਈ ਸੀ। ਪਿੱਛੇ ਵਾਲਾ ਫਾਇਰ ਉਸ ਦੀ ਬਾਂਹ 'ਤੇ ਲੱਗਿਆ ਤੇ ਉਹ ਥੱਲੇ ਝੁਕ ਗਿਆ। ਇੱਕ ਨੌਜਵਾਨ ਅੰਨੇਵਾਹ ਗੋਲੀਆਂ ਚਲਾਉਂਦਾ ਗੱਡੀ ਦੇ ਸਾਹਮਣੇ ਆਇਆ ਤੇ ਉਸ ਨੇ ਕਈ ਫਾਇਰ ਕੀਤੇ। ਗੁਰਵਿੰਦਰ ਸਿੰਘ ਅਨੁਸਾਰ ਮੂਸੇਵਾਲਾ ਨੇ ਵੀ ਆਪਣੇ ਪਿਸਤੌਲ ਤੋਂ ਜਵਾਬੀ ਫਾਇਰ ਕੀਤੇ ਪਰ ਸਾਹਮਣੇ ਵਾਲੇ ਹਮਲਾਵਰ ਕੋਲ ਆਟੋਮੈਟਿਕ ਗੰਨ ਹੋਣ ਕਾਰਨ ਉਹ ਲਗਾਤਾਰ ਫਾਇਰਿੰਗ ਕਰਦਾ ਜਾ ਰਿਹਾ ਸੀ। ਜਿਵੇਂ ਹੀ ਸਿੱਧੂ ਮੂਸੇਵਾਲਾ ਨੇ 2 ਫਾਇਰ ਕੀਤੇ ਤਾਂ ਉਨਾਂ 'ਤੇ ਤਿੰਨ ਪਾਸਿਓਂ ਫਾਇਰਿੰਗ ਹੋਣ ਲੱਗੀ। ਗੁਰਵਿੰਦਰ ਨੇ ਇਹ ਵੀ ਦੱਸਿਆ ਕਿ ਸਿੱਧੂ ਮੂਸੇਵਾਲਾ ਨੇ ਇੱਕ ਵਾਰ ਗੱਡੀ ਭਜਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਉਨਾਂ ਨੂੰ ਦੋਵੇਂ ਪਾਸਿਓਂ ਘੇਰ ਲਿਆ ਗਿਆ ਸੀ। ਸਿੱਧੂ ਮੂਸੇਵਾਲਾ ਨੇ ਬਿਨਾਂ ਡਰੇ ਸ਼ੇਰਾਂ ਵਾਂਗ ਮੁਕਾਬਲਾ ਕੀਤਾ ਤੇ ਖ਼ੁਦ ਵੀ ਗੋਲੀਆਂ ਚਲਾਈਆਂ ਪਰ ਸਾਹਮਣੇ ਤੋਂ ਗੋਲੀਆਂ ਦੀ ਬੁਛਾੜ ਹੋਣ ਕਾਰਨ ਉਸ ਨੂੰ ਗੋਲੀਆਂ ਲੱਗੀਆਂ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬਾਕੀ ਸਫ਼ਾ 31 'ਤੇ

# ਸਰਗਰਮ ਸਿਆਸਤ ਤੋਂ ਗਾਇਬ ਹੋਏ ਸਾਬਕਾ ਮੁੱਖ ਮੰਤਰੀ ਚੰਨੀ

## ਸੰਗਰੂਰ ਦੀ ਜ਼ਿਮਨੀ ਚੋਣ ਲਈ ਵੀ ਅਜੇ ਤੱਕ ਨਹੀਂ ਦਿਖਾਈ ਸਰਗਰਮੀ

**ਚੰਡੀਗੜ੍ਹ/ਏ.ਟੀ.ਨਿਊਜ਼ :-** ਪੰਜਾਬ ਦੇ ਸਿਆਸੀ ਨਕਸ਼ੇ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਗਾਇਬ ਹਨ। ਬਤੌਰ ਮੁੱਖ ਮੰਤਰੀ ਦਿਨ ਰਾਤ ਕੰਮ ਕਰਨ ਵਾਲੇ ਚਰਨਜੀਤ ਚੰਨੀ ਕਾਂਗਰਸ ਪਾਰਟੀ ਦੇ ਪ੍ਰੋਗਰਾਮਾਂ ਤੋਂ ਦੂਰ ਹਨ। ਹੁਣ ਜਦੋਂ ਚੋਣ ਕਮਿਸ਼ਨ ਵੱਲੋਂ ਸੰਗਰੂਰ ਦੀ ਜ਼ਿਮਨੀ ਚੋਣ ਦੀ ਤਰੀਕ ਐਲਾਨ ਦਿੱਤੀ ਗਈ ਹੈ ਤਾਂ ਉਸ ਮਗਰੋਂ ਵੀ ਸਾਬਕਾ ਮੁੱਖ ਮੰਤਰੀ ਚੰਨੀ ਦੀ ਕੋਈ ਸਰਗਰਮੀ ਨਹੀਂ ਦਿਖੀ। ਆਖ਼ਰੀ ਵਾਰ ਸਾਬਕਾ ਮੁੱਖ ਮੰਤਰੀ ਚੰਨੀ 22 ਅਪ੍ਰੈਲ ਨੂੰ ਕਾਂਗਰਸ ਦੇ ਨਵੇਂ ਪ੍ਰਧਾਨ ਰਾਜਾ ਵੜਿੰਗ ਦੇ ਅਹੁਦਾ ਸੰਭਾਲ ਸਮਾਗਮ ਵਿੱਚ ਨਜ਼ਰ ਆਏ ਸਨ। ਟਵਿੱਟਰ 'ਤੇ ਚਰਨਜੀਤ ਚੰਨੀ ਨੇ 22 ਅਪ੍ਰੈਲ ਨੂੰ ਰਾਜਾ ਵੜਿੰਗ ਨੂੰ ਵਧਾਈ ਦਿੱਤੀ ਸੀ। ਉਸ ਮਗਰੋਂ ਪਾਰਟੀ ਦੇ ਕਿਸੇ ਪ੍ਰੋਗਰਾਮ ਵਿੱਚ ਚਰਨਜੀਤ ਚੰਨੀ ਨਜ਼ਰ ਨਹੀਂ ਆਏ। ਟਵਿੱਟਰ 'ਤੇ ਵੀ ਉਨਾਂ ਦੀ ਸਰਗਰਮੀ ਨਾਮਾਤਰ ਰਹਿ ਗਈ ਹੈ। ਆਖ਼ਰੀ ਵਾਰ ਚੰਨੀ ਨੇ 3 ਮਈ ਨੂੰ ਈਦ ਮੁਬਾਰਕ ਦਾ ਟਵੀਟ ਕੀਤਾ ਸੀ। ਪੰਜਾਬ ਦੀ ਸਿਆਸਤ ਵਿੱਚ ਹਾਕਮ ਧਿਰ ਦੇ ਫ਼ੈਸਲਿਆਂ ਅਤੇ ਹੋਰਨਾਂ ਮਾਮਲਿਆਂ 'ਤੇ ਬਾਕੀ ਕਾਂਗਰਸ ਆਗੂ ਤਾਂ ਟਿੱਪਣੀਆਂ ਕਰ ਰਹੇ ਹਨ ਪ੍ਰੰਤੂ ਚੰਨੀ ਨੇ 'ਆਪ' ਸਰਕਾਰ ਦੇ ਕਿਸੇ ਫ਼ੈਸਲੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਜਦੋਂ ਪੰਜਾਬ ਚੋਣਾਂ ਸਿਰ 'ਤੇ ਸਨ ਤਾਂ ਉਦੋਂ ਚੰਨੀ ਨੂੰ ਕਾਂਗਰਸ ਨੇ ਮੁੜ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਸੀ।

ਇਸੇ ਦੌਰਾਨ ਉਨਾਂ ਦੇ ਭਾਣਜੇ 'ਤੇ



ਐਨਫੋਰਸਮੈਂਟ ਡਾਇਰੈਕਟੋਰੇਟ 'ਤੇ ਛਾਪਾ ਮਾਰਿਆ ਸੀ, ਜਿਸ ਮਗਰੋਂ ਹਾਲੇ ਤੱਕ ਚੰਨੀ ਦਾ ਭਾਣਜਾ ਨਿਆਂਇਕ ਹਿਰਾਸਤ ਵਿੱਚ ਹੈ। ਈਡੀ ਵੱਲੋਂ ਚੰਨੀ ਨੂੰ ਵੀ ਤਲਬ ਕੀਤਾ ਗਿਆ ਸੀ। ਸੂਤਰ ਆਖਦੇ ਹਨ ਕਿ ਚੋਣ ਨਤੀਜੇ ਆਉਣ ਮਗਰੋਂ ਚੰਨੀ ਨੇ ਸਿਆਸੀ ਸਰਗਰਮੀ ਘਟਾ ਦਿੱਤੀ ਹੈ। ਹਾਲਾਂਕਿ ਚੰਨੀ ਨੇ ਤਾਂ ਬਤੌਰ ਮੁੱਖ ਮੰਤਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵੀ ਚੋਣਾਂ ਮੌਕੇ ਸਖ਼ਤ ਟੱਕਰ ਲਈ ਸੀ। ਚੰਨੀ ਨੇ ਐਤਕੀਂ ਹਲਕਾ ਚਮਕੌਰ ਸਾਹਿਬ ਤੋਂ ਇਲਾਵਾ ਹਲਕਾ ਭਦੌੜ ਤੋਂ ਵੀ ਚੋਣ ਲੜੀ ਸੀ। ਦੋਵੇਂ ਹਲਕਿਆਂ ਤੋਂ ਚੋਣ ਹਾਰਨ ਮਗਰੋਂ ਚੰਨੀ ਨੇ ਸਿਆਸੀ ਸਰਗਰਮੀ ਘਟਾ ਦਿੱਤੀ ਹੈ। ਚੰਨੀ ਕਿਹੜੇ ਰੁਝੇਵੇਂ ਵਿੱਚ ਹਨ ਜਾਂ ਉਹ ਕਿਸੇ ਦੌਰੇ 'ਤੇ ਗਏ ਹੋਏ ਹਨ, ਇਸ ਸਬੰਧੀ ਕੁਝ ਵੀ ਭਿਣਕ ਨਹੀਂ ਪੈ ਸਕੀ ਹੈ।

ਮਨਪ੍ਰੀਤ ਬਾਦਲ ਕਦੋਂ ਮੁੜਨਗੇ ਵਿਦੇਸ਼ੋਂ.....?

ਤਤਕਾਲੀ ਮੁੱਖ ਮੰਤਰੀ ਚਰਨਜੀਤ ਚੰਨੀ ਦੇ ਖ਼ਾਸ ਸਮਝੇ ਜਾਂਦੇ ਅਤੇ ਉਦੋਂ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਚੋਣ ਨਤੀਜਿਆਂ ਮਗਰੋਂ ਵਿਦੇਸ਼ ਚਲੇ ਗਏ ਸਨ। ਉਨਾਂ ਨੂੰ 'ਆਪ' ਦੇ ਜਗਰੂਪ ਸਿੰਘ ਗਿੱਲ ਨੇ ਵੱਡੇ ਫ਼ਰਕ ਨਾਲ ਮਾਤ ਦਿੱਤੀ ਸੀ। ਨਵੀਂ ਸਰਕਾਰ ਬਣਨ ਮਗਰੋਂ ਮਨਪ੍ਰੀਤ ਬਾਦਲ ਪੰਜਾਬ ਤੋਂ ਹੀ ਬਾਹਰ ਹਨ। ਸੂਤਰ ਦੱਸਦੇ ਹਨ ਕਿ ਮਨਪ੍ਰੀਤ ਬਾਦਲ ਦੇ ਜੂਨ ਮਹੀਨੇ ਵਿੱਚ ਵਿਦੇਸ਼ੋਂ ਵਾਪਸ ਆਉਣ ਦੀ ਸੰਭਾਵਨਾ ਹੈ। ਮਨਪ੍ਰੀਤ ਬਾਦਲ ਦੇ ਸਿਆਸੀ ਵਿਰੋਧੀ ਰਾਜਾ ਵੜਿੰਗ ਹੁਣ ਕਾਂਗਰਸ ਦੇ ਪ੍ਰਧਾਨ ਬਣ ਗਏ ਹਨ, ਜਿਸ ਕਰਕੇ ਮਨਪ੍ਰੀਤ ਸਿਆਸੀ ਮਾਹੌਲ ਫ਼ਿਲਹਾਲ ਨੇੜਿਓਂ ਦੇਖ ਰਹੇ ਹਨ।

# ਅਸੀਂ ਗੰਨ ਹਿੰਸਾ ਖਤਮ ਕਰਨ ਪ੍ਰਤੀ ਦ੍ਰਿੜ ਸੰਕਲਪ ਹਾਂ : ਜੋਅ ਬਾਈਡਨ

## ਰਾਸ਼ਟਰਪਤੀ ਨੇ ਟੈਕਸਾਸ ਗੋਲਬਾਰੀ ਵਿਚ ਮਾਰੇ ਗਏ ਬੱਚਿਆਂ ਨੂੰ ਦਿੱਤੀ ਸ਼ਰਧਾਂਜਲੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਰਾਸ਼ਟਰਪਤੀ ਜੋਅ ਬਾਈਡਨ ਤੇ ਫਸਟ ਲੇਡੀ ਜਿਲ ਬਾਈਡਨ ਨੇ ਉਵਾਲਡੇ, ਟੈਕਸਾਸ ਦੇ ਰੌਬ ਐਲੀਮੈਂਟਰੀ ਸਕੂਲ ਵਿਚ ਮਾਰੇ ਗਏ ਬੱਚਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਤੇ ਅਫਸੋਸ ਦਾ ਪ੍ਰਗਟਾਵਾ ਕੀਤਾ। ਸਭ ਤੋਂ ਪਹਿਲਾਂ ਰਾਸ਼ਟਰਪਤੀ ਤੇ ਫਸਟ ਲੇਡੀ ਸਕੂਲ ਵਿਚ ਬਣਾਏ ਬੱਚਿਆਂ ਦੇ ਯਾਦਗਾਰੀ ਸਥਾਨ 'ਤੇ ਗਏ ਜਿਥੇ ਮਾਰੇ ਗਏ ਬੱਚਿਆਂ ਦੀਆਂ ਤਸਵੀਰਾਂ ਰੱਖੀਆਂ ਗਈਆਂ ਸਨ ਜਿਨਾਂ ਉਪਰ ਚਿੱਟੇ ਤੇ ਹੋਰ ਰੰਗਾਂ ਦੇ ਫੁੱਲਾਂ ਦੀਆਂ ਟਾਹਣੀਆਂ ਰੱਖੀਆਂ ਹੋਈਆਂ ਹਨ। ਉਨਾਂ ਨੇ ਹਰ ਤਸਵੀਰ ਨੂੰ ਗਹੁ ਨਾਲ ਵੇਖਿਆ ਤੇ ਤਸਵੀਰਾਂ ਨੂੰ ਆਪਣੇ ਹੱਥ ਨਾਲ ਛੂਹਿਆ। ਇਸ ਮੌਕੇ ਫਸਟ ਲੇਡੀ ਜਿਲ ਦੀਆਂ ਅੱਖਾਂ ਵਿਚੋਂ ਹੰਝੂ ਆਪ ਮੁਹਾਰੇ ਵਹਿ ਤੁਰੇ। ਬਾਅਦ ਵਿਚ ਰਾਸ਼ਟਰਪਤੀ ਤੇ ਫਸਟ ਲੇਡੀ ਉਵਾਲਡੇ ਦੇ ਸੈਕਰਟ ਹਰਟ ਕੈਥੋਲਿਕ ਚਰਚ ਵਿਚ ਗਏ ਜਿਥੇ ਮੌਜੂਦ ਲੋਕਾਂ ਵਿਚੋਂ ਇਕ ਨੇ ਨਿਮਰਤਾ ਸਹਿਤ ਕਿਹਾ ਕੁਝ ਕਰੋ। ਜਿਸ ਦੇ




ਜਵਾਬ ਵਿਚ ਰਾਸ਼ਟਰਪਤੀ ਨੇ ਕਿਹਾ ਅਸੀਂ ਕਰਾਂਗੇ। ਉਵਾਲਡੇ ਲਈ ਰਵਾਨਾ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਨੇ ਟਵਿਟਰ ਉਪਰ ਲਿਖਿਆ 'ਹਰ ਕੋਈ ਜੋ ਉਵਾਲਡੇ, ਟੈਕਸਾਸ ਦੇ ਐਲੀਮੈਂਟਰੀ ਸਕੂਲ ਵਿਚ ਹੋਈ ਭਿਆਨਕ ਗੋਲੀਬਾਰੀ ਨਾਲ ਪ੍ਰਭਾਵਿਤ ਹੋਇਆ ਹੈ, ਅਸੀਂ ਉਸ ਦੇ ਦੁੱਖ ਵਿਚ ਸ਼ਰੀਕ ਹਾਂ। ਅਸੀਂ ਉਨਾਂ ਲਈ ਪ੍ਰਾਰਥਨਾ ਕਰਦੇ ਹਾਂ। ਅਸੀਂ ਉਨਾਂ ਦੇ ਨਾਲ ਖੜੇ ਹਾਂ ਤੇ ਕਾਰਵਾਈ ਕਰਨ ਪ੍ਰਤੀ ਦ੍ਰਿੜ ਹਾਂ।' ਰਾਸ਼ਟਰਪਤੀ ਦਾ ਉਵਾਲਡੇ ਦੌਰਾ ਬੁਫਲੋ, ਨਿਊਯਾਰਕ ਦੇ ਗਰੌਸਰੀ ਸਟੋਰ ਵਿਚ ਹੋਈਆਂ 10 ਨਸਲੀ ਸਮੂਹਿਕ ਹੱਤਿਆਵਾਂ ਵਾਲੇ ਸਥਾਨ ਦੇ ਦੌਰੇ ਉਪਰੰਤ ਤਕਰੀਬਨ ਦੋ ਹਫਤੇ ਬਾਅਦ ਹੋਇਆ ਹੈ। ਇਸੇ ਦੌਰਾਨ ਨਿਆਂ ਵਿਭਾਗ ਨੇ ਐਲਾਨ ਕੀਤਾ ਹੈ ਕਿ ਉਹ ਉਵਾਲਡੇ ਵਿਚ ਹੋਈਆਂ ਸਮੂਹਿਕ ਹੱਤਿਆਵਾਂ ਦੀ ਘਟਨਾ ਪ੍ਰਤੀ ਲਾਅ ਇਨਫੋਰਸਮੈਂਟ ਅਧਿਕਾਰੀਆਂ ਵੱਲੋਂ ਕੀਤੀ ਕਾਰਵਾਈ ਦੀ ਜਾਂਚ ਕਰਨਗੇ ਤੇ ਜਾਇਜ਼ਾ ਲੈਣਗੇ। ਜ਼ਿਕਰਯੋਗ ਹੈ ਕਿ ਪੁਲਿਸ ਦੀ ਢਿੱਲੀ ਕਾਰਵਾਈ ਨੂੰ ਲੈ ਕੇ ਮਾਪਿਆਂ ਵਿਚ ਭਾਰੀ ਰੋਸ ਵੇਖਣ ਨੂੰ ਮਿਲਿਆ ਹੈ। ਮਾਪਿਆਂ ਦਾ ਦੋਸ਼ ਹੈ ਕਿ ਪੁਲਿਸ ਨੇ ਹਮਲਾਵਰ ਵਿਰੁੱਧ ਕਾਰਵਾਈ ਕਰਨ ਵਿਚ ਦੇਰੀ ਕੀਤੀ ਜਿਸ ਕਾਰਨ ਉਹ 21 ਜਾਨਾਂ ਲੈਣ ਵਿਚ ਸਫਲ ਹੋ ਗਿਆ।

# ਸੰਯੁਕਤ ਕਿਸਾਨ ਮੋਰਚਾ ਤੇ ਸੰਯੁਕਤ ਸਮਾਜ ਮੋਰਚਾ ਦੇ ਆਗੂਆਂ ਦਰਮਿਆਨ ਤਕਰਾਰ ਵਧਿਆ

## ✪ ਸੰਯੁਕਤ ਕਿਸਾਨ ਮੋਰਚਾ ਨਾਲ ਸੰਬੰਧਿਤ ਜਥੇਬੰਦੀਆਂ ਦੇ ਆਗੂਆਂ ਨੇ ਸੰਯੁਕਤ ਸਮਾਜ ਮੋਰਚਾ ਦੇ ਆਗੂਆਂ ਖਿਲਾਫ਼ ਕੱਢੀ ਭੜਾਸ ✪ ਬੁਲਾਰਿਆਂ ਵਲੋਂ ਕਿਸਾਨ ਅੰਦੋਲਨ ਦੌਰਾਨ ਇਕੱਠੇ ਹੋਏ ਕਰੋੜਾਂ ਰੁਪਏ ਖ਼ੁਰਦ ਬੁਰਦ ਕਰਨ ਦਾ ਦੋਸ਼ ਲਗਾਇਆ ✪ ਕੁਝ ਕਿਸਾਨ ਸੰਗਠਨਾਂ ਦਾ ਰਾਜਨੀਤੀ ਦੀ ਬਿਮਾਰੀ ਤੋਂ ਨਹੀਂ ਛੁੱਟ ਰਿਹਾ ਪੱਲਾ : ਟਿਕੈਤ

**ਲੁਧਿਆਣਾ/ਏ.ਟੀ.ਨਿਊਜ਼ :-** ਸੰਯੁਕਤ ਕਿਸਾਨ ਮੋਰਚਾ ਅਤੇ ਸੰਯੁਕਤ ਸਮਾਜ ਮੋਰਚਾ ਦੇ ਆਗੂਆਂ ਦਰਮਿਆਨ ਆਪਸੀ ਤਕਰਾਰ ਵਧ ਗਿਆ ਹੈ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਵਲੋਂ ਲਗਾਏ ਦੋਸ਼ਾਂ ਕਰ ਕੇ ਸੰਯੁਕਤ ਸਮਾਜ ਮੋਰਚਾ ਦੇ ਆਗੂ ਡਾਢੇ ਪ੍ਰੇਸ਼ਾਨ ਹਨ। ਦੋਸ਼ਾਂ ਦਾ ਦੌਰ ਦੋਵੇਂ ਧਿਰਾਂ ਵਿਚ ਆਉਣ ਵਾਲੇ ਸਮੇਂ ਵਿਚ ਹੋਰ ਤਕਰਾਰ ਵਧਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਦਿਨ ਲੁਧਿਆਣਾ ਵਿਖੇ ਕੇਂਦਰੀ ਲੀਡਰਸ਼ਿਪ ਅੱਗੇ ਸੰਯੁਕਤ ਕਿਸਾਨ ਮੋਰਚਾ ਨਾਲ ਸੰਬੰਧਿਤ ਜਥੇਬੰਦੀਆਂ ਦੇ ਆਗੂਆਂ ਨੇ ਸੰਯੁਕਤ ਸਮਾਜ ਮੋਰਚਾ ਦੇ ਆਗੂਆਂ ਖਿਲਾਫ਼ ਮੀਟਿੰਗ ਦੇ ਅੰਦਰ ਅਤੇ ਮੀਟਿੰਗ ਦੇ ਬਾਹਰ ਰੱਜ ਕੇ ਭੜਾਸ ਕੱਢੀ ਸੀ। ਬੁਲਾਰਿਆਂ ਨੇ ਤਾਂ ਕਿਸਾਨ ਅੰਦੋਲਨ ਦੌਰਾਨ ਇਕੱਠੇ ਹੋਏ ਕਰੋੜਾਂ ਰੁਪਏ ਖ਼ੁਰਦ ਬੁਰਦ ਕਰਨ ਦਾ ਵੀ ਦੋਸ਼ ਲਗਾਇਆ ਸੀ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਦੀ ਆਵਾਜ਼ ਮੀਡੀਆ ਰਾਹੀਂ ਬੁਲੰਦ ਹੋਣ ਤੋਂ ਬਾਅਦ ਸੰਯੁਕਤ ਸਮਾਜ ਮੋਰਚਾ ਦੇ ਆਗੂ ਤੇ ਵਿਧਾਨ ਸਭਾ ਚੋਣ ਲੜਨ ਵਾਲੇ ਕਈ ਆਗੂ ਨਿਰਾਸ਼ ਦੱਸੇ ਜਾ ਰਹੇ ਹਨ। ਸੰਯੁਕਤ ਸਮਾਜ ਮੋਰਚਾ ਦੇ ਆਗੂਆਂ ਜਾਂ ਵਿਧਾਨ ਸਭਾ ਚੋਣ ਲੜਨ ਵਾਲੇ ਆਗੂਆਂ ਨੇ ਭਾਵੇਂ ਮੀਡੀਆ ਵਿਚ ਆ ਕੇ ਕਿਸੇ ਵੀ ਕਿਸਮ ਦੀ ਬਿਆਨਬਾਜ਼ੀ ਨਹੀਂ ਕੀਤੀ, ਪਰ ਰੋਸ ਦੀ ਅੱਗ ਅੰਦਰੋਂ-ਅੰਦਰੀ ਸੁਲਗ ਰਹੀ ਹੈ। ਇਹ ਵੀ ਪਤਾ ਲੱਗਿਆ ਹੈ ਕਿ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਦੇ ਦੋਸ਼ਾਂ ਤੋਂ ਔਖੇ ਆਗੂਆਂ ਵਲੋਂ ਵਕੀਲ ਰਾਹੀਂ ਕਾਨੂੰਨ ਨੋਟਿਸ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕਈ ਆਗੂ ਮੀਡੀਆ ਰਾਹੀਂ ਦੋਸ਼ਾਂ ਦਾ ਜਵਾਬ ਦੇਣ ਲਈ ਵੀ ਵਿਚਾਰ ਵਟਾਂਦਰਾ ਕਰ ਰਹੇ ਹਨ। ਕਿਸਾਨ ਅੰਦੋਲਨ ਦੌਰਾਨ ਇਕੱਠੇ ਹੋਏ ਪੈਸਿਆਂ ਦੀ ਲੜਾਈ ਦੀਆਂ ਆਉਣ ਵਾਲੇ ਦਿਨਾਂ ਵਿਚ ਹੋਰ ਪਰਤਾਂ ਖੁੱਲਣਗੀਆਂ।



ਇਕ ਆਗੂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਕਈ ਆਗੂਆਂ ਨੇ ਕਿਸਾਨ ਅੰਦੋਲਨ ਦੌਰਾਨ ਪੈਸੇ ਇਕੱਠੇ ਕੀਤੇ ਹਨ, ਜਿਸ ਦਾ ਸਬੂਤ ਉਨਾਂ ਸਮੇਤ ਕਈ ਆਗੂਆਂ ਕੋਲ ਹੈ, ਜਿਸ ਨੂੰ ਸਮਾਂ ਆਉਣ 'ਤੇ ਜੱਗ ਜ਼ਹਿਰ ਕੀਤਾ ਜਾਵੇਗਾ।

ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਨਾਲੋਂ ਕਈ ਜਥੇਬੰਦੀਆਂ ਵੱਖਰੀਆਂ ਹੋ ਕੇ ਚੋਣ ਮੈਦਾਨ ਵਿਚ ਨਿਤਰੀਆਂ ਸਨ, ਜਿਨਾਂ ਨੂੰ ਪੰਜਾਬ ਦੇ ਲੋਕਾਂ ਵਲੋਂ ਨਾ ਮਾਤਰ ਹੁੰਗਾਰਾ ਦਿੱਤਾ ਗਿਆ। ਸੰਯੁਕਤ ਕਿਸਾਨ ਮੋਰਚਾ ਨੂੰ ਮੁੜ-ਲਾਮਬੰਦ ਕਰਨ ਲਈ ਐਸ.ਕੇ.ਐਮ. ਦੇ ਕੌਮੀ ਆਗੂ ਰਾਕੇਸ਼ ਟਿਕੈਤ, ਯੋਗੇਂਦਰ ਯਾਦਵ, ਜੋਗਿੰਦਰ ਸਿੰਘ ਉਗਰਾਹਾਂ, ਡਾ. ਦਰਸ਼ਨ ਪਾਲ, ਸ਼ਿਵ ਕੁਮਾਰ ਕੱਕਾ ਮੱਧ ਪ੍ਰਦੇਸ਼ ਅਤੇ ਜਗਜੀਤ ਸਿੰਘ ਡੱਲੇਵਾਲ ਲੁਧਿਆਣਾ ਦੇ ਭਾਈ ਰਣਧੀਰ ਸਿੰਘ ਨਗਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਪੁੱਜੇ, ਜਿੱਥੇ ਉਨਾਂ ਨੇ ਸੰਯੁਕਤ ਕਿਸਾਨ ਮੋਰਚਾ ਨਾਲ ਸਬੰਧਿਤ 23 ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਕੀਤੀ। ਸੰਯੁਕਤ ਕਿਸਾਨ ਮੋਰਚਾ ਦੇ ਕੌਮੀ ਆਗੂ ਰਾਕੇਸ਼ ਟਿਕੈਤ ਨੇ ਦੱਸਿਆ ਕਿ ਰਾਜਨੀਤੀ ਕਰਨ ਤੇ ਚੋਣਾਂ ਲੜਨ ਦੇ ਚਾਹਵਾਨਾਂ ਲਈ ਸੰਯੁਕਤ ਕਿਸਾਨ ਮੋਰਚਾ ਤੇ ਕਿਸਾਨ ਅੰਦੋਲਨ ਵਿਚ ਕੋਈ ਥਾਂ ਨਹੀਂ ਹੈ। ਉਨਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਤੋਂ ਲੈ ਕੇ ਅੱਜ ਤੱਕ ਕਿਸਾਨ ਸੰਗਠਨਾਂ ਦਾ ਰਾਜਨੀਤੀ ਦੀ ਬਿਮਾਰੀ ਤੋਂ ਪੱਲਾ ਨਹੀਂ ਛੁੱਟ ਰਿਹਾ।ਉਨਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਜਾਂ ਕਿਸਾਨ ਯੂਨੀਅਨਾਂ ਵਿਚ ਕੋਈ ਫੁੱਟ ਨਹੀਂ ਹੈ। ਉਨਾਂ ਕਿਹਾ ਕਿ 50 ਤੋਂ ਵੱਧ ਜਥੇਬੰਦੀਆਂ ਐਸ.ਕੇ.ਐਮ. ਦਾ ਹਿੱਸਾ ਬਣਨ ਲਈ ਤਿਆਰ ਹਨ। ਉਨਾਂ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਦੇ ਨਾਲ ਮੁੜ ਤੋਂ ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ ਛੇਤੀ ਹੀ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਰੂਪ-ਰੇਖਾ ਤਿਆਰ ਕੀਤੀ ਜਾ ਰਹੀ ਹੈ।ਉਨਾਂ ਕਿਹਾ ਕਿ ਉਨਾਂ ਦੀ ਅਪੀਲ 'ਤੇ ਮੁੱਖ ਮੰਤਰੀ ਪੰਜਾਬ, ਮੁੱਖ ਮੰਤਰੀ ਤੇਲੰਗਾਨਾ, ਮੁੱਖ ਮੰਤਰੀ ਦਿੱਲੀ ਸਮੇਤ ਕਈ ਕੌਮੀ ਆਗੂਆਂ ਵਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦੁਆਇਆ ਗਿਆ ਹੈ। ਉਨਾਂ ਕਿਹਾ ਕਿ ਐਮ.ਐਸ.ਪੀ. 'ਤੇ ਕਮੇਟੀ ਬਣਾਉਣ ਲਈ ਸੰਯੁਕਤ ਕਿਸਾਨ ਮੋਰਚਾ ਵਲੋਂ ਕੇਂਦਰ ਨੂੰ ਛੇਤੀ ਨਾਂ ਭੇਜੇ ਜਾ ਰਹੇ ਹਨ। 23 ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਕੌਮੀ ਆਗੂਆਂ ਨੇ ਦੱਸਿਆ ਕਿ ਉਨਾਂ ਕੋਲ ਵਿਧਾਨ ਸਭਾ ਚੋਣਾ ਲੜਨ ਜਾਂ ਸਹਿਯੋਗ ਦੇਣ ਵਾਲੀਆਂ 16 ਜਥੇਬੰਦੀਆਂ ਦੇ ਸੰਯੁਕਤ ਕਿਸਾਨ ਮੋਰਚਾ ਵਿਚ ਘਰ ਵਾਪਸੀ ਕਰਨ ਲਈ ਚਿੱਠੀ ਆਈ ਹੈ, ਜਿਸ ਬਾਰੇ ਉਹ ਅੱਜ ਉਨਾਂ ਦੀ ਗੱਲ ਸੁਣਨ ਤੇ ਸਲਾਹ ਲੈਣ ਲਈ ਆਏ ਹਨ ਕਿ ਉਨਾਂ ਨੂੰ 16 ਕਿਸਾਨ ਜਥੇਬੰਦੀਆਂ ਬਾਰੇ ਕੀ ਫ਼ੈਸਲਾ ਲੈਣਾ ਚਾਹੀਦਾ ਹੈ। ਮੀਟਿੰਗ ਵਿਚ 23 ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਇਕ ਸੁਰ ਵਿਚ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਨੂੰ ਖੇਰੂੰ-ਖੇਰੂੰ ਕਰਨ ਵਾਲੇ ਅਤੇ ਸਰਕਾਰਾਂ ਕੋਲ ਮੋਰਚੇ ਨੂੰ ਵੇਚਣ ਵਾਲੇ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਅਤੇ ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਅਤੇ ਵਿਧਾਨ ਸਭਾ ਚੋਣਾਂ ਲੜਨ ਵਾਲਿਆਂ ਨੂੰ ਸੰਯੁਕਤ ਕਿਸਾਨ ਮੋਰਚਾ ਵਿਚ ਮੁੜ ਸ਼ਾਮਿਲ ਨਾ ਕੀਤਾ ਜਾਵੇ। ਜਥੇਬੰਦੀਆਂ ਵਲੋਂ ਸੰਯੁਕਤ ਕਿਸਾਨ ਮੋਰਚਾ ਨੂੰ ਖੇਰੂੰ-ਖੇਰੂੰ ਕਰਨ ਵਾਲੀਆਂ ਜਥੇਬੰਦੀਆਂ ਤੇ ਆਗੂਆਂ ਖ਼ਿਲਾਫ਼ ਕਾਰਵਾਈ ਕਰਨ ਦੀ ਵੀ ਮੰਗ ਕੀਤੀ।

# ਬਟਾਲਾ ਬੇਅਦਬੀ ਦੀ ਘਟਨਾ ਵਾਪਰੀ

## ✪ ਘਰ ਵਿਚ ਫਟੇ ਮਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ✪ ਸਤਿਕਾਰ ਕਮੇਟੀ ਦੇ ਮੁਖੀ ਭਾਈ ਬਲਬੀਰ ਸਿੰਘ ਮੁੱਛਲ ਨੇ ਕੀਤਾ ਪਰਦਾਫਾਸ਼

**ਬਟਾਲਾ/ਏ.ਟੀ.ਨਿਊਜ਼ :-** ਬਟਾਲਾ ਦੇ ਸਥਾਨਕ ਮੁਰਗੀ ਮੁਹੱਲਾ ਚੰਦਰ ਨਗਰ ਵਿਚ ਇਕ ਪਰਿਵਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਸਤਿਕਾਰ ਕਮੇਟੀ ਦੇ ਮੁਖੀ ਭਾਈ ਬਲਬੀਰ ਸਿੰਘ ਮੁੱਛਲ ਨੇ ਸਾਥੀਆਂ ਭਾਈ ਨਿਸ਼ਾਨ ਸਿੰਘ, ਭਾਈ ਮੇਜਰ ਸਿੰਘ ਦੀ ਹਾਜ਼ਰੀ ਵਿਚ ਦੱਸਿਆ ਕਿ ਸਰਬਜੀਤ ਸਿੰਘ ਚੰਦਰ ਨਗਰ ਨੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ ਅਤੇ ਉਹ ਖ਼ੁਦ ਹੀ ਇਸ ਦਾ ਨਿਰਾਦਰ ਵੀ ਕਰ ਰਹੇ ਸਨ। ਉਨਾਂ ਕਿਹਾ ਕਿ ਪਰਿਵਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਮਿਆਨੀ ਵਿਚ ਸੁਸ਼ੋਭਿਤ ਕੀਤਾ ਗਿਆ ਸੀ, ਜਿੱਥੇ ਕਿ ਇਕ ਵਿਅਕਤੀ ਖੜਾ ਹੋ ਕੇ ਅਰਦਾਸ ਵੀ ਨਹੀਂ ਕਰ ਸਕਦਾ ਹੈ। ਉਨਾਂ ਕਿਹਾ ਕਿ ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 227 ਤੋਂ ਲੈ ਕੇ 564 ਤੱਕ ਅਤੇ 780 ਤੋਂ ਲੈ ਕੇ 1026 ਤੱਕ ਅੰਗ ਵੱਖਰੇ ਹੋਏ ਸਨ। ਉਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਇਸ ਮਾਮਲੇ 'ਤੇ ਜੋ ਵੀ ਕਾਰਵਾਈ ਹੈ, ਉਹ ਐੱਸਜੀਪੀਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੀ ਕੀਤੀ ਜਾਵੇਗੀ। ਉਨਾਂ ਕਿਹਾ ਕਿ ਫਿਲਹਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਬਟਾਲਾ ਦੇ ਮਾਡਲ ਟਾਊਨ ਸਥਿਤ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਮੁਹੱਲੇ ਦਾ ਮਾਹੌਲ ਤਣਾਅਪੂਰਨ ਹੋ ਗਿਆ ਸੀ। ਇਸ ਸਾਰੇ ਮਾਮਲੇ ਨੂੰ ਲੈ ਕੇ ਸਰਬਜੀਤ ਸਿੰਘ ਦੇ ਪਰਿਵਾਰ ਵੱਲੋਂ ਸਤਿਕਾਰ ਕਮੇਟੀ ਤੋਂ ਹੱਥ ਜੋੜ ਕੇ ਮੁਆਫ਼ੀ ਵੀ ਮੰਗੀ ਗਈ ਅਤੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਨਾਂ ਦੇ ਪਰਿਵਾਰ ਵਿਚ ਪਿਛਲੇ ਲਗਭਗ 50 ਸਾਲ ਤੋਂ ਸੁਸ਼ੋਭਿਤ ਹਨ ਅਤੇ ਪਹਿਲਾਂ ਉਨਾਂ ਦੇ ਪਿਤਾ ਇਨਾਂ ਦੀ ਸੇਵਾ ਕਰਦੇ ਸਨ ਅਤੇ ਉਨਾਂ ਤੋਂ ਬਾਅਦ ਸਾਡਾ ਸਾਰਾ ਪਰਿਵਾਰ ਇਨਾਂ ਦੀ ਸੇਵਾ ਕਰਦਾ ਹੈ। ਮੌਕੇ 'ਤੇ ਭਾਰੀ ਪੁਲਿਸ ਫ਼ੋਰਸ ਸਮੇਤ ਪਹੁੰਚੇ ਬਟਾਲਾ ਦੇ ਐੱਸ.ਪੀ. ਹੈੱਡਕੁਆਰਟਰ ਗੁਰਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਪਰਿਵਾਰ ਨੇ ਖ਼ੁਦ ਹੀ ਆਪਣੇ ਮੁਹੱਲੇ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੂੰ ਇਸ ਸਬੰਧੀ ਸੂਚਿਤ ਕੀਤਾ ਸੀ ਕਿ ਉਹ ਹੁਣ ਬਿਰਧ ਹੋ ਚੁੱਕੇ ਹਨ ਅਤੇ ਇਸ ਕਾਰਨ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਨਹੀਂ ਕਰ ਪਾ ਰਹੇ, ਇਸ ਲਈ ਉਹ ਚਾਹੁੰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਐੱਸਜੀਪੀਸੀ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਹੁਦੇਦਾਰਾਂ ਨੂੰ ਸੌਂਪ ਦਿੱਤਾ ਜਾਵੇ। ਇਸ ਮੌਕੇ ਡੀ. ਐੱਸ. ਪੀ. ਹਰਿੰਦਰ ਸਿੰਘ ਗਿੱਲ, ਐੱਸ. ਐੱਚ. ਓ. ਸਿਵਲ ਲਾਈਨ ਸੁਰਿੰਦਰਪਾਲ ਸਿੰਘ, ਕੌਂਸਲਰ ਸੰਜੀਵ ਸ਼ਰਮਾ ਵੀ ਮੌਜੂਦ ਸਨ।

## ਧਾਮੀ ਵੱਲੋਂ ਸਿਖੀ ਪ੍ਰਚਾਰ ਲਹਿਰ ਪ੍ਰਚੰਡ ਕਰਨ ਦੀ ਅਪੀਲ



**ਪਟਿਆਲਾ/ਏ.ਟੀ.ਨਿਊਜ਼ :-** ਇੱਥੋਂ ਦੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ 'ਚ ਮਾਲਵਾ ਜ਼ੋਨ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਪ੍ਰਚਾਰਕਾਂ ਦੀ ਇਕੱਤਰਤਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਦੀ ਤਾਕੀਦ ਕੀਤੀ। ਉਨਾਂ ਕਿਹਾ ਕਿ ਅਜੋਕੇ ਦੌਰ ਵਿੱਚ ਬਹੁਤ ਸਾਰੀਆਂ ਪੰਥ ਵਿਰੋਧੀ ਤਾਕਤਾਂ ਖਾਲਸਾ ਪੰਥ ਦੇ ਸਿਧਾਂਤ ਅਤੇ ਗੁਰਬਾਣੀ 'ਤੇ ਹਮਲੇ ਕਰ ਰਹੀਆਂ ਹਨ, ਜਿਸ ਪ੍ਰਤੀ ਕਮੇਟੀ ਮੈਂਬਰਾਂ ਅਤੇ ਪ੍ਰਚਾਰਕਾਂ ਨੂੰ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ। ਉਨਾਂ ਦੱਸਿਆ ਕਿ ਪਹਿਲੀ ਜੂਨ ਤੋਂ 10 ਜੁਲਾਈ ਤੱਕ ਗੁਰਮਤਿ ਕੈਂਪਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਸਕੂਲੀ ਬੱਚਿਆਂ ਨੂੰ ਵੀ ਕੈਂਪਾਂ ਦਾ ਹਿੱਸਾ ਬਣਾਇਆ ਜਾਵੇਗਾ। ਉਨਾਂ ਕਿਹਾ ਕਿ ਮੁਹਿੰਮ ਨੂੰ ਪ੍ਰਚੰਡ ਰੂਪ ਵਿਚ ਜਾਰੀ ਰੱਖਣ ਲਈ ਪ੍ਰਚਾਰਕ ਗੁਰਮਤਿ ਕਲਾਸਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਨੂੰ ਆਈਟੀ ਵਿੰਗ ਕੋਲ ਭੇਜਣ ਤਾਂ ਜੋ ਸੋਸ਼ਲ ਮੀਡੀਆ ਰਾਹੀਂ ਸੰਗਤ ਤੱਕ ਪਹੁੰਚ ਬਣਾਈ ਜਾ ਸਕੇ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਜਨਰਲ ਸਕੱਤਰ ਕਰਨੈਲ ਪੰਜੋਲੀ ਨੇ ਵੀ ਪ੍ਰਚਾਰਕਾਂ ਨੂੰ ਸੰਸਥਾ ਵੱਲੋਂ ਗੁਰਬਾਣੀ ਦੇ ਪ੍ਰਚਾਰ ਪਸਾਰ ਲਈ ਕੀਤੇ ਜਾ ਰਹੇ ਕਾਰਜਾਂ ਨੂੰ ਸੰਗਤ ਤੱਕ ਪਹੁੰਚਾਉਣ ਲਈ ਪ੍ਰੇਰਿਆ।

# ਮਹਿੰਗਾਈ ਨੂੰ ਠੱਲ ਪਾਉਣ ਲਈ ਕਦਮ ਚੁੱਕੇ ਜਾਣਗੇ : ਜੋਅ ਬਾਈਡਨ

## ਰਾਸ਼ਟਰਪਤੀ ਵੱਲੋਂ ਫੈਡਰਲ ਰਿਜ਼ਰਵ ਦੇ ਚੇਅਰਮੈਨ ਨਾਲ ਵਿਚਾਰ ਵਟਾਂਦਰਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਮੁਦਰਾ ਸਫੀਤੀ ਦੀ ਦਰ ਪਿਛਲੇ 40 ਸਾਲਾਂ ਦੌਰਾਨ ਪਹਿਲੀ ਵਾਰ ਸਿਖਰ 'ਤੇ ਪੁੱਜ ਜਾਣ ਦਰਮਿਆਨ ਰਾਸ਼ਟਰਪਤੀ ਜੋਅ ਬਾਈਡਨ ਨੇ ਫੈਡਰਲ ਰਿਜ਼ਰਵ ਦੇ ਚੇਅਰਮੈਨ ਜੇਰੋਮ ਪਾਵਲ ਨਾਲ ਵਿਚਾਰ ਵਟਾਂਦਰਾ ਕੀਤਾ ਜਿਸ ਦਰਮਿਆਨ ਉਨਾਂ ਨੇ ਮਹਿੰਗਾਈ ਨੂੰ ਠੱਲ ਪਾਉਣ ਲਈ ਕਦਮ ਚੁੱਕਣ 'ਤੇ ਜੋਰ ਦਿੱਤਾ। ਰਾਸ਼ਟਰਪਤੀ ਨੇ ਚੇਅਰਮੈਨ ਨਾਲ ਵਾਅਦਾ ਕੀਤਾ ਕਿ ਵਧ ਰਹੀਆਂ ਕੀਮਤਾਂ ਨਾਲ ਨਜਿੱਠਣ ਲਈ ਉਹ ਉਨਾਂ ਨਾਲ ਸਹਿਯੋਗ ਕਰਨਗੇ। ਕਿਰਤ ਵਿਭਾਗ ਅਨੁਸਾਰ ਅਪ੍ਰੈਲ ਵਿਚ ਖਪਤਕਾਰ ਕੀਮਤ ਸੂਚਕ ਅੰਕ ਵਿਚ ਸਲਾਨਾ 8.3% ਦਾ ਵਾਧਾ ਹੋਇਆ ਸੀ ਜੋ ਕਿ ਮਾਰਚ ਦੇ ਸੂਚਕ ਅੰਕ 8.5% ਨਾਲੋਂ ਮਾਮੂਲੀ ਘੱਟ ਹੈ। ਇਸ ਦਾ ਕਾਰਨ ਤੇਲ ਦੀ ਕੀਮਤ ਵਿਚ ਕਮੀ ਆਉਣਾ ਸੀ ਜਦਕਿ ਖਾਣ ਪੀਣ ਦੇ ਸਮਾਨ, ਕਿਰਾਏ ਤੇ ਹੋਰ ਲਾਗਤਾਂ ਵਿਚ ਨਿਰੰਤਰ ਵਾਧਾ ਹੋਇਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਮਹਿੰਗਾਈ ਨਾਲ ਨਜਿੱਠਣ ਲਈ ਮੇਰੀ ਯੋਜਨਾ ਸਾਧਾਰਨ ਹੈ ਕਿ ਫੈਡਰਲ ਰਿਜ਼ਰਵ ਦੀ ਅਜ਼ਾਦੀ ਦਾ ਸਨਮਾਨ ਕਰਨਾ। ਫੈਡਰਲ ਰਿਜ਼ਰਵ ਕਾਂਗਰਸ ਵੱਲੋਂ ਬਣਾਈ ਗਈ ਆਜ਼ਾਦ ਏਜੰਸੀ ਹੈ।



ਹਾਲਾਂਕਿ ਫੈਡਰਲ ਰਿਜ਼ਰਵ ਦੇ ਚੇਅਰਮੈਨ ਸਮੇਤ ਇਸ ਦੇ ਬੋਰਡ ਆਫ ਗਵਰਨਰਜ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਫੈਡਰਲ ਰਿਜ਼ਰਵ ਨੇ ਪਿਛਲੇ ਮਹੀਨੇ ਦੇ ਸ਼ੁਰੂ ਵਿਚ ਥੋਹੜੀ ਮਿਆਦ ਦੀ ਵਿਆਜ ਦਰ ਵਿਚ ਅੱਧਾ ਪ੍ਰਤੀਸ਼ਤ ਵਾਧਾ ਕਰ ਦਿੱਤਾ ਸੀ। ਕੁਝ ਅਰਥਸ਼ਾਸ਼ਤਰੀਆਂ ਨੂੰ ਮੰਦੇ ਦੇ ਜੋਖਮ ਦਾ ਡਰ ਹੈ, ਕਿਉਂਕਿ ਉੱਚ ਵਿਆਜ ਦਰਾਂ ਖਪਤਕਾਰਾਂ ਨੂੰ ਆਪਣੇ ਖਰਚ ਘਟਾਉਣ ਲਈ ਮਜਬੂਰ ਕਰਦੀਆਂ ਹਨ। ਇਸ ਦਰਮਿਆਨ ਬਾਈਡਨ ਦੀ ਨੈਸ਼ਨਲ ਇਕਨਾਮਿਕ ਕੌਂਸਲ ਦੇ ਡਾਇਰੈਕਟਰ ਬਰੀਅਨ ਡੀਸੇ ਨੇ ਕਿਹਾ ਹੈ ਕਿ ਅਮਰੀਕਾ ਵਿਲੱਖਣ ਤੌਰ 'ਤੇ ਵਧੀਆ ਸਥਿਤੀ ਵਿਚ ਹੈ। ਇਸ ਲਈ ਮਹਿੰਗਾਈ ਨਾਲ ਨਜਿੱਠਦੇ ਸਮੇਂ ਨਵੀਆਂ ਪੈਦਾ ਕੀਤੀਆਂ ਨੌਕਰੀਆਂ ਉਪਰ ਕੋਈ ਅਸਰ ਨਹੀਂ ਪਵੇਗਾ। ਉਨਾਂ ਕਿਹਾ ਅਪ੍ਰੈਲ ਵਿਚ ਬੇਰੁਜ਼ਗਾਰੀ ਦਰ ਵਿਚ 3.6% ਦੀ ਕਮੀ ਹੋਈ ਹੈ। ਉਨਾਂ ਕਿਹਾ ਕਿ ਅਸਲ ਵਿਚ ਅਸੀਂ ਪ੍ਰਾਪਤੀਆਂ ਦੀ ਕੁਰਬਾਨੀ ਕੀਤੇ ਬਿਨਾਂ ਮਹਿੰਗਾਈ ਉਪਰ ਕਾਬੂ ਪਾ ਸਕਦੇ ਹਾਂ।

## 'ਆਪ' ਵਿਧਾਇਕਾ ਜੀਵਨਜੋਤ ਕੌਰ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ,

### ਸੋਸ਼ਲ ਮੀਡੀਆ 'ਤੇ ਕੀਤੀ ਅਸ਼ਲੀਲ ਸ਼ਬਦਾਵਲੀ ਦੀ ਵਰਤੋਂ

**ਅੰਮ੍ਰਿਤਸਰ :** ਕਾਂਗਰਸ ਪੰਜਾਬ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਅਕਾਲੀ ਦਲ (ਬਾਦਲ) ਦੇ ਬਿਕਰਮ ਸਿੰਘ ਮਜੀਠੀਆ ਨੂੰ ਹਰਾਉਣ ਵਾਲੀ ਆਮ ਆਦਮੀ ਪਾਰਟੀ ਦੀ ਵਿਧਾਇਕਾ ਜੀਵਨਜੋਤ ਕੌਰ ਨੂੰ ਸੋਸ਼ਲ ਮੀਡੀਆ ਰਾਹੀਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਦੋਸ਼ੀ ਨੇ ਫੇਸਬੁੱਕ 'ਤੇ ਮਹਿਲਾ ਵਿਧਾਇਕ ਖਿਲਾਫ ਅਸ਼ਲੀਲ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਹੈ।

ਓਧਰ ਵਿਧਾਇਕਾ ਨੇ ਇਸ ਸਬੰਧੀ ਡੀਜੀਪੀ ਵੀਕੇ ਭਾਵੜਾ ਤੇ ਸੀਪੀ ਅਰੁਣਪਾਲ ਸਿੰਘ ਨੂੰ ਸ਼ਿਕਾਇਤ ਕੀਤੀ ਹੈ। ਮੁੱਢਲੀ ਜਾਂਚ ਤੋਂ ਬਾਅਦ ਪੁਲਿਸ ਨੇ ਨਰਾਇਣਗੜ ਦੀ ਪੈਰਾਡਾਈਜ਼ ਕਾਲੋਨੀ ਛੇਹਰਟਾ ਦੇ ਰਹਿਣ ਵਾਲੇ ਸਿਕੰਦਰ ਸਿੰਘ ਖ਼ਿਲਾਫ਼ ਥਾਣਾ ਮਕਬੂਲਪੁਰਾ ਵਿਚ ਆਈਟੀ ਐਕਟ ਤਹਿਤ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਹੈ। ਪੁਲਿਸ ਦੀ ਸਾਈਬਰ ਸ਼ਾਖਾ ਮੁਲਜ਼ਮਾਂ ਤੱਕ ਪਹੁੰਚਣ ਲਈ ਸਿਕੰਦਰ ਸਿੰਘ ਦੇ ਬਲੂਪ੍ਰਿੰਟ ਦੀ ਛਾਣਬੀਣ ਕਰ ਰਹੀ ਹੈ। ਸੀਪੀ ਨੇ ਦਾਅਵਾ ਕੀਤਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਰਾਸ਼ਟਰੀ ਸਿੱਖਿਆ ਸਰਵੇਖਣ ਵਿਚ ਪੰਜਾਬ ਤੋਂ ਪਛੜਿਆ ਦਿੱਲੀ

**ਫ਼ਾਜ਼ਿਲਕਾ/ਏ.ਟੀ.ਨਿਊਜ਼ :-** ਭਾਰਤ ਸਰਕਾਰ ਵਲੋਂ ਐਨ.ਸੀ.ਈ.ਆਰ.ਟੀ. ਦੇ ਮਾਧਿਅਮ ਨਾਲ ਕਰਵਾਏ ਨੈਸ਼ਨਲ ਅਚੀਵਮੈਂਟ ਸਰਵੇ-2021 ਦੀ ਰਿਪੋਰਟ ਵਿਚ ਪੰਜਾਬ ਨੇ ਸਿੱਖਿਆ ਦੀ ਗੁਣਵੱਤਾ ਦੇ ਮਾਮਲੇ 'ਚ ਦੇਸ਼ ਭਰ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਤੀਜੀ, ਪੰਜਵੀਂ, ਅੱਠਵੀਂ ਅਤੇ ਦਸਵੀਂ ਜਮਾਤ ਦੇ 34 ਲੱਖ ਵਿਦਿਆਰਥੀਆਂ ਦੇ ਕਰਵਾਏ ਇਮਤਿਹਾਨ ਵਿਚ ਪੰਜਾਬ ਨੇ ਦਿੱਲੀ ਹੀ ਨਹੀਂ, ਦੇਸ਼ ਨੂੰ ਵੀ ਸ਼ੀਸ਼ਾ ਵਿਖਾਇਆ ਹੈ ਕਿ ਪੰਜਾਬ ਸਿੱਖਿਆ 'ਚ ਨੰਬਰ ਇਕ ਸੀ ਤੇ ਨੰਬਰ ਇਕ ਹੈ। ਪਰ ਜੇ ਰੱਖਣਾ ਹੈ ਤਾਂ ਪੰਜਾਬ ਦੀਆਂ ਹਾਕਮ ਸਰਕਾਰਾਂ ਨੂੰ ਅਧਿਆਪਕਾਂ ਨੂੰ ਸਿਰਫ਼ ਪੜ੍ਹਾਉਣ 'ਤੇ ਹੀ ਲਗਾਉਣਾ ਪਵੇਗਾ। ਰਿਪੋਰਟ ਬੀਤੇ ਦਿਨੀਂ ਜਾਰੀ ਹੋਈ ਹੈ, ਪੰਜਾਬ ਦੀ ਸਿੱਖਿਆ ਲਈ ਵੱਡੀ ਪ੍ਰਾਪਤੀ ਹੈ, ਪਰ ਨਾ ਕਿਤੇ ਖ਼ੁਸ਼ੀ ਨਾ ਕਿਸੇ ਨੇ ਵਧਾਈ ਦਿੱਤੀ ਅਤੇ ਨਾ ਹੀ ਕੋਈ ਸਰਕਾਰੀ ਜਸ਼ਨ, ਬੱਸ ਵਿਰੋਧੀ ਪਾਰਟੀਆਂ ਦਿੱਲੀ ਮਾਡਲ ਦੀਆਂ ਟਕੋਰਾਂ ਕਰ ਰਹੀਆਂ ਹਨ। ਤੱਥ ਬੋਲਦੇ ਹਨ ਕਿ ਇਹ ਸਰਵੇਖਣ ਪੰਜਾਬ ਦੇ 23 ਜ਼ਿਲਿਆਂ ਦਾ ਨਹੀਂ ਹੈ, ਦੇਸ਼ ਭਰ ਦੇ ਸਾਰੇ ਪ੍ਰਾਂਤਾਂ ਦੇ 720 ਜ਼ਿਲਿਆਂ ਦਾ ਸਰਵੇਖਣ ਹੈ ।ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਦੇ ਇਕ ਲੱਖ 18 ਹਜ਼ਾਰ 234 ਸਕੂਲ ਇਸ 'ਚ ਸ਼ਾਮਿਲ ਹਨ । 21 ਨਵੰਬਰ 2021 ਨੂੰ ਹੋਈ ਇਸ ਪ੍ਰੀਖਿਆ ਵਿਚ ਇਕ ਲੱਖ 24 ਹਜ਼ਾਰ ਆਬਜ਼ਰਵਰ ਲੱਗੇ ਸਨ, 36 ਸਟੇਟ ਨੋਡਲ ਅਫ਼ਸਰ ਸਨ, 733 ਜ਼ਿਲਾ ਕੋਆਰਡੀਨੇਟਰ ਅਤੇ ਦੋ ਲੱਖ ਅਧਿਆਪਕ ਇਮਤਿਹਾਨ ਲੈਣ ਲਈ ਡਿਊਟੀ 'ਤੇ ਲੱਗੇ ਸਨ। ਪੰਜਾਬ ਦੇ 3656 ਸਰਕਾਰੀ, ਏਡਿਡ, ਮਾਨਤਾ ਪ੍ਰਾਪਤ, ਪ੍ਰਾਈਵੇਟ ਅਤੇ ਕੇਂਦਰੀ ਵਿਦਿਆਲਿਆ 'ਚ ਇਹ ਪ੍ਰੀਖਿਆ ਹੋਈ ਸੀ। ਇਸ ਪ੍ਰੀਖਿਆ ਵਿਚ ਇਕ ਲੱਖ 17 ਹਜ਼ਾਰ 601 ਵਿਦਿਆਰਥੀ ਅਤੇ 16972 ਅਧਿਆਪਕ ਬੈਠੇ ਸਨ। ਤੀਜੀ, ਪੰਜਵੀਂ, ਅੱਠਵੀਂ ਅਤੇ ਦਸਵੀਂ ਦੇ ਸਾਰੇ ਵਿਸ਼ਿਆਂ ਦਾ ਮੁਕਾਬਲਾ ਕੇਵਲ ਰਾਜਸਥਾਨ ਨਾਲ ਸੀ, ਦਿੱਲੀ ਤਾਂ ਕਿਤੇ ਨੇੜੇ-ਤੇੜੇ ਨਹੀਂ ਸੀ । ਦਸਵੀਂ ਜਮਾਤ ਦੇ ਗਣਿਤ ਦੀ ਗੱਲ ਕਰੀਏ ਤਾਂ ਪੰਜਾਬ ਨੇ 273 ਅਤੇ ਦਿੱਲੀ ਨੇ 230 ਅੰਕ ਪ੍ਰਾਪਤ ਕੀਤੇ, ਅੰਗਰੇਜ਼ੀ ਵਿਚ ਪੰਜਾਬ ਨੇ 330 ਅਤੇ ਦਿੱਲੀ ਨੇ 321 ਅੰਕ ਪ੍ਰਾਪਤ ਕੀਤੇ। ਇਸ ਸਾਰਾ ਸਰਵੇਖਣ ਸਾਰੇ ਰਾਜ ਦੇ ਵਿਦਿਆਰਥੀਆਂ ਦੀ ਸਮੁੱਚੀ ਕਾਰਗੁਜ਼ਾਰੀ ਦੀ ਔਸਤ ਹੈ । ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਮੰਤਰੀ ਅਤੇ ਉੱਚ ਅਧਿਕਾਰੀਆਂ ਵਲੋਂ ਧੰਨਵਾਦ, ਸ਼ਾਬਾਸ਼ ਨਾ ਕਹਿਣਾ ਇਹ ਸਾਬਤ ਕਰਦਾ ਹੈ ਕਿ ਪੰਜਾਬ ਸਰਕਾਰ ਨੂੰ ਇਹ ਨਤੀਜੇ ਹਜ਼ਮ ਨਹੀਂ ਹੋਏ ਜਾਂ ਫਿਰ ਦਿੱਲੀ, ਪੰਜਾਬ ਤੋਂ ਕਿਉਂ ਪਛੜ ਗਈ, ਇਸ ਦਾ ਵੱਧ ਅਫ਼ਸੋਸ ਹੈ ।

# ਕੈਪਟਨ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਨਹੀਂ ਲੜੇਗਾ



**ਚੰਡੀਗੜ੍ਹ/ਏ.ਟੀ.ਨਿਊਜ਼ :-** ਜਾਣਕਾਰ ਹਲਕਿਆਂ ਅਨੁਸਾਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਗਰੂਰ ਹਲਕੇ ਤੋਂ 23 ਜੂਨ ਹੋਣ ਵਾਲੀ ਉਪ ਚੋਣ ਲੜਨ ਤੋਂ ਸਪੱਸ਼ਟ ਤੌਰ 'ਤੇ ਨਾਂਹ ਕਰ ਦਿੱਤੀ ਹੈ, ਪਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਭਾਜਪਾ ਦੇ ਸੰਭਾਵੀ ਉਮੀਦਵਾਰ ਦਾ ਸਮਰਥਨ ਕਰਨ ਦਾ ਵਿਸ਼ਵਾਸ ਦਿਵਾਇਆ ਹੈ। ਭਾਜਪਾ ਹਲਕਿਆਂ ਅਨੁਸਾਰ ਕੈਪਟਨ ਸਾਹਿਬ ਨੇ ਇਹ ਸੰਕੇਤ ਦਿੱਤਾ ਹੈ ਕਿ ਬੇਸ਼ੱਕ ਅਰਵਿੰਦ ਖੰਨਾ ਨੂੰ ਭਾਜਪਾ ਟਿਕਟ 'ਤੇ ਖੜ੍ਹਾ ਕਰ ਦਿੱਤਾ ਜਾਏ, ਉਹ ਉਨ੍ਹਾਂ ਦਾ ਸਮਰਥਨ ਕਰਨਗੇ । ਦੱਸਿਆ ਗਿਆ ਹੈ ਕਿ ਅਰਵਿੰਦ ਖੰਨਾ ਦੂਰੋਂ-ਨੇੜਿਓਂ ਮਹਾਰਾਜਾ ਪਟਿਆਲਾ ਦੇ ਨਜ਼ਦੀਕੀ ਰਿਸ਼ਤੇਦਾਰ ਵੀ ਹਨ। ਸ੍ਰੀ ਖੰਨਾ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਉਨ੍ਹਾਂ ਦੀ ਇਹ ਉਪ ਚੋਣ ਲੜਨ ਦੀ ਕੋਈ ਇੱਛਾ ਨਹੀਂ, ਪਰ ਭਾਜਪਾ ਹਾਈਕਮਾਂਡ, ਜੋ ਫ਼ੈਸਲਾ ਕਰੇਗੀ ਉਹ ਸਾਰੀ ਪਾਰਟੀ ਨੂੰ ਖਿੜੇ ਮੱਥੇ ਮੰਨਣਾ ਪਵੇਗਾ। ਭਾਜਪਾ ਆਪਣੇ ਚੋਣ ਨਿਸ਼ਾਨ 'ਤੇ ਇਹ ਸੀਟ ਜ਼ਰੂਰ ਲੜੇਗੀ। ਇਸ ਸਬੰਧੀ ਭਾਜਪਾ ਪੰਜਾਬ ਦੇ ਕਈ ਆਗੂ ਪਹਿਲਾਂ ਹੀ ਸੰਕੇਤ ਕਰ ਚੁੱਕੇ ਹਨ। ਇਸ ਦੌਰਾਨ ਭਾਜਪਾ ਨਾਲ ਸੰਬੰਧਿਤ ਪੰਜਾਬ ਦੇ ਸਾਬਕਾ ਮੰਤਰੀ ਮਾਸਟਰ ਮੋਹਨ ਲਾਲ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਜੇ ਕੈਪਟਨ ਅਮਰਿੰਦਰ ਸਿੰਘ ਨੂੰ ਭਾਜਪਾ ਵਲੋਂ ਟਿਕਟ ਦਿੱਤੀ ਜਾਏ ਤਾਂ ਉਹ ਇਕ ਮਜ਼ਬੂਤ ਉਮੀਦਵਾਰ ਹੋ ਸਕਦੇ ਹਨ ।

# ਰਾਜਨਾਥ ਸਿੰਘ ਨੇ ਮੋਦੀ ਕੈਬਨਿਟ ਵਿਚ ਕਾਰਗੁਜ਼ਾਰੀ ਪੱਖੋਂ ਸਭ ਨੂੰ ਪਛਾੜਿਆ

## ਗਡਕਰੀ ਦੂਜੇ ਸਥਾਨ 'ਤੇ, ਸ੍ਰਮਿਤੀ ਇਰਾਨੀ 5ਵੇਂ ਤੇ ਸੀਤਾਰਾਮਨ 7ਵੇਂ ਸਥਾਨ 'ਤੇ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਕੈਬਨਿਟ 'ਚ ਕਾਰਗੁਜ਼ਾਰੀ ਪੱਖੋਂ ਰੱਖਿਆ ਮੰਤਰੀ ਰਾਜਨਾਥ ਸਿੰਘ ਅੱਵਲ ਨੰਬਰ ਅਤੇ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਦੂਜੇ ਸਥਾਨ 'ਤੇ ਰਹੇ। ਸ੍ਰਮਿਤੀ ਇਰਾਨੀ ਪੰਜਵੇਂ ਤੇ ਅਨੁਰਾਗ ਠਾਕੁਰ 6ਵੇਂ ਸਥਾਨ 'ਤੇ, ਜਦੋਂਕਿ ਆਸਮਾਨੀ ਪੁੱਜੀ ਮਹਿੰਗਾਈ ਕਰਕੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ 7ਵੇਂ ਰਹੇ। ਇਹ ਖੁਲਾਸਾ ਆਈਏਐਨਐੱਸ-ਸੀ ਵੋਟਰ ਸਰਵੇਖਣ ਤੋਂ ਹੋਇਆ ਹੈ। ਇਹ ਸਰਵੇਖਣ ਨਰਿੰਦਰ ਮੋਦੀ ਕੈਬਨਿਟ ਦੇ ਅੱਠ ਸਾਲ ਪੂਰੇ ਹੋਣ ਮੌਕੇ ਕਰਵਾਇਆ ਗਿਆ ਸੀ। ਸਰਵੇਖਣ ਵਿੱਚ ਐੱਨਡੀਏ ਤੇ ਗੈਰ-ਐੱਨਡੀਏ ਵੋਟਰ ਸ਼ਾਮਲ ਸਨ ਤੇ ਇਸ ਵਿੱਚ ਹੋਰ ਕਈ ਮਾਪਦੰਡ ਰੱਖੇ ਗਏ ਸਨ। ਸਰਵੇਖਣ ਮੁਤਾਬਕ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਐੱਨਡੀਏ ਵੋਟਰਾਂ ਨੇ 8.36 ਦਾ ਸਕੋਰ ਤੇ ਵਿਰੋਧੀ ਵੋਟਰਾਂ ਨੇ 7.03 ਦਾ ਸਕੋਰ ਦਿੱਤਾ ਹੈ। ਸਿੰਘ ਮੁਸਲਿਮ ਭਾਈਚਾਰੇ ਦੇ ਸੋਸ਼ਲ ਗਰੁੱਪ ਵਿੱਚ 6.30 ਦੇ ਸਕੋਰ ਨਾਲ ਸਿਖਰ 'ਤੇ ਹਨ। ਹਾਲਾਂਕਿ ਐੱਸਸੀ/ਐੱਸਟੀ ਨਾਲ ਸਬੰਧਤ ਇਕ ਹੋਰ ਸੋਸ਼ਲ ਗਰੁੱਪ ਵਿੱਚ ਸਿੰਘ 7.63 ਦੇ ਸਕੋਰ ਨਾਲ ਦੂਜੇ ਸਥਾਨ 'ਤੇ ਹਨ।



ਸਿੱਖਾਂ, ਓਬੀਸੀ ਤੇ ਯੂਸੀਐੱਚ ਭਾਈਚਾਰਿਆਂ ਦੇ ਸਮਾਜਿਕ ਸਮੂਹ ਵਿਚ ਵੀ ਸਿੰਘ ਦੀ ਝੰਡੀ ਹੈ। ਸਿੱਖ ਸਮੂਹ ਨੇ ਸਿੰਘ ਨੂੰ 8.48 ਦਾ ਸਿਖਰਲਾ ਸਕੋਰ ਦਿੱਤਾ ਹੈ। 18 ਤੋਂ 24 ਸਾਲ ਉਮਰ ਵਰਗ ਅਤੇ 55 ਸਾਲ ਤੋਂ ਵੱਧ ਵਾਲੇ ਉਮਰ ਸਮੂਹ ਵਿਚ ਸਿੰਘ ਦੀ ਮਕਬੂਲੀਅਤ ਤੇਜ਼ੀ ਨਾਲ ਵਧੀ ਹੈ। ਕੰਮ ਧੰਦੇ ਨਾਲ ਜੁੜੇ ਮਾਪਦੰਡਾਂ ਵਿੱਚ ਵੀ ਰਾਜਨਾਥ ਸਿੰਘ ਅੱਵਲ ਨੰਬਰ ਹਨ। ਕਾਰਗੁਜ਼ਾਰੀ ਪੱਖੋਂ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਇਸ ਸੂਚੀ ਵਿੱਚ ਦੂਜੇ ਸਥਾਨ 'ਤੇ ਹਨ। ਐੱਨਡੀਏ ਤੇ ਗੈਰ-ਐੱਨਡੀਏ ਵੋਟਰਾਂ ਨੇ ਉਨ੍ਹਾਂ ਨੂੰ ਕ੍ਰਮਵਾਰ 8.07 ਤੇ 6.81 ਦਾ ਸਕੋਰ ਦਿੱਤਾ ਹੈ। ਗਡਕਰੀ ਕਈ ਸਮਾਜਿਕ ਸਮੂਹਾਂ ਵਿੱਚ ਵੀ ਮਕਬੂਲ ਹਨ। ਐੱਸਸੀ/ਐੱਸਟੀ ਤੇ ਮੁਸਲਿਮ ਸਮੂਹਾਂ ਵਿੱਚ ਉਹ ਕ੍ਰਮਵਾਰ ਤੀਜੇ ਤੇ ਦੂਜੇ ਸਥਾਨ 'ਤੇ ਰਹੇ। ਈਸਾਈ ਭਾਈਚਾਰੇ 'ਚ ਉਹ ਨੰਬਰ ਇਕ ਤੇ ਓਬੀਸੀ ਗਰੁੱਪ 'ਚ ਦੂਜੀ ਥਾਵੇਂ ਰਹੇ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦੀ ਗੱਲ ਕਰੀਏ ਤਾਂ ਉਹ ਕੈਬਨਿਟ ਵਿਚਲੇ ਸਾਥੀ ਮੰਤਰੀਆਂ ਤੋਂ ਕਿਤੇ ਪਛੜ ਗਏ। ਐੱਨਡੀਏ ਵੋਟਰਾਂ 'ਚ 7.18 ਦੇ ਸਕੋਰ ਨਾਲ ਉਹ ਖੇਡ ਮੰਤਰੀ ਅਨੁਰਾਗ ਠਾਕੁਰ ਮਗਰੋਂ 7ਵੇਂ ਸਥਾਨ 'ਤੇ ਰਹੇ। ਗੈਰ-ਐੱਨਡੀਏ ਵੋਟਰਾਂ ਨੇ ਸੀਤਾਰਮਨ ਨੂੰ 5.57 ਦਾ ਸਕੋਰ ਦਿੱਤਾ। ਹੋਰਨਾਂ ਮਹਿਲਾ ਮੰਤਰੀਆਂ 'ਚੋਂ ਸਮ੍ਰਿਤੀ ਇਰਾਨੀ 7.42 ਦੇ ਸਕੋਰ ਨਾਲ ਪੰਜਵੇਂ ਸਥਾਨ 'ਤੇ ਰਹੇ। ਅਸਮਾਨੀ ਪੁੱਜੀ ਮਹਿੰਗਾਈ ਕਰਕੇ ਸੀਤਾਰਮਨ ਦੀ ਮਕਬੂਲੀਅਤ ਨੂੰ ਵੱਡੀ ਢਾਹ ਲੱਗੀ ਹੈ।

**ਬਾਕੀ ਸਫ਼ਾ 31 'ਤੇ**

# ਡਰਗ ਰੱਖਣ ਦੇ ਦੋਸ਼ ਹੇਠ ਜੂਡੋ ਦੇ ਕੌਮੀ ਖਿਡਾਰੀ ਸਣੇ ਚਾਰ ਕਾਬੂ

**ਪਾਤੜਾਂ/ਏ.ਟੀ.ਨਿਊਜ਼ :-** ਸ਼ੁਤਰਾਣਾ ਤੇ ਪਾਤੜਾਂ ਪੁਲਿਸ ਨੇ ਸ਼ਹਿਰ ਦੀਆਂ ਵੱਖ ਵੱਖ ਥਾਵਾਂ 'ਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਮੁਹਿੰਮ ਚਲਾਈ। ਪੁਲੀਸ ਨੇ ਹਰਿਆਣਾ ਨਾਲ ਸਬੰਧਤ ਜੂਡੋ ਦੇ ਕੌਮੀ ਖਿਡਾਰੀ, ਉਸ ਦੇ ਸਾਥੀ ਅਤੇ ਪਤੀ-ਪਤਨੀ ਕੋਲੋਂ 4122 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਥਾਣਾ ਮੁਖੀ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਥਾਣੇਦਾਰ ਬੀਰਬਲ ਸ਼ਰਮਾ ਵੱਲੋਂ ਪੁਲਿਸ ਪਾਰਟੀ ਨਾਲ ਹਾਮਝੇੜੀ ਬਾਈਪਾਸ ਉੱਤੇ ਗਸ਼ਤ ਕੀਤੀ ਜਾ ਰਹੀ ਸੀ। ਇਸ ਦੌਰਾਨ ਸਪਲੈਂਡਰ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਦੀ ਰੋਕ ਕੇ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 3400 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਜੂਡੋ ਦੇ ਕੌਮੀ ਖਿਡਾਰੀ ਰਾਕੇਸ਼ ਤੇ ਪਵਨ ਕੁਮਾਰ ਵਾਸੀ ਬਰਵਾਲਾ (ਹਰਿਆਣਾ) ਵਜੋਂ ਹੋਈ। ਜੂਡੋ ਖਿਡਾਰੀ ਰਾਕੇਸ਼ ਕੁਮਾਰ ਨੇ ਕਿਹਾ ਕਿ ਨਸ਼ੀਲੀਆਂ ਗੋਲੀਆਂ ਪਵਨ ਕੁਮਾਰ ਦੀਆਂ ਹਨ ਤੇ ਉਹ ਨਸ਼ੀਲੀਆਂ ਗੋਲੀਆਂ ਵੇਚਣ ਦਾ ਧੰਦਾ ਕਰਦਾ ਹੈ। ਉਸ ਨੇ ਸਿਰਫ਼ ਪਵਨ ਕੁਮਾਰ ਨੂੰ ਲਿਫਟ ਦਿੱਤੀ ਸੀ। ਜ਼ਿਕਰਯੋਗ ਹੈ ਕਿ ਕੁਝ ਰਾਜਨੀਤਕ ਵਿਅਕਤੀਆਂ ਵੱਲੋਂ ਸ਼ੁਤਰਾਣਾ ਪੁਲਿਸ ਉੱਤੇ ਜੀਵਨ ਕੁਮਾਰ ਤੇ ਪੂਨਮ ਰਾਣੀ ਨੂੰ ਛੱਡਣ ਲਈ ਦਬਾਅ ਪਾਇਆ ਗਿਆ ਪਰ ਪੁਲਿਸ ਨੇ ਕੇਸ ਦਰਜ ਕਰਕੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਮਾਮਲਾ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ

# ਚੌਟਾਲਾ ਨੂੰ 4 ਸਾਲ ਦੀ ਸਜ਼ਾ, ਤਿਹਾੜ ਜੇਲ ਲਿਆਂਦਾ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੰਦੇ ਹੋਏ ਬੀਤੇ ਦਿਨੀਂ ਦਿੱਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ 4 ਸਾਲ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ ਅਦਾਲਤ ਨੇ ਚੌਟਾਲਾ ਨੂੰ 50 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਅਦਾਲਤ ਨੇ ਚੌਟਾਲਾ ਦੀਆਂ ਚਾਰ ਜਾਇਦਾਦਾਂ ਨੂੰ ਜ਼ਬਤ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ।ਰਾਉਜ਼ ਐਵੇਨਿਊ ਅਦਾਲਤ ਦੇ ਵਿਸ਼ੇਸ਼ ਜੱਜ ਵਿਕਾਸ ਢੱਲ ਦੀ ਅਦਾਲਤ ਨੇ ਅਦਾਲਤ ਵਿਚ ਮੌਜੂਦ ਓਮ ਪ੍ਰਕਾਸ਼ ਚੌਟਾਲਾ ਨੂੰ ਤੁਰੰਤ ਹਿਰਾਸਤ ਵਿਚ ਲੈਣ ਦਾ ਨਿਰਦੇਸ਼ ਦਿੱਤਾ। ਇਸ ਤੋਂ ਪਹਿਲਾਂ ਪਿਛਲੇ ਹਫ਼ਤੇ ਅਦਾਲਤ ਨੇ ਚੌਟਾਲਾ ਨੂੰ ਦੋਸ਼ੀ ਕਰਾਰ ਦਿੱਤਾ ਸੀ। ਅਦਾਲਤ ਨੇ ਸੀ. ਬੀ. ਆਈ. ਨੂੰ ਜੁਰਮਾਨੇ ਦੀ ਰਕਮ ਵਿਚੋਂ 5 ਲੱਖ ਰੁਪਏ ਮੁਕੱਦਮੇ ਦੇ ਖਰਚ ਵਜੋਂ ਅਦਾ ਕਰਨ ਲਈ ਕਿਹਾ ਹੈ। ਚੌਟਾਲਾ ਨੇ ਇਸ ਫ਼ੈਸਲੇ ਖ਼ਿਲਾਫ਼ ਅਪੀਲ ਦਾਇਰ ਕਰਨ ਲਈ ਦਸ ਦਿਨਾਂ ਦਾ ਸਮਾਂ ਮੰਗਿਆ ਸੀ, ਪਰ ਅਦਾਲਤ ਨੇ ਉਸ ਨੂੰ ਰਾਹਤ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਇਸ ਸਬੰਧੀ ਦਿੱਲੀ ਹਾਈਕੋਰਟ ਵਿਚ



ਅਪੀਲ ਦਾਇਰ ਕਰੇ। ਅਦਾਲਤ ਨੇ ਆਪਣੇ ਫ਼ੈਸਲੇ ਵਿਚ ਸੀਬੀਆਈ ਨੂੰ ਚੌਟਾਲਾ ਦੀ ਹੇਲੀ ਰੋਡ, ਪੰਚਕੂਲਾ, ਗੁਰੂਗ੍ਰਾਮ ਤੇ ਅਸੋਲਾ 'ਚ ਗਲਤ ਢੰਗ ਨਾਲ ਹਾਸਲ ਕੀਤੀ ਅਚੱਲ ਜਾਇਦਾਦ ਨੂੰ ਜ਼ਬਤ ਕਰਨ ਦਾ ਨਿਰਦੇਸ਼ ਦਿੱਤਾ ਹੈ।ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਨੇ ਚੌਟਾਲਾ ਖ਼ਿਲਾਫ਼ ਸਾਲ 2005 ਵਿਚ ਕੇਸ ਦਰਜ ਕੀਤਾ ਸੀ । ਜਾਂਚ ਏਜੰਸੀ ਨੇ 26 ਮਾਰਚ, 2010 ਨੂੰ ਦਾਇਰ ਆਪਣੀ ਚਾਰਜਸ਼ੀਟ ਵਿਚ ਦੋਸ਼ ਲਾਇਆ ਸੀ ਕਿ ਚੌਟਾਲਾ ਨੇ 1993 ਤੋਂ 2006 ਦਰਮਿਆਨ ਆਪਣੀ ਕਾਨੂੰਨੀ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕੀਤੀ ਸੀ । ਸੀ.ਬੀ.ਆਈ. ਵਲੋਂ ਦਰਜ ਐਫ.ਆਈ.ਆਰ. ਮੁਤਾਬਿਕ ਚੌਟਾਲਾ ਨੇ 24 ਜੁਲਾਈ, 1999 ਤੋਂ 5 ਮਈ, 2005 ਤੱਕ ਹਰਿਆਣਾ ਦਾ ਮੁੱਖ ਮੰਤਰੀ ਰਹਿੰਦਿਆਂ ਪਰਿਵਾਰ ਤੇ ਹੋਰਾਂ ਨਾਲ ਮਿਲੀਭੁਗਤ ਕਰਕੇ ਆਮਦਨ ਦੇ ਆਪਣੇ ਜਾਣੇ-ਪਛਾਣੇ ਸਰੋਤ ਤੋਂ ਵੱਧ ਚੱਲ-ਅਚੱਲ ਜਾਇਦਾਦ ਹਾਸਲ ਕੀਤੀ ਸੀ। ਇਹ ਜਾਇਦਾਦ ਚੌਟਾਲਾ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਂ 'ਤੇ ਐਕੁਆਇਰ ਕੀਤੀ ਗਈ ਸੀ। ਸੀ.ਬੀ.ਆਈ. ਅਨੁਸਾਰ ਚੌਟਾਲਾ ਨੇ 6.09 ਕਰੋੜ ਰੁਪਏ ਦੀ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕੀਤੀ ਹੈ, ਜੋ ਉਸ ਦੀ ਆਮਦਨ ਦੇ ਸਰੋਤ ਤੋਂ 189.11 ਫੀਸਦੀ ਵੱਧ ਸੀ।

ਸਜ਼ਾ ਸੁਣਾਏ ਜਾਣ ਤੋਂ ਬਾਅਦ ਓਮ ਪ੍ਰਕਾਸ਼ ਚੌਟਾਲਾ ਨੂੰ ਤਿਹਾੜ ਜੇਲ ਲਿਆਂਦਾ ਗਿਆ। ਚੌਟਾਲਾ (86) ਦਾ ਜੇਲ ਕੰਪਲੈਕਸ ਵਿਚ ਪਹੁੰਚਣ 'ਤੇ ਡਾਕਟਰੀ ਮੁਆਇਨਾ ਕੀਤਾ ਗਿਆ। ਉਸ ਨੂੰ ਦੋ ਹੋਰ ਕੈਦੀਆਂ ਨਾਲ ਜੇਲ ਨੰਬਰ 2 ਦੀ ਕੋਠੜੀ ਵਿਚ ਰੱਖਿਆ ਜਾਵੇਗਾ।

# ਦਿੱਲੀ ਵਿਚ ਫੈਸ਼ਨ ਸ਼ੋਅ ਦੇ ਨਾਂ ਹੇਠ ਹੋਇਆ ਸਿੱਖ ਕਕਾਰਾਂ ਨਾਲ ਖਿਲਵਾੜ

## ਕਾਲਜ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ



**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-** ਦਿੱਲੀ ਦੇ ਰੋਹਿਣੀ ਸੈਕਟਰ 3 ਵਿਖੇ ਚਲ ਰਹੇ ਜਗਨਨਾਥ ਕਮਿਉਨਿਟੀ ਕਾਲਜ ਵਲੋਂ ਬੀਤੇ ਐਤਵਾਰ ਨੂੰ ਫੈਸ਼ਨ ਸ਼ੋਅ ਦੇ ਨਾਂ ਹੇਠ ਸਿੱਖ ਕਕਾਰਾਂ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਇਸ ਮਾਮਲੇ ਵਿਚ ਵਾਇਰਲ ਹੋਈ ਵੀਡੀਓ ਵਿਚ ਕੁੜੀਆਂ ਸਿਰ 'ਤੇ ਪੱਗ ਅਤੇ ਉਪਰੋਂ ਦੀ ਸ੍ਰੀ ਸਾਹਿਬ ਪਾ ਕੇ ਰੈਂਪ ਉੱਤੇ ਕੱਪੜਿਆਂ ਦਾ ਪ੍ਰਦਰਸ਼ਨ ਕਰ ਰਹੀਆਂ ਹਨ।

ਮਾਮਲੇ ਬਾਰੇ ਪਤਾ ਕਰਨ 'ਤੇ ਮਿਲੀ ਜਾਣਕਾਰੀ ਮੁਤਾਬਿਕ ਕਰਨਾਲ ਰਹਿੰਦੇ ਅਮਨਪ੍ਰੀਤ ਸਿੰਘ ਨੇ ਇਸ ਬਾਰੇ ਡਰੈੱਸ ਤਿਆਰ ਕੀਤੀ ਸੀ ਜਦਕਿ ਉਸਦਾ ਆਪਣਾ ਪਰਿਵਾਰ ਅੰਮ੍ਰਿਤਧਾਰੀ ਦਸਿਆ ਜਾ ਰਿਹਾ ਹੈ। ਕਾਲਜ ਵਿਚ ਮਾਮਲੇ ਬਾਰੇ ਪੁੱਛਣ ਤੇ ਕਿ ਉਨ੍ਹਾਂ ਇਸ ਪ੍ਰੋਗਰਾਮ ਦੀ ਇਜਾਜ਼ਤ ਕਿਉਂ ਦਿੱਤੀ ਤਾਂ ਉਨ੍ਹਾਂ ਦਸਿਆ ਕਿ ਪਹਿਲਾਂ ਇਹ ਪ੍ਰੋਗਰਾਮ 2020 ਵਿਚ ਹੋਣਾ ਸੀ ਪਰ ਲਾਕਡਾਊਨ ਲੱਗਣ ਕਰਕੇ ਹੁਣ ਬੀਤੇ ਐਤਵਾਰ ਨੂੰ ਹੋਇਆ ਹੈ, ਉਨ੍ਹਾਂ ਕੋਲੋਂ ਲਿਖਤੀ ਮੁਆਫੀ ਮੰਗਣ ਲਈ ਕਹਿਣ 'ਤੇ ਉਨ੍ਹਾਂ ਕਿਹਾ ਕਿ ਕਾਲਜ ਦੇ ਚੇਅਰਮੈਨ ਗੁਪਤਾ ਵਿਦੇਸ਼ ਗਏ ਹੋਏ ਹਨ ਉਨ੍ਹਾਂ ਨਾਲ ਰਾਬਤਾ ਨਹੀਂ ਹੋ ਪਾ ਰਿਹਾ ਹੈ।

ਜਾਗੋ ਪਾਰਟੀ ਦੇ ਬੁਲਾਰੇ ਪਰਮਿੰਦਰ ਸਿੰਘ ਨੇ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਕਾਲਜ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੇ ਸੰਕੇਤ ਦਿੱਤੇ ਹਨ ਕਿ ਉਨ੍ਹਾਂ ਵਲੋਂ ਜਾਣਬੁਝ ਕੇ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਸ ਲਈ ਉਨ੍ਹਾਂ 'ਤੇ ਕਾਨੂੰਨੀ ਕਾਰਵਾਈ ਕਰਨੀ ਜਰੂਰੀ ਹੈ।

# ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੇ ਕੌਣ ?

ਗੀਤਕਾਰ, ਗਾਇਕ ਤੇ ਸਿਆਸਤ ਨਾਲ ਜੁੜੇ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਸਮੇਂ-ਸਮੇਂ 'ਤੇ ਵਿਵਾਦਾਂ ਵਿਚ ਰਹਿੰਦੇ ਸਨ। ਪੂਰੀ ਦੁਨੀਆ ਤੇ ਸੰਗੀਤ ਜਗਤ ਵਿਚ ਵੱਖਰੇ ਅੰਦਾਜ਼ ਨਾਲ ਛਾਇਆ 28 ਸਾਲਾ ਸਿੱਧੂ ਗੀਤਾਂ ਵਿਚ ਗੰਨ ਕਲਚਰ ਨੂੰ ਪ੍ਰਮੋਟ ਕਰਦਾ ਸੀ । ਮਾਨਸਾ ਨੇੜਲੇ ਘੁਗ ਵੱਸਦੇ ਪਿੰਡ ਮੂਸਾ ਵਿਚ ਬਲਕੌਰ ਸਿੰਘ ਸਿੱਧੂ ਦੇ ਘਰ ਮਾਤਾ ਚਰਨ ਕੌਰ ਦੀ ਕੁੱਖੋਂ 1993 ਵਿਚ ਜਨਮੇ ਸਿੱਧੂ ਨੇ ਮੁੱਢਲੀ ਪੜਾਈ ਮਾਨਸਾ ਤੋਂ ਕਰਨ ਉਪਰੰਤ ਗੁਰੂ ਨਾਨਕ



ਇੰਜੀਨੀਅਰਿੰਗ ਕਾਲਜ ਲੁਧਿਆਣਾ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ 2016 ਵਿਚ ਕੀਤੀ । ਡਿਗਰੀ ਦੌਰਾਨ ਹੀ ਉਹ ਗੀਤ ਲਿਖਣ ਲੱਗ ਪਿਆ ।ਮੁੱਢਲੇ ਦੌਰ ਵਿਚ ਸਿੱਧੂ ਨੂੰ ਗੀਤ ਰਿਕਾਰਡ ਕਰਵਾਉਣ ਲਈ ਗਾਇਕਾਂ ਦੇ ਪਿੱਛੇ ਵੀ ਫਿਰਨਾ ਪਿਆ । ਗਾਇਕ ਨਿੰਜਾ ਵਲੋਂ ਉਸ ਦਾ ਗਾਇਆ ਗੀਤ 'ਲਾਇਸੰਸ' ਖ਼ੂਬ ਚਰਚਿਤ ਹੋਇਆ ਤੇ ਸਿੱਧੂ ਦਾ ਨਾਂ ਗੀਤਕਾਰ ਦੇ ਤੌਰ 'ਤੇ ਸਾਹਮਣੇ ਆਇਆ। ਇੰਜੀਨੀਅਰਿੰਗ ਦੀ ਮਾਸਟਰ ਡਿਗਰੀ ਕਰਨ ਲਈ ਉਹ 2016 ਵਿਚ ਕੈਨੇਡਾ ਚਲਾ ਗਿਆ। ਕੈਨੇਡਾ ਪਹੁੰਚਦਿਆਂ ਹੀ ਉਸ ਨੇ ਗਾਇਕ ਵਜੋਂ ਕਿਸਮਤ ਅਜਮਾਈ ਤੇ ਪਹਿਲਾ ਗੀਤ 'ਜੀ ਵੈਗਨ' ਮਾਰਕਿਟ ਵਿਚ ਆਇਆ । 2017 ਵਿਚ 'ਸੋ ਹਾਈ' ਗੀਤ ਨਾਲ ਉਹ ਚਰਚਾ ਵਿਚ ਆ ਗਿਆ । ਇਸੇ ਵਰੇ ਉਸ ਨੂੰ ਵਧੀਆ ਗੀਤਕਾਰ ਵਜੋਂ ਬ੍ਰਿਟਿਸ਼ ਏਸ਼ੀਆ ਮਿਊਜ਼ਿਕ ਐਵਾਰਡ ਮਿਲਿਆ ।ਇਸੇ ਦੌਰਾਨ ਸਿੱਧੂ ਦੇ 'ਇੱਸਾ ਜੱਟ', 'ਟੋਚਨ', 'ਸੈਲਫ ਮੇਡ', 'ਫੇਮਸ', 'ਵਾਰਨਿੰਗ ਸ਼ਾਟ' ਆਦਿ ਗੀਤ ਆਏ। ਮੂਸੇਵਾਲਾ ਨੇ ਪੰਜਾਬ ਵਿਚ ਪਹਿਲਾ ਲਾਈਵ ਸ਼ੋਅ 2018 ਵਿਚ ਕੀਤਾ। ਇਸੇ ਦੌਰਾਨ ਉਸ ਦੀ ਗੁੱਡੀ ਅਸਮਾਨੀ ਚੜ ਗਈ। 'ਮਾਈ ਭਾਗੋ' ਗੀਤ ਕਾਰਨ ਸਿੱਧੂ ਨੂੰ ਕਾਫ਼ੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਤੇ ਉਸ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਜਾ ਕੇ ਮੁਆਫ਼ੀ ਵੀ ਮੰਗਣੀ ਪਈ । ਸਿੱਧੂ ਦਾ '295' ਗੀਤ ਇੰਨਾ ਚਰਚਿਤ ਹੋਇਆ ਕਿ ਉਸ ਦੀ ਚਾਰੇ ਪਾਸੇ ਧੁੰਮ ਪੈ ਗਈ ਤੇ ਸਿਆਸੀ ਲੋਕ ਵੀ ਉਸ ਕੋਲ ਪਹੁੰਚ ਕਰਨ ਲੱਗ ਪਏ ।'ਡਾਲਰ', 'ਲਿਜੇਂਡ', ਸਿੱਧੂ ਐਂਥਮ', 'ਮੁਆਫੀਆ ਸਟਾਈਲ', 'ਸੋਹਣੇ ਲਗਦੇ' ਆਦਿ ਗੀਤ ਵੀ ਲੋਕਾਂ ਦੇ ਮੂੰਹ 'ਤੇ ਚੜੇ । ਉਸ ਦੇ ਪੰਜਾਬ ਤੋਂ ਇਲਾਵਾ ਦਿੱਲੀ, ਯੂ.ਪੀ. ਆਦਿ ਵਿਚ ਵਧੇਰੇ ਸ਼ੋਅ ਹੁੰਦੇ ਸਨ ਤੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਆਦਿ ਵਿਚ ਉਹ ਪੰਜਾਬੀਆਂ ਤੋਂ ਇਲਾਵਾ ਗੋਰਿਆਂ ਦਾ ਚਹੇਤਾ ਕਲਾਕਾਰ ਬਣ ਗਿਆ। ਪਿਛਲੇ ਮਹੀਨੇ ਇੰਗਲੈਂਡ ਦੇ ਇਕ ਸ਼ੋਅ ਵਿਚ ਸਿਰਫ਼ ਗੋਰੇ ਹੀ ਹਾਜ਼ਰ ਸਨ ਜਦਕਿ ਸਿੱਧੂ ਪੰਜਾਬੀ ਗੀਤ ਗਾ ਕੇ ਉਨਾਂ ਦੇ ਦਿਲਾਂ ਵਿਚ ਰਾਜ ਕਰ ਗਿਆ। ਸਿੱਧੂ ਦਾ ਆਖ਼ਰੀ ਗੀਤ 'ਲੈਵਲਸ' 4 ਦਿਨ ਪਹਿਲਾਂ 25 ਮਈ ਨੂੰ ਯੂ-ਟਿਊਬ 'ਤੇ ਜਾਰੀ ਹੋਇਆ ਸੀ। ਜ਼ਿਕਰਯੋਗ ਹੈ ਕਿ 15 ਮਈ ਨੂੰ ਸਿੱਧੂ ਵਲੋਂ ਯੂ-ਟਿਊਬ 'ਤੇ ਪਾਏ ਗਏ 'ਦਾ ਲਾਸਟ ਰਾਇਡ' ਦੀ ਵੀ ਪੂਰੀ ਚਰਚਾ ਸੀ, ਜਿਸ ਦੇ ਬੋਲ ਸਨ 'ਚੋਬਰ ਦੇ ਚਿਹਰੇ 'ਤੇ ਨੂਰ ਦੱਸਦਾ ਨੀ ਇਹ ਦਾ ਉਠੂਗਾ ਜਵਾਨੀ ਵਿਚ ਜਨਾਜ਼ਾ ਮਿਠੀਏ'। ਆਖਰ ਹਥਿਆਰਾਂ ਤੇ ਹਿੰਸਾ ਨੂੰ ਗੀਤਾਂ ਵਿਚ ਪਰਮੋਟ ਕਰਨ ਵਾਲਾ ਸਿੱਧੂ ਮੂਸੇਵਾਲਾ ਗੈਂਗਸਟਰਾਂ ਦੀ ਭੇਂਟ ਚੜ ਗਿਆ।

### ਹਾਰਾਂ ਤੋਂ ਬਾਅਦ ਡੇਰਾ ਸਿਰਸਾ ਦੀ ਰਾਜਨੀਤਕ ਮੁਹਿੰਮ ਠੰਡੀ

ਡੇਰਾ ਸਿਰਸਾ ਦੀ ਰਾਜਨੀਤਕ ਮੁਹਿੰਮ ਪੰਜਾਬ ਵਿਚ ਸਿਰੇ ਨਹੀਂ ਚੜ ਰਹੀ। ਜਿਸ ਪਾਰਟੀ ਨੂੰ ਡੇਰਾ ਸੌਦੇ ਵਾਲੇ ਹਮਾਇਤ ਕਰਦੇ ਹਨ ਉਹ ਪਾਰਟੀ ਹਾਰ ਜਾਂਦੀ ਹੈ। ਡੇਰਾ ਸਿਰਸਾ ਦਾ ਰਾਜਨੀਤਿਕ ਵਿੰਗ ਫਲਾਪ ਹੋਕੇ ਰਹਿ ਗਿਆ ਹੈ। ਡੇਰਾ ਪ੍ਰੇਮੀ ਵੀ ਰਾਜਨੀਤਿਕ ਵਿੰਗ ਨੂੰ ਸਹਿਯੋਗ ਨਹੀਂ ਦੇ ਰਹੇ। ਇਸ ਕਰਕੇ ਰਾਜਨੀਤਕ ਪਾਰਟੀਆਂ ਡੇਰਾ ਦਾ ਪਾਣੀ ਨਹੀਂ ਭਰ ਰਹੀਆਂ।

ਹੁਣੇ ਜਿਹੇ ਡੇਰਾ ਸਿਰਸਾ ਦੇ ਰਾਜਨੀਤਿਕ ਵਿੰਗ ਦੇ ਚੇਅਰਮੈਨ ਰਾਮ ਸਿੰਘ ਨੇ ਕਿਹਾ ਕਿ ਆ ਰਹੀ ਲੋਕ ਸਭਾ ਸੰਗਰੂਰ ਦੀ ਜ਼ਿਮਨੀ ਚੋਣ ਲਈ ਡੇਰਾ ਕਿਸੇ ਵਿਸ਼ੇਸ਼ ਰਾਜਨੀਤਿਕ ਪਾਰਟੀ ਦੇ ਹੱਕ 'ਚ ਵੋਟ ਦੀ ਅਪੀਲ ਜਾਂ ਨਿਰਦੇਸ਼ ਨਹੀਂ ਕਰੇਗਾ, ਬਲਕਿ ਸੰਗਤ 'ਆਪ' ਫੈਸਲਾ ਲਏਗੀ ਕਿ ਕਿਸ ਰਾਜਨੀਤਿਕ ਦਲ ਨੂੰ ਸਮਰਥਨ ਦੇਣਾ ਹੈ। ਸੰਗਰੂਰ-ਪਟਿਆਲਾ ਮੁੱਖ ਮਾਰਗ ਉੱਪਰ ਸਥਿਤ ਡੇਰਾ ਸਿਰਸਾ ਦੇ ਨਾਮ ਚਰਚਾ ਘਰ ਵਿਚ ਹੋਈ ਵੱਡੀ ਇਕੱਤਰਤਾ ਦੌਰਾਨ ਪੁੱਜੇ ਰਾਮ ਸਿੰਘ ਨੇ ਕਿਹਾ ਕਿ ਡੇਰਾ ਸਿਰਸਾ ਦਾ ਮੁੱਖ ਮਨੋਰਥ ਸਮਾਜ ਸੇਵੀ ਕਾਰਜਾਂ ਨੂੰ ਘਰ-ਘਰ ਪਹੁੰਚਾਉਣਾ ਹੈ । ਰਾਮ ਸਿੰਘ ਨੇ ਕਿਹਾ ਕਿ ਡੇਰੇ ਵਲੋਂ ਰਾਜਨੀਤਿਕ ਵਿੰਗ ਵੀ ਸੰਗਤ ਦਾ ਬਣਾਇਆ ਹੈ ਅਤੇ ਜੋ ਡੇਰਾ ਅਨੁਯਾਈ ਇਹ ਗੱਲ ਕਰਦਾ ਹੈ ਕਿ ਡੇਰਾ ਸਿਰਸਾ ਕਿਸੇ ਵਿਸ਼ੇਸ਼ ਰਾਜਨੀਤਿਕ ਦਲ ਨੂੰ ਵੋਟ ਪਵਾ ਰਿਹਾ ਹੈ, ਉਹ ਸਰਾਸਰ ਗਲਤ ਹੋਵੇਗਾ । ਕੀ ਦਿੱਲੀ 'ਚ ਵਿਧਾਨ ਸਭਾ ਨੂੰ ਖ਼ਤਮ ਕੀਤਾ ਜਾਏਗਾ ?

**ਦਰਪਣ ਝੂਠ ਨਹੀਂ ਬੋਲਦਾ**

### ਬਿਹਾਰ 'ਚ ਲਾਲੂ ਪਰਿਵਾਰ ਉਪਰ ਸੀਬੀਆਈ ਦੀ ਛਾਪੇਮਾਰੀ

ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਪਿਛਲੇ ਹਫ਼ਤੇ ਲਾਲੂ ਪ੍ਰਸਾਦ, ਰਾਬੜੀ ਦੇਵੀ ਅਤੇ ਉਨਾਂ ਦੀਆਂ ਦੋ ਬੇਟੀਆਂ ਸਮੇਤ ਕੁੱਲ 15 ਲੋਕਾਂ ਖ਼ਿਲਾਫ਼ ਮੁਕੱਦਮਾ ਦਰਜ



ਕੀਤਾ ਅਤੇ ਦਿੱਲੀ, ਪਟਨਾ, ਛਪਰਾ ਸਮੇਤ ਕੁੱਲ 16 ਥਾਵਾਂ 'ਤੇ ਛਾਪੇਮਾਰੀ ਕੀਤੀ। ਇਹ ਮਾਮਲਾ 2004 ਤੋਂ 2009 ਦਰਮਿਆਨ ਲਾਲੂ ਪ੍ਰਸਾਦ ਦੇ ਰੇਲ ਮੰਤਰੀ ਰਹਿਣ ਸਮੇਂ ਦਾ ਹੈ। ਸੀ.ਬੀ.ਆਈ. ਦਾ ਕਹਿਣਾ ਹੈ ਕਿ ਉਸ ਸਮੇਂ ਰੇਲਵੇ 'ਚ ਗਰੁੱਪ 'ਡੀ' ਦੀ ਭਰਤੀ ਦੇ ਬਦਲੇ 'ਚ ਲਾਲੂ ਪ੍ਰਸਾਦ ਨੇ ਆਪਣੇ ਪਰਿਵਾਰ ਦੇ ਲੋਕਾਂ ਦੇ ਨਾਂਅ 'ਤੇ ਕੁੱਲ ਇਕ ਲੱਖ ਪੰਜ ਹਜ਼ਾਰ ਵਰਗ ਫੁੱਟ ਜ਼ਮੀਨ ਵੱਖ-ਵੱਖ ਲੋਕਾਂ ਤੋਂ ਲਈ ਸੀ। ਇਸ ਛਾਪੇ ਦਾ ਸਮਾਂ ਹੈਰਾਨ ਕਰਨ ਵਾਲਾ ਹੈ। ਜੁਲਾਈ 2017 ਵਿਚ ਆਰ.ਜੇ.ਡੀ. ਦਾ ਸਾਥ ਛੱਡਣ ਤੋਂ ਬਾਅਦ ਪਹਿਲੀ ਵਾਰ ਪਿਛਲੇ ਮਹੀਨੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਰਾਬੜੀ ਦੇਵੀ ਦੇ ਘਰ 'ਚ ਹੋਈ ਇਫ਼ਤਾਰ ਪਾਰਟੀ ਵਿਚ ਸ਼ਿਰਕਤ ਕੀਤੀ ਸੀ। ਉਸ ਤੋਂ ਬਾਅਦ ਨਿਤਿਸ਼ ਦੀ ਪਾਰਟੀ ਦੀ ਇਫ਼ਤਾਰ ਦਾਅਵਤ 'ਚ ਤੇਜੱਸਵੀ ਸ਼ਾਮਿਲ ਹੋਏ ਸਨ। ਉਸ ਤੋਂ ਬਾਅਦ ਜਾਤੀ ਮਰਦਮਸ਼ੁਮਾਰੀ ਨੂੰ ਲੈ ਕੇ ਤੇਜੱਸਵੀ ਨੇ ਨਿਤਿਸ਼ ਨਾਲ ਮੁਲਾਕਾਤ ਕੀਤੀ। ਨਿਤੀਸ਼ ਦੇ ਭਰੋਸੇ 'ਤੇ ਤੇਜਸਵੀ ਨੇ ਆਪਣਾ ਅੰਦੋਲਨ ਰੋਕ ਦਿੱਤਾ। ਇਸ ਤੋਂ ਇਕ ਹਫ਼ਤੇ ਦੇ ਅੰਦਰ ਲਾਲੂ ਪਰਿਵਾਰ ਦੇ ਘਰ ਛਾਪਾ ਪੈ ਗਿਆ ਅਤੇ ਉੱਥੇ ਨਿਤਿਸ਼ ਨਾਲ ਉਨਾਂ ਦੀ ਮੁਲਾਕਾਤ ਵੀ ਹੋਣ ਵਾਲੀ ਹੈ। ਅਜਿਹੇ 'ਚ ਲਾਲੂ ਪਰਿਵਾਰ ਦੇ ਉੱਪਰ ਛਾਪਿਆਂ ਦਾ ਸਿੱਧਾ ਸਿਆਸੀ ਸੰਬੰਧ ਦਿਖਾਈ ਦੇ ਰਿਹਾ ਹੈ। ਪਰ ਜੇਕਰ ਨਵੇਂ ਸਿਆਸੀ ਸਮੀਕਰਨ ਬਣਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਤਾਂ ਅਜਿਹੇ ਛਾਪਿਆਂ ਨਾਲ ਜ਼ਿਆਦਾ ਕੁਝ ਹਾਸਲ ਨਹੀਂ ਹੋਵੇਗਾ।

### ਭਗਵੇਂਵਾਦੀਆਂ ਦੇ ਨਿਸ਼ਾਨੇ ਉਪਰ ਕੁਤੁਬ ਮੀਨਾਰ

ਸੁਪਰੀਮ ਕੋਰਟ ਨੇ ਗਿਆਨਵਾਪੀ ਮਸਜਿਦ ਵਿਚ ਹੋਏ ਸਰਵੇ ਦੇ ਮਾਮਲੇ ਦੀ ਸੁਣਵਾਈ ਕਰਦਿਆਂ 1991 ਦੇ ਧਰਮ ਅਸਥਾਨ ਕਾਨੂੰਨ ਬਾਰੇ ਜੋ ਟਿੱਪਣੀ ਕੀਤੀ ਹੈ, ਉਸ ਦਾ ਦੂਰਗਾਮੀ ਅਸਰ ਹੋਵੇਗਾ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕਾਨੂੰਨ ਵਿਚ ਇਹ ਨਿਯਮ ਹੈ ਕਿ ਕਿਸੇ ਧਰਮ ਅਸਥਾਨ ਦੀ 15 ਅਗਸਤ, 1947 ਵਾਲੀ ਸਥਿਤੀ ਨੂੰ ਨਹੀਂ ਬਦਲਿਆ ਜਾਵੇਗਾ, ਪਰ ਉਸ ਦਾ ਸਰਵੇ ਕਰਨ ਵਿਚ ਇਹ ਕਾਨੂੰਨ ਕੋਈ ਰੁਕਾਵਟ ਨਹੀਂ ਹੈ। ਇਸ ਦਾ ਮਤਲਬ ਹੈ ਕਿ ਸਰਵੇ ਉਨਾਂ ਹਜ਼ਾਰਾਂ ਧਰਮ ਅਸਥਾਨਾਂ ਦਾ ਹੋ ਸਕਦਾ ਹੈ, ਜਿਨਾਂ ਦੀ ਸੂਚੀ ਰਾਸ਼ਟਰੀ ਸੋਇਮ ਸੇਵਕ ਸੰਘ ਜਾਂ ਉਸ ਦੇ ਸਮਰਥਕ ਸੰਗਠਨਾਂ ਨੇ ਇਹ ਕਹਿੰਦੇ ਹੋਏ ਬਣਾ ਰੱਖੀ ਹੈ ਕਿ ਇਨਾਂ ਸਥਾਨਾਂ ਨੂੰ ਮੁਸਲਿਮ ਹਮਲਾਵਰਾਂ ਜਾਂ ਸ਼ਾਸਕਾਂ ਨੇ ਤੋੜਿਆ ਹੈ। ਇਸ ਆਧਾਰ 'ਤੇ ਮਥੁਰਾ ਵਿਚ ਵੀ ਸਰਵੇ ਅਤੇ ਆਈਕਾਨੋਗ੍ਰਾਫੀ ਹੋਵੇਗੀ ਅਤੇ ਕੁਤੁਬ ਮੀਨਾਰ 'ਚ ਵੀ ਹੋਵੇਗੀ। ਉਂਜ ਕੁਤੁਬ ਮੀਨਾਰ ਕੋਈ ਧਾਰਮਿਕ ਢਾਂਚਾ ਨਹੀਂ ਹੈ, ਅਲਬੱਤਾ ਉੱਥੇ ਇਕ ਮਸਜਿਦ ਹੈ। ਦੱਸਿਆ ਜਾ ਰਿਹਾ ਹੈ ਕਿ ਸੱਭਿਆਚਾਰਕ ਮੰਤਰਾਲੇ ਨੇ ਪੁਰਾਤੱਤਵ ਵਿਭਾਗ ਨੂੰ ਕੁਤੁਬ ਮੀਨਾਰ ਇਮਾਰਤ ਵਿਚ ਮੌਜੂਦ ਮੂਰਤੀਆਂ ਦੀ ਆਈਕਾਨੋਗ੍ਰਾਫੀ ਕਰਨ ਦਾ ਆਦੇਸ਼ ਦਿੱਤਾ ਹੈ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਉੱਥੇ ਆਉਣ ਵਾਲੇ ਸੈਲਾਨੀਆਂ ਨੂੰ ਹਿੰਦੂ ਅਤੇ ਜੈਨ ਮੂਰਤੀਆਂ



ਬਾਰੇ ਦੱਸਿਆ ਜਾਵੇ ਅਤੇ ਸਾਈਨ ਬੋਰਡ ਲਗਾ ਕੇ ਦਿਖਾਇਆ ਜਾਵੇ ਕਿ ਇਹ ਮੂਰਤੀਆਂ ਕਿੱਧਰ ਹਨ। ਇਹ ਪਹਿਲਾ ਪੜਾਅ ਹੈ। ਇਸ ਤੋਂ ਬਾਅਦ ਮੰਨਿਆ ਜਾ ਰਿਹਾ ਹੈ ਕਿ ਇਹ ਸਾਬਤ ਕਰਨ ਦਾ ਕੰਮ ਹੋਵੇਗਾ ਕਿ ਇਹ ਕਿਸੇ ਮੁਸਲਿਮ ਸ਼ਾਸਕ ਨੇ ਨਹੀਂ ਬਣਾਇਆ ਸੀ, ਸਗੋਂ ਇਹ 'ਸਨ ਟਾਵਰ' ਹੈ, ਜਿਸ ਨੂੰ ਗੁਪਤ ਵੰਸ਼ ਦੇ ਸ਼ਾਸਕ ਚੰਦਰਗੁਪਤ ਵਿਕਰਮਾਦਿੱਤਿਆ ਨੇ ਬਣਵਾਇਆ ਸੀ। ਕੁਝ ਦਿਨ ਪਹਿਲਾਂ ਹੀ ਪੁਰਾਤੱਤਵ ਸਰਵੇਖਣ ਵਿਭਾਗ ਦੇ ਖੇਤਰੀ ਨਿਰਦੇਸ਼ਕ ਰਹੇ ਧਰਮਵੀਰ ਸ਼ਰਮਾ ਨੇ ਇਹ ਦਾਅਵਾ ਕੀਤਾ ਸੀ।

# ਖੇਲੋ ਇੰਡੀਆ ਯੁਵਾ ਖੇਡਾਂ 'ਚ ਪਹਿਲੀ ਵਾਰ ਸ਼ਾਮਲ ਗੱਤਕਾ ਹੋਵੇਗਾ ਵਿਸ਼ੇਸ਼ ਖਿੱਚ ਦਾ ਕੇਂਦਰ

## ✪ 4 ਜੂਨ ਤੋਂ 6 ਜੂਨ ਤੱਕ ਪੰਚਕੂਲਾ ਦੇ ਸਟੇਡੀਅਮ 'ਚ ਹੋਣਗੇ ਜੰਗਜੂ ਮੁਕਾਬਲੇ : ਹਰਜੀਤ ਗਰੇਵਾਲ

## ✪ 16 ਰਾਜਾਂ ਦੇ ਲੜਕੇ ਤੇ ਲੜਕੀਆਂ ਦੀਆਂ ਟੀਮਾਂ 80 ਤਮਗਿਆਂ ਲਈ ਭਿੜਨਗੀਆਂ

**ਚੰਡੀਗੜ/ਏ.ਟੀ.ਨਿਊਜ਼ :-** ਤਾਊ ਦੇਵੀ ਲਾਲ ਸਪੋਰਟਸ ਕੰਪਲੈਕਸ ਪੰਚਕੂਲਾ, ਹਰਿਆਣਾ ਵਿਖੇ 4 ਜੂਨ ਤੋਂ 13 ਜੂਨ ਤੱਕ ਹੋ ਰਹੀਆਂ ਚੌਥੀਆਂ ਖੇਲੋ ਇੰਡੀਆ ਯੂਥ ਖੇਡਾਂ ਦੌਰਾਨ ਮਾਰਸ਼ਲ ਆਰਟ ਗੱਤਕਾ ਦੇ ਮੁਕਾਬਲੇ ਦਰਸ਼ਕਾਂ ਦੀ ਖਿਚ ਦਾ ਕੇਂਦਰ ਹੋਣਗੇ ਜਿਸ ਵਿਚ 16 ਰਾਜਾਂ ਦੇ ਗੱਤਕੇਬਾਜ਼ ਲੜਕੇ ਅਤੇ ਲੜਕੀਆਂ ਆਪੋ-ਆਪਣੇ ਜੌਹਰ ਦਿਖਾਉਣਗੀਆਂ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਦੇਸ਼ ਦੀ ਸਭ ਤੋਂ ਪੁਰਾਣੀ ਰਜਿਸਟਰਡ ਗੱਤਕਾ ਖੇਡ ਸੰਸਥਾ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ, ਸਟੇਟ ਐਵਾਰਡੀ, ਨੇ ਦੱਸਿਆ ਕਿ ਕੌਮੀ ਖੇਡਾਂ ਦੇ ਇਸ ਵੱਕਾਰੀ ਮਹਾਂਕੁੰਭ ਵਿੱਚ ਓਲੰਪਿਕ ਖੇਡਾਂ ਦਾ ਰੁਤਬਾ ਪ੍ਰਾਪਤ 25 ਖੇਡਾਂ ਤੋਂ ਇਲਾਵਾ ਮਾਰਸ਼ਲ ਆਰਟ ਗੱਤਕਾ ਵੀ ਇਸ ਵਾਰ ਖੇਲੋ ਇੰਡੀਆ ਯੁਵਾ ਖੇਡਾਂ ਦਾ ਹਿੱਸਾ ਬਣਿਆ ਹੈ। ਉਨਾਂ ਦੱਸਿਆ ਕਿ ਮਾਣ ਵਾਲੀ ਗੱਲ ਹੈ ਕਿ ਪਹਿਲੀ ਵਾਰ ਕੇਂਦਰੀ ਖੇਡ ਮੰਤਰਾਲੇ ਵੱਲੋਂ ਗੱਤਕਾ ਖੇਡ ਨੂੰ ਕੌਮੀ ਪੱਧਰ ਦੀਆਂ ਖੇਡਾਂ ਵਿੱਚ ਮੁਕਾਬਲੇ ਵਾਲੀ ਖੇਡ ਵਜੋਂ ਸ਼ਾਮਲ ਕਰਕੇ ਪੁਰਾਤਨ ਗੱਤਕੇ ਨੂੰ ਮਾਨਤਾ ਦਿੱਤੀ ਹੈ।

ਗੱਤਕਾ ਪ੍ਰਮੋਟਰ ਸ. ਗਰੇਵਾਲ ਨੇ ਦੱਸਿਆ ਕਿ ਸਪੋਰਟਸ ਅਥਾਰਟੀ ਆਫ਼ ਇੰਡੀਆ ਵੱਲੋਂ ਇਸ ਖੇਡ ਮਹਾਂਕੁੰਭ ਨੂੰ ਸਫਲਤਾਪੂਰਵਕ ਨੇਪਰੇ ਚਾੜਨ ਲਈ ਉਚੇਚੇ ਤੌਰ 'ਤੇ ਗੇਮਜ਼ ਟੈਕਨੀਕਲ ਕੰਡਕਟ ਕਮੇਟੀ (ਜੀਟੀਸੀਸੀ) ਗਠਤ ਕੀਤੀ ਗਈ ਹੈ।ਇਸ ਉੱਚ ਤਾਕਤੀ ਅਧਿਕਾਰਤ ਕਮੇਟੀ ਵਿਚ ਸਮੂਹ ਖੇਡਾਂ ਦਾ ਇੱਕ ਇੱਕ ਨੁਮਾਇੰਦਾ ਬਤੌਰ ਕੰਪੀਟੀਸ਼ਨ ਮੈਨੇਜਰ ਸ਼ਾਮਲ ਕੀਤਾ ਗਿਆ ਹੈ ਅਤੇ ਸਰਕਾਰ ਨੇ ਉਨਾਂ ਨੂੰ ਗੱਤਕਾ ਕੰਪੀਟੀਸ਼ਨ ਮੈਨੇਜਰ ਵਜੋਂ ਇਸ ਅਖਤਿਆਰੀ ਕਮੇਟੀ ਵਿੱਚ ਸ਼ਾਮਲ ਕੀਤਾ ਹੈ।

ਜੀਟੀਸੀਸੀ ਕਮੇਟੀ ਦੇ ਕੰਪੀਟੀਸ਼ਨ ਮੈਨੇਜਰ ਸ. ਗਰੇਵਾਲ ਨੇ ਦੱਸਿਆ ਕਿ ਖੇਲੋ ਇੰਡੀਆ ਯੁਵਾ ਖੇਡਾਂ ਦੌਰਾਨ ਗੱਤਕਾ



ਮੁਕਾਬਲੇ 4 ਜੂਨ ਤੋਂ 6 ਜੂਨ ਤੱਕ ਹੋਣਗੇ ਜਿਨਾਂ ਵਿੱਚ 16 ਰਾਜਾਂ ਦੀਆਂ ਲੜਕੇ ਅਤੇ ਲੜਕੀਆਂ ਦੀਆਂ ਗੱਤਕਾ ਟੀਮਾਂ ਭਾਗ ਲੈ ਰਹੀਆਂ ਹਨ। ਉਨਾਂ ਦੱਸਿਆ ਕਿ ਇਨਾਂ ਗੱਤਕਾ ਮੁਕਾਬਲਿਆਂ ਵਿਚ ਸ਼ਾਮਲ 256 ਗੱਤਕੇਬਾਜ਼ 80 ਤਮਗਿਆਂ ਲਈ ਵੱਖ-ਵੱਖ ਮੁਕਾਬਲਿਆਂ ਵਿੱਚ ਭਿੜਨਗੇ।

ਉਨਾਂ ਦੱਸਿਆ ਕਿ ਕ੍ਰਿਕਟ ਸਟੇਡੀਅਮ ਪੰਚਕੂਲਾ ਅੰਦਰ ਬਣਾਏ ਗਏ ਵਿਸ਼ੇਸ਼ ਵਾਤਾਅਨੁਕੂਲ ਪੰਡਾਲ ਵਿੱਚ 4 ਜੂਨ ਨੂੰ ਸਵੇਰੇ 9 ਵਜੇ ਇਨਾਂ ਮੁਕਾਬਲਿਆਂ ਦਾ ਉਦਘਾਟਨ ਹੋਵੇਗਾ ਅਤੇ 6 ਜੂਨ ਨੂੰ ਬਾਅਦ ਦੁਪਹਿਰ 3 ਵਜੇ ਮੁਕਾਬਲਿਆਂ ਵਿੱਚੋਂ ਜੇਤੂ ਰਹੇ ਗੱਤਕੇਬਾਜ਼ਾਂ ਨੂੰ ਇਨਾਮ ਤਕਸੀਮ ਕੀਤੇ ਜਾਣਗੇ। ਉਨਾਂ ਕਿਹਾ ਕਿ ਖੇਡਾਂ ਦੇ ਇਸ ਮਹਾਕੁੰਭ ਦੌਰਾਨ ਬਾਹਰਲੇ ਰਾਜਾਂ ਤੋਂ ਆਉਣ ਵਾਲੇ ਖਿਡਾਰੀਆਂ ਅਤੇ ਦਰਸ਼ਕਾਂ ਲਈ ਮਾਰਸ਼ਲ ਆਰਟ ਗੱਤਕਾ ਵਿਸੇਸ ਖਿੱਚ ਦਾ ਕੇਂਦਰ ਹੋਵੇਗਾ।

ਕੌਮੀ ਗੱਤਕਾ ਖੇਡ ਸੰਸਥਾ ਦੇ ਪ੍ਰਧਾਨ ਸ. ਗਰੇਵਾਲ ਨੇ ਦੱਸਿਆ ਕਿ ਇਨਾਂ ਖੇਡਾਂ ਦੌਰਾਨ ਗੱਤਕਾ ਮੁਕਾਬਲੇ ਪੇਪਰ ਰਹਿਤ ਹੋਣਗੇ ਅਤੇ ਮੈਚਾਂ ਦੌਰਾਨ ਸਕੋਰਿੰਗ ਲਈ ਕੰਪਿਊਟਰੀਕ੍ਰਿਤ ਪ੍ਰੋਗਰਾਮ ਲਾਗੂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦਰਸ਼ਕਾਂ ਨੂੰ ਨਾਲੋ-ਨਾਲ ਸਕੋਰਿੰਗ ਦਿਖਾਉਣ ਲਈ ਡਿਜ਼ੀਟਲ ਸਕੋਰਬੋਰਡ ਅਤੇ ਐਲਈਡੀ ਸਕਰੀਨ ਵੀ ਲਗਾਏ ਜਾਣਗੇ। ਇਨਾਂ ਗੱਤਕਾ ਮੁਕਾਬਲਿਆਂ ਦਾ ਸਿੱਧਾ ਪ੍ਰਸਾਰਨ ਵੈੱਬਸਾਈਟਾਂ 'ਤੇ ਵੀ ਹੋਵੇਗਾ।

# ਸਿਆਸਤ ਦੀ ਭੇਟ ਚੜਦੇ ਪੰਜਾਬ ਦੇ ਨੌਜਵਾਨ

## 1984 ਦਾ ਸਮਾਂ ਹੋਵੇ ਜਾਂ ਫਿਰ 2022 ਦਾ ਪੰਜਾਬ ਹੋਵੇ



**ਸਰਬਜੀਤ ਕੌਰ ਸਰਬ**

ਸਮੇਂ ਦੀ ਹਕੂਮਤ ਬੇਸ਼ੱਕ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦੀ ਹੋਵੇ ਪਰ ਉਸ ਨੇ ਕਰਨਾ ਉਹ ਹੀ ਹੈ ਜੋ ਦਿੱਲੀਓਂ ਹੁਕਮ ਹੋਵੇ। ਪੰਜਾਬ ਦੀ ਸਿਆਸਤ ਨੇ ਕਦੇ ਵੀ ਆਪਣੇ ਪੰਜਾਬ ਦੇ ਲੋਕਾਂ ਦਾ ਪੱਖ ਉਨਾਂ ਅੱਗੇ ਨਹੀਂ ਰੱਖਿਆ, ਜੋ ਦਿੱਲੀ ਨੂੰ ਚੰਗਾ ਲੱਗਦਾ, ਉਂਜ ਹੀ ਪੰਜਾਬ ਵਿਚ ਕੀਤਾ ਜਾਂਦਾ ਰਿਹਾ ਹੈ। ਬੇਸ਼ੱਕ 1984 ਦਾ ਸਮਾਂ ਹੋਵੇ ਜਾਂ ਫਿਰ 2022 ਦਾ ਪੰਜਾਬ ਹੋਵੇ, ਹੋਣਾ ਉਹ ਹੀ, ਜਿਸ ਨਾਲ ਸਮੇਂ ਦੀ ਹਕੂਮਤ ਆਪਣਾ ਪ੍ਰਭਾਵ ਲੋਕਾਂ ਵਿੱਚ ਵਧੇਰੇ ਪਾਵੇ।

ਇਹ ਲੋਕ ਆਪਣੀ ਸਿਆਸਤ ਨੂੰ ਲੰਬੇ ਸਮੇਂ ਤੱਕ ਚਲਾਉਣ ਦੇ ਲਈ ਲੋਕ ਮਨਾਂ ਵਿੱਚ ਆਪਣਾ ਪ੍ਰਭਾਵ ਕਾਇਮ ਕਰਦੇ ਹਨ। ਜੇਕਰ ਗੱਲ 1984 ਦੀ ਕੀਤੀ ਜਾਵੇ ਤਾਂ ਉਸ ਸਮੇਂ ਇੰਦਰਾ ਗਾਂਧੀ ਆਪਣੇ ਪੈਰ ਜਮਾਉਣ ਦੇ ਲਈ ਸਿਆਸਤੀ ਖੇਡਾਂ ਖੇਡਦੀ ਹੈ ਤੇ ਅੰਤ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਹਾਦਤ ਨਾਲ ਹਕੂਮਤ ਆਪਣੀ ਪੈਰ ਜਮਾਉਂਦੀ ।

2022 ਵਿੱਚ ਅਰਵਿੰਦ ਕੇਜਰੀਵਾਲ ਭਾਰਤ ਦੇ ਬਾਕੀ ਰਾਜਾਂ ਉੱਤੇ ਪ੍ਰਭਾਵ ਪਾਉਣ ਦੇ ਲਈ ਪੰਜਾਬ ਵਿੱਚ ਸਿਆਸਤ ਖੇਡ ਰਿਹਾ ਹੈ। ਸਿਆਸਤ ਦੀ ਇਸ ਖੇਡ ਵਿੱਚ ਪੰਜਾਬ ਦਾ ਨੌਜਵਾਨ ਹਥਿਆਰਾਂ ਦੀ ਭੇਟ ਚੜ ਰਹੇ ਹਨ। ਜਿਨਾਂ ਵਿੱਚ ਉਹ ਨੌਜਵਾਨ ਸ਼ਾਮਲ ਹਨ, ਜੋ ਕਿਸੇ ਨਾ ਕਿਸੇ ਤਰੀਕੇ ਰਾਹੀਂ ਪੰਜਾਬ ਦਾ ਨਾਮ ਸੰਸਾਰ ਭਰ ਵਿਚ ਰੋਸ਼ਨ ਕਰ ਰਹੇ ਹਨ ਚਾਹੇ ਉਹ ਖੇਡ ਜਗਤ ਹੋਵੇ ਫ਼ਿਲਮੀ ਸੰਸਾਰ ਹੋਵੇ ਜਾਂ ਫਿਰ ਸੰਗੀਤ ਦੀ ਦੁਨੀਆਂ ਵਿਚ ਹੋਵੇ। ਪਰ ਇਨਾਂ ਨੌਜਵਾਨਾਂ ਨੂੰ ਦਿਨ ਦਿਹਾੜੇ ਗੋਲੀਆਂ ਮਾਰ ਕੇ ਸਦਾ ਲਈ ਮੌਤ ਦੀ ਨੀਂਦ ਸੁਲਾ ਦਿੱਤਾ ਜਾਂਦਾ ਹੈ।

ਮੁੱਢ ਕਦੀਮ ਤੋਂ ਪੰਜਾਬ ਨੇ ਆਪਣੀ ਝੋਲੀ ਵਿਚ ਨੌਜਵਾਨਾਂ ਦੀਆਂ ਲਾਸ਼ਾਂ ਭਰੀਆਂ ਹਨ ਤੇ ਅੰਦਰੋਂ ਸਦਾ ਇੱਕ ਆਵਾਜ਼ ਹੀ ਨਿਕਲੀ ਹੈ 'ਤੇਰਾ ਭਾਣਾ ਮੀਠਾ ਲਾਗੇ'।ਪਰ ਜੋ ਅੱਜ ਦਾ ਦੌਰ ਚੱਲ ਰਿਹਾ ਹੈ ਉਸ ਨੂੰ ਦੇਖ ਕੇ ਅਸੀਂ ਅਕਾਲ ਪੁਰਖ ਨੂੰ ਦੋਸ਼ ਨਹੀਂ ਦੇ ਸਕਦੇ ਕਿਉਂਕਿ ਅੱਜ ਦੀ ਜ਼ਿੰਮੇਵਾਰੀ ਸਿਆਸਤ ਦੀ ਹੈ।



ਜੇਕਰ ਸਰਕਾਰਾਂ ਚੰਗੀਆਂ ਹੋਣ ਤਾਂ ਨੌਜਵਾਨੀ ਦਿਨ ਦਿਹਾੜੇ ਕਤਲ ਨਾ ਹੋਵੇ, ਮਾਵਾਂ ਆਪਣੇ ਪੁੱਤਰਾਂ ਦੀਆਂ ਲਾਸ਼ਾਂ ਝੋਲੀ ਵਿਚ ਨਾ ਪਾਣ, ਕੋਈ ਪਿਓ ਆਪਣੇ ਪੁੱਤਰ ਦੀ ਲਾਸ਼ ਨੂੰ ਮੋਢਾ ਨਾ ਦੇਵੇ ਅਤੇ ਨਾ ਹੀ ਨੌਜਵਾਨਾਂ ਦਾ ਆਪਸ ਵਿੱਚ ਕੋਈ ਵੈਰ ਵਿਰੋਧ ਕਾਇਮ ਹੋਵੇ ।

ਜਦੋਂ ਸੰਦੀਪ ਨੰਗਲ ਅੰਬੀਆਂ ਦਾ ਕਤਲ ਹੋਇਆ ਸੀ ਉਸ ਸਮੇਂ ਤੋਂ ਹੀ ਇਵੇਂ ਪ੍ਰਤੀਤ ਹੁੰਦਾ ਸੀ ਕੀ ਪੰਜਾਬ ਵਿੱਚ ਕਾਨੂੰਨੀ ਵਿਵਸਥਾ ਦੀਆਂ ਧੱਜੀਆਂ ਉੱਡ ਰਹੀਆਂ ਹਨ। ਅੱਜ ਸਿੱਧੂ ਮੂਸੇ ਵਾਲੇ ਦੇ ਕਤਲ ਨੇ ਇਸ ਗੱਲ ਨੂੰ ਸੱਚ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਵਿੱਚ ਕਾਨੂੰਨ ਨੂੰ ਕੁਝ ਲੋਕਾਂ ਦੁਆਰਾ ਸਿਰਫ਼ ਹੱਥ ਦੀ ਖੇਡ ਸਮਝਿਆ ਜਾ ਰਿਹਾ ਹੈ।

ਅੱਜ ਹਰ ਇੱਕ ਵਿਦਵਾਨ, ਕੌਮ ਦਾ ਦਰਦ ਰੱਖਣ ਵਾਲਾ ਪੰਥ ਦਰਦੀ ਇੱਕੋ ਗੱਲ ਆਖ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਇੱਕ ਗੱਲ ਨੂੰ ਜਨਤਕ ਕਰਕੇ ਵਿਰੋਧੀਆਂ ਨੂੰ ਅਲਰਟ ਕਰਦੀ ਆ ਰਹੀ ਹੈ। ਉਹ ਆਪਣਾ ਪ੍ਰਭਾਵ ਭਾਰਤ ਦੇ ਹੋਰਨਾਂ ਰਾਜਾਂ ਵਿੱਚ ਪਾਉਣ ਦੀ ਖਾਤਰ ਆਪਣੀ ਹਰ ਇੱਕ ਕਾਰਗੁਜ਼ਾਰੀ ਨੂੰ ਸੋਸ਼ਲ ਮੀਡੀਆ ਉੱਤੇ ਵਾਇਰਲ ਕਰ ਰਹੀ ਹੈ। ਲੋਕਾਂ ਨੂੰ ਸੁਚੇਤ ਕਰਨਾ ਚੰਗੀ ਗੱਲ ਹੈ ਪਰ ਉਨਾਂ ਗੱਲਾਂ ਦਾ ਵੀ ਧਿਆਨ ਰੱਖਣਾ ਜ਼ਰੂਰੀ ਹੈ ਜਿਨਾਂ ਨਾਲ ਕਿਸੇ ਦੀ ਜ਼ਿੰਦਗੀ ਜੁੜੀ ਹੁੰਦੀ ਹੈ। ਪੰਜਾਬ ਦੀ ਸਿਅਸਤ 'ਚ ਇਸ ਸਮੇਂ ਜੋ ਸਭ ਤੋਂ ਵੱਧ ਮਸਲਾ ਉੱਠ ਰਿਹਾ ਹੈ ਉਹ ਹੈ ਸਕਿਉਰਿਟੀ ਦਾ, ਜਿਸ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰਸ਼ਨਾਂ ਦੇ ਘੇਰਿਆਂ ਵਿਚ ਘਿਰੀ ਹੋਈ ਹੈ। ਆਮ ਜਨਤਾ ਦੀ ਨੁਮਾਇੰਦਗੀ ਕਰਦੇ ਹਰ ਇੱਕ ਇਨਸਾਨ ਨੂੰ ਸਕਿਉਰਿਟੀ ਦੀ ਲੋੜ ਪੈਂਦੀ ਹੈ ਕਿਉਂਕਿ ਜਦੋਂ ਉਹ ਆਪਣਾ ਰਸਤਾ ਅਖ਼ਤਿਆਰ ਕਰਦਾ ਹੈ ਤਾਂ ਉਸ ਦੇ ਵਿਚਾਰ ਹਰ ਇਕ ਇਨਸਾਨ ਦੀ ਸੋਚ ਨਾਲ ਮੇਲ ਨਹੀਂ ਖਾਂਦੇ। ਜਿਸ ਦੇ ਕਾਰਨ ਆਪਸੀ ਮਨ ਮੁਟਾਵ ਵੱਧ ਜਾਂਦੇ ਹਨ। ਜੇਕਰ ਅਸੀਂ ਥੋੜਾ ਡੂੰਘਾਈ ਵਿੱਚ ਜਾ ਕੇ ਸੋਚਦੇ ਹਾਂ ਤਦ ਪਤਾ ਚਲਦਾ ਹੈ ਕਿ ਗਿਆਨ ਦਾ ਪ੍ਰਕਾਸ਼ ਹਰ ਇਕ ਇਨਸਾਨ ਦੇ ਅੰਦਰ ਨਹੀਂ ਜਗ ਸਕਦਾ। ਪਰ ਜਿਸ ਦੇ ਅੰਦਰ ਇਹ ਪ੍ਰਕਾਸ਼ ਪੈਦਾ ਹੋ ਜਾਂਦਾ ਹੈ ਉਸ ਦੀ ਸੋਚ ਵੱਖਰੀ ਹੋ ਜਾਂਦੀ ਹੈ, ਤਦ ਉਸ ਵੱਖਰੀ ਸੋਚ ਦਾ ਮਾਲਕ ਕੁਝ ਲੋਕਾਂ ਦੇ ਦਿਲਾਂ ਵਿੱਚ ਖ਼ਾਸ ਜਗਾ ਬਣਾ ਲੈਂਦਾ ਹੈ ਅਤੇ ਕੁਝ ਕੁ ਦੀਆਂ ਅੱਖਾਂ ਵਿੱਚ ਰੜਕਦਾ ਰਹਿੰਦਾ ਹੈ। ਇਸੇ ਕਾਰਨ ਹੀ ਸੁਰੱਖਿਆ ਪ੍ਰਦਾਨ ਕੀਤੀ ਹੈ। ਜੇਕਰ ਸਰਕਾਰ ਸੁਰੱਖਿਆ ਵਾਪਸ ਲੈਂਦੀ ਹੈ ਤਾਂ ਉਸ ਨੂੰ ਜਨਤਕ ਕਰਨਾ ਸਰਕਾਰ ਦੀ ਕੋਈ ਚੰਗੀ ਕਾਰਗੁਜ਼ਾਰੀ ਨਹੀਂ ਹੈ।

ਸੋਸ਼ਲ ਮੀਡੀਆ ਉੱਤੇ ਆਪਣੀ ਵਾਹ ਵਾਹੀ ਕਰਾਉਣੀ, ਸਿਆਸਤੀ ਲੋਕਾਂ ਨੇ ਆਪਣਾ ਪੈਂਤੜਾ ਬਣਾ ਲਿਆ। ਅੱਜ ਹਰ ਇਕ ਸਿਆਸੀ ਲੀਡਰ ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਿਤ ਹੋਵੇ ਜੇਕਰ ਚਾਰ ਲੋਕਾਂ ਵਿੱਚ ਜਾ ਕੇ ਵਿਚਰ ਰਿਹਾ ਹੈ ਤਾਂ ਉਹ ਇੱਥੋਂ ਹੀ ਲਾਈਵ ਹੋ ਕੇ ਆਪਣੀ ਪਾਰਟੀ ਦੀ ਨੁਮਾਇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਇਹ ਲੋਕ ਉਸ ਜਗਾ ਉੱਤੇ ਲਾਈਵ ਕਿਉਂ ਨਹੀਂ ਹੁੰਦੇ ਜਿੱਥੇ ਇਨਾਂ ਦੇ ਖ਼ਿਲਾਫ਼ ਧਰਨੇ ਦਿੱਤੇ ਜਾਂਦੇ ਹਨ। ਇਹ ਹੀ ਅਸਲੀ ਸਿਆਸਤ ਹੈ, ਜਿਸ ਦੇ ਜ਼ਰੀਏ ਹਕੂਮਤ ਲੰਬੇ ਸਮੇਂ ਤਕ ਲੋਕਾਂ ਉੱਪਰ ਕੀਤੀ ਜਾ ਸਕੇ । ਅਰਵਿੰਦ ਕੇਜਰੀਵਾਲ ਨੂੰ ਇਹ ਲੱਗ ਰਿਹਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਕੇਵਲ ਰੋਟੀ, ਕੱਪੜਾ ਤੇ ਮਕਾਨ ਦੀ ਜ਼ਰੂਰਤ ਹੈ। ਉਹ ਪੰਜਾਬ ਦੇ ਇਤਿਹਾਸ ਤੋਂ ਜਾਣੂ ਨਹੀਂ ਹਨ। ਜੇਕਰ ਉਹ ਸੱਚਮੁੱਚ ਪੰਜਾਬ ਦਾ ਭਲਾ ਚਾਹੁੰਦੇ ਹਨ ਪਹਿਲਾਂ ਪੰਜਾਬ ਦੀ ਨੌਜੁਆਨੀ ਨੂੰ ਸਿਆਸਤ ਮੁਕਤ ਕਰਨਾ ਪਵੇਗਾ ਤਾਂ ਜੋ ਉਹ ਹਕੂਮਤਾਂ ਦੇ ਪ੍ਰਭਾਵ ਵਿੱਚ ਨਾ ਪੈਣ ਅਤੇ ਨਾ ਹੀ ਕੋਈ ਗਲਤ ਰਸਤੇ ਅਖਤਿਆਰ ਕਰਨ। ਜੇਕਰ ਇੰਜ ਹੀ ਮਰਨ ਮਰਾਉਣ ਦੀ ਲੜੀ ਚਲਦੀ ਰਹੀ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਨੌਜਵਾਨੀ ਖ਼ਤਮ ਹੋ ਜਾਵੇਗੀ। ਕੁਝ ਕੁ ਤੇ ਨਸ਼ੇ ਨੇ ਖ਼ਤਮ ਕਰ ਦਿੱਤੀ ਹੈ ਤੇ ਕੁਝ ਇਹ ਰੰਜਿਸ਼ਾਂ ਕਰ ਦੇਣਗੀਆਂ।

# ਪੰਜਾਬ ਵਿਚ ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਦੀ ਭਰਮਾਰ



**ਤਰਲੋਚਨ ਸਿੰਘ ਭੱਟੀ**

'ਪੰਜਾਬ ਵਿਚ ਨਾਜਾਇਜ਼ ਕਬਜ਼ਿਆਂ ਦੀ ਭਰਮਾਰ', 'ਕਬਜ਼ੇ ਛੁਡਵਾਉਣ ਲਈ ਸਰਕਾਰ ਹੋ ਗਈ ਤਿਆਰ' ਆਦਿ ਸਿਰਲੇਖ ਵਾਲੀਆਂ ਖ਼ਬਰਾਂ ਦੀ ਮੀਡੀਆ ਵਿਚ ਭਰਮਾਰ ਹੈ। ਇਹ ਪੰਜਾਬ ਦੀ ਇਕ ਵੱਡੀ ਸਮੱਸਿਆ ਅਤੇ ਦੁਖਾਂਤ ਵੱਲ ਇਸ਼ਾਰਾ ਕਰਦੀਆਂ ਹਨ। ਪੰਚਾਇਤੀ ਅਤੇ ਸਰਕਾਰੀ ਜ਼ਮੀਨਾਂ, ਇਮਾਰਤਾਂ ਅਤੇ ਜਾਇਦਾਦਾਂ ਉੱਤੇ ਨਾਜਾਇਜ਼ ਕਬਜ਼ਾ ਕਰਨਾ ਅਤੇ ਫਿਰ ਉਸ ਨੂੰ ਬਣਾਈ ਰੱਖਣਾ ਪੰਜਾਬ ਵਿਚ ਅੱਤਵਾਦ ਦਾ ਇਕ ਨਵਾਂ ਰੂਪ ਹੈ। ਅੱਤਵਾਦ ਨੂੰ ਜੇਕਰ ਧੱਕੇਸ਼ਾਹੀ ਮੰਨ ਲਿਆ ਜਾਵੇ ਤਾਂ ਨਾਜਾਇਜ਼ ਕਬਜ਼ਾ ਵੀ ਧੱਕੇਸ਼ਾਹੀ ਹੀ ਹੈ ਜੋ ਪੈਸੇ ਅਤੇ ਬਾਹਾਂ ਦੇ ਜ਼ੋਰ ਨਾਲ ਲੈਂਡ ਮਾਫ਼ੀਆ ਸ਼ਰੇਆਮ ਚਲਾ ਰਿਹਾ ਹੈ।

ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਉਪਲਬਧ ਜਾਣਕਾਰੀ ਅਨੁਸਾਰ ਪੰਜਾਬ ਵਿਚ ਪੰਚਾਇਤਾਂ ਦਾ ਕੁੱਲ 6.68 ਲੱਖ ਏਕੜ ਰਕਬਾ ਹੈ ਜਿਸ ਵਿਚੋਂ 1.70 ਲੱਖ ਏਕੜ ਵਾਹੀਯੋਗ ਹੈ। ਇਕ ਤਿਹਾਈ ਹਿੱਸਾ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਵਾਸਤੇ ਰਾਖਵਾਂ ਰੱਖਿਆ ਗਿਆ ਹੈ। ਜੇਕਰ ਗੈਰ-ਕਾਸ਼ਤ ਰਕਬੇ ਦੀ ਬਾਜ਼ਾਰੀ ਕੀਮਤ ਦੀ ਗੱਲ ਕੀਤੀ ਜਾਵੇ ਤਾਂ ਔਸਤਨ ਬਾਜ਼ਾਰੀ ਕੀਮਤ 30 ਲੱਖ ਰੁਪਏ ਦੇ ਹਿਸਾਬ ਨਾਲ 5400 ਕਰੋੜ ਰੁਪਏ ਕੀਮਤ ਬਣਦੀ ਹੈ। ਕਾਸ਼ਤ ਅਧੀਨ ਪੰਚਾਇਤੀ ਜ਼ਮੀਨ ਦਾ ਔਸਤਨ ਸਾਲਾਨਾ ਠੇਕਾ 35000-40000 ਰੁਪਏ ਪ੍ਰਤੀ ਏਕੜ ਪੰਚਾਇਤਾਂ ਨੂੰ ਮਿਲ ਸਕਦਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ 14230 ਏਕੜ ਪੰਚਾਇਤੀ ਜ਼ਮੀਨ ਦੇ ਮੁਕੱਦਮੇ ਚੱਲ ਰਹੇ ਹਨ ਜਿਨਾਂ ਵਿਚੋਂ 3143 ਏਕੜ ਜ਼ਮੀਨ ਦੇ ਸੁਪਰੀਮ ਕੋਰਟ ਵਿਚ, 5853 ਏਕੜ ਦੇ ਹਾਈ ਕੋਰਟ ਵਿਚ ਪੈਂਡਿੰਗ ਹਨ। ਕਮਿਸ਼ਨਰਾਂ ਦੀ ਅਦਾਲਤਾਂ ਵਿਚ 2232 ਏਕੜ ਅਤੇ ਕੁਲੈਕਟਰਾਂ ਦੀ ਅਦਾਲਤਾਂ ਵਿਚ 2547 ਏਕੜਾਂ ਦੇ ਕੇਸ ਚੱਲ ਰਹੇ ਹਨ। ਕੁੱਲ 1500 ਦੇ ਲਗਭਗ ਹੋਰ ਕੇਸ ਵੀ ਅਦਾਲਤਾਂ ਵਿਚ ਲੰਬਿਤ ਹਨ। ਪਿਛਲੇ 10 ਸਾਲਾਂ ਤੋਂ 2447 ਏਕੜ ਪੰਚਾਇਤੀ ਜ਼ਮੀਨ ਦੇ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ।

ਪੰਜਾਬ ਵਿਚ ਵਿਜੀਲੈਂਸ ਬਿਊਰੋ ਅਨੁਸਾਰ 3700 ਏਕੜ ਤੋਂ ਵਧੇਰੇ ਸ਼ਾਮਲਾਤ (ਸ਼ਾਮਲਾਟ) ਦਿਹ ਗ਼ੈਰ-ਕਾਨੂੰਨੀ ਢੰਗ ਨਾਲ ਮੁਹਾਲੀ ਜ਼ਿਲੇ ਦੇ ਪਿੰਡਾਂ ਵਿਚ ਪ੍ਰਭਾਵਸ਼ਾਲੀ ਲੋਕਾਂ ਨੇ ਨਾਜਾਇਜ਼ ਤੌਰ 'ਤੇ ਹਥਿਆਈ ਹੋਈ ਹੈ। ਪੰਜਾਬ ਸਰਕਾਰ ਵੱਲੋਂ ਕਰੀਬ 36,000 ਏਕੜ ਪੰਚਾਇਤੀ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਸ 'ਤੇ ਲੰਬੇ ਸਮੇਂ ਤੋ ਪ੍ਰਭਾਵਸ਼ਾਲੀ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ ਅਤੇ ਆਪਣੇ ਹੱਕ ਵਿਚ ਉਨਾਂ ਨੇ ਮਾਲ ਰਿਕਾਰਡ ਵਿਚ ਭੰਨ-ਤੋੜ ਵੀ ਕਰਵਾਈ ਹੋਈ ਹੈ। 'ਦਿ ਈਸਟ ਪੰਜਾਬ ਹੋਲਡਿੰਗਜ਼ (ਕਨਸੋਲੀਡੇਸ਼ਨ ਐਂਡ ਪ੍ਰੀਵੈਂਸ਼ਨ ਆਫ ਫਰੈਗਮਾਸਟੇਸ਼ਨ) ਐਕਟ 948' ਜਾਂ 'ਮੁਰੱਬਾਬੰਦੀ ਕਾਨੂੰਨ 1948' ਦਾ ਜ਼ਿਕਰ ਕਰਨਾ ਬਣਦਾ ਹੈ।

ਇਸ ਕਾਨੂੰਨ ਰਾਹੀਂ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਉਪਲਬਧ ਲੋਕਾਂ ਦੀਆਂ ਜ਼ਮੀਨਾਂ ਦੇ ਟੱਕਾਂ ਨੂੰ ਇਕ ਥਾਂ ਕਰਨ ਦੀ ਵਿਵਸਥਾ ਕੀਤੀ ਗਈ ਅਤੇ ਪਿੰਡ ਦੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਸਾਂਝੀਆਂ ਥਾਵਾਂ ਲਈ ਜ਼ਮੀਨ ਰਾਖਵੀਂ ਕੀਤੀ ਗਈ। ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਇਸ ਕਾਨੂੰਨ ਰਾਹੀਂ ਪੰਜਾਬ ਵਿਚ ਪਿੰਡ ਵਸਾਉਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਗਈ। ਇਹ ਕੰਮ ਮਾਲ ਵਿਭਾਗ ਅਤੇ ਲੋਕਾਂ ਦੇ ਆਪਸੀ ਮਿਲਵਰਤਨ ਨਾਲ ਸਾਂਝੀਆਂ ਥਾਵਾਂ-ਪਿੰਡ ਦੀ ਆਬਾਦੀ, ਪਿੰਡ ਦੀ ਪੰਚਾਇਤ ਲਈ ਆਮਦਨ ਦਾ ਸਾਧਨ ਤਿਆਰ ਕਰਨਾ, ਸੜਕਾਂ ਗਲੀਆਂ-ਫਿਰਨੀਆਂ, ਖੂਹ, ਛੱਪੜਾਂ, ਖਾਲ, ਨਾਲੇ ਨਹਿਰਾਂ, ਡੰਗਰਾਂ ਲਈ ਚਰਾਂਦਾਂ, ਲੋਕਾਂ ਦੇ ਸਮਾਜਿਕ ਇਕੱਠ ਲਈ ਜਗਾ, ਮਾਲ ਡੰਗਰਾਂ ਲਈ ਮੰਡੀਆਂ, ਰੂੜੀਆਂ, ਮੜੀਆਂ, ਸਕੂਲ, ਹਸਪਤਾਲ, ਡਿਸਪੈਂਸਰੀਆਂ, ਜੰਞਘਰ, ਪੰਚਾਇਤਘਰ, ਪੂਜਾ ਸਥਾਨ, ਖੇਡ ਮੈਦਾਨ ਆਦਿ ਲਈ ਸ਼ਾਮਲਾਤ ਜ਼ਮੀਨਾਂ ਦਾ ਪ੍ਰਬੰਧ ਕੀਤਾ ਗਿਆ ਜਿਨਾਂ ਨੂੰ ਕਾਨੂੰਨੀ ਤੌਰ 'ਤੇ ਪਿੰਡ ਦੀਆਂ ਗ੍ਰਾਮ ਪੰਚਾਇਤਾਂ ਨੂੰ ਸ਼ਾਮਲਾਤ ਦੇਹ ਦਾ ਮਾਲਕ ਅਤੇ ਕਸਟੋਰਡੀਅਨ ਬਣਾਇਆ ਗਿਆ ਹੈ। ਕਾਨੂੰਨੀ ਵਿਵਸਥਾ ਕੀਤੀ ਗਈ ਹੈ ਕਿ ਸ਼ਾਮਲਾਤ ਜ਼ਮੀਨ ਕਦੇ ਵੀ ਉਸ ਦੇ ਪਹਿਲੇ ਮਾਲਕ/ਕਾਬਜ਼ ਦੇ ਨਾਮ ਦੁਬਾਰਾ ਤਬਦੀਲ ਨਹੀਂ ਹੋ ਸਕੇਗੀ ਅਤੇ ਨਾ ਹੀ ਕਿਸੇ ਵਿਅਕਤੀ ਵਿਸ਼ੇਸ਼ ਦਾ ਇਸ ਉੱਤੇ ਕਬਜ਼ਾ ਹੋਵੇਗਾ। ਗ੍ਰਾਮ ਪੰਚਾਇਤ ਵੀ ਇਸ ਨੂੰ ਨਾ ਤਾਂ ਵੇਚ ਸਕਦੀ ਹੈ ਅਤੇ ਨਾ ਹੀ ਇਸ ਦੀ ਵੰਡ/ ਤਬਾਦਲਾ ਕਰ ਸਕਦੀ ਹੈ।

ਜ਼ਿਕਰਯੋਗ ਹੈ ਕਿ ਦਿ ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਐਕਟ 1961 ਜਾਂ ਪੰਜਾਬ ਪੇਂਡੂ ਸ਼ਾਮਾਲਾਤ ਜ਼ਮੀਨਾਂ ਨੂੰ ਨਿਯਮਤ ਕਰਨ ਦਾ ਕਾਨੂੰਨ ਮੌਜੂਦ ਹੈ। ਇਸ ਕਾਨੂੰਨ ਅਨੁਸਾਰ ਮਾਲ ਰਿਕਾਰਡ ਵਿਚ ਦਰਜ ਸ਼ਾਮਲਾਤ 'ਦਿਹ' ਤੋਂ ਭਾਵ ਉਹ ਜ਼ਮੀਨਾਂ ਹਨ ਜੋ ਪਿੰਡ ਵਾਸੀਆਂ ਦੇ ਸਾਂਝੇ ਕੰਮਾਂ ਗਲੀਆਂ, ਸੜਕਾਂ, ਖੇਡ ਮੈਦਾਨ, ਡੰਗਰਾਂ ਦੀਆਂ ਚਰਾਂਦਾਂ, ਖੂਹੀਆਂ, ਟੋਬੇ, ਛੱਪੜ, ਪਸ਼ੂ ਮੇਲੇ ਵਾਲੀਆਂ ਥਾਵਾਂ, ਗ਼ੈਰ ਵਾਹੀਯੋਗ ਬੰਜਰ ਜ਼ਮੀਨ ਲਈ ਛੱਡੀਆਂ ਸਾਂਝੀਆਂ ਜ਼ਮੀਨਾਂ ਗ੍ਰਾਮ ਪੰਚਾਇਤਾਂ ਦੇ ਅਧਿਕਾਰ ਖੇਤਰਾਂ ਵਿਚ ਆਉਂਦੀਆਂ ਹਨ। ਹਾਈ ਕੋਰਟ ਅਤੇ ਸੁਪਰੀਮ ਕੋਰਟ ਤੋਂ ਇਲਾਵਾ ਹੋਰ ਕੋਈ ਵੀ ਅਦਾਲਤ ਸ਼ਾਮਲਾਤ (ਦਿਹ) ਦੇ ਕੇਸਾਂ ਨੂੰ ਨਹੀਂ ਸੁਣ ਸਕਦੀ। ਸ਼ਾਮਲਾਤ/ਸ਼ਾਮਲਾਟ ਅਰਬੀ ਮੂਲ ਦਾ ਸ਼ਬਦ ਹੈ। ਇਹ ਸ਼ਾਮਲ ਦਾ ਬਹੁਵਚਨ ਹੈ-ਭਾਵ, ਹਿੱਸੇਦਾਰੀ, ਸਾਂਝਾ, ਮੁਸ਼ਤਰਕਾ। ਪਿੰਡ ਦੀ ਸਾਂਝੀ ਜ਼ਮੀਨ ਨੂੰ 'ਸ਼ਾਮਲਾਤ-ਏ-ਦਿਹ' ਕਹਿੰਦੇ ਹਨ ਜਿਸ ਵਿਚ ਸਾਰੇ ਸ਼ਾਮਲ ਹੋਣ। ਸੁਪਰੀਮ ਕੋਰਟ ਦੇ ਡਬਲ ਬੈਂਚ (ਜਸਟਿਸ ਹੇਮੰਤ ਗੁਪਤਾ ਅਤੇ ਜਸਟਿਸ ਵੀ. ਰਾਮਾਸੁਬਰਾਮਨੀਅਨ) ਵੱਲੋਂ 7 ਅਪ੍ਰੈਲ 2022 ਨੂੰ ਸਟੇਟ ਆਫ ਹਰਿਆਣਾ ਬਨਾਮ ਜੈ ਸਿੰਘ ਅਤੇ ਹੋਰ ਸਿਵਲ ਅਪੀਲ ਨੰ. 6990 ਸੰਨ 2014 ਅਤੇ ਸਿਵਲ ਅਪੀਲ ਨੰ. 1680 ਸੰਨ 2022 ਦੇ ਸਬੰਧ ਵਿਚ ਕੀਤੇ ਗਏ ਇਤਿਹਾਸਕ ਫ਼ੈਸਲੇ ਜੋ ਸਮੁੱਚੇ ਭਾਰਤ ਵਿਚ ਇਕ ਕਾਨੂੰਨ ਵਾਂਗ ਲਾਗੂ ਹੋਇਆ ਹੈ, ਅਨੁਸਾਰ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ 1961 ਜੋ ਹਰਿਆਣਾ ਸਰਕਾਰ ਵੱਲੋਂ 1992 ਵਿਚ ਸੋਧਿਆ ਗਿਆ ਹੈ, ਹਰ ਪੱਖੋਂ ਸੰਵਿਧਾਨਕ ਹੈ।

ਹਰਿਆਣਾ ਸਰਕਾਰ ਅਤੇ ਹਰਿਆਣਾ ਰਾਜ ਦੀਆਂ ਪੰਚਾਇਤਾਂ ਦੀ ਤਾਰੀਫ਼ ਕਰਨੀ ਬਣਦੀ ਹੈ ਕਿ ਉਨਾਂ ਨੇ ਸਾਲ 1992 ਤੋਂ ਲੈ ਕੇ 2022 ਤਕ ਲਗਭਗ 30 ਸਾਲ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਵਿਚ ਪੰਜਾਬ ਰਾਜ ਕਾਮਨ ਲੈਂਡ (ਰੈਗੂਲੇਸ਼ਨ) ਸਮੇਤ ਹਰਿਆਣਾ ਸੋਧ ਐਕਟ 1992 ਅਤੇ ਸ਼ਾਮਲਾਤ ਜ਼ਮੀਨਾਂ ਦੀ ਹਿਫ਼ਾਜ਼ਤ ਕਰਨ ਲਈ ਇਕ ਠੋਸ ਨੀਤੀ ਅਤੇ ਨੀਅਤ ਅਪਣਾਈ ਹੈ। ਪੰਜਾਬ ਨੂੰ ਵੀ ਹਰਿਆਣਾ ਵਾਂਗ ਪੰਜਾਬ ਵਿਚ ਉਪਲਬਧ ਸ਼ਾਮਲਾਤ ਜ਼ਮੀਨਾਂ ਉੱਤੇ ਹੋਏ ਨਾਜਾਇਜ਼ ਕਬਜ਼ਿਆਂ ਨੂੰ ਤੁਰੰਤ ਹਟਾ ਕੇ ਇਹ ਜ਼ਮੀਨਾਂ ਪੰਚਾਇਤਾਂ ਦੇ ਹਵਾਲੇ ਕਰਨੀਆਂ ਚਾਹੀਦੀਆਂ ਹਨ ਅਤੇ ਪੰਜਾਬ ਦੇ ਲੋਕਾਂ ਪੱਖੀ ਸਿਆਸੀ ਸੂਝ-ਬੂਝ ਅਤੇ ਠੋਸ ਨੀਤੀ ਦਾ ਸਬੂਤ ਦੇਣਾ ਚਾਹੀਦਾ ਹੈ। ਭਗਵੰਤ ਮਾਨ, ਮੁੱਖ ਮੰਤਰੀ, ਪੰਜਾਬ ਨੇ ਸਰਕਾਰੀ/ਪੰਚਾਇਤੀ ਜ਼ਮੀਨਾਂ 'ਤੇ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ੇ ਕਰਨ ਵਾਲਿਆਂ ਨੂੰ ਇਹ ਨਾਜਾਇਜ਼ ਕਬਜ਼ੇ 31 ਮਈ 2022 ਤਕ ਕਬਜੇ ਛੱਡਣ ਲਈ ਅਪੀਲ ਕੀਤੀ ਸੀ ਜਿਸ ਦੀ 'ਡੈੱਡਲਾਈਨ' ਖ਼ਤਮ ਹੋ ਗਈ ਹੈ। 'ਜਿਹੜੇ ਵਿਅਕਤੀਆਂ ਨੇ ਸਰਕਾਰੀ ਜਾਂ ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਹਨ, ਭਾਵੇਂ ਉਹ ਰਾਜਨੀਤਕ ਲੋਕ ਜਾਂ ਅਫ਼ਸਰ ਹਨ ਜਾਂ ਫਿਰ ਰਸੂਖ਼ਦਾਰ ਲੋਕ, ਉਨਾਂ ਨੂੰ ਮੈਂ ਅਪੀਲ ਕਰਦਾ ਹਾਂ ਕਿ ਜਿਨਾਂ ਨੇ ਅਜੇ ਵੀ ਕਬਜ਼ੇ ਨਹੀਂ ਛੱਡੇ, ਉਹ ਸਰਕਾਰ ਦੀ ਅਪੀਲ ਦੇ ਮੱਦੇ-ਨਜ਼ਰ ਸ਼ਾਮਲਾਤ ਜ਼ਮੀਨਾਂ ਪੰਚਾਇਤਾਂ ਨੂੰ ਦੇ ਦੇਣ। ਇਨਾਂ ਸਾਂਝੀਆਂ ਜ਼ਮੀਨਾਂ ਦਾ ਸਦ-ਉਪਯੋਗ ਕਰ ਕੇ ਲੋਕ ਕਲਿਆਣ ਦੇ ਕੰਮ ਵਿੱਢੇ ਜਾ ਸਕਦੇ ਹਨ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਫਿਰ ਕਾਨੂੰਨ ਆਪਣਾ ਰਸਤਾ ਅਖ਼ਤਿਆਰ ਕਰੇਗਾ।ਉਹ ਨਾਜਾਇਜ਼ ਕਬਜ਼ੇ ਛੱਡ ਕੇ ਜ਼ਮੀਨਾਂ ਸਰਕਾਰ ਨੂੰ ਦੇ ਦੇਣ, ਨਹੀ ਤਾਂ ਪੁਰਾਣੇ ਅਤੇ ਨਵੇਂ ਖ਼ਰਚੇ ਪਾਏ ਜਾ ਸਕਦੇ ਹਨ'।

ਪੰਜਾਬ ਸਰਕਾਰ ਨੇ ਸ਼ਾਮਲਾਤ ਜ਼ਮੀਨਾਂ ਉੱਤੇ ਨਾਜਾਇਜ਼ ਕਾਬਜ਼ਾਂ ਨੂੰ ਅਪੀਲ ਕਰਨ ਤੋਂ ਇਲਾਵਾ ਨਾਜਾਇਜ਼ ਕਬਜ਼ੇ ਹਟਾਉਣ ਲਈ ਵਿਸ਼ੇਸ਼ ਟਾਸਕ ਫੋਰਸ ਦਾ ਹੀ ਗਠਨ ਕੀਤਾ ਹੈ ਜਿਸ ਵਿਚ ਡਿਪਟੀ ਕਮਿਸ਼ਨਰ, ਐੱਸਡੀਐੱਮ, ਤਹਿਸੀਲਦਾਰ, ਮਾਲ ਅਫ਼ਸਰ, ਪੁਲਿਸ ਅਧਿਕਾਰੀ, ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਸ਼ਾਮਲ ਹਨ। ਟਾਸਕ ਫੋਰਸ ਨਾਜਾਇਜ਼ ਕਾਬਜ਼ਾਂ ਕੋਲੋਂ ਜ਼ਮੀਨਾਂ ਛੁਡਵਾਉਣ ਲਈ ਕਾਨੂੰਨ ਅਨੁਸਾਰ ਲੋੜੀਂਦੀ ਕਾਗਜ਼ੀ ਕਾਰਵਾਈ ਕਰੇਗੀ ਅਤੇ ਲੋੜ ਪੈਣ 'ਤੇ ਤਾਕਤ ਦੀ ਵਰਤੋਂ ਵੀ ਕਰੇਗੀ। ਸ਼ਾਮਲਾਤ ਜ਼ਮੀਨਾਂ ਨੂੰ ਬਚਾਉਣ ਤੋਂ ਭਾਵ ਸਮੁੱਚੇ ਪਿੰਡ ਵਾਸੀਆਂ ਦੀਆਂ ਸਾਂਝੀਆਂ ਲੋੜਾਂ ਦੀ ਪੂਰਤੀ ਲਈ ਸ਼ਾਮਲਾਤ ਜ਼ਮੀਨਾਂ ਪੰਚਾਇਤਾਂ ਦੇ ਹਵਾਲੇ ਕਰਨੀਆਂ ਅਤਿ ਜ਼ਰੂਰੀ ਹਨ। ਸੁਪਰੀਮ ਕੋਰਟ ਦੇ 7 ਅਪ੍ਰੈਲ 2022 ਦੇ ਫ਼ੈਸਲੇ ਅਨੁਸਾਰ ਪੁਰਾਣੇ ਮਾਲਕਾਂ/ ਕਾਬਜ਼ਾਂ ਨੂੰ ਸ਼ਾਮਲਾਤ ਜ਼ਮੀਨ ਦੁਬਾਰਾ ਵੰਡੀ ਨਹੀਂ ਜਾ ਸਕਦੀ। ਇਸ ਫ਼ੈਸਲੇ ਰਾਹੀਂ ਸੁਪਰੀਮ ਕੋਰਟ ਵੱਲੋਂ ਹਾਈ ਕੋਰਟਾਂ ਵਿਚ ਲੰਬਿਤ ਕੇਸਾਂ/ ਫ਼ੈਸਲਿਆਂ ਨੂੰ ਖ਼ਾਰਜ ਕੀਤਾ ਗਿਆ ਹੈ। ਸ਼ਾਮਲਾਤ ਦਿਹ ਵੇਚੀ ਜਾਂ ਅਦਲੀ-ਬਦਲੀ ਜਾਂ ਵੰਡੀ ਨਹੀਂ ਜਾ ਸਕਦੀ ਸਿਵਾਏ ਪਿੰਡ ਦੇ ਲੋਕਾਂ ਦੀਆਂ ਸਾਂਝੀਆਂ ਲੋੜਾਂ ਦੀ ਪੂਰਤੀ ਅਤੇ ਆਮਦਨ ਨੂੰ ਵਧਾਉਣ ਲਈ ਕੇਵਲ ਠੇਕੇ ਉੱਤੇ ਦਿੱਤੀਆਂ ਜਾ ਸਕਦੀਆਂ ਹਨ। ਸ਼ਾਮਲਾਤ ਦਿਹ, ਪੰਜਾਬ ਦੇ ਪਿੰਡਾਂ ਦਾ ਭਵਿੱਖ ਹਨ, ਨਿਰਸੰਦੇਹ।

# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਆਮਦ : ਇਕ ਅਦੁੱਤੀ ਵਰਤਾਰਾ



**ਅਜਮੇਰ ਸਿੰਘ**

ਜਦੋਂ ਅਸੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਰਾਜਸੀ ਦ੍ਰਿਸ਼ ਉੱਤੇ ਪ੍ਰਗਟ ਹੋਣ ਅਤੇ ਫਿਰ ਥੋੜੇ ਹੀ ਸਮੇਂ ਦੇ ਅੰਦਰ ਸਿੱਖ ਜਨ-ਸਮੂਹ ਦੇ ਦਿਲੋ-ਦਿਮਾਗ਼ਾਂ ਉੱਤੇ ਪੂਰੀ ਤਰਾਂ ਨਾਲ ਛਾਅ ਜਾਣ ਦੇ ਵਰਤਾਰੇ ਦਾ ਗਹਿਰਾ ਮੁਲਾਂਕਣ ਕਰਦੇ ਹਾਂ, ਤਾਂ ਅਸੀਂ ਇਸ ਦੀ ਵਚਿੱਤਰਤਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ। ਇਸ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ ਜੋ ਇਸ ਨੂੰ ਅਲੌਕਿਕ ਬਣਾਉਂਦੀਆਂ ਹਨ। ਕਈ ਵੇਰਾਂ ਇਸ ਤਰਾਂ ਹੁੰਦਾ ਹੈ ਕਿ ਕਿਸੇ ਸਮਾਜ ਜਾਂ ਵਰਗ ਦੇ ਅੰਦਰ ਵਿਚਾਰਾਂ ਦਾ ਕੋਈ ਵਹਿਣ ਪਹਿਲਾਂ ਲੁਪਤ ਰੂਪ ਵਿਚ, ਸਤਹ ਦੇ ਹੇਠਾਂ, ਅੰਦਰੋਂ-ਅੰਦਰ ਰਮਦਾ ਤੁਰਿਆ ਆ ਰਿਹਾ ਹੁੰਦਾ ਹੈ, ਅਤੇ ਫਿਰ ਇਤਿਹਾਸ ਦੇ ਕਿਸੇ ਖ਼ਾਸ ਮੋੜ ’ਤੇ ਜਾ ਕੇ ਇਹ ਸਾਰੇ ਕੜ ਤੋੜ ਕੇ ਖੁੱਲ੍ਹੇ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ ਅਤੇ ਸ਼ਕਤੀਸ਼ਾਲੀ ਧਾਰਾ ਬਣ ਕੇ ਵਗਣਾ ਆਰੰਭ ਕਰ ਦਿੰਦਾ ਹੈ। ਇਹ ਅਮਲ, ਆਮ ਨਿਯਮ ਦੇ ਤੌਰ ’ਤੇ ਹੀ, ਕਦੇ ਵੀ ਨਿਰੋਲ ਆਪ-ਮੁਹਾਰਾ ਨਹੀਂ ਵਾਪਰਦਾ। ਇਸ ਵਿਚ ਆਗੂ-ਹਸਤੀ ਦਾ ਰੋਲ ਮਹੱਤਵਪੂਰਨ ਹੁੰਦਾ ਹੈ, ਜੋ ਆਪਣੇ ਵਿਸ਼ੇਸ਼ ਲੀਡਰੀ ਗੁਣਾਂ ਦੀ ਬਦੌਲਤ ਲੋਕਾਂ ਦੇ ਦੱਬੇ ਹੋਏ ਜਜ਼ਬਿਆਂ ਤੇ ਅਰਮਾਨਾਂ ਨੂੰ ਨਾ ਸਿਰਫ਼ ਜ਼ੁਬਾਨ ਦਿੰਦਾ ਹੈ, ਬਲਕਿ ਪ੍ਰੇਰਣਾਮਈ ਜੋਸ਼ ਦਾ ਤਾਅ ਦੇ ਕੇ ਉਨਾਂ ਨੂੰ ਪ੍ਰਚੰਡ ਵੀ ਕਰਦਾ ਹੈ। ਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਮਾਮਲਾ ਇਸ ਤੋਂ ਵੀ ਭਿੰਨ ਹੈ। ਉਸ ਨੇ ਜੋ ਕੁੱਝ ਕੀਤਾ, ਜਾਂ ਕਰ ਦਿਖਾਇਆ, ਉਹ ਸਿੱਖ ਪੰਥ ਦੇ ਅੰਦਰ ਪਹਿਲਾਂ ਤੋਂ ਰਮਦੀ ਆ ਰਹੀ ਕਿਸੇ ਲੁਪਤ ਜਾਂ ਮੱਧਮ ਧਾਰਾ ਨੂੰ ਸ਼ਕਤੀਸ਼ਾਲੀ ਵਹਿਣ ਦਾ ਰੂਪ ਦੇ ਦੇਣ ਵਾਲੀ ਗੱਲ ਨਹੀਂ ਸੀ। ਇਹ ਨਾ ਮਹਿਜ਼ ਸਿੱਖਾਂ ਦੇ ਦੱਬੇ ਹੋਏ ਅਰਮਾਨਾਂ ਨੂੰ ਜ਼ੁਬਾਨ ਦੇਣ ਵਰਗੀ ਹੀ ਗੱਲ ਸੀ, ਸਗੋਂ ਇਹ 130 ਸਾਲਾਂ ਤੋਂ ਵਗਦੀ ਆ ਰਹੀ ਨਿਸ਼ੇਧ ਧਾਰਾ ਦਾ ਉਲਟੇ-ਰੁਖ਼ ਮੂੰਹ ਭੁੰਆਂ ਦੇਣ ਅਤੇ ਲੰਮੇ ਚਿਰਾਂ ਤੋਂ ਸੁੱਤੀ ਪਈ ਕੌਮ ਨੂੰ ਹਲੂਣ ਕੇ ਡੂੰਘੀ ਨੀਂਦਰ ਤੋਂ ਜਗਾ ਦੇਣ ਵਾਲੀ ਅਸਚਰਜ ਕਰਾਮਾਤ ਸੀ। ਆਓ ਦੇਖੀਏ ਕਿਵੇਂ ?

1849 ਵਿਚ ਆਪਣਾ ਸੁਤੰਤਰ ਰਾਜ ਹੱਥੋਂ ਖੁਹਾ ਬੈਠਣ ਤੋਂ ਬਾਅਦ ਸਿੱਖਾਂ ਨੇ, ਹੌਲੀ ਹੌਲੀ, ਆਪਣੀ ਆਜ਼ਾਦ ਪਾਤਸ਼ਾਹੀ ਦਾ ਸੁਪਨਾ ਲੈਣਾ ਬੰਦ ਕਰ ਦਿੱਤਾ ਸੀ। 1857 ਵਿਚ ਸਿੱਖਾਂ ਦੇ ਇਕ ਛੋਟੇ ਜਿਹੇ ਵਰਗ ਨੇ ਇਸ ਸੁਪਨੇ ਨੂੰ ਮੁੜ ਜੀਵਤ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ। ਇਸੇ ਤਰਾਂ, 1871 ਵਿਚ ਬਾਬਾ ਰਾਮ ਸਿੰਘ ਜੀ ਦੀ ਅਗਵਾਈ ਹੇਠ ਕੂਕਿਆਂ ਨੇ ਵੀ ਖ਼ਾਲਸਾ ਰਾਜ ਦੀ ਬਹਾਲੀ ਦਾ ਇਕ ਜਾਂਬਾਜ਼ ਉਪਰਾਲਾ ਕੀਤਾ, ਜਿਸ ਨੂੰ ਅੰਗਰੇਜ਼ ਹਾਕਮਾਂ ਨੇ ਵਹਿਸ਼ੀਆਨਾ ਢੰਗਾਂ ਨਾਲ ਕੁਚਲ ਦਿੱਤਾ। ਪਰ ਇਹ ਦੋਨੋਂ ਹੀ ਯਤਨ, ਬੀਰਤਾ ਭਰੇ ਹੋਣ ਦੇ ਬਾਵਜੂਦ, ਆਮ ਸਿੱਖ ਜਨਤਾ ਦੇ ਜਜ਼ਬਿਆਂ ਨੂੰ ਟੁੰਬਣ ਵਿਚ ਬਹੁਤੇ ਕਾਮਯਾਬ ਨਹੀਂ ਸਨ ਹੋ ਸਕੇ। ਉਸ ਤੋਂ ਬਾਅਦ ਇਕ ਸਦੀ ਤੋਂ ਵੀ ਵੱਧ ਅਰਸੇ ਤਕ ਸਿੱਖ ਕੌਮ ਅੰਦਰ, ਸਮੂਹਕ ਤੇ ਜਥੇਬੰਦਕ ਰੂਪ ਵਿਚ, ਆਪਣੀ ਆਜ਼ਾਦ ਪਾਤਸ਼ਾਹੀ ਦਾ ਨਾ ਕਦੇ ਵਿਚਾਰ ਪੈਦਾ ਹੋਇਆ ਅਤੇ ਨਾ ਇਸ ਦਿਸ਼ਾ ਵਿਚ ਕੋਈ ਅਮਲੀ ਯਤਨ ਹੀ ਸਾਹਮਣੇ ਆਇਆ। ਇਸ ਸਾਰੇ ਅਰਸੇ ਦੌਰਾਨ ਸਿੱਖਾਂ ਵੱਲੋਂ ਜੋ ਵੀ ਰਾਜਨੀਤਕ ਸਰਗਰਮੀਆਂ ਹੋਈਆਂ ਅਤੇ ਜਿਹੜੀਆਂ ਰਾਜਸੀ ਧਾਰਾਵਾਂ ਚੱਲੀਆਂ, ਸਿੱਖ ਕੌਮ ਦੀ ਆਜ਼ਾਦੀ ਦਾ ਨਿਸ਼ਾਨਾ ਉਨਾਂ ਅੰਦਰੋਂ ਪ੍ਰਤੱਖ ਰੂਪ ਵਿਚ ਗ਼ਾਇਬ ਰਿਹਾ। ਵੀਹਵੀਂ ਸਦੀ ਅੰਦਰ ਸਿੱਖਾਂ ਦੇ ਕੁੱਝ ਵਰਗ, ਅੱਡ-ਅੱਡ ਮੌਕਿਆਂ ’ਤੇ, ਬਰਤਾਨਵੀ ਬਸਤੀਵਾਦੀ ਗ਼ਲਬੇ ਦੇ ਖ਼ਿਲਾਫ਼ ਆਪਣਾ ਗੁੱਸਾ ਤੇ ਰੋਹ ਜ਼ਰੂਰ ਪ੍ਰਗਟਾਉਂਦੇ ਰਹੇ ਅਤੇ ਭਾਰਤ ਅੰਦਰ ਚੱਲੇ ਹੋਰਨਾਂ ਰਾਜਸੀ ਅੰਦੋਲਨਾਂ ਦਾ ਅੰਗ ਬਣ ਕੇ ਕੁਰਬਾਨੀ ਤੇ ਜੁਝਾਰੂਪੁਣੇ ਦੀ ਸਪਿਰਟ ਦਾ ਗੌਰਵਸ਼ਾਲੀ ਮੁਜ਼ਾਹਰਾ ਕਰਦੇ ਰਹੇ। ਪੰਜਾਬ ਦੇ ਕੁੱਝ ਪੱਛਮੀ ਜ਼ਿਲਿਆਂ ਅੰਦਰ ‘ਪਗੜੀ ਸੰਭਾਲ ਜੱਟਾ’ ਦੀ ਲਹਿਰ (1905) ਦੇ ਰੂਪ ਵਿਚ ਪ੍ਰਗਟ ਹੋਇਆ ਜਾਨਦਾਰ ਕਿਸਾਨ ਉਭਾਰ ; ‘ਗਦਰ ਪਾਰਟੀ’ (1914-15) ਵੱਲੋਂ ਅੰਗਰੇਜ਼ ਹਕੂਮਤ ਦੇ ਵਿਰੁੱਧ ‘ਗ਼ਦਰ’ ਮਚਾਉਣ ਦੀ ਕੀਤੀ ਗਈ ਇਕ ਅਸਫਲ, ਪਰ ਜਾਂਬਾਜ਼ ਕੋਸ਼ਿਸ਼ ; ਸਿੱਖ ਜੁਝਾਰੂ ਵਿਰਸੇ ਤੋਂ ਪ੍ਰੇਰਿਤ ਹੋ ਕੇ ਦੁਆਬਾ ਖੇਤਰ ਅੰਦਰ ਕੁੱਝ ਸਿਰਲੱਥ ਯੋਧਿਆਂ ਦੁਆਰਾ ਮਾਰੀ ਗਈ (1925-26) ‘ਬੱਬਰ ਭਬਕ’ ; ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਵੱਲੋਂ (1926-31) ਕੀਤੇ ਗਏ ਸੂਰਮਗਤੀ ਵਾਲੇ ਕਾਰਨਾਮੇ, ਆਦਿ ਸਭ ਇਸ ਦੇ ਕੁੱਝ ਉਘੜਵੇਂ ਦ੍ਰਿਸ਼ਟਾਂਤ ਕਹੇ ਜਾ ਸਕਦੇ ਹਨ। ਪਰ ਇਹ ਸਾਰੀਆਂ ਹੀ ਰਾਜਸੀ ਲਹਿਰਾਂ ਭਾਰਤੀ ਦੇਸ਼ਭਗਤੀ ਦੇ ਜਜ਼ਬੇ ਤੋਂ ਪ੍ਰੇਰਿਤ ਸਨ। ਸਿੱਖ ਕੌਮ ਦੀ ਆਜ਼ਾਦੀ ਦਾ ਨਿਸ਼ਾਨਾ ਨਾ ਸਿਰਫ਼ ਇਨਾਂ ਦੀ ਕਿਸੇ ਰਾਜਨੀਤਕ ਯੋਜਨਾ ਦਾ ਅੰਗ ਨਹੀਂ ਸੀ, ਸਗੋਂ ਇਹ ਇਨਾਂ ਲਈ ਕੁਰਹਿਤ ਦੇ ਭਾਵ ਵੀ ਰੱਖਦਾ ਸੀ।



ਇਸੇ ਤਰਾਂ, ਇਸ ਸਮੁੱਚੇ ਅਰਸੇ ਦੌਰਾਨ ਸਿੱਖ ਭਾਈਚਾਰੇ ਨੂੰ ਧਾਰਮਿਕ ਪੱਖ ਤੋਂ ਸੁਦ੍ਰਿੜ ਬਣਾਉਣ ਦੇ ਯਤਨ ਲਗਾਤਾਰ ਹੁੰਦੇ ਰਹੇ। ਉੱਨੀਵੀਂ ਸਦੀ ਦੀ ਆਖਰੀ ਚੌਥਾਈ ਅੰਦਰ ਸਿੰਘ ਸਭਾ ਲਹਿਰ ਨੇ ਸਿੱਖ ਧਰਮ ਅਤੇ ਭਾਈਚਾਰੇ ਦੀਆਂ, ਹਿੰਦੂ ਧਰਮ ਤੇ ਸਮਾਜ ਨਾਲੋਂ ਵਖਰੇਵੇਂ ਦੀਆਂ ਹੱਦਬੰਦੀਆਂ ਨੂੰ ਨਿਖਰਵੇਂ ਰੂਪ ਵਿਚ ਉਘਾੜਨ ਅਤੇ ਸਥਾਪਤ ਕਰਨ ਹਿੱਤ ਬੇਹੱਦ ਸ਼ਲਾਘਾਯੋਗ ਯਤਨ ਕੀਤੇ, ਜਿਨਾਂ ਸਦਕਾ ਸਿੱਖ ਪੰਥ ਦੇ ਕਾਫ਼ੀ ਸਾਰੇ ਹਿੱਸਿਆਂ ਅੰਦਰ ਆਪਣੀ ਵੱਖਰੀ ਪਛਾਣ ਬਾਰੇ ਚੇਤਨਾ, ਜਿਹੜੀ ਕਿ ਪੁੱਜ ਕੇ ਕਮਜ਼ੋਰ ਤੇ ਖੁੰਢੀ ਹੋ ਗਈ ਸੀ, ਮੁੜ ਸਾਣ ਉੱਤੇ ਲੱਗ ਗਈ। ਪਰ ਇਹ ਚੇਤਨਾ ਸਿਰਫ਼ ਧਾਰਮਿਕ ਪੱਖ ਤੱਕ ਹੀ ਸੀਮਤ ਰਹੀ। ਸਿੰਘ ਸਭਾ ਲਹਿਰ ਦੇ ਆਗੂਆਂ ਦੀ ਰਾਜਸੀ ਵਿਚਾਰਧਾਰਾ ਦੀਆਂ ਸੀਮਤਾਈਆਂ ਦੀ ਬਦੌਲਤ, ਇਸ ਦਾ ਧਾਰਮਿਕ ਤੋਂ ਰਾਜਸੀ ਕਾਇਆਕਲਪ ਨਾ ਹੋ ਸਕਿਆ। ਸਿੱਟੇ ਵੱਜੋਂ, ਸਿੱਖ ਪੰਥ ਦੇ ਕੁੱਝ ਵਰਗਾਂ ਅੰਦਰ ਆਪਣੀ ਨਿਆਰੀ ਧਾਰਮਿਕ ਹਸਤੀ ਦਾ ਅਹਿਸਾਸ ਤਾਂ ਭਲੇ ਹੀ ਕਾਫ਼ੀ ਹੱਦ ਤਕ ਪਰਫੁੱਲਤ ਹੋ ਗਿਆ, ਪਰ ਪੰਥ ਦੇ ਕਿਸੇ ਵੀ ਵਰਗ ਅੰਦਰ ਕੌਮੀ ਆਜ਼ਾਦੀ ਦਾ ਰਾਜਸੀ ਜਜ਼ਬਾ ਪ੍ਰਫੁੱਲਤ ਨਾ ਹੋ ਸਕਿਆ। ਇਸ ਵਿਸੰਗਤੀ ਨੇ, ਬਾਅਦ ਵਿਚ ਜਾ ਕੇ, ਸਿੱਖ ਕੌਮ ਦੀ ਭਾਰੀ ਰਾਜਨੀਤਕ ਹਾਨੀ, ਤੇ ਨਾਲ ਹੀ ਹੇਠੀ ਵੀ, ਕੀਤੀ। ਇਸ ਤੋਂ ਬਾਅਦ ਵੀਹਵੀਂ ਸਦੀ ਦੇ ਆਰੰਭਕ ਦਹਾਕਿਆਂ ਦੌਰਾਨ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਨੇ ਆਪਣੀ ਰੂਹਾਨੀ ਸਖ਼ਸ਼ੀਅਤ ਦੇ ਪ੍ਰਭਾਵ ਨਾਲ ਸਿੱਖ ਭਾਈਚਾਰੇ ਦੇ ਚੋਖੇ ਹਿੱਸਿਆਂ ਦੇ ਮਨਾਂ ਅੰਦਰ ਸਿੱਖੀ ਪਿਆਰ ਦੀ ਤਰੰਗ ਪੈਦਾ ਕੀਤੀ ਅਤੇ ਉਨਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਗੁਰਾਂ ਦੇ ਲੜ ਲਾਇਆ। ਨਿਰੋਲ ਧਾਰਮਿਕ ਪੱਖ ਤੋਂ ਦੇਖਿਆ ਜਾਵੇ ਤਾਂ ਇਸ ਧਾਰਮਿਕ ਸਰਗਰਮੀ ਦੇ ਬੇਹੱਦ ਉਤਸ਼ਾਹਪੂਰਨ ਨਤੀਜੇ ਸਾਹਮਣੇ ਆਏ। ਸੰਤ ਅਤਰ ਸਿੰਘ ਜੀ ਦੀ ਪ੍ਰੇਰਣਾ ਸਦਕਾ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੇ ਪੂਰੇ ਚਾਅ, ਉਤਸ਼ਾਹ ਤੇ ਸ਼ਰਧਾ ਭਾਵ ਨਾਲ ਸਿੱਖ ਰਹਿਤ ਮਰਿਆਦਾ ਨੂੰ ਅਪਣਾਇਆ ਅਤੇ ਉਨਾਂ ਦੇ ਮਨਾਂ ਅੰਦਰ, ਆਪਣੇ ਨਿੱਜੀ ਆਚਾਰ ਨੂੰ ਸਿੱਖ ਨੈਤਿਕ ਕਦਰਾਂ-ਕੀਮਤਾਂ ਦੀ ਤਰਜ਼ ਉੱਤੇ ਢਾਲਣ ਦਾ ਪਰਬਲ ਜੋਸ਼ ਪੈਦਾ ਹੋਇਆ। ਗੁਰੂ ਕਾਲ ਤੋਂ ਬਾਅਦ, ਸਿੱਖ ਇਤਿਹਾਸ ਅੰਦਰ ਕਿਸੇ ਇੱਕ ’ਕੱਲੇ ਮਹਾਂਪੁਰਖ ਵੱਲੋਂ ਸਿੱਖ ਹਿਰਦਿਆਂ ਅੰਦਰ ਧਰਮ ਪ੍ਰਤੀ ਪਿਆਰ ਤੇ ਉਤਸ਼ਾਹ ਜਾਗਰਤ ਕਰ ਦੇਣ ਦੀ ਇਹ ਅਨੋਖੀ ਉਦਾਹਰਣ ਸੀ। ਪਰ ਇਸ ਸਮੁੱਚੇ ਧਾਰਮਿਕ ਉੱਦਮ ਦਾ ਮਨਫ਼ੀ ਪੱਖ ਇਹ ਸੀ, ਕਿ ਇਹ ਸਮਕਾਲੀ ਰਾਜਸੀ ਵਾਤਾਵਰਣ ਦੇ ਨਾਂਹ-ਪੱਖੀ ਵਿਚਾਰਧਾਰਕ ਪ੍ਰਭਾਵਾਂ ਤੋਂ ਅਛੋਹ ਨਹੀਂ ਸੀ। ਇਹ ਸਮੁੱਚੀ ਧਾਰਮਿਕ ਸਰਗਰਮੀ ਭਾਰਤੀ ਦੇਸ਼ ਭਗਤੀ ਦੀਆਂ ਝਰੀਆਂ ਵਿਚ ਹੀ ਘੁੰਮਦੀ ਸੀ ਅਤੇ ਬਹੁਤ ਹੀ ਸਿੱਧੇ ਤੇ ਪ੍ਰਤੱਖ ਰੂਪ ਵਿਚ ਹਿੰਦੂ ਸਵਰਨ ਵਰਗਾਂ ਦੀਆਂ ਤਤਕਾਲੀ ਰਾਜਸੀ ਲੋੜਾਂ ਤੇ ਲਾਲਸਾਵਾਂ ਦਾ ਪੱਖ ਪੂਰਦੀ ਸੀ। ਇਸ ਵਜਾ ਕਰਕੇ ਸਮਕਾਲੀ ਹਿੰਦੂ ਆਗੂਆਂ ਵੱਲੋਂ ਸੰਤ ਅਤਰ ਸਿੰਘ ਜੀ ਵੱਲ ਪ੍ਰਸੰਸਾ ਦਾ ਝੂਠਾ ਵਤੀਰਾ ਧਾਰਨ ਕਰਨਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਪੰਡਤ ਮਦਨ ਮੋਹਨ ਮਾਲਵੀਆਂ ਵੱਲੋਂ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਸਥਾਪਨਾ ਲਈ ਸੰਤ ਜੀ ਦਾ ਆਸ਼ੀਰਵਾਦ ਲੈਣ ਪਿੱਛੇ ਉਸਦੀ ਧਾਰਮਿਕ ਫ਼ਰਾਖ਼ਦਿਲੀ ਤੇ ਸੁਹਿਰਦਤਾ ਨਾਲੋਂ ਵੱਧ, ਸਿੱਖ ਭਾਈਚਾਰੇ ਨੂੰ ਹਿੰਦੂਵਾਦ ਦੀ ਬੁੱਕਲ ਵਿੱਚ ਲੈਣ ਦੀ ਮੰਦਭਾਵਨਾ ਕੰਮ ਕਰਦੀ ਸੀ। ਇਸ ਦੇ ਜੋ ਨਾਂਹ-ਪੱਖੀ ਸਿੱਟੇ ਨਿਕਲੇ, ਉਹ ਸਭ ਦੇ ਸਾਹਮਣੇ ਹਨ। ਇਥੇ ਸਾਡੇ ਵੱਲੋਂ ਇਹ ਪੜਚੋਲਵਾਂ ਵਿਸ਼ਲੇਸ਼ਣ ਕਰਨ ਦਾ ਭਾਵ, ਕਿਸੇ ਵੀ ਤਰਾਂ, ਸੰਤ ਅਤਰ ਸਿੰਘ ਜੀ ਦੇ ਗੌਰਵ ਨੂੰ ਨੀਵਾਂ ਦਿਖਾਉਣਾ ਨਹੀਂ। ਧਾਰਮਿਕ ਖੇਤਰ ਅੰਦਰ ਸੰਤ ਅਤਰ ਸਿੰਘ ਜੀ ਨੇ ਪੰਥ ਦੀ ਜੋ ਵਡਮੁੱਲੀ ਸੇਵਾ ਕੀਤੀ ਹੈ, ਉਸ ਨੂੰ ਨਾ ਭੁਲਾਇਆ ਜਾ ਸਕਦਾ ਹੈ ਅਤੇ ਨਾ ਹੀ ਘਟਾਇਆ ਜਾ ਸਕਦਾ ਹੈ। ਇਥੇ ਸਾਡਾ ਮੰਤਵ ਇਸ ਦੇ ਰਾਜਸੀ ਪ੍ਰਭਾਵਾਂ ਦਾ ਜਾਇਜ਼ਾ ਲੈਣਾ ਹੈ। ਅਸੀਂ ਉਸ ਵੇਲੇ ਦੇ ਭਾਰੂ ਰਾਜਨੀਤਕ ਤੇ ਵਿਚਾਰਧਾਰਕ ਰੌਂਅ ਦੀ ਗੱਲ ਕਰਦੇ ਹਾਂ, ਜਿਸ ਦੇ ਲਈ ਕਿਸੇ ਵਿਅਕਤੀ-ਵਿਸ਼ੇਸ਼ ਨੂੰ ਜ਼ਿੰਮੇਵਾਰ ਠਹਿਰਾਉਣਾ ਵਿਸ਼ਲੇਸ਼ਣ ਦੇ ਨੁਕਤਾ-ਨਜ਼ਰ ਤੋਂ ਉੱਚਿਤ ਨਹੀਂ ਬਣਦਾ। ਇਸ ਮਾਮਲੇ ’ਚ ਅਸੀ ਸਵਰਗਵਾਸੀ ਪ੍ਰੋ: ਪੂਰਨ ਸਿੰਘ ਦੀ ਇਸ ਸਿਖਿਆ ਨੂੰ ਆਧਾਰ ਮਿਥ ਕੇ ਚੱਲਦੇ ਹਾਂ ਕਿ, ਹਰ ਕਾਲ ਆਪਣੇ ਸਮੇਂ ਘਟੀਆਂ ਘਟਨਾਵਾਂ ਤੋਂ ਪਿੱਛੋਂ ਹੀ ਸਿਆਣਾ ਬਣਦਾ ਹੈ। ਉਨਾਂ ਦੇ ਵਾਪਰਨ ਤੋਂ ਪਹਿਲਾਂ ਉਹ ਅਜਿਹਾ ਸਿਆਣਾ ਘੱਟ ਹੀ ਹੁੰਦਾ ਹੈ।

**(6 ਜੂਨ ਵਿਸ਼ੇਸ਼)**

**ਪਹਾੜ ਜਿੱਡਾ ਕੰਮ**

ਇਸ ਸਾਰੀ ਚਰਚਾ ਤੋਂ ਸਾਨੂੰ ਉਸ ਸਥਿਤੀ ਦਾ ਪੂਰਨ ਆਭਾਸ ਹੋ ਜਾਂਦਾ ਹੈ ਜੋ ਸੰਤ ਜਰਨੈਲ ਸਿੰਘ ਦੇ ਰਾਜਸੀ ਮੰਚ ’ਤੇ ਪਰਵੇਸ਼ ਕਰਨ ਮੌਕੇ ਬਣੀ ਹੋਈ ਸੀ ਅਤੇ ਜਿਸ ਨੂੰ ਬਦਲਣ ਦਾ ਉਸ ਦੇ ਸਾਹਮਣੇ ਪਹਾੜ ਜਿੱਡਾ ਕਾਰਜ ਖੜਾ ਸੀ। ਉਸ ਨੂੰ ਦਰਪੇਸ਼ ਚੁਣੌਤੀਆਂ ਮਾਮੂਲੀ ਜਾਂ ਸਧਾਰਨ ਨਹੀਂ ਸਨ, ਇਹ ਬੇਹੱਦ ਵੱਡੀਆਂ ਤੇ ਅਸਾਧਾਰਨ ਸਨ। ਉਸ ਦੇ ਰਾਹ ਦੀਆਂ ਮੁਸ਼ਕਲਾਂ ਦਾ ਥਾਹ ਪਾਉਣ ਲਈ ਸਿੱਖ ਕੌਮ ਦੀ ਅੰਤਰਗਾਮੀ ਸਥਿਤੀ ਤੇ ਇਸ ਦੀਆਂ ਬਾਹਰਮੁਖੀ ਮੁਖ਼ਾਲਫ਼ ਸ਼ਕਤੀਆਂ, ਦੋਨਾਂ ਦਾ ਹਕੀਕੀ ਮੁਲਾਂਕਣ ਕਰਨਾ ਜ਼ਰੂਰੀ ਹੈ। ਪਹਿਲਾਂ ਬਾਹਰਮੁਖੀ ਪੱਖ ਨੂੰ ਲੈਂਦੇ ਹਾਂ।

ਕਿਸੇ ਵੀ ਸਥਾਪਤ, ਤੇ ਚੰਗੀ ਤਰਾਂ ਜਥੇਬੰਦ ਹੋਈ ਰਾਜ ਸ਼ਕਤੀ ਨਾਲ ਮੱਥਾ ਲਾਉਣਾ ਕਦੇ ਵੀ ਸੁਖਾਲਾ ਕਾਰਜ ਨਹੀਂ ਹੁੰਦਾ। ਇਸ ਦੇ ਵਾਸਤੇ ਅਸਾਧਾਰਨ ਹੌਂਸਲਾ ਤੇ ਸੂਰਮਤਾਈ ਦਰਕਾਰ ਹੁੰਦੀ ਹੈ। ਆਪਣੇ ਵੇਲੇ ਦੀ ਹਰ ਇਨਕਲਾਬੀ ਲਹਿਰ ਦਾ ਇਹ ਸਭ ਨਾਲੋਂ ਮੁੱਢਲਾ ਤੇ ਜ਼ਰੂਰੀ ਲੱਛਣ ਹੁੰਦਾ ਹੈ। ਸਿੱਖਾਂ ਦੇ ਜਿਹੜੇ ਹਿੱਸਿਆਂ ਨੇ ਵੀਹਵੀਂ ਸਦੀ ਅੰਦਰ ਬਰਤਾਨਵੀ ਸਾਮਰਾਜ ਵਿਰੁੱਧ ਹਥਿਆਰਬੰਦ ਬਗ਼ਾਵਤ ਦੀਆਂ ਕੋਸ਼ਿਸ਼ਾਂ ਵਿਚ ਹਿੱਸਾ ਲਿਆ ਸੀ, ਉਹ ‘ਗ਼ਦਰੀ ਦੇਸ਼ਭਗਤ’ ਸਨ ਜਾਂ ‘ਬੱਬਰ ਅਕਾਲੀ’, ਅਤੇ ਜਾਂ ਫਿਰ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਨੌਜਵਾਨ ਧਾਰਾ, ਉਨਾਂ ਸਭਨਾਂ ਅੰਦਰ ਕੁਰਬਾਨੀ ਤੇ ਸੂਰਮਗ਼ਤੀ ਦਾ ਜਜ਼ਬਾ ਠਾਠਾਂ ਮਾਰਦਾ ਸੀ। ਇਸ ਦੇ ਬਗੈਰ ਉਨਾਂ ਅੰਦਰ ਬਸਤੀਵਾਦੀ ਹਕੂਮਤ ਨਾਲ ਮੱਥਾ ਲਾਉਣ ਦੀ ਹਿੰਮਤ ਪੈਦਾ ਨਹੀਂ ਸੀ ਹੋ ਸਕਦੀ। (ਇਹ ਸੱਚ, ਥੋੜੇ ਬਹੁਤ ਫ਼ਰਕ ਨਾਲ, ਸੱਠਵਿਆਂ ਵਿਚ ਉੱਠੀ ਨਕਸਲੀ ਲਹਿਰ ਉੱਤੇ ਵੀ ਲਾਗੂ ਹੁੰਦਾ ਹੈ) ਪਰ ਸੰਤ ਜਰਨੈਲ ਸਿੰਘ ਦੀ ਪ੍ਰੇਰਣਾ ਸਦਕਾ ਪ੍ਰਗਟ ਹੋਈ ਸਿੱਖ ਖਾੜਕੂ ਲਹਿਰ ਦਾ ਮਾਮਲਾ ਇਨਾਂ ਸਾਰੀਆਂ ਲਹਿਰਾਂ ਨਾਲੋਂ ਬਹੁਤ ਭਿੰਨ ਹੈ। ਗ਼ਦਰੀ ਦੇਸ਼ਭਗਤ ਜਾਂ ਸ਼ਹੀਦ ਭਗਤ ਸਿੰਘ ਦੀ ਧਾਰਾ ਦੇ ਇਨਕਲਾਬੀ ਨੌਜਵਾਨ ਜਿਸ ਕਾਜ਼ ਨੂੰ ਲੈ ਕੇ ਬਰਤਾਨਵੀ ਹਕੂਮਤ ਵਿਰੁੱਧ ਲੜਾਈ ਲੜ ਰਹੇ ਸਨ, ਉਹ ਸਾਰੇ ਦੇਸ ਦੇ ਲੋਕਾਂ ਦਾ ਸਾਂਝਾ ਕਾਜ਼ ਸੀ। ਭਾਰਤੀ ਦੇਸ਼ਭਗਤੀ ਦੇ ਜਜ਼ਬੇ ਦਾ ਦਾਇਰਾ ਬੇਹੱਦ ਵਿਸ਼ਾਲ ਸੀ। ਸੋ ਜੇਕਰ ਨਿਰੋਲ ਤਾਕਤਾਂ ਦੀ ਕਤਾਰਬੰਦੀ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਇਕ ਪਾਸੇ ਮੁੱਠੀ ਭਰ ਬਦੇਸ਼ੀ ਸਾਮਰਾਜੀਏ ਤੇ ਉਨਾਂ ਦੇ ਦੇਸੀ ਝੋਲੀ ਚੁੱਕ ਸਨ, ਜਿਨਾਂ ਦੀ ਜੁੜਵੀਂ ਸੰਖਿਆ ਹਜ਼ਾਰਾਂ ਵਿਚ ਹੀ ਸੀ, ਲੱਖਾਂ ਵਿਚ ਨਹੀਂ। ਦੂਜੇ ਪਾਸੇ ਇਨਕਲਾਬੀ ਦੇਸ਼ਭਗਤਾਂ ਨੂੰ ਦੇਸ਼ ਦੀ ਚਾਲੀ ਕਰੋੜ ਜਨਤਾ ਦੀ ਨੈਤਿਕ ਹਮਾਇਤ ਤੇ ਹੱਲਾਸ਼ੇਰੀ ਹਾਸਲ ਸੀ, ਜੰਗ ਅੰਦਰ ਜਿਸ ਦਾ ਰੱਬ ਵਰਗਾ ਆਸਰਾ ਹੁੰਦਾ ਹੈ। ਇਸ ਦੀ ਤੁਲਨਾ ਵਿਚ, ਸੰਤ ਜਰਨੈਲ ਸਿੰਘ ਨੇ ਜਿਸ ਰਾਜ-ਸ਼ਕਤੀ ਨੂੰ ਵੰਗਾਰਿਆ ਸੀ, ਉਹ ਖ਼ਸਤਾ ਹਾਲਤ ਵਿਚ ਬਸਤੀਆਨਾ ਹਕੂਮਤ ਨਹੀਂ ਸੀ। ਉਹ ਇਕ ਆਧੁਨਿਕ ਤੇ ਪੂਰੀ ਤਰਾਂ ਨਾਲ ਸੰਗਠਿਤ ਸਟੇਟ ਸੀ, ਜਿਹੜੀ ਉਸ ਨੂੰ ਅੰਦਰੋਂ ਵੰਗਾਰ ਪਾਉਣ ਵਾਲੀ ਤਾਕਤ ਉੱਤੇ ਵਹਿਸ਼ੀ ਜ਼ੁਲਮ ਢਾਹੁਣ ਦੀ ਅਸੀਮ ਸਮਰੱਥਾ, ਰੁਚੀ ਤੇ ਦ੍ਰਿੜਤਾ ਰੱਖਦੀ ਹੈ। ਦੂਜਾ ਅਹਿਮ ਵਖਰੇਵਾਂ ਇਹ, ਕਿ ਸੰਤ ਜਰਨੈਲ ਸਿੰਘ ਜਿਸ ਕਾਜ਼ ਨੂੰ ਲੈ ਕੇ ਭਾਰਤੀ ਸਟੇਟ ਦੇ ਵਿਰੁੱਧ ਲੜਾਈ ਲੜ ਰਹੇ ਸਨ, ਸਮੁੱਚੇ ਦੇਸ ਅੰਦਰ ਨਾ ਸਿਰਫ ਉਸ ਕਾਜ਼ ਦੀ ਹਮਾਇਤ ਕਰਨ ਵਾਲਾ ਹੋਰ ਕੋਈ ਵੀ (ਵਰਗ) ਨਹੀਂ ਸੀ, ਸਗੋਂ ਉਲਟੀ ਗੱਲ ਇਹ ਸੀ ਕਿ ਦੇਸ ਦੀ ਅੱਸੀ ਕਰੋੜ ਹਿੰਦੂ ਜਨਤਾ ਉਸ ਕਾਜ਼ ਨੂੰ ਤਿੱਖੀ ਨਫ਼ਰਤ ਦੀ ਭਾਵਨਾ ਨਾਲ ਲੈਂਦੀ ਸੀ ਅਤੇ ਇਸ ਦੇ ਵਿਰੁੱਧ ਆਪਣੀਆਂ ਕੱਟੜ ਫ਼ਿਰਕੂ ਭਾਵਨਾਵਾਂ ਦਾ ਖੁੱਲ ਕੇ ਪ੍ਰਗਟਾਵਾ ਕਰਦੀ ਸੀ। ਸੋ ਇਸ ਤੁਲਨਾ ਵਿਚੋਂ ਤਿੰਨ ਅਹਿਮ ਵਖਰੇਵੇਂ ਪ੍ਰਤੱਖ ਹੋ ਜਾਂਦੇ ਹਨ। ਦੇਸ਼ਭਗਤ ਇਨਕਲਾਬੀ ਜਿਸ ਬਸਤੀਵਾਦੀ ਪ੍ਰਬੰਧ ਦੇ ਖਿਲਾਫ਼ ਲੜਾਈ ਲੜ ਰਹੇ ਸਨ ਉਹ ਪ੍ਰਬੰਧ, ਇਤਿਹਾਸਕ ਦ੍ਰਿਸ਼ਟੀ ਤੋਂ, ਮਰਨੇ ਪਿਆ ਹੋਇਆ ਸੀ। ਉਹ ਆਪਣੇ ਆਖ਼ਰੀ ਸਾਹ ਲੈ ਰਿਹਾ ਸੀ। ਬਸਤੀਆਨਾ ਹਕੂਮਤਾਂ, ਸੰਸਾਰ ਭਰ ਅੰਦਰ ਹੀ, ਆਪਣਾ ਕਾਰੋਬਾਰ ਸਮੇਟਣ ਦੇ ਅਮਲ ਵਿਚ ਸਨ। ਇਸ ਦੇ ਇਕਦਮ ਉਲਟ, ਸੰਤ ਜਰਨੈਲ ਸਿੰਘ ਨੇ ਜਿਸ ਪ੍ਰਬੰਧ ਅਤੇ ਰਾਜ ਸ਼ਕਤੀ ਨਾਲ ਆਢਾ ਲਾਇਆ ਸੀ, ਉਹ ਆਪਣੀ ਸਜਿੰਦ ਅਵਸਥਾ ਵਿਚ ਸੀ ਅਤੇ ਉਸ ਅੰਦਰ ਜਵਾਨੀ ਵਾਲਾ ਕਹਿਰ ਅਤੇ ਤਾਣ ਸੀ। ਇਕ ਵਾਧੂ ਤੱਥ ਇਹ ਕਿ ਭਾਰਤੀ ਸਟੇਟ ਨੂੰ, ਸਿੱਖਾਂ ਵਿਰੁੱਧ ਲੜਾਈ ਵਿਚ ਦੇਸ਼ ਦੇ ਲੋਕਾਂ ਦੀ ਵਿਆਪਕ ਹਮਾਇਤ ਹਾਸਲ ਸੀ। ਦੂਜੀ ਗੱਲ, ਦੇਸ਼ਭਗਤ ਇਨਕਲਾਬੀ ਇਕ ਤਾਂ ਜਿਸ ਵਿਚਾਰਧਾਰਾ ਦੇ ਖ਼ਿਲਾਫ਼ ਲੜ ਰਹੇ ਸਨ, ਅਤੇ ਦੂਜਾ, ਉਹ ਜਿਸ ਵਿਚਾਰਧਾਰਾ ਦਾ ਆਸਰਾ ਲੈ ਕੇ ਲੜ ਰਹੇ ਸਨ, ਦੋਨਾਂ ਹੀ ਪੱਖਾਂ ਤੋਂ ਸਮਾਂ (ਕਾਲ) ਉਨਾਂ ਦੇ ਪੂਰੀ ਤਰਾਂ ਨਾਲ ਸੀ। ਬਸਤੀਵਾਦੀ ਵਿਚਾਰਧਾਰਾ ਸੰਸਾਰ ਅੰਦਰ ਅਤਿ ਦੇ ਨਿਖੇੜੇ ਦੀ ਹਾਲਤ ਵਿਚ ਸੀ, ਅਤੇ ਰਾਸ਼ਟਰਵਾਦੀ ਵਿਚਾਰਧਾਰਾ ਨੂੰ ਪੂਰਾ ਜੋਬਨ ਚੜ੍ਹਿਆ ਹੋਇਆ ਸੀ। ਸੰਤ ਜਰਨੈਲ ਸਿੰਘ ਦੀ ਸਥਿਤੀ ਇਸ ਦੇ ਉਲਟ ਸੀ। ਜਿਸ ਬਸਤੀਵਾਦ ਦੇ ਖ਼ਿਲਾਫ਼ ਉਸ ਨੂੰ ਲਾੜਨਾ ਪੈ ਰਿਹਾ ਸੀ, ਉਹ ਪੁਰਾਣਾ ਰਵਾਇਤੀ ਨਮੂਨੇ ਦਾ ਬਸਤੀਵਾਦ ਨਹੀਂ ਸੀ, ਸਗੋਂ ਨਵੀਂ ਵੰਨਗੀ ਦਾ ‘ਅੰਦਰੂਨੀ ਬਸਤੀਵਾਦ ਸੀ, ਜੋ ਪੁਰਾਣੇ ਰਵਾਇਤੀ ਬਸਤੀਵਾਦ ਨਾਲੋਂ, ਕਈ ਸਾਰੇ ਪੱਖਾਂ ਤੋਂ, ਕਿਤੇ ਜ਼ਿਆਦਾ ਖ਼ਤਰਨਾਕ ਹੈ। ਇਸ ਅੰਦਰ ਆਪਣੇ ਅਸਲੀ ਖ਼ਾਸੇ ਨੂੰ ਛੁਪਾਉਣ, ਅਤੇ ਇਸ ਤਰਾਂ, ਭੁਲੇਖਾ ਪਾਉਣ ਦੀ ਸਮਰੱਥਾ ਕਿਤੇ ਜ਼ਿਆਦਾ ਹੈ। ਰਵਾਇਤੀ ਵੰਨਗੀ ਦੇ ਬਸਤੀਵਾਦੀ ਰਾਜਾਂ ਅੰਦਰ ਸਥਾਨਕ ਵਸੋਂ ਦੇ ਵੱਡੇ ਹਿੱਸਿਆਂ ਨੂੰ ਆਪਣੇ ਪੱਖ ਵਿਚ ਲਾਮਬੰਦ ਕਰ ਸਕਣ ਦੀ ਸਮਰੱਥਾ ਤੇ ਗੁੰਜਾਇਸ਼ ਬਹੁਤੀ ਨਹੀਂ ਸੀ। ਦੇਸ਼ ਭਗਤ ਇਨਕਲਾਬੀਆਂ ਨੂੰ ਜੇਕਰ ਦੇਸ ਦੇ ਲੋਕਾਂ ਦੀ ਬਹੁਤੀ ਸਰਗਰਮ ਹਮਾਇਤ ਨਹੀਂ ਵੀ ਮਿਲ ਸਕੀ ਸੀ, ਫਿਰ ਵੀ ਲੋਕਾਂ ਦੇ ਵੱਡੇ ਹਿੱਸਿਆਂ ਦੀਆਂ ਹਮਦਰਦੀਆਂ ਜ਼ਰੂਰ ਉਨਾਂ ਦੇ ਨਾਲ ਸਨ। ਉਨਾਂ ਨੂੰ ਨਫ਼ਰਤ ਕਰਨ ਵਾਲੇ ਅਤੇ ਉਨਾਂ ਦੀ ਸਰਗਰਮ ਮੁਖ਼ਾਲਫ਼ਤ ਕਰਨ ਵਾਲੇ ‘ਦੇਸ਼-ਭਾਈ’ ਮੂਲੋਂ ਹੀ ਥੋੜੀ ਗਿਣਤੀ ਵਿਚ ਸਨ। ਇਸ ਦੀ ਤੁਲਨਾ ਵਿੱਚ, ਨਵੇਂ ਅੰਦਰੂਨੀ ਕਿਸਮ ਦੇ ਬਸਤੀਵਾਦੀ ਰਾਜਾਂ ਅੰਦਰ, ਹੁਕਮਰਾਨਾਂ ਵੱਲੋਂ ਦੇਸ ਦੀ ਸਥਾਨਕ ਵੱਸੋਂ ਦੇ ਵੱਡੇ ਹਿੱਸਿਆਂ ਨੂੰ ਆਪਣੇ ਪੱਖ ਵਿਚ ਲਾਮਬੰਦ ਕਰਨ ਦੀ ਵਾਧੂ ਸਮਰੱਥਾ ਹੁੰਦੀ ਹੈ। ਖ਼ਾਸ ਕਰਕੇ ਜਿਹੜੇ ਰਾਜ ਬਹੁਗਿਣਤੀ ਵਰਗ ਦੀਆਂ ਧਾਰਮਿਕ ਜਾਂ ਰਾਸ਼ਟਰਵਾਦੀ ਭਾਵਨਾਵਾਂ, ਜੋ ਕਿ ਬਹੁਗਿਣਤੀ ਵਰਗ ਦੇ ਮਾਮਲੇ ’ਚ ਇੱਕੋ ਗੱਲ ਬਣ ਜਾਂਦੀ ਹੈ, ਦੀ ਓਟ ਲੈ ਕੇ ਚੱਲਦੇ ਹਨ, ਉਨਾਂ ਅੰਦਰ ਅਜਿਹੀ ਨਾਜ਼ੀਵਾਦੀ ਰੁਚੀ ਤੇ ਸਮਰੱਥਾ ਤਹਿਜ਼ੀਬ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦੀ ਹੈ। ਮੌਜੂਦਾ ਭਾਰਤੀ ਰਾਜ ਇਸੇ ਸ਼੍ਰੇਣੀ ਵਿਚ ਆਉਂਦਾ ਹੈ। (ਚਲਦਾ...)

# ਜੂਨ 84 ਘੱਲੂਘਾਰਾ: ਸਿਖ ਵਿਰਾਸਤ ਦੀ ਬਰਬਾਦੀ

## ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੀਆਂ ਸਾਰੀਆਂ ਇਤਿਹਾਸਕ, ਦੁਰਲੱਭ ਪੁਸਤਕਾਂ ਖੁਰਦ-ਬੁਰਦ



**ਰਾਜਵਿੰਦਰ ਸਿੰਘ ਰਾਹੀ**

ਜੂਨ 1984 ਵਿਚ ਦਰਬਾਰ ਸਾਹਿਬ ਉਪਰ ਹੋਏ ਭਿਆਨਕ ਹਮਲੇ ਨੂੰ 38 ਸਾਲ ਬੀਤ ਚੁੱਕੇ ਹਨ। ਸਮਾਂ ਲੰਘਣ ਨਾਲ ਇਸ ਜ਼ਖ਼ਮ ਦੀ ਪੀੜ ਦਿਨੋ-ਦਿਨ ਡੂੰਘੀ ਹੋਈ ਜਾਂਦੀ ਹੈ। ਇਸ ਹਮਲੇ ਦੌਰਾਨ ਫ਼ੌਜ ਵਲੋਂ ਇਥੋਂ ਚੁੱਕੀ ਗਈ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੀ ਹਾਲਾਂ ਵੀ ਕੋਈ ਉੱਘ-ਸੁੱਘ ਨਹੀਂ ਮਿਲ ਰਹੀ। ਇਤਿਹਾਸਕ ਲਾਇਬ੍ਰੇਰੀ ਦਾ ਮਾਮਲਾ ਪੂਰੀ ਤਰਾਂ ਕੌਡੀਆਂ-ਘੱਟੇ ਰੁਲ ਚੁੱਕਿਆ ਹੈ। ਇਸ ਦੇ ਲਈ ਆਪਣੇ ਵੀ ਜ਼ਿੰਮੇਵਾਰ ਹਨ ਤੇ ਬੇਗਾਨੇ ਵੀ। ਇਹੋ ਕਿਹਾ ਜਾ ਸਕਦਾ ਹੈ ਕਿ ਲਾਇਬ੍ਰੇਰੀ ਦੀ ਵਾਪਸੀ ਲਈ ਕੋਈ ਬੱਝਵੇਂ ਤੇ ਠੋਸ ਯਤਨ ਨਹੀਂ ਹੋਏ। ਇਸ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਸਿੱਖਾਂ ਦੀਆਂ ਹੋਰ ਜਥੇਬੰਦੀਆਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹਨ।

ਜਾਬਰ ਹਮਲਾਵਰਾਂ ਵਲੋਂ ਕਿਸੇ ਦੇਸ਼, ਕੌਮ ਜਾਂ ਭਾਈਚਾਰੇ ਦੇ ਗਿਆਨ ਦੇ ਸੋਮਿਆਂ ਨੂੰ ਤਬਾਹ ਕਰਨ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਤਿਹਾਸ ਅਜਿਹੇ ਭਿਆਨਕ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਬੁੱਧ ਧਰਮ ਦੇ ਵਿਦਵਾਨਾਂ ਵਲੋਂ ਨਾਲੰਦਾ (ਬਿਹਾਰ) ਵਿਚ ਸਥਾਪਤ ਕੀਤੀ ਗਈ ਲਾਇਬ੍ਰੇਰੀ ਬ੍ਰਾਹਮਣਾਂ ਵਲੋਂ ਸਾੜ ਦਿੱਤੀ ਗਈ ਸੀ, ਜੋ ਕਈ ਮਹੀਨੇ ਧੁਖਦੀ ਰਹੀ ਸੀ। ਮਿਸਰ ਵਿਚ ਅਲੈਗਜ਼ੈਂਡਰੀਆਂ ਦੀ ਮਸ਼ਹੂਰ ਲਾਇਬ੍ਰੇਰੀ ਨੂੰ ਜੂਲੀਅਸ ਸੀਜ਼ਰ ਦੇ ਫ਼ੌਜੀਆਂ ਨੇ ਅੱਗ ਲਗਾ ਦਿੱਤੀ ਸੀ। ਫ਼ੌਜੀ ਕਈ ਮਹੀਨੇ ਕਿਤਾਬਾਂ ਬਾਲ-ਬਾਲ ਕੇ ਅੱਗ ਸੇਕਦੇ ਰਹੇ ਸਨ। 20 ਵੀਂ ਸਦੀ ਵਿਚ 1915 ਦੀ ਪਹਿਲੀ ਸੰਸਾਰ ਜੰਗ ਦੌਰਾਨ ਜਰਮਨੀ ਦੇ ਹਮਲੇ ਵਿਚ ਵੀ ਬੈਲਜੀਅਮ ਦੀ ਲਾਇਬ੍ਰੇਰੀ ਸੜ ਕੇ ਸੁਆਹ ਹੋ ਗਈ ਸੀ। ਪਰ ਜਿਹੜੇ ਸਿੱਖਾਂ ਦਾ ਗਿਆਨ ਦਾ ਸੋਮਾ ਲਾਇਬ੍ਰੇਰੀ ਤਬਾਹ ਕਰ ਦਿੱਤੀ ਹੋਵੇ, ਉਹ ਖੁਦ ਇਸ ਦੋਸ਼ ਤੋਂ ਪੂਰੀ ਤਰਾਂ ਬਰੀ ਹਨ। ਖ਼ਾਲਸਾ ਰਾਜ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ, ਜਦ ਮਹਾਰਾਜਾ ਰਣਜੀਤ ਸਿੰਘ ਨੇ ਖ਼ੁਦ ਅਨਪੜ ਹੋਣ ਦੇ ਬਾਵਜੂਦ ਲਾਇਬ੍ਰੇਰੀਆਂ ਨੂੰ ਬਚਾਉਣ ਲਈ ਖ਼ਾਸ ਹਦਾਇਤਾਂ ਦਿੱਤੀਆਂ ਸਨ। ਇਸ ਗੱਲ ਦੀ ਪੁਸ਼ਟੀ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਕਰਦੇ ਹਨ। ਭਾਈ ਸਾਹਿਬ ਅਨੁਸਾਰ : 'ਪਿਸ਼ਾਵਰ ਦੇ ਧਾਵੇ ਵੇਲੇ ਜਦੋਂ ਫ਼ੌਜ ਚੜੀ ਤਾਂ ਸਰਦਾਰ ਹਰੀ ਸਿੰਘ ਜੀ ਨੂੰ ਮਹਾਰਾਜਾ ਸਾਹਿਬ ਦਾ ਫ਼ਰਮਾਨ ਪਹੁੰਚਾ ਕਿ ਚਮਕਨੀ ਵਿਚ ਇਕ ਪੁਰਾਣਾ ਪੁਸਤਕਾਲਯ ਸੁਣੀਂਦਾ ਹੈ, ਜੰਗ ਵੇਲੇ ਕਿਸੇ ਗੱਲ ਦਾ ਧੁਰ ਸਿਰ ਨਹੀਂ ਰਹਿੰਦਾ, ਪਰ ਤੁਸਾਂ ਖਿਆਲ ਰੱਖਣਾ ਕਿ ਇਹ ਪੁਸਤਕਾਲਯ ਬਰਬਾਦ ਹੋਣ ਤੋਂ ਬਚਾ ਲਿਆ ਜਾਵੇ।'

ਲਾਇਬ੍ਰੇਰੀਆਂ ਨੂੰ ਸਾੜਨਾ, ਕਿਸੇ ਕੌਮ ਨੂੰ ਬੌਧਿਕ ਤੌਰ 'ਤੇ ਹੀਣਾ ਕਰਨਾ ਹੁੰਦਾ ਹੈ। ਚੈਕੋਸਲੋਵਾਕੀਆ ਦਾ ਨਾਵਲਕਾਰ ਮਿਲਾਨ ਕੁੰਦਰਾ ਇਸ ਕੁਕਰਮ ਦੀ ਵਿਆਖਿਆ ਇਸ ਤਰਾਂ ਕਰਦਾ ਹੈ : 'ਇਕ ਕੌਮ ਨੂੰ ਨਸ਼ਟ ਕਰਨ ਵਿਚ ਪਹਿਲਾ ਕਦਮ ਉਸ ਦੀ ਯਾਦਦਾਸ਼ਤ ਨੂੰ ਮੇਟ ਦੇਣਾ ਹੁੰਦਾ ਹੈ। ਉਸ ਦੀਆਂ ਕਿਤਾਬਾਂ, ਉਸ ਦੇ ਸੱਭਿਆਚਾਰ ਅਤੇ ਉਸ ਦੇ ਇਤਿਹਾਸ ਨੂੰ ਤਬਾਹ ਕਰ ਦੇਵੋ। ਫਿਰ ਕਿਸੇ ਕੋਲੋਂ ਨਵੀਆਂ ਕਿਤਾਬਾਂ ਲਿਖਵਾ ਲਵੋ, ਨਵਾਂ ਸੱਭਿਆਚਾਰ ਘੜ ਲਵੋ, ਇਕ ਨਵਾਂ ਇਤਿਹਾਸ ਰਚ ਲਵੋ। ਕੁਝ ਚਿਰ ਬਾਅਦ ਉਹ ਕੌਮ ਆਪੇ ਇਹ ਗੱਲ ਭੁੱਲ ਜਾਏਗੀ ਕਿ ਉਹ ਕੀ ਹੈ ਤੇ ਕੀ ਸੀ।'

ਇਹ ਅਰਥ ਵਿਆਖਿਆ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਗਏ ਹਮਲੇ 'ਤੇ ਇੰਨ-ਬਿੰਨ ਪੂਰੀ ਢੁਕਦੀ ਹੈ। ਜਦ ਭਾਰਤੀ ਹਾਕਮਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਉਨਾਂ ਨੂੰ ਸਿੱਖ ਕੌਮ ਅੰਦਰ ਪੈਦਾ ਹੋਣ ਵਾਲੇ ਰੋਹੀਲੇ ਪ੍ਰਤੀਕਰਮ ਦਾ ਅੰਦਾਜ਼ਾ ਸੀ ਵੀ ਤੇ ਨਹੀਂ ਵੀ। ਰੋਹ ਭਰੇ ਫੌਰੀ ਪ੍ਰਤੀਕਰਮ ਨੂੰ ਥਾਏਂ ਨੱਪਣ ਲਈ ਤਾਂ ਉਨਾਂ ਨੇ ਪਹਿਲਾਂ ਹੀ ਪੂਰੇ ਪੰਜਾਬ ਨੂੰ ਸ਼ਿਕੰਜੇ ਵਿਚ ਜਕੜ ਰੱਖਿਆ ਸੀ। ਪਰ ਇਸ ਰੋਹੀਲੇ ਪ੍ਰਤੀਕਰਮ ਦੀ ਉਮਰ ਐਨੀ ਲੰਬੀ ਹੋ ਜਾਵੇਗੀ, ਇਸ ਦਾ ਉਨਾਂ ਨੂੰ ਅੰਦਾਜ਼ਾ ਨਹੀਂ ਸੀ। ਹਮਲੇ ਤੋਂ ਫੌਰੀ ਬਾਅਦ ਉਨਾਂ ਨੇ ਜਿੱਥੇ ਹਮਲੇ ਦੇ ਸਾਰੇ ਨਿਸ਼ਾਨ ਮਿਟਾਉਣ ਦੀ ਕਾਹਲੀ ਦਿਖਾਈ, ਉਥੇ ਉਨਾਂ ਨੂੰ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਲੀਡਰਸ਼ਿਪ ਵੀ ਇਹੋ ਜਿਹੀ ਚਾਹੀਦੀ ਸੀ ਜੋ, ਕੌਮ ਅੰਦਰ ਪਨਪੇ ਇਸ ਰੋਹ ਨੂੰ ਹੌਲੀ-ਹੌਲੀ ਸ਼ਾਂਤ ਕਰ ਦੇਵੇ ਤੇ ਸਿੱਖ ਮਨਾਂ ਵਿਚੋਂ ਇਸ ਦੀ ਯਾਦ ਨੂੰ ਧੁੰਦਲਾ ਕਰ ਦੇਵੇ। ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵੀ ਇਨਾਂ ਕੁਟਿਲ ਚਾਲਾਂ ਦੀ ਹੀ ਭੇਟ ਚੜ ਗਈ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ, ਸਕੱਤਰ ਮਨਜੀਤ ਸਿੰਘ ਕਲਕੱਤਾ, ਸੁਰਜੀਤ ਸਿੰਘ ਤੇ ਹਰਬੇਅੰਤ ਸਿੰਘ ਵਲੋਂ 1991 ਤੋਂ ਲੈ ਕੈ 2003 ਤੱਕ ਪ੍ਰਧਾਨ ਮੰਤਰੀ ਸ੍ਰੀ ਵੀ.ਪੀ. ਸਿੰਘ, ਸ੍ਰੀ ਇੰਦਰ ਕੁਮਾਰ ਗੁਜਰਾਲ, ਗ੍ਰਹਿ ਮੰਤਰੀ ਸ੍ਰੀ ਐਲ. ਕੇ. ਅਡਵਾਨੀ, ਮੈਂਬਰ ਪਾਰਲੀਮੈਂਟ ਸ: ਸੁਰਿੰਦਰ ਸਿੰਘ ਆਹਲੂਵਾਲੀਆ ਤੇ ਸ: ਜਗਮੀਤ ਸਿੰਘ ਬਰਾੜ ਆਦਿ ਨੂੰ ਪੱਤਰ ਤਾਂ ਲਿਖੇ ਗਏ ਹਨ ਕਿ ਰੈਫ਼ਰੈਂਸ ਲਾਇਬ੍ਰੇਰੀ ਵਾਪਸ ਕਰਵਾਈ ਜਾਵੇ ਪਰ ਚੰਗੇ ਵਕੀਲ ਕਰ ਕੇ ਕਿਸੇ ਅਦਾਲਤ ਦਾ ਸਹਾਰਾ ਨਹੀਂ ਲਿਆ ਗਿਆ। ਹੋਰ ਤਾਂ ਹੋਰ, ਸ਼੍ਰੋਮਣੀ ਕਮੇਟੀ ਨੇ ਤਾਂ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਬਾਰੇ ਆਪਣਾ ਵਾਈਟ ਪੇਪਰ ਵੀ 1996 ਵਿਚ ਜਾਰੀ ਕੀਤਾ ਸੀ, ਜੋ ਹੁਣ ਕਿਤੇ ਵੀ ਨਹੀਂ ਮਿਲਦਾ।

ਲਾਇਬ੍ਰੇਰੀ ਦੇ ਮਾਮਲੇ ਨੂੰ ਕਿਸੇ ਨੇ ਕਿੰਨੀ ਕੁ ਗੰਭੀਰਤਾ ਨਾਲ ਲਿਆ, ਇਸ ਦੀ ਮਿਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਸ ਵਕਤ ਦੇ ਜਥੇਦਾਰ ਗਿ: ਕਿਰਪਾਲ ਸਿੰਘ ਦੀ ਪੁਸਤਕ 'ਅੱਖੀਂ ਡਿੱਠਾ-ਸਾਕਾ ਨੀਲਾ ਤਾਰਾ' ਵਿਚੋਂ ਵੀ ਮਿਲਦੀ ਹੈ। ਉਨਾਂ ਅਨੁਸਾਰ 'ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਲਾਭ ਸਿੰਘ ਨੂੰ ਕਿਸੇ ਸੀ. ਆਈ. ਡੀ. ਵਾਲੇ ਨੇ ਦੱਸਿਆ ਸੀ ਕਿ ਲਾਇਬ੍ਰੇਰੀ ਦੇ ਹੱਥ ਲਿਖਤ ਗੁਟਕੇ ਤੇ ਪੋਥੀਆਂ ਦਿੱਲੀ ਵਿਚ ਰੁਲ ਰਹੇ ਹਨ। ਉਸ ਨੇ ਇਕ-ਦੋ ਗੁਟਕੇ ਲਿਆ ਕੇ ਵੀ ਦਿੱਤੇ ਸਨ। ਪਰ ਕੋਈ ਜ਼ਿੰਮੇਵਾਰ ਵਿਅਕਤੀ ਇੱਧਰ ਪੜਤਾਲ ਕਰਨ ਵੱਲ ਨਹੀਂ ਤੁਰਿਆ।' ਇਹ ਸੁਆਲ ਤਾਂ ਜਥੇਦਾਰ ਸਾਹਿਬ 'ਤੇ ਹੀ ਬਣਦਾ ਹੈ ਕਿ ਤੁਸੀਂ ਜਥੇਦਾਰ ਹੋਣ ਦੀ ਹੈਸੀਅਤ ਵਿਚ ਜ਼ਿੰਮੇਵਾਰ ਬੰਦਿਆਂ ਦੀ ਡਿਊਟੀ ਕਿਉਂ ਨਹੀਂ ਲਗਾਈ ? ਸਾਕੇ ਤੋਂ ਪੂਰੇ 16 ਸਾਲ ਬਾਅਦ ਮਾਰਚ 2000 ਵਿਚ ਉਦੋਂ ਦੇ ਗ੍ਰਹਿ ਮੰਤਰੀ ਜਾਰਜ ਫਰਨਾਂਡਿਜ਼ ਨੇ ਸ਼੍ਰੋਮਣੀ ਕਮੇਟੀ ਵਲੋਂ ਲਿਖੇ ਪੱਤਰ ਦੇ ਜਵਾਬ ਵਿਚ ਲਿਖਿਆ ਸੀ ਕਿ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਦਸਤਾਵੇਜ਼ ਸੀ.ਬੀ.ਆਈ. ਕੋਲ ਹਨ। ਉਸ ਵਕਤ ਪੰਜਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ, ਪਰ ਸਰਕਾਰ ਨੇ ਇਸ ਸੰਬੰਧੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨਾਲ ਕੀ ਚਿੱਠੀ ਪੱਤਰ ਕੀਤਾ, ਇਸ ਸੰਬੰਧੀ ਕੋਈ ਜਾਣਕਾਰੀ ਨਹੀਂ ਹੈ। ਇਸੇ ਦੌਰਾਨ 11 ਅਤੇ 12 ਜੂਨ, 2000 ਦੇ ਰੋਜ਼ਾਨਾ 'ਅਜੀਤ' ਵਿਚ ਪੱਤਰਕਾਰ ਮੇਜਰ ਸਿੰਘ ਅਤੇ ਜਗਤਾਰ ਸਿੰਘ ਲਾਂਬਾ ਵਲੋਂ ਪੰਜਾਬ ਦੇ ਡੀ.ਐਸ.ਪੀ. ਰਹੇ ਸਬਦਲ ਸਿੰਘ ਅਤੇ ਪੰਜਾਬ ਪੁਲਿਸ ਦੇ ਇੰਸਪੈਕਟਰ ਰਣਜੀਤ ਸਿੰਘ ਨੰਦਾ ਨਾਲ ਮੁਲਾਕਾਤਾਂ ਕਰਕੇ ਵਿਸਥਾਰਤ ਰਿਪੋਰਟਾਂ ਛਾਪੀਆਂ ਸਨ, ਜਿਨਾਂ ਵਿਚ ਦੋਵਾਂ ਅਫ਼ਸਰਾਂ ਨੇ ਰੈਫ਼ਰੈਂਸ ਲਾਇਬ੍ਰੇਰੀ ਦੀਆਂ ਹੱਥ ਲਿਖਤ ਪੋਥੀਆਂ, ਗੁਟਕੇ, ਹੁਕਮਨਾਮੇ ਤੇ ਹੋਰ



ਦਸਤਾਵੇਜ਼ ਸੀ.ਬੀ.ਆਈ. ਦੇ ਕਬਜ਼ੇ ਵਿਚ ਹੋਣ ਦੀ ਪੁਸ਼ਟੀ ਕੀਤੀ ਸੀ। ਸਬਦਲ ਸਿੰਘ ਨੇ ਦੱਸਿਆ ਸੀ ਕਿ ਉਹ 5 ਜੂਨ, 1984 ਨੂੰ ਸ੍ਰੀ ਅੰਮ੍ਰਿਤਸਰ ਵਿਚ ਸੀ.ਬੀ.ਆਈ. ਨਾਲ ਡਿਊਟੀ 'ਤੇ ਸੀ। ਦੋ ਹਫ਼ਤਿਆਂ ਬਾਅਦ ਉਹ ਸੀ.ਬੀ.ਆਈ. ਦੇ ਡਾਇਰੈਕਟਰ ਬਾਵਾ ਹਰਕਿਸ਼ਨ ਸਿੰਘ ਨਾਲ ਜਦ ਰਾਜਾਸਾਂਸੀ ਹਵਾਈ ਅੱਡੇ ਅੰਦਰ ਦਾਖ਼ਲ ਹੋਇਆ ਤਾਂ ਉਸ ਵਕਤ ਭਾਰਤੀ ਫੌਜ ਦੇ ਜਹਾਜ਼ ਵਿਚੋਂ ਬਹੁਤ ਸਾਰੇ ਬੈਗ ਥੱਲੇ ਸੁੱਟੇ ਹੋਏ ਸਨ, ਜਿਨਾਂ ਵਿਚੋਂ ਹੱਥ ਲਿਖਤ ਪੋਥੀਆਂ ਤੇ ਗੁਟਕੇ ਧਰਤੀ 'ਤੇ ਖਿੰਡੇ ਪਏ ਸਨ। ਉਨਾਂ ਕਿਹਾ ਕਿ ਇਕ ਅੰਮ੍ਰਿਤਧਾਰੀ ਸਿੱਖ ਹੋਣ ਦੇ ਨਾਤੇ ਉਸ ਦੇ ਮਨ ਨੂੰ ਬਹੁਤ ਧੱਕਾ ਲੱਗਿਆ। ਉਨਾਂ ਅਨੁਸਾਰ ਪਹਿਲਾਂ ਇਹ ਸਾਰਾ ਸਮਾਨ ਫ਼ੌਜ ਦਿੱਲੀ ਲੈ ਗਈ ਸੀ ਤੇ ਫਿਰ ਸ੍ਰੀ ਅੰਮ੍ਰਿਤਸਰ ਲਿਆਂਦਾ ਗਿਆ। ਬਾਅਦ ਵਿਚ ਇਥੋਂ ਦੇ ਯੂਥ ਹੋਸਟਲ ਵਿਚ ਦੋ ਮਹੀਨੇ ਇਸ ਸਾਮਾਨ ਦੀ ਜਾਂਚ-ਪੜਤਾਲ ਚਲਦੀ ਰਹੀ ਸੀ। ਸਬਦਲ ਸਿੰਘ ਦਾ ਕਹਿਣਾ ਸੀ ਕਿ 6 ਜੂਨ ਤੋਂ ਬਾਅਦ ਹੀ ਫ਼ੌਜ ਤਾਂ ਕਹਿੰਦੀ ਆ ਰਹੀ ਸੀ ਕਿ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਤਾਂ ਅੱਗ ਨਾਲ ਸੜ ਗਈ ਹੈ, 9 ਜੂਨ ਨੂੰ ਸੜੀ ਹੋਈ ਲਾਇਬ੍ਰੇਰੀ ਦਾ ਚਾਰਜ ਵੀ ਦੇਵਿੰਦਰ ਸਿੰਘ ਦੁੱਗਲ ਨੂੰ ਦੇਣ ਦਾ ਯਤਨ ਕੀਤਾ ਗਿਆ ਸੀ ਪਰ ਫਿਰ ਦੋ ਹਫ਼ਤਿਆਂ ਬਾਅਦ ਹੀ ਹੱਥ ਲਿਖਤ ਪੁਸਤਕਾਂ, ਗੁਟਕੇ ਤੇ ਹੋਰ ਦਸਤਾਵੇਜ਼ ਕਿਥੋਂ ਆ ਗਏ ? ਰਣਜੀਤ ਸਿੰਘ ਨੰਦਾ ਨੇ ਵੀ ਸਬਦਲ ਸਿੰਘ ਦੀਆਂ ਗੱਲਾਂ ਦੀ ਪੁਸ਼ਟੀ ਕੀਤੀ ਹੈ। ਉਨਾਂ ਕਿਹਾ ਕਿ ਸੀ.ਬੀ.ਆਈ ਦੀ ਜਾਂਚ ਟੀਮ ਵਿਚ ਪੰਜਾਬ ਪੁਲਿਸ ਦੇ ਡੀ.ਆਈ.ਜੀ. ਬਜਿੰਦਰ ਕੁਮਾਰ ਵੀ ਸ਼ਾਮਿਲ ਸਨ। ਉਨਾਂ ਕਿਹਾ ਕਿ 190 ਬੈਗ ਪੋਥੀਆਂ, ਗੁਟਕਿਆਂ, ਹੁਕਮਨਾਮਿਆਂ ਤੇ ਹੋਰ ਦਸਤਾਵੇਜ਼ਾਂ ਨਾਲ ਭਰੇ ਹੋਏ ਸਨ। ਪਰ ਜਾਂਚ ਤੋਂ ਬਾਅਦ ਸੀ.ਬੀ.ਆਈ. ਇਸ ਸਾਮਾਨ ਨੂੰ ਕਿਥੇ ਲੈ ਗਈ, ਇਹ ਹਾਲਾਂ ਤੱਕ ਬੁਝਾਰਤ ਬਣੀ ਹੋਈ ਹੈ।

'ਅਜੀਤ' ਵਿਚ ਇਹ ਰਿਪੋਰਟਾਂ ਛਪਣ ਤੋਂ ਬਾਅਦ ਜੁਲਾਈ 2003 ਵਿਚ ਤਰਨਤਾਰਨ ਜ਼ਿਲੇ ਦੇ ਪਿੰਡ ਪੰਡੋਰੀ ਰੋਮਾਣਾ ਦੇ ਭਾਈ ਸਤਨਾਮ ਸਿੰਘ ਵਲੋਂ ਐਡਵੋਕੇਟ ਰੰਜਨ ਲਖਨਪਾਲ ਰਾਹੀਂ ਹਾਈ ਕੋਰਟ ਵਿਚ ਰਿੱਟ ਪਟੀਸ਼ਨ ਪਾਈ ਗਈ। ਪਟੀਸ਼ਨ ਵਿਚ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦਾ ਸਕੱਤਰ, ਰੱਖਿਆ ਮੰਤਰਾਲੇ ਦਾ ਸਕੱਤਰ, ਸੀ.ਬੀ. ਆਈ. ਦਾ ਡਾਇਰੈਕਟਰ, ਪੰਜਾਬ ਸਰਕਾਰ ਦਾ ਮੁੱਖ ਸਕੱਤਰ ਤੇ ਸ਼੍ਰੋਮਣੀ ਕਮੇਟੀ ਨੂੰ ਪਾਰਟੀ ਬਣਾਇਆ ਗਿਆ। ਪਰ ਬਾਅਦ ਵਿਚ ਅਰਜ਼ੀ ਦੇ ਕੇ ਸ਼੍ਰੋਮਣੀ ਕਮੇਟੀ ਸਤਨਾਮ ਸਿੰਘ ਨਾਲ ਹੀ ਦੂਜੇ ਨੰਬਰ ਦੀ ਧਿਰ ਬਣ ਗਈ। ਨਾਲ ਹੀ ਸ਼੍ਰੋਮਣੀ ਕਮੇਟੀ ਨੇ ਹਾਈਕੋਰਟ ਵਿਚ ਰੈਫ਼ਰੈਂਸ ਲਾਇਬ੍ਰੇਰੀ ਦੇ ਸਾਮਾਨ ਦੀ ਇਕ ਸੂਚੀ ਪੇਸ਼ ਕਰ ਦਿੱਤੀ ਜਿਸ ਵਿਚ ਵੀਹ ਲੱਖ ਰੁਪਏ ਦੀਆਂ ਵੀਹ ਹਜ਼ਾਰ ਕਿਤਾਬਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਸਰੂਪਾਂ ਸਮੇਤ ਪੋਥੀਆਂ ਤੇ ਗੁਟਕੇ ਪੱਚੀ ਸੌ। ਦੁਰਲੱਭ ਪੁਸਤਕਾਂ ਦੇ ਹੱਥ ਲਿਖਤ ਖਰੜੇ ਪੰਜ ਸੌ, ਦੁਰਲੱਭ ਕਿਤਾਬਾਂ, ਦਸਤਾਵੇਜ਼ਾਂ ਤੇ ਲੇਖਾਂ ਦੇ ਟਾਈਪਡ ਖਰੜੇ ਦੋ ਸੌ, ਨਵੀਆਂ-ਪੁਰਾਣੀਆਂ ਅਖ਼ਬਾਰਾਂ ਦੀਆਂ ਜਿਲਦਾਂ ਬਾਰਾਂ ਸੌ, ਦੁਰਲੱਭ ਚਿੱਤਰਾਂ ਦੀਆਂ ਅਠਾਰਾਂ ਐਲਬਮਾਂ ਸ਼ਾਮਿਲ ਸਨ।

ਸੀ.ਬੀ.ਆਈ. ਨੇ ਦਸੰਬਰ 2003 ਵਿਚ ਵਕੀਲ ਰਾਜਨ ਗੁਪਤਾ ਰਾਹੀਂ ਜਵਾਬ ਦਾਅਵਾ ਦਾਇਰ ਕਰ ਕੇ ਮੰਨਿਆ ਸੀ ਕਿ ਸੀ.ਬੀ.ਆਈ. ਨੇ ਫ਼ੌਜ ਕੋਲੋਂ 26-6-1984, 4-7-1984, 6-7-1984 ਨੂੰ ਚਾਰ ਹਜ਼ਾਰ ਦਸਤਾਵੇਜ਼ ਪ੍ਰਾਪਤ ਕੀਤੇ ਸਨ। ਇਹ ਦਸਤਾਵੇਜ਼ ਅੰਮ੍ਰਿਤਸਰ ਦੇ ਯੂਥ ਹੋਸਟਲ ਵਿਚ ਲਿਜਾ ਕੇ ਜਾਂਚ-ਪੜਤਾਲ ਕੀਤੀ ਗਈ ਸੀ। ਇਸੇ ਦੌਰਾਨ ਗ੍ਰਹਿ ਵਿਭਾਗ ਦੇ ਅੰਡਰ ਸੈਕਟਰੀ ਵੀਰੇਂਦਰ ਕੁਮਾਰ ਵਲੋਂ ਵਕੀਲ ਪ੍ਰਵੀਨ ਚੰਦਰ ਨੇ ਜਵਾਬ ਦਾਅਵਾ ਦਾਇਰ ਕੀਤਾ, ਜਿਸ ਵਿਚ ਕਿਹਾ ਗਿਆ ਕਿ ਮਿਤੀ 5-7-1984 ਨੂੰ ਰਸੀਦ ਨੰ: **R32/84 / S93/329/SP5/N ; 45*89** ਰਾਹੀਂ ਸੀ.ਬੀ. ਆਈ. ਨੂੰ ਚਾਰ ਵੱਡੇ ਬੈਗ ਤੇ 72 ਛੋਟੇ ਬੈਗ ਸੌਂਪੇ ਗਏ ਸਨ। ਮਿਤੀ 6 ਜੁਲਾਈ 1984 ਨੂੰ 36 ਬੈਗ , ਮਿਤੀ 7-7-1984 ਨੂੰ 16 ਵੱਡੇ ਬੈਗ ਤੇ 47 ਛੋਟੇ ਬੈਗ ਸੌਂਪੇ ਗਏ ਸਨ। ਇਸੇ ਤਰਾਂ 6 ਮਾਰਚ, 1985 ਨੂੰ 12 ਬੈਗ ਸੌਂਪੇ ਗਏ ਸਨ।

ਸੀ.ਬੀ.ਆਈ. ਨੇ ਆਪਣੇ ਜਵਾਬ ਦਾਅਵੇ ਵਿਚ ਕਿਹਾ ਹੈ ਕਿ ਉਨਾਂ ਅਨੁਸਾਰ ਏਜੰਸੀ ਨੇ ਕੋਰਟ ਦੇ ਹੁਕਮਾਂ 'ਤੇ 13-10-1989, 20-6-1990 ਤੇ 28-12-1990 ਨੂੰ ਕੁਝ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਵਾਪਸ ਵੀ ਕਰ ਦਿੱਤੇ ਸਨ। ਉਨਾਂ 117 ਚੀਜ਼ਾਂ ਦੀ ਸੂਚੀ ਵੀ ਪੇਸ਼ ਕੀਤੀ ਸੀ ਪਰ ਇਨਾਂ ਚੀਜ਼ਾਂ ਵਿਚ ਸਿਰਫ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦਾ ਰਿਕਾਰਡ ਜਾਂ ਹੋਰ ਕਮਰਿਆਂ ਦਾ ਫੁਟਕਲ ਸਾਮਾਨ ਸੀ। ਜਿਨਾਂ ਵਿਚ ਡਾਇਰੀਆਂ, ਪਾਸ ਬੁੱਕਾਂ, ਚੈੱਕ ਬੁੱਕਾਂ, ਸ਼ਨਾਖਤੀ ਕਾਰਡ ਤੇ ਰਜਿਸਟਰ ਆਦਿ ਸਨ। ਸੀ.ਬੀ.ਆਈ. ਨੇ ਕਿਹਾ ਕਿ ਉਨਾਂ ਕੋਲ ਚਾਰ ਹਜ਼ਾਰ ਦਸਤਾਵੇਜ਼ ਸਨ, ਜਿਨਾਂ ਵਿਚੋਂ ਕੁਝ ਜੋਧਪੁਰ ਵਿਚ ਚੱਲ ਰਹੇ ਕੇਸਾਂ ਦੇ ਚਲਾਣ ਨਾਲ ਲਗਾ ਦਿੱਤੇ ਸਨ ਤੇ ਕੁਝ ਭੜਕਾਊ ਸਮਝ ਕੇ ਸਾੜ ਦਿੱਤੇ ਸਨ। ਸੀ.ਬੀ.ਆਈ. ਨੇ ਕਿਹਾ ਕਿ ਹੁਣ ਸਿਰਫ ਉਸ ਕੋਲ ਪੰਜ ਚੀਜ਼ਾਂ ਬਾਕੀ ਹਨ,

1. ਮਈ 1984 ਦਾ 'ਸੰਤ ਸਿਪਾਹੀ' ਮੈਗਜ਼ੀਨ
2. ਵੱਖ-ਵੱਖ ਚਿੱਠੀਆਂ ਦੀ ਫਾਈਲ, ਜਿਸ ਦੇ 49 ਵਰਕੇ ਹਨ
3. ਬਲਵਿੰਦਰ ਸਿੰਘ ਖੋਜਕੀਪੁਰ ਦੀ 1983 ਦੀ ਡਾਇਰੀ
4. ਸਿੱਖ ਸਟੂਡੈਂਟਸ ਫੈੱਡਰੇਸ਼ਨ ਦੀ 29-9-83 ਦੀ ਸਾਲਾਨਾ ਰਿਪੋਰਟ
5. ਇਕ ਅਸਲੇ ਦਾ ਲਾਇਸੰਸ ©੭-੯੨੬/(੧੦੭) ਅੰਮ੍ਰਿਤਸਰ ਜੋ ਚੰਨਣ ਸਿੰਘ ਦੇ ਨਾਂ ਹੈ।

ਇਹ ਇਕ ਬਹੁਤ ਵੱਡਾ ਮਜ਼ਾਕ ਸੀ। ਕੀ ਸੀ.ਬੀ.ਆਈ. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਸਰੂਪ, ਪੋਥੀਆਂ, ਗੁਟਕੇ, ਹੁਕਮਨਾਮੇ ਤੇ ਧਰਮ ਪੁਸਤਕਾਂ ਨੂੰ ਭੜਕਾਊ ਕਹਿ ਕੇ ਸਾੜ ਸਕਦੀ ਸੀ ? ਇਕ ਤਰਾਂ ਨਾਲ ਸੀ.ਬੀ. ਆਈ. ਸਾਰੀ ਰੈਫ਼ਰੈਂਸ ਲਾਇਬ੍ਰੇਰੀ ਤੋਂ ਹੀ ਮੁਨਕਰ ਹੋ ਗਈ ਹੈ। ਸਾਰੇ ਕੇਸ ਦੀ ਸੁਣਵਾਈ ਉਪਰੰਤ ਚੀਫ ਜਸਟਿਸ ਬਿਨੋਦ ਕੁਮਾਰ ਰਾਏ ਤੇ ਜਸਟਿਸ ਸੂਰੀਆ ਕਾਂਤ ਨੇ ਐਡਵੋਕੇਟ ਹਰਦੇਵ ਸਿੰਘ ਮੱਤੇਨੰਗਲ, ਐਡਵੋਕੇਟ ਰੰਜਨ ਲਖਨਪਾਲ, ਕੇਂਦਰ ਸਰਕਾਰ ਦੇ ਵਕੀਲ ਪੀ.ਸੀ. ਗੋਇਲ ਤੇ ਪੰਜਾਬ ਸਰਕਾਰ ਦੇ ਸੀਨੀਅਰ ਡੀ.ਏ.ਜੀ. ਮਿਸਜ ਚਾਰੂ ਤੁਲੀ ਦੀ ਹਾਜ਼ਰੀ ਵਿਚ 26-4-2004 ਨੂੰ ਸੁਣਾਏ ਤਿੰਨ ਪੰਨਿਆਂ ਦੇ ਫ਼ੈਸਲੇ ਵਿਚ ਸੀ.ਬੀ.ਆਈ. ਦੇ ਜਵਾਬ ਨੂੰ ਇੰਨ-ਬਿੰਨ ਪ੍ਰਵਾਨ ਕਰ ਲਿਆ ਤੇ ਕੇਂਦਰ ਸਰਕਾਰ ਨੂੰ ਕਹਿ ਦਿੱਤਾ ਕਿ ਜੇ ਕੋਈ ਚੀਜ਼ ਬਾਕੀ ਹੈ ਤਾਂ ਉਹ ਵਾਪਸ ਕਰ ਦਿੱਤੀ ਜਾਵੇ।

ਪਰ ਇਸ ਫ਼ੈਸਲੇ ਤੋਂ ਬਾਅਦ ਸਵਾਲ ਖੜਾ ਹੁੰਦਾ ਹੈ ਕਿ ਭਾਈ ਸਤਨਾਮ ਸਿੰਘ ਤੇ ਸ਼੍ਰੋਮਣੀ ਕਮੇਟੀ ਵਲੋਂ ਸੁਪਰੀਮ ਕੋਰਟ ਵਿਚ ਅਪੀਲ ਕਿਉਂ ਨਾ ਪਾਈ ਗਈ ? ਭਾਈ ਸਤਨਾਮ ਸਿੰਘ ਦਾ ਕਹਿਣਾ ਹੈ ਕਿ ਉਸ ਦੇ ਪਿਤਾ ਮੇਜਾ ਸਿੰਘ ਸਮੇਤ ਉਸ ਦੇ ਪਰਿਵਾਰ ਦੇ 6 ਮਰਦ ਮੈਂਬਰ ਪੁਲਿਸ ਨੇ ਝੂਠੇ ਮੁਕਾਬਲਿਆਂ ਵਿਚ ਮਾਰ ਕੇ ਖਪਾਏ ਹੋਏ ਹਨ। ਜਿਨਾਂ ਦਾ ਕੇਸ ਸੀ.ਬੀ. ਆਈ. ਅਦਾਲਤ ਪਟਿਆਲਾ ਵਿਚ ਚੱਲ ਰਿਹਾ ਹੈ ਤੇ ਜਿਥੇ ਪੁਲਿਸ ਨੇ ਸਟੇਅ ਲੈ ਰੱਖੀ ਹੈ, ਉਹ ਉੱਧਰ ਉਲਝ ਗਿਆ। ਪਰ ਸ਼੍ਰੋਮਣੀ ਕਮੇਟੀ ਨੇ ਅਗਾਂਹ ਉਜਰ ਕਿਉਂ ਨਾ ਕੀਤਾ ? ਕੀ ਇਹ ਘੇਸਲ ਜਾਣਬੁੱਝ ਕੇ ਮਾਰੀ ਗਈ ਸੀ ? ਇਹ ਵੱਡਾ ਸਵਾਲ ਖੜਾ ਹੈ। ਲਗਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਭਾਈ ਸਤਨਾਮ ਸਿੰਘ ਖੰਡਾ ਨੂੰ ਨੌਕਰੀ ਦੇ ਕੇ ਉਸ ਨੂੰ ਚੁੱਪ ਕਰਵਾ ਦਿੱਤਾ ਸੀ। ਜਦ ਸਤੰਬਰ 2004 ਵਿਚ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸਨ ਤਾਂ ਉਸ ਵਕਤ ਸ਼੍ਰੋਮਣੀ ਕਮੇਟੀ ਨੇ ਫਿਰ ਉਨਾਂ ਕੋਲੋਂ ਲਾਇਬ੍ਰੇਰੀ ਲਈ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਸੀ। ਪਰ ਹਾਈਕਰੋਟ ਤਾਂ ਸੀ.ਬੀ. ਆਈ. ਦੇ ਬਿਆਨ 'ਤੇ ਸ਼੍ਰੋਮਣੀ ਕਮੇਟੀ ਨੂੰ ਕਹਿ ਚੁੱਕੀ ਸੀ ਕਿ ਜੋ ਵੀ ਸਾਮਾਨ ਰਹਿੰਦਾ ਹੈ, ਤੁਸੀਂ ਉਸ ਦੀ ਸੂਚੀ ਦੇਵੋ, ਉਹ ਸਾਮਾਨ ਅਸੀਂ ਵਾਪਸ ਕਰਵਾਵਾਂਗੇ, ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਕੋਈ ਸੂਚੀ ਹੀ ਨਹੀਂ ਦਿੱਤੀ।

**ਬਾਕੀ ਸਫ਼ਾ 31 'ਤੇ**

# ਇਨਸਾਨੀਅਤ ਦੀਆਂ ਵੈਰੀ ਗਿਰਝਾਂ ਵਲੋਂ ਇੱਕੋ ਝਟਕੇ ਨਾਲ ਖੋਹੀ ਸ਼ਖਸੀਅਤ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ

**ਐਚ ਐਸ ਡਿੰਪਲ**

'ਅਸਾਂ ਤਾਂ ਜੋਬਨ ਰੁੱਤੇ ਮਰਨਾ' ਜਿਹਾ ਅਮਰ-ਗੀਤ ਲਿਖਣ ਵਾਲੇ ਸ਼ਿਵ ਕੁਮਾਰ ਬਟਾਲਵੀ ਵਾਂਗ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਵੀ ਛੋਟੀ ਉਮਰੇ ਚੱਲ ਵਸਿਆ। ਫ਼ਰਕ ਇਹ ਕਿ ਜਿੱਥੇ ਸ਼ਿਵ ਦੀ ਮੌਤ ਬਿਮਾਰੀ ਨਾਲ ਹੋਈ, ਉੱਥੇ ਸਿੱਧੂ ਦੀ ਹੱਤਿਆ 29 ਸਾਲ ਦੀ ਉਮਰ ਵਿਚ ਕਰ ਦਿੱਤੀ ਗਈ। ਕਤਲ ਤੋਂ ਸਿਰਫ਼ ਇਕ ਹਫ਼ਤਾ ਪਹਿਲਾਂ ਉਸ ਦਾ ਗੀਤ ਸੋਸ਼ਲ ਮੀਡੀਆ 'ਤੇ ਆਇਆ ਅਤੇ ਖ਼ੂਬ ਚਰਚਿਤ ਹੋਇਆ ਸੀ, ਜਿਸ ਵਿਚ ਉਹ ਲਿਖਦੈ :-

ਐਵੇਂ ਨਹੀਂਓ ਦੁਨੀਆ ਖ਼ਿਲਾਫ਼ ਹੋਈ ਨੀ,<br>ਲੋੜ ਤੋਂ ਜ਼ਿਆਦਾ ਮੁੰਡਾ ਸੱਚ ਬੋਲਦਾ,

ਸਿੱਧੂ-ਮਾਰਕਾ ਗਾਇਕੀ ਦਾ ਸ਼ੁਰੂਆਤੀ ਦੌਰ ਜ਼ਰੂਰ ਵਿਗੜੈਲ ਮੁੰਡੀਰ ਦੀਆਂ ਹਰਕਤਾਂ ਅਤੇ ਹਉਮੈ ਨੂੰ ਪੱਠੇ ਪਾਉਣ ਵਾਲਾ ਸੀ, ਪਰ ਹੌਲੀ-ਹੌਲੀ ਉਸ ਦੀ ਗਾਇਕੀ ਪੰਜਾਬੀ ਮਾਨਸਿਕਤਾ, ਸਮਾਜਿਕ ਸੁਭਾਅ ਅਤੇ ਮੌਜੂਦਾ ਸਿਆਸਤ ਦੀ ਰਮਜ਼ ਪਛਾਣਨ, ਸਮਝਣ ਅਤੇ ਪੇਸ਼ ਕਰਨ ਵੱਲ ਵਧ ਰਹੀ ਸੀ। 2016 ਵਿਚ ਲੁਧਿਆਣਾ ਦੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਤੋਂ ਡਿਗਰੀ ਹਾਸਲ ਕਰਕੇ ਉਸ ਨੇ ਅਗਲੇ ਹੀ ਸਾਲ ਵਿਦੇਸ਼ ਦਾ ਵੀਜ਼ਾ ਲਗਵਾ ਲਿਆ ਸੀ। ਪਰ, ਵਧੇਰੇ ਨੌਜਵਾਨਾਂ ਵਾਂਗ ਸਹੂਲਤਾਂ ਵਾਲਾ ਮੱਧ-ਵਰਗੀ ਜੀਵਨ ਜਿਊਣ ਦੀ ਥਾਂ ਉਸ ਨੇ ਆਪਣੀ ਕਲਮ ਅਤੇ ਆਵਾਜ਼ ਨੂੰ ਜਨਤਕ ਮੰਚ 'ਤੇ ਲਿਆਉਣ ਦਾ ਫ਼ੈਸਲਾ ਕੀਤਾ। ਉਸ ਦੇ ਸਾਥੀ ਦੱਸਦੇ ਹਨ ਕਿ ਕਾਲਜ ਵਿਚ ਉਹ ਵਧੇਰੇ ਸਮਾਂ ਪੁਸਤਕਾਲੇ ਵਿਚ ਬੈਠ ਕੇ ਸਾਹਿਤ ਪੜਨ ਅਤੇ ਗੀਤ-ਕਵਿਤਾਵਾਂ ਲਿਖਣ ਵਿਚ ਗੁਜ਼ਾਰਦਾ ਸੀ। ਉਸ ਦਾ ਪਹਿਲਾ ਹੀ ਗਾਣਾ 'ਉੱਚੀਆਂ ਨੇ ਗੱਲਾਂ ਤੇਰੇ ਯਾਰ ਦੀਆਂ' ਉਸ ਦੀ ਕਲਮ ਦੀ ਤਾਕਤ ਦੀ ਸਾਖੀ ਭਰਦਾ ਹੈ। ਗਿੱਪੀ ਗਰੇਵਾਲ ਨੇ ਇਹ ਗਾਣਾ ਹੰਬਲ ਮਿਊਜ਼ਿਕ ਰਾਹੀਂ ਰਿਲੀਜ਼ ਕੀਤਾ ਸੀ, ਪਰ ਛੇਤੀ ਹੀ ਉਸ ਨੇ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾਇਆ ਅਤੇ ਖ਼ੁਦ ਵੀ ਆਪਣੀ ਕਲਮ ਅਤੇ ਆਵਾਜ਼ ਦੀ ਤਾਕਤ ਨੂੰ ਪਛਾਣਿਆ ਅਤੇ ਸਿੱਧੂ ਮੂਸੇਵਾਲਾ ਰੈਕਰਡਜ਼ ਨਾਂ ਦੀ ਕੰਪਨੀ ਬਣਾਈ ਅਤੇ ਖ਼ੁਦ ਹੀ ਇਕ ਸੰਸਥਾ ਬਣ ਕੇ ਉਭਰਿਆ ਜਿਸ ਵਿਚ ਉਹ ਆਪਣੇ ਗਾਣੇ ਆਪ ਲਿਖਦਾ, ਗਾਉਂਦਾ ਅਤੇ ਪੇਸ਼ ਕਰਦਾ। ਐਨੀ ਛੋਟੀ ਉਮਰੇ ਇਹ ਕੋਈ ਛੋਟੀ ਪ੍ਰਾਪਤੀ ਨਹੀਂ ਸੀ। ਉਸ ਨੇ ਨਾਲੋ-ਨਾਲ ਆਪਣੇ ਪਿੰਡ ਵਿਚ ਸਰਪੰਚੀ ਲਈ ਜੱਦੋ-ਜਹਿਦ ਕੀਤੀ ਅਤੇ ਆਪਣੀ ਮਾਂ ਨੂੰ ਸਰਪੰਚ ਬਣਵਾਇਆ।

ਸਿੱਧੂ ਨੇ ਵਿਦੇਸ਼ਾਂ ਦੀ ਲਾਲਸਾ ਛੱਡ ਕੇ ਪੰਜਾਬ ਦੇ ਇਕ ਪਿੰਡ ਵਿਚ ਰਹਿਣ ਦਾ ਫ਼ੈਸਲਾ ਕੀਤਾ। ਜਿੱਥੇ ਚਾਰ ਪੈਸੇ ਕਮਾਉਣ ਵਾਲਾ ਹਰ ਵਿਅਕਤੀ ਬਾਹਰ ਵੱਲ ਮੂੰਹ ਕਰਦੈ, ਉੱਥੇ ਸਿੱਧੂ ਜੇਕਰ ਬਾਹਰੋਂ ਵਾਪਸ ਆਇਆ ਤਾਂ ਉਸ ਨੇ ਦਿੱਲੀ, ਮੁੰਬਈ ਜਾਂ ਚੰਡੀਗੜ ਰਹਿਣ ਦੀ ਥਾਂ ਆਪਣੇ ਹੀ ਪਿੰਡ ਮੂਸੇ ਵਿਚ ਹੀ ਘਰ ਬਣਾਇਆ ਅਤੇ ਉੱਥੇ ਹੀ ਹਮੇਸ਼ਾ ਰਹਿਣ ਦਾ ਨਿਰਣਾ ਕੀਤਾ। ਇਹ ਇਕ ਅਜਿਹਾ ਫ਼ੈਸਲਾ ਸੀ, ਜਿਸ ਨੂੰ ਥੋੜੀ ਜਿਹੀ ਵੀ ਸਮਝ ਰੱਖਣ ਵਾਲਾ ਵਿਅਕਤੀ ਇਹ ਕਹਿ ਕੇ ਰੱਦ ਕਰ ਸਕਦਾ ਸੀ, ਕਿ ਪਿੰਡ ਵਿਚ ਇਕ ਪ੍ਰਸਿੱਧ ਵਿਅਕਤੀ ਦੀ ਜਾਨ ਨੂੰ ਖ਼ਤਰਾ ਹੋ ਸਕਦੈ, ਪਰ ਸਿੱਧੂ ਦਾ ਆਪਣੇ ਲੋਕਾਂ 'ਤੇ ਵਿਸ਼ਵਾਸ ਸੀ, ਅਤੇ ਇਹ ਵਿਸ਼ਵਾਸ ਕਾਤਲਾਂ ਨੇ ਤੋੜਿਆ ਹੈ। ਇਹ ਪੰਜਾਬ ਨਾਲ ਗੱਦਾਰੀ ਹੈ। ਸਿੱਧੂ ਇਕ ਉਤਸ਼ਾਹੀ ਨੌਜਵਾਨ ਸੀ, ਜਿਸ ਨੂੰ ਕਲਾ, ਸਾਹਿਤ, ਸੱਭਿਆਚਾਰ, ਸਿਆਸਤ ਅਤੇ ਸਮਾਜ ਵਿਚ ਰੁਚੀ ਸੀ। ਉਸ ਨੇ ਸਿਆਸਤ ਵਿਚ ਹੱਥ ਅਜ਼ਮਾਇਆ ਅਤੇ ਆਪਣੇ ਸਟੈਂਡ ਨੂੰ ਕਲਾਤਮਿਕ ਤਰੀਕੇ ਨਾਲ ਪੇਸ਼ ਵੀ ਕੀਤਾ। ਇਹੋ ਜਿਹੀ ਹਾਰ ਬਾਅਦ ਆਮ ਕਰਕੇ ਸੰਵੇਦਨਸ਼ੀਲ ਨੌਜਵਾਨ ਖਾਮੋਸ਼ ਹੋ ਸਕਦੈ, ਆਪਣੇ ਆਪ 'ਤੇ ਝੂਰ ਸਕਦੈ, ਪਰ ਸਿੱਧੂ ਨੇ ਆਪਣੀ ਹਾਰ ਵਿਚੋਂ ਵੀ ਇਕ ਗੀਤ ਦੀ ਸਿਰਜਣਾ ਕੀਤੀ ਅਤੇ ਆਪਣਾ ਸਿਧਾਂਤ ਅਤੇ ਸੰਕਲਪ ਪੇਸ਼ ਕੀਤਾ।

**ਐਵੇਂ ਨਹੀਂਓ ਦੁਨੀਆ ਖ਼ਿਲਾਫ਼ ਹੋਈ ਨੀ, ਲੋੜ ਤੋਂ ਜ਼ਿਆਦਾ ਮੁੰਡਾ ਸੱਚ ਬੋਲਦਾ,**

ਅੰਮ੍ਰਿਤਾ ਪ੍ਰੀਤਮ ਨੇ 'ਮੈਂ ਤੈਨੂੰ ਫਿਰ ਮਿਲਾਂਗੀ' ਅਤੇ ਸੁਰਜੀਤ ਬਿੰਦਰੱਖੀਏ ਨੇ 'ਮੈਂ ਤਾਂ ਤਿੜਕੇ ਘੜੇ ਦਾ ਪਾਣੀ' ਜਿਹੀਆਂ ਰਚਨਾਵਾਂ ਰਾਹੀਂ ਆਪਣੀ ਮੌਤ ਨੂੰ ਪਛਾਣ ਲਿਆ ਸੀ, ਅਤੇ ਸਿੱਧੂ ਨੇ ਵੀ ਆਪਣੇ ਸਵੈਨ-ਸਾਂਗ (swan son) 'ਗੱਭਰੂ ਦੇ ਚਿਹਰੇ ਉੱਤੇ ਨੂਰ ਦੱਸਦਾ, ਇਹਦਾ ਉੱਠੂਗਾ ਜਵਾਨੀ 'ਚ ਜਨਾਜ਼ਾ, ਮਿੱਠੀਏ' ਰਾਹੀਂ ਸ਼ਾਇਦ ਆਪਣੀ ਹੋਣੀ ਨੂੰ ਵੇਖ ਲਿਆ ਸੀ। ਉਸ ਦੇ ਗਾਣਿਆਂ ਨੂੰ ਤੁਸੀਂ ਪਸੰਦ-ਨਾਪਸੰਦ ਕਰ ਸਕਦੇ ਹੋ, ਪਰ ਉਸ ਦੀ ਸਿਰਜਣਾਤਮਿਕ ਊਰਜਾ ਹਮੇਸ਼ਾ ਉਸ ਦੇ ਸਰੋਤੇ ਦੇ ਸਿਰ ਚੜ ਬੋਲਦੀ ਸੀ। ਨਵੇਂ ਸ਼ਬਦ, ਨਵੇਂ ਮੁਹਾਵਰੇ, ਨਵੇਂ ਅਲੰਕਾਰ, ਨਵੀਆਂ ਤਸ਼ਬੀਹਾਂ।

ਸਿੱਧੂ ਮੂਸੇਵਾਲੇ ਦਾ ਕਤਲ ਪੰਜਾਬੀ ਤਾਸੀਰ, ਸੁਭਾਅ, ਅਣਖ, ਬੋਲੀ ਅਤੇ ਸੱਭਿਆਚਾਰ ਨੂੰ ਚੁਣੌਤੀ ਹੈ। ਉਸ ਨੂੰ ਮੁਹੱਬਤ ਕਰਨ ਵਾਲਿਆਂ ਵਾਂਗ ਉਸ ਨੂੰ ਨਫ਼ਰਤ ਕਰਨ



ਵਾਲੇ ਵੀ ਘੱਟ ਨਹੀਂ ਸਨ, ਪਰ 29 ਸਾਲ ਦੀ ਨਿੱਕੀ ਉਮਰੇ ਉਸ ਨੇ ਗਾਇਕੀ ਦੇ ਕੌਮਾਂਤਰੀ ਪੱਧਰ 'ਤੇ ਜੋ ਮੁਕਾਮ ਸਰ ਕੀਤੇ ਸਨ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਨਾਂ ਵਿਸ਼ਵ ਭਰ ਵਿਚ ਉੱਚਾ ਕੀਤਾ ਸੀ, ਉਸ ਕਰਕੇ ਉਸ ਨੂੰ ਨਜ਼ਰ-ਅੰਦਾਜ਼ ਕਰਨਾ ਔਖਾ ਨਹੀਂ ਅਸੰਭਵ ਸੀ। ਇਸ ਕਰਕੇ ਅੱਜ ਹਰ ਅੱਖ ਨਮ ਹੈ, ਹਰ ਹਿਰਦਾ ਵਲੂੰਧਰਿਆ ਗਿਐ ਅਤੇ ਹਰ ਸੀਨਾ ਸੁੰਨ ਹੋ ਕੇ ਰਹਿ ਗਿਐ। ਆਪਣੇ ਗਾਣੇ ਖ਼ੁਦ ਲਿਖਣ ਵਾਲੇ ਸਿੱਧੂ ਦੀ ਆਵਾਜ਼ ਵਿਚ ਜੋ ਰੋਅਬ, ਅਣਖ ਅਤੇ ਹਰਖ਼ ਝਲਕਦਾ ਸੀ, ਉਹ ਵੀ ਪੰਜਾਬੀ ਸੁਭਾਅ ਦਾ ਹੀ ਅਕਸ ਸੀ।

**ਸ਼ਰਧਾਂਜਲੀ**

ਕਲਾ-ਜਗਤ ਵਿਚ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਆਮ ਕਰਕੇ 'ਸੇਫ਼ ਗੇਮ' ਖੇਡਣ ਵਿਚ ਵਿਸ਼ਵਾਸ ਰੱਖਦੇ ਹਨ, ਪਰ ਸਿੱਧੂ ਨੇ ਨਿੱਕੀ ਉਮਰੇ ਹੀ ਆਪਣਾ ਸਿਧਾਂਤਕ ਪੈਂਤੜਾ ਲਿਆ, ਭਾਵੇਂ ਕਿ ਇਸ ਪੈਂਤੜੇ ਬਾਰੇ ਵਿਚਾਰਕ ਮੱਤਭੇਦ ਹੋ ਸਕਦੇ ਹਨ, ਪਰ ਸਿਆਸੀ ਸਪੱਸ਼ਟਤਾ ਆਪਣੇ-ਆਪ ਵਿਚ ਇਕ ਵੱਡੀ ਗੱਲ ਹੈ, ਜੋ ਕਿ ਅੱਜ ਦੀ ਨੌਜਵਾਨੀ ਵਿਚ ਖ਼ੁਰਦੀ ਜਾਂ ਖ਼ਤਮ ਹੀ ਹੁੰਦੀ ਨਹੀਂ ਰਹੀ, ਸਗੋਂ ਪੈਦਾ ਹੀ ਨਹੀਂ ਹੋ ਰਹੀ। ਫਿਰ ਆਪਣੇ ਆਪ ਦੀ ਆਲੋਚਨਾ ਕਰਨੀ। ਸਿੱਧੂ ਨੇ ਆਪਣੇ ਪ੍ਰਸੰਸਕਾਂ ਨੂੰ ਵੀ ਵੰਗਾਰਿਆ ਕਿ ਉਹ ਉਸ ਦੀ ਮੁੰਡੀਰ-ਨੁਮਾ ਗਾਇਕੀ ਨੂੰ ਪਸੰਦ ਕਰਕੇ ਕੋਈ ਵੱਡਾ ਮਾਅਰਕਾ ਨਹੀਂ ਮਾਰ ਰਹੇ। ਇਹ ਇਕ ਇਨਕਲਾਬੀ ਕਦਮ ਸੀ, ਜੋ ਉਸ ਦੇ ਕਰੀਅਰ ਲਈ ਆਤਮਘਾਤੀ ਹੋ ਸਕਦਾ ਸੀ, ਪਰ ਉਹ ਅਲਬੇਲਾ ਬੇਪ੍ਰਵਾਹ ਆਪਣੀਆਂ ਨਵੀਆਂ ਪੈੜਾਂ ਪਛਾਣਦਾ ਰਿਹਾ, ਪਾਉਂਦਾ ਰਿਹਾ।

ਅਸੀਂ ਇਸ ਲੇਖ ਰਾਹੀਂ ਉਸ ਦੀ ਰਚਨਾ ਜਾਂ ਗਾਇਕੀ ਦਾ ਸਮਰਥਨ ਨਹੀਂ ਕਰ ਰਹੇ। ਸਾਡਾ ਮੰਨਣਾ ਹੈ ਕਿ ਉਹ ਨਿਵੇਕਲਾ ਸੀ ਅਤੇ ਉਸ ਨੇ ਆਪਣੀ ਪਛਾਣ ਕਾਇਮ ਕੀਤੀ। ਪਰ ਉਸ ਦੀ ਗੀਤਕਾਰੀ ਵਿਚ ਜਿੱਥੇ ਤਾਜ਼ਗੀ, ਮੌਲਿਕਤਾ ਅਤੇ ਨਵੀਨਤਾ ਹੈ, ਉੱਥੇ ਇਹ ਵੀ ਯਾਦ ਰੱਖਣਾ ਪਵੇਗਾ ਕਿ ਪਹਿਲੀ ਉਮਰੇ ਉਸ ਦੀਆਂ ਰਚਨਾਵਾਂ ਵਿਚ ਜੋ ਵਿਸ਼ੇ ਹਨ, ਉਹ ਉਹੀ ਹਨ ਜੋ ਬਾਜ਼ਾਰ ਦੀ ਲੋੜ ਸਨ, ਜੋ ਸਮਾਜ ਨੇ ਹੀ ਪਸੰਦ ਕੀਤੇ ਅਤੇ ਇਹ ਉਸ ਦੀ ਆਪਣੀ ਉਮਰ ਦਾ ਦੌਰ ਅਤੇ ਸਮਾਜ ਵਲੋਂ ਦਿੱਤੀ ਚੜਤ ਤੋਂ ਪ੍ਰੇਰਿਤ ਹੋ ਕੇ ਹੀ ਲਿਖੇ ਗਏ। ਪਰ, ਬਾਅਦ ਵਿਚ ਉਸ ਨੇ ਆਪਣੇ ਲਿਖੇ ਨੂੰ ਰੱਦ ਵੀ ਕੀਤਾ ਅਤੇ ਸਿਆਸਤ 'ਤੇ ਤਨਜ਼ ਕੱਸਦਾ ਗੀਤ 295 ਉਸ ਦੀ ਸੂਝ ਦਾ ਪ੍ਰਤੀਕ ਸੀ, ਉੱਥੇ ਚੋਣਾਂ ਦੀ ਹਾਰ ਬਾਅਦ ਉਸ ਦਾ ਗੀਤ ਉਸ ਦੀ ਕਲਾਤਮਿਕ ਪ੍ਰਤਿਭਾ, ਹਾਂ-ਪੱਖੀ ਸੋਚ ਅਤੇ ਬੁਲੰਦ ਇਰਾਦਿਆਂ ਨੂੰ ਸੰਬੋਧਿਤ ਸੀ।

ਉਸ ਨੂੰ ਮਾਰਨ ਵਾਲਿਆਂ ਨੇ ਵੀ ਉਸ ਨੂੰ ਜ਼ਰੂਰ ਸੁਣਿਆ ਅਤੇ ਮਾਣਿਆ ਹੋਵੇਗਾ। ਪਰ, ਹਮਲਾਵਰ ਅਜਿਹੀਆਂ ਘਿਣਾਉਣੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਤੋਂ ਪਹਿਲਾਂ ਸ਼ਰਾਬ ਜਾਂ ਰਸਾਇਣਿਕ ਨਸ਼ਿਆਂ ਦੀ ਲੋਰ ਵਿਚ ਕਿਸੇ ਮਾਂ ਦੇ ਪੁੱਤ, ਕਿਸੇ ਭੈਣ ਦੇ ਵੀਰ ਦੀ ਜਾਨ ਲੈਣ ਤੋਂ ਪਹਿਲਾਂ, ਇਕ ਪਲ ਨਹੀਂ ਸੋਚਦੇ ਕਿ ਇਸ ਰੁਤਬੇ 'ਤੇ ਪੁੱਜਣ ਲਈ ਉਸ ਮਾਸੂਮ ਗੱਭਰੂ ਨੇ ਕਿੰਨੀ ਮਿਹਨਤ ਕੀਤੀ, ਕਿੰਨੀ ਸ਼ਿੱਦਤ ਨਾਲ ਆਪਣੀ ਧੁਨ ਦਾ ਪੱਕਾ ਰਹਿ ਕੇ, ਆਪਣਾ ਧਿਆਨ ਆਪਣੇ ਨਿਸ਼ਾਨੇ ਵੱਲ ਕੇਂਦਰਿਤ ਕੀਤਾ ਅਤੇ ਮਾਪਿਆਂ ਨੂੰ ਆਪਣੀਆਂ ਉਮੀਦਾਂ 'ਤੇ ਬੂਰ ਪੈਂਦਾ ਦੇਖ ਜੋ ਸਕੂਨ ਹਾਸਲ ਹੋਇਆ ਸੀ, ਉਸ ਨੂੰ ਇਕ ਝਟਕੇ ਨਾਲ ਇਨਸਾਨੀਅਤ ਦੀਆਂ ਵੈਰੀ ਗਿਰਝਾਂ ਨੇ ਖੋਹ ਲਿਆ। ਅਜੇ ਮਹੀਨਾ ਪਹਿਲਾਂ ਕੌਮਾਂਤਰੀ ਕਬੱਡੀ ਖਿਡਾਰੀ ਨੰਗਲ ਅੰਬੀਆਂ ਦਾ ਵੀ ਇਸੇ ਤਰਾਂ ਦਿਨੋ-ਦਿਹਾੜੇ ਕਤਲ ਕਰ ਦਿੱਤਾ ਗਿਆ ਸੀ। ਉਸ ਤੋਂ ਪਹਿਲਾਂ ਚੋਣਾਂ ਤੋਂ ਹਫ਼ਤਾ ਪਹਿਲਾਂ ਅਦਾਕਾਰ ਦੀਪ ਸਿੱਧੂ ਵੀ ਚੜਦੀ ਉਮਰੇ ਇਕ ਹਾਦਸੇ ਵਿਚ ਚਲਾ ਗਿਆ। ਕਿੰਨੇ ਮੂਰਖ਼ ਹਾਂ ਅਸੀਂ ਕਿ ਸਾਡਾ ਨਾਂ ਕੌਮੀ-ਕੌਮਾਂਤਰੀ ਪੱਧਰ 'ਤੇ ਰੌਸ਼ਨ ਕਰਨ ਵਾਲੇ ਆਪਣੇ ਹੀ ਭਰਾਵਾਂ, ਪੁੱਤਾਂ ਨੂੰ ਅਸੀਂ ਖ਼ੁਦ ਹੀ ਮਾਰ ਰਹੇ ਹਾਂ। ਕੀ ਅਸੀਂ ਆਪਣੇ ਆਪ ਨੂੰ ਇਨਸਾਨ ਕਹਿਣ ਦੇ ਕਾਬਲ ਹਾਂ?

# ਪ੍ਰੋਫੈਸਰ ਹਰਬੰਸ ਸਿੰਘ ਸਿੱਖ ਵਿਸ਼ਵਕੋਸ਼ ਵਿਭਾਗ ਵੱਲੋਂ ਸਰਦਾਰਨੀ ਕੈਲਾਸ਼ ਕੌਰ ਮੈਮੋਰੀਅਲ ਲੈਕਚਰ ਦਾ ਆਯੋਜਨ

**ਪਟਿਆਲਾ/ਏ.ਟੀ.ਨਿਊਜ਼** :- ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਹਰਬੰਸ ਸਿੰਘ ਸਿੱਖ ਵਿਸ਼ਵਕੋਸ਼ ਵਿਭਾਗ ਵੱਲੋਂ ਸਰਦਾਰਨੀ ਕੈਲਾਸ਼ ਕੌਰ ਮੈਮੋਰੀਅਲ ਲੈਕਚਰ ਦਾ ਆਯੋਜਨ ਕੀਤਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸਥਿਤ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਸੈਂਟਰ ਦੇ ਪੂਰਵ ਡਾਇਰੈਕਟਰ ਪ੍ਰੋਫ਼ੈਸਰ ਬਲਵੰਤ ਸਿੰਘ ਢਿਲੋਂ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਖ਼ਸੀਅਤ ਸਬੰਧੀ ਪੁਨਰ ਵਿਚਾਰ ਵਿਸ਼ੇ 'ਤੇ ਆਪਣਾ ਮੁੱਖ ਭਾਸ਼ਣ ਪੇਸ਼ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਨੇ ਇਸ ਲੈਕਚਰ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ ਦੇ ਵਾਈਸ ਚਾਂਸਲਰ ਡਾ. ਪਿਰਪਾਲ ਸਿੰਘ ਅਤੇ ਭਾਰਤ ਸਰਕਾਰ ਦੀ ਮਨਿਸਟਰੀ ਆਫ਼ ਇਨਫ਼ਰਮੇਸ਼ਨ ਐਂਡ ਬਰਾਡਕਾਸਟਿੰਗ ਦੀ ਪਬਲੀਕੇਸ਼ਨ ਡਿਵੀਜ਼ਨ ਤੋਂ ਸ੍ਰੀਮਤੀ ਰੋਮਾ ਚੈਟਰਜੀ ਅਤੇ ਸ੍ਰੀ ਰਾਕੇਸ਼ ਕੁਮਾਰ ਰੇਨੂ ਹਾਜ਼ਰ ਸਨ। ਇਸ ਮੌਕੇ ਭਾਰਤ ਸਰਕਾਰ ਦੁਆਰਾ ਗੁਰੂ ਤੇਗ ਬਹਾਦਰ ਜੀ : ਹਿਜ਼ ਲਾਈਫ਼, ਟ੍ਰੈਵਲਜ਼ ਐਂਡ ਮੈਸੇਜ ਵਿਸ਼ੇ 'ਤੇ ਡਾ. ਪਰਮਵੀਰ ਸਿੰਘ ਅਤੇ ਧਰਮ ਸਿੰਘ ਵੱਲੋਂ ਵਿਸ਼ੇ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਪੁਸਤਕ ਰਿਲੀਜ਼ ਕੀਤੀ ਗਈ।

ਇਸ ਮੌਕੇ ਪ੍ਰੋਫੈਸਰ ਅਰਵਿੰਦ ਨੇ ਇਸ ਪੁਸਤਕ ਦੇ ਲੇਖਕ ਡਾ. ਪਰਮਵੀਰ ਸਿੰਘ ਅਤੇ ਡਾ. ਧਰਮ ਸਿੰਘ ਅਤੇ ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਇਨਫਰਮੇਸ਼ਨ ਐਂਡ ਬ੍ਰਾਡਕਾਸਟਿੰਗ ਦੇ ਪਬਲੀਕੇਸ਼ਨਜ਼ ਵਿਭਾਗ ਨੂੰ ਮੁਬਾਰਕਾਂ ਦਿੰਦਿਆਂ ਕਿਹਾ ਕਿ ਇਸ ਨਾਲ ਸਾਡੀ ਯੂਨਿਵਰਸਿਟੀ ਦਾ ਵੀ ਮਾਣ ਵਧਿਆ ਹੈ। ਇਹ ਪੁਸਤਕ ਖੋਜਾਰਥੀਆਂ ਦਾ ਮਾਰਗ ਦਰਸ਼ਨ ਕਰਨ ਵਿਚ ਸਹਾਈ ਹੋਵੇਗੀ। ਡਾ ਬਲਵੰਤ ਸਿੰਘ ਢਿਲੋਂ ਨੇ ਇਸ ਮੈਮੋਰੀਅਲ ਲੈਕਚਰ ਦੌਰਾਨ ਸ੍ਰੀ












ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਇਤਿਹਾਸ, ਸਿਧਾਂਤ, ਯਾਤਰਾਵਾਂ, ਹੁਕਮਨਾਮਿਆਂ ਦੇ ਸੰਦਰਭ ਵਿਚ ਉਹਨਾਂ ਦੇ ਜੀਵਨ ਨਾਲ ਸਬੰਧਿਤ ਗੁਰਮੁਖੀ ਅਤੇ ਫ਼ਾਰਸੀ ਸਰੋਤਾਂ ਦਾ ਅਧਿਐਨ ਕਰਨ ਦੀ ਲੋੜ ਹੈ। ਇਸ ਨਾਲ ਇਨਾਂ ਨੇ ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਦੇ ਵਿਭਿੰਨ ਪੱਖਾਂ ਬਾਰੇ ਖੋਜ ਭਰਪੂਰ ਜਾਣਕਾਰੀ ਵੀ ਸਾਂਝੀ ਕੀਤੀ। ਡਾ. ਪ੍ਰਿਤਪਾਲ ਸਿੰਘ ਨੇ ਡਾ. ਪਰਮਵੀਰ ਸਿੰਘ ਅਤੇ ਡਾ. ਧਰਮ ਸਿੰਘ ਦੀ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕਿਸੇ ਵੀ ਪੁਸਤਕ ਨੂੰ ਸਹੀ ਸੰਦਰਭ ਵਿਚ ਸਮਝਣ ਲਈ ਉਸ ਦੇ ਲੇਖਕ ਦੀ ਰਾਜਨਿਤਕ ਸੂਝ ਅਤੇ ਧਾਰਮਿਕ ਵਿਸ਼ਵਾਸ ਨੂੰ ਵੀ ਸਮਝਣ ਦੀ ਲੋੜ ਹੈ।

ਇਸ ਸਮੇਂ ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰੂ ਕਾਲ ਤੋਂ ਲੈ ਕੇ ਹੁਣ ਤੱਕ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤੇ ਜਾਣ ਦਾ ਯਤਨ ਕੀਤੇ ਜਾਂਦੇ ਰਹੇ ਹਨ। ਇਸ ਸਬੰਧੀ ਸਾਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਇਸ ਕਾਰਜ ਲਈ ਨਵੇਂ ਖੋਜਾਰਥੀਆਂ ਨੂੰ ਚੇਤੰਨ ਹੋਣ ਦੀ ਲੋੜ ਹੈ। ਇਸ ਸਮੇਂ ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਇਨਫਰਮੇਸ਼ਨ ਐਂਡ ਬ੍ਰਾਡਕਾਸਟਿੰਗ ਦੇ ਪਬਲੀਕੇਸ਼ਨਜ਼ ਡਿਵੀਜ਼ਨ ਵਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸ੍ਰੀਮਤੀ ਰੋਮਾ ਚੈਟਰਜੀ ਨੇ ਕਿਹਾ ਸਾਡੇ ਵਿਭਾਗ ਵਲੋਂ ਸਿੱਖ ਗੁਰੂ ਸਾਹਿਬਾਨ ਵਲੋਂ ਪ੍ਰਕਾਸ਼ਿਤ ਕੀਤੀ ਗਈ ਇਹ ਦੂਸਰੀ ਪੁਸਤਕ ਹੈ। ਸਭ ਤੋਂ ਵੱਡੀ ਗੱਲ ਕਿ ਅਸੀਂ ਇਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਗੁਰਪੁਰਬ ਮੌਕੇ ਹੀ ਪ੍ਰਕਾਸ਼ਿਤ ਕਰਕੇ ਪਾਠਕਾਂ ਤੱਕ ਪਹੁੰਚਾਉਣ ਦੀ ਖ਼ੁਸੀ ਹਾਸ਼ਲ ਕਰ ਸਕੇ ਹਾਂ। ਇਹਨਾਂ ਨੇ ਇਸ ਪੁਸਤਕ ਦੇ ਲੇਖਕਾਂ ਵਲੋਂ ਕੀਤੀ ਖੋਜ ਅਤੇ ਭਾਰਤ ਸਰਕਾਰ ਨੂੰ ਦਿੱਤੇ ਸਹਿਯੋਗ ਦੀ ਭਰਪੂਰ ਸ਼ਲਾਘਾ ਕੀਤੀ। ਸਮਾਗਮ ਵਿੱਚ ਆਏ ਮਹਿਮਾਨਾਂ, ਪ੍ਰੋਫੈਸਰ ਸਾਹਿਬਾਨ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦਾ ਵਿਭਾਗ ਦੇ ਪ੍ਰੋਫ਼ੈਸਰ ਜਸਪ੍ਰੀਤ ਕੌਰ ਸੰਧੂ ਵਲੋਂ ਧੰਨਵਾਦ ਕੀਤਾ ਗਿਆ। ਇਸ ਸਮੇਂ ਡਾ. ਮਲਕਿੰਦਰ ਕੌਰ, ਡਾ. ਚਮਕੌਰ ਸਿੰਘ, ਡਾ. ਰਮਿੰਦਰਜੀਤ ਕੌਰ, ਡਾ. ਅਬਨੀਸ ਕੌਰ, ਡਾ. ਗੁਰਮੀਤ ਸਿੰਘ ਸਿੱਧੂ, ਡਾ. ਗੁਰਮੇਲ ਸਿੰਘ, ਡਾ. ਮੁਹੰਮਦ ਹਬੀਬ, ਡਾ. ਸੁਰਜੀਤ ਸਿੰਘ ਭੱਟੀ, ਡਾ. ਬਲਵਿੰਦਰਜੀਤ ਕੌਰ ਭੱਟੀ, ਡਾ. ਗੁਰਨਾਇਬ ਸਿੰਘ, ਡਾ. ਗੁਜਨਜੋਤ ਕੌਰ, ਡਾ. ਭੁਪਿੰਦਰਪਾਲ ਸਿੰਘ, ਡਾ. ਕਸ਼ਮੀਰ ਸਿੰਘ, ਡਾ. ਹਰਪ੍ਰੀਤ ਕੌਰ, ਸ੍ਰੀਮਤੀ ਗਰੀਮਾ ਰਾਣੀ, ਗੁਰਮੇਲ ਸਿੰਘ, ਮੁਕੇਸ਼ ਕੁਮਾਰ, ਗੁਰਤੇਜ ਸਿੰਘ ਇਲਾਵਾ ਬਹੁਤ ਸਾਰੇ ਖੋਜਾਰਥੀ ਅਤੇ ਵਿਦਿਆਰਥੀ ਹਾਜ਼ਰ ਸਨ।

ਅੰਮ੍ਰਿਤਸਰ ਟਾਈਮਜ਼ AMRITSAR TIMES

01 ਜੂਨ 2022 ਤੋਂ 07 ਜੂਨ 2022

# ਤੀਜੇ ਘੱਲੂਘਾਰੇ ਦੀ ਯਾਦ 'ਚ ਕਿਸ ਤਰਾਂ ਜੁੜੀਏ ?

ਜਿੰਦਗੀ ਵਿੱਚ ਕੁਝ ਵਰਤਾਰੇ ਅਜਿਹੇ ਹੁੰਦੇ ਹਨ ਜਿਹੜੇ ਮਨੁੱਖ ਦੇ ਚੇਤੇ ਵਿੱਚ ਇਕ ਖਾਸ ਜਗਾ ਬਣਾ ਲੈਂਦੇ ਹਨ। ਮਨੁੱਖ ਉਨਾਂ ਨੂੰ ਯਾਦ ਕਰਦਾ ਹੈ, ਇਹ ਪਹਿਲਾ ਕਦਮ ਬਹੁਤ ਵੱਡੀ ਜਿੰਮੇਵਾਰੀ ਵਾਲਾ ਕਦਮ ਹੁੰਦਾ ਹੈ ਕਿਉਂਕਿ ਇਹ ਕਦਮ ਪੁੱਟਣਾ ਉਨਾਂ ਔਖਾ ਨਹੀਂ, ਜਿੰਨਾ ਔਖਾ ਇਹ ਸਮਝਣਾ ਹੈ ਕਿ ਇਸ ਕਦਮ ਨੂੰ ਪੁੱਟਣਾ ਕਿਵੇਂ ਹੈ। ਜੇਕਰ ਮਨੁੱਖ ਉਸ ਵਰਤਾਰੇ ਨੂੰ ਪੂਰੀ ਪਵਿੱਤਰਤਾ ਅਤੇ ਇਮਾਨਦਾਰੀ ਨਾਲ ਯਾਦ ਨਹੀਂ ਕਰਦਾ ਤਾਂ ਉਸ ਵਰਤਾਰੇ ਦੀ ਠੀਕ ਸਮਝ ਦੀ ਲਿਸ਼ਕੋਰ ਨਹੀਂ ਪੈ ਸਕਦੀ।

ਜੂਨ 19184 ਵਿੱਚ ਗੁਰੂ ਖਾਲਸਾ ਪੰਥ 'ਤੇ ਬਿਪਰ ਰਾਜ-ਹਉਂ ਵੱਲੋਂ ਕੀਤੇ ਬਹੁ-ਪਸਾਰੀ ਹਮਲੇ ਨੂੰ, ਸਿੱਖ ਤੀਜੇ ਘੱਲੂਘਾਰੇ ਵਜੋਂ ਯਾਦ ਕਰਦੇ ਹਨ। ਹਰ ਸਾਲ ਇਨਾਂ ਦਿਨਾਂ ਵਿੱਚ ਵੱਖ-ਵੱਖ ਥਾਵਾਂ 'ਤੇ ਸਮਾਗਮ ਕੀਤੇ ਜਾਂਦੇ ਹਨ ਅਤੇ 6 ਜੂਨ ਨੂੰ ਅਕਾਲ ਤਖਤ ਸਾਹਿਬ 'ਤੇ ਇਕੱਠੇ ਹੋ ਕੇ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ। ਤੀਜੇ ਘੱਲੂਘਾਰੇ ਨੂੰ ਯਾਦ ਕਰਨਾ, ਸ਼ਹੀਦਾਂ ਨੂੰ ਪ੍ਰਣਾਮ ਕਰਨਾ ਸਾਡਾ ਹੱਕ ਵੀ ਹੈ ਅਤੇ ਸਾਡਾ ਫਰਜ ਵੀ। ਪਰ ਗੱਲ ਸਿਰਫ ਯਾਦ ਕਰਨ ਦੀ ਨਹੀਂ ਹੁੰਦੀ, ਗੱਲ ਉਸ ਯਾਦ ਦੀ ਪਵਿੱਤਰਤਾ ਨੂੰ ਬਹਾਲ ਰੱਖਣ ਦੀ ਹੁੰਦੀ ਹੈ। ਜੇਕਰ ਗੱਲ ਸਿਰਫ ਯਾਦ ਕਰਨ ਦੀ ਹੀ ਹੋਵੇ ਤਾਂ ਪਵਿੱਤਰਤਾ ਵਿਹੂਣੀ ਯਾਦ ਤੁਹਾਨੂੰ ਬਹੁਤਾ ਕੁਝ ਨਹੀਂ ਦੇ ਸਕਦੀ, ਸਗੋਂ ਉਹ ਤੁਹਾਡਾ ਲੈ ਬਹੁਤ ਕੁਝ ਜਾਂਦੀ ਹੈ। ਇੱਥੇ ਗੱਲ ਸ਼ਹੀਦਾਂ ਦਾ ਨਾਮ ਲੈਣ ਦੀ ਨਹੀਂ, ਸ਼ਹੀਦਾਂ ਦੇ ਕਿਰਦਾਰਾਂ ਵਰਗਾ ਬਣਨ ਦੀ ਹੈ। ਗੱਲ ਸ਼ਹੀਦਾਂ ਦੇ ਸੁਪਨੇ ਨੂੰ, ਉਨਾਂ ਦੇ ਨਿਸ਼ਾਨੇ ਨੂੰ ਉੱਚੀ ਉੱਚੀ ਦੁਹਰਾਉਣ ਦੀ ਨਹੀਂ, ਗੱਲ ਉਹ ਸੁਪਨੇ ਨੂੰ, ਉਹ ਨਿਸ਼ਾਨੇ ਨੂੰ ਦਿਲੋਂ ਅਵਾਜ਼ ਦੇਣ ਦੀ ਹੈ ਅਤੇ ਆਪਣੇ ਅਮਲ 'ਚ ਲੈ ਕੇ ਆਉਣ ਦੀ ਹੈ।

ਜਦੋਂ ਤੁਸੀਂ ਕਿਸੇ ਅਜਿਹੀ ਘਟਨਾ/ਸ਼ਖਸ ਜਾਂ ਅਜਿਹੇ ਵਰਤਾਰੇ ਨੂੰ ਯਾਦ ਕਰਨਾ ਹੈ ਤਾਂ ਇਹ ਆਪਣੇ ਆਪ ਵਿੱਚ ਇਕ ਵੱਡੀ ਜੰਗ ਹੈ, ਵੱਡਾ ਤੂਫਾਨ ਹੈ ਜਿਸ ਦੇ ਸਾਹਵੇਂ ਖਲੋਣ ਲਈ ਤੁਹਾਡਾ ਆਪਣੀਆਂ ਜੜਾਂ, ਆਪਣੀ ਬੁਨਿਆਦ ਨਾਲ ਜੁੜੇ ਹੋਣਾ ਬਹੁਤ ਲਾਜ਼ਮੀ ਹੈ। ਤੂਫ਼ਾਨਾਂ ਨਾਲ ਮੁਕਾਬਲਾ ਤਾਂ ਜੜਾਂ ਤੋਂ ਮਜ਼ਬੂਤ ਬਿਰਖ ਹੀ ਕਰ ਸਕੇਗਾ। ਕਾਹਲਾ ਅਤੇ ਮਨਮਰਜੀ ਵਾਲਾ ਮਨੁੱਖ ਆਪਣੇ ਮਨ ਦੀ ਤਸੱਲੀ ਲਈ ਤੂਫਾਨ 'ਤੇ ਉਸ ਦੇ ਵੱਧ ਦਹਿਸ਼ਤਗਰਦ ਹੋਣ ਦਾ ਇਲਜ਼ਾਮ ਤਾਂ ਲਾ ਸਕਦਾ ਹੈ ਪਰ ਆਪਣੇ ਆਪ ਦੇ ਜੜਾਂ ਤੋਂ ਕਮਜ਼ੋਰ ਹੋਣ ਦੀ ਘਾਟ ਉੱਪਰ ਝਾਤ ਨਹੀਂ ਪਾ ਸਕਦਾ।

ਸਾਡੀ ਬੁਨਿਆਦ ਗੁਰਬਾਣੀ ਹੈ ਅਤੇ ਜਿਨਾਂ ਨੂੰ ਯਾਦ ਕਰਨਾ ਹੈ ਉਹ, ਬਾਣੀ ਪੜਦੇ ਪੜਦੇ ਗੁਰਬਾਣੀ ਹੀ ਹੋ ਗਏ ਸਨ। ਬਾਣੀ ਤੋਂ ਪਵਿੱਤਰ ਸਿੱਖ ਲਈ ਹੋਰ ਹੈ ਵੀ ਕੀ ? ਤੇ ਪਵਿੱਤਰ ਚੀਜ਼ਾਂ ਨਾਲ ਗਲਤੀ ਨਾਲ ਜਾਂ ਅਨਜਾਣਪੁਣੇ ਵਿਚ ਵੀ ਗਲਤ ਵਰਤਾਰਾ ਕਰਨਾ ਕੀ ਨੁਕਸਾਨ ਕਰਦਾ ਹੈ, ਇਹਦਾ ਕਿਆਸ ਸ਼ਬਦਾਂ 'ਚ ਨਹੀਂ ਲਾਇਆ ਜਾ ਸਕਦਾ।

ਸੰਘਰਸ਼ ਅਤੇ ਸੰਘਰਸ਼ ਕਰਨ ਵਾਲੀਆਂ ਧਿਰਾਂ ਸਦਾ ਇਕੋ ਰਫਤਾਰ ਵਿਚ ਨਹੀਂ ਰਿਹਾ ਕਰਦੇ। ਲੰਬੇ ਅਤੇ ਬਿਖੜੇ ਪੈਂਡਿਆਂ ਵਿੱਚ ਹਮੇਸ਼ਾ ਮੁੱਖ ਪੰਥ ਵੱਲ ਰਹੇ, ਇਹ ਕਿਸੇ ਵਿਰਲੀਆਂ ਰੂਹਾਂ ਦੇ ਹਿੱਸੇ ਹੀ ਆਉਂਦਾ ਹੈ। ਅੱਜ ਸਾਡੇ ਵੱਡੇ ਹਿੱਸੇ ਨੇ ਕਿੰਨੇ ਉਹ ਸਿਆਸੀ ਅਤੇ ਧਾਰਮਿਕ ਬੰਦੇ ਨਕਾਰ ਦਿੱਤੇ ਹਨ ਜਿਹੜੇ ਕਦੇ ਮੂਹਰਲੀ ਕਤਾਰ ਵਿੱਚ ਹੁੰਦੇ ਸਨ ਪਰ ਜਦੋਂ ਪੰਥ ਵੱਲੋਂ ਆਪਣਾ ਮੁਖ ਪਾਸੇ ਕੀਤਾ ਤਾਂ ਨਕਾਰੇ ਗਏ।

ਅਕਾਲ ਤਖ਼ਤ ਸਾਹਿਬ ਦਾ ਮੌਜੂਦਾ ਪ੍ਰਬੰਧ ਵੋਟਾਂ ਵਾਲੀ ਸਿਆਸੀ ਧਿਰ ਕੋਲ ਹੈ ਜਿਸ ਕਰਕੇ ਕਿੰਨੀ ਦਫ਼ਾ ਵੱਖ-ਵੱਖ ਸਮੇਂ ਵੱਖ-ਵੱਖ ਜਥੇਦਾਰ ਸਾਹਿਬਾਨ ਦੇ ਬੋਲਣ ਦਾ ਵਿਰੋਧ ਹੋਇਆ ਹੈ। 6 ਜੂਨ ਨੂੰ ਵੀ ਜਥੇਦਾਰ ਸਾਹਿਬ ਦੇ ਬੋਲਣ ਦਾ ਵਿਰੋਧ ਹੋ ਜਾਂਦਾ ਹੈ, ਖਾਲਿਸਤਾਨ ਜਿੰਦਾਬਾਦ ਦੇ ਨਾਹਰੇ ਲੱਗਦੇ ਹਨ, ਟਾਸਕ ਫੋਰਸ ਵੀ ਆਪਣੀ ਪਿੱਠ 'ਤੇ ਮਿਲੇ ਥਾਪੜੇ ਦਾ ਪੂਰਾ ਪੂਰਾ ਲਾਹਾ ਲੈਂਦੀ ਹੈ। ਇਸ ਵਾਰ ਸੱਤਾ ਤਬਦੀਲੀ ਕਰਕੇ ਅਤੇ ਸਿਆਸੀ ਹਾਲਾਤ ਵੱਖਰੇ ਹੋਣ ਕਰਕੇ ਸ਼ਾਇਦ ਬਹੁਤ ਕੁਝ ਵੱਖਰਾ ਅਤੇ ਅਣਕਿਆਸਿਆ ਵੀ ਹੋਵੇ ਪਰ ਘੱਲੂਘਾਰੇ ਨੂੰ ਯਾਦ ਕਰਨ ਸਬੰਧੀ ਸਾਡੇ ਲਈ ਬਹੁਤ ਗੱਲਾਂ ਹਨ ਜਿਨਾਂ ਨੂੰ ਮਹਿਸੂਸ ਕਰਨਾ ਸਾਡੇ ਲਈ ਲਾਜ਼ਮੀ ਹੈ।

ਬੇਸ਼ੱਕ ਸਾਡਾ ਗਿਲਾ ਸਾਡੀਆਂ ਸੰਸਥਾਵਾਂ ਜਾਂ ਉਨਾਂ ਸੰਸਥਾਵਾਂ 'ਤੇ ਕਾਬਜ ਵਿਅਕਤੀਆਂ ਨਾਲ ਹੈ/ ਹੋਵੇਗਾ ਪਰ ਇਸ ਯਾਦ ਵਿੱਚ ਇਕੱਤਰ ਹੋਣ ਵਕਤ ਸਾਨੂੰ ਇਹ ਸਭ ਪਿੱਛੇ ਰੱਖ ਕੇ ਆਪਣੀ ਸੁਰਤ ਇਕਾਗਰ ਕਰ ਕੇ ਸ਼ਹੀਦਾਂ ਨੂੰ ਯਾਦ ਕਰਨਾ ਚਾਹੀਦਾ ਹੈ। ਕੁਝ ਪੈਂਡੇ ਚੁੱਪ ਨੇ ਹੀ ਸਰ ਕਰਨੇ ਹੁੰਦੇ ਹਨ, ਸ਼ੋਰ ਨੇ ਬਸ ਹਾਜ਼ਰੀ ਲਵਾਉਣ ਤੱਕ ਸਿਮਟ ਜਾਣਾ ਹੁੰਦਾ ਹੈ। ਹਰ ਵਾਰ ਇਹ ਗੱਲ ਵੀ ਵੇਖਣ ਵਿਚ ਆਉਂਦੀ ਹੈ ਕਿ ਘੱਲੂਘਾਰੇ ਦੀ ਯਾਦ 'ਚ ਇਕੱਤਰ ਹੋਏ ਸਾਡੇ ਬੰਦਿਆਂ 'ਚੋਂ 10 ਪਿੱਛੇ 7 ਬੰਦਿਆਂ ਦੇ ਹੱਥ 'ਚ ਮੋਬਾਇਲ ਫੋਨ ਹੁੰਦੇ ਹਨ ਅਤੇ ਉਹ ਕਿਸੇ ਅਣਸੁਖਾਵੀਂ ਘਟਨਾ ਵਾਪਰਨ ਦੇ ਇੰਡੀਅਨ ਮੀਡੀਆ ਤੋਂ ਘੱਟ ਉਡੀਕ ਵਿਚ ਨਹੀਂ ਹੁੰਦੇ। ਤਸਵੀਰਾਂ ਖਿੱਚੀਆਂ ਜਾਂਦੀਆਂ ਹਨ ਅਤੇ ਕੈਮਰਿਆਂ ਅੱਗੇ ਖਲੋ ਕੇ ਕਿਰਪਾਨਾਂ ਉਤਾਹਾਂ ਕਰ ਕਰ ਨਾਹਰੇ ਵੀ ਲਗਾਏ ਜਾਂਦੇ ਹਨ। ਇਹ ਨਾਹਰੇ ਕੈਮਰਿਆਂ ਦੇ ਪਾਸੇ ਹੋ ਜਾਣ 'ਤੇ ਰੁਕ ਵੀ ਜਾਂਦੇ ਹਨ, ਜਿਵੇਂ ਕਿ ਨਾਹਰੇ ਬਸ ਕੈਮਰਿਆਂ ਨੂੰ ਭਰਨ ਵਾਸਤੇ ਹੀ ਹੋਣ। ਕੋਈ ਵਿਰਲੇ ਚੌਂਕੜੇ ਅਜਿਹੇ ਵੀ ਆਉਂਦੇ ਹਨ ਜਿਹੜੇ ਉਸ ਪਵਿੱਤਰ ਯਾਦ 'ਚ ਸੱਜਦੇ ਹਨ, ਉਨਾਂ ਪਵਿੱਤਰ ਰੂਹਾਂ ਨੂੰ ਮਹਿਸੂਸ ਕਰਦੇ ਹਨ ਜਿਨਾਂ ਨੇ ਆਪਣੇ ਸਿਰਾਂ ਦੇ ਮੱਥੇ ਟੇਕੇ ਅਤੇ ਸੱਚ ਦੀ ਗਵਾਹੀ ਭਰੀ।

ਇੱਥੇ ਵਿਰੋਧ ਨਾਹਰੇ ਲਾਉਣ 'ਤੇ ਨਹੀਂ, ਵਿਰੋਧ ਜਥੇਦਾਰ ਸਾਹਿਬ ਦੇ ਬੋਲਣ 'ਤੇ ਰੋਸ ਕਰਨ ਦਾ ਵੀ ਨਹੀਂ, ਇੱਥੇ ਤਾਂ ਬਸ ਉਸ ਪਵਿੱਤਰ ਯਾਦ 'ਚ ਜੁੜਨ ਵਾਲਿਆਂ ਲਈ ਗਿਲਾ ਅਤੇ ਅਰਜ਼ੋਈ ਹੀ ਹੈ। ਗਿਲਾ ਹੈ ਬਸ ਸਾਡਾ ਅਸੀਂ ਨਾ ਹੋਣ ਦਾ। ਸਾਡੇ ਰਵੱਈਏ ਦੀ ਲਿਸ਼ਕੋਰ 'ਚ ਸਾਡਾ ਚਾਨਣ ਨਾ ਹੋਣ ਦਾ। ਪਵਿੱਤਰ ਲਫਜ਼ਾਂ ਨੂੰ ਬੋਲਦੀ ਬਿਰਤੀ ਪਵਿੱਤਰ ਨਾ ਹੋਣ ਦਾ, ਪਵਿੱਤਰ ਦਿਨਾਂ 'ਤੇ ਉਕਰੇ ਜਾ ਰਹੇ ਦ੍ਰਿਸ਼ ਪਵਿੱਤਰ ਨਾ ਹੋਣ ਦਾ। ਇਸ ਸਭ ਦੇ ਬਾਵਜੂਦ ਅਸੀਂ ਕਿਵੇਂ ਕਿਸੇ ਪਵਿੱਤਰ ਸ਼ਖਸੀਅਤ ਨੂੰ ਯਾਦ ਕਰਨ ਦਾ ਦਾਅਵਾ ਕਰ ਸਕਦੇ ਹਾਂ ? ਜਦੋਂ ਯਾਦ ਕਰਨ ਦਾ ਕਦਮ ਸਹੀ ਨਹੀਂ, ਫਿਰ ਉਨਾਂ ਦੇ ਕਦਮਾਂ 'ਤੇ ਕਦਮ ਰੱਖਣ ਦਾ ਦਾਅਵਾ ਕਿਵੇਂ ਸਹੀ ਹੋਵੇਗਾ ? ਅਰਜ਼ੋਈ ਇਹ ਹੈ ਕਿ ਸਾਡੇ ਨਾਹਰੇ ਕੈਮਰਿਆਂ ਨੂੰ ਸੁਣਾਉਣ ਲਈ ਨਾ ਨਿਕਲਣ, ਸਾਡੀ ਚੁੱਪ ਕਿਸੇ ਨੂੰ ਚੁੱਪ ਕਰਾਉਣ ਦੇ ਸਮਰੱਥ ਬਣੇ, ਸਾਡੀ ਕਾਹਲ ਨੂੰ ਸੰਗਲ ਲੱਗੇ, ਸਾਡਾ ਮੱਥਾ ਸ਼ਹੀਦਾਂ ਦੀ ਧਰਤ ਨੂੰ ਚੁੰਮੇ, ਸਾਡਾ ਧੁਰ ਅੰਦਰ ਸ਼ਹੀਦਾਂ ਨੂੰ ਮਹਿਸੂਸ ਕਰੇ, ਸਾਡਾ ਤਿਆਗ ਵਧੇ ਫੁੱਲੇ, ਅਸੀਂ ਡੂੰਘੇ ਦਰਿਆ ਬਣੀਏਂ, ਸਾਡੇ ਚੌਂਕੜੇ ਅਮੀਰ ਹੋਣ, ਸਾਡੀ ਸੁਰਤ ਨੂੰ ਟਿਕਣ ਦਾ ਵੱਲ ਆਵੇ, ਸਾਡੇ ਪੈਰ ਉਹ ਬਜ਼ੁਰਗ ਰਾਹ ਵੱਲ ਨੂੰ ਮੂੰਹ ਕਰਨ, ਇਹ ਅਰਦਾਸ ਕਰਨੀ ਗੁਰੂ ਪਾਤਿਸ਼ਾਹ ਸਾਨੂੰ ਸਿਖਾ ਦੇਣ। ਫਿਰ ਸਾਡੇ ਅਮਲ ਦੀ ਲਿਸ਼ਕੋਰ 'ਚ ਸਾਡਾ ਚਾਨਣ ਹੋਵੇਗਾ। ਅਸੀਂ ਅਸੀਂ ਹੋਵਾਂਗੇ ਅਤੇ ਇਨਾਂ ਪਵਿੱਤਰ ਯਾਦਾਂ ਨੂੰ ਪਵਿੱਤਰਤਾ ਨਾਲ ਯਾਦ ਕਰ ਸਕਾਂਗੇ।

# ਨਵਾਂ ਪੰਥਕ ਸੰਸਾਰ ਸਿਰਜਣ ਲਈ ਖਾਲਸਾ ਜੀ ਸਰਗਰਮ ਹੋਵੋ



ਭਾਈ ਹਰਸਿਮਰਨ ਸਿੰਘ

ਵਿਚਾਰਧਾਰਾ, ਇਤਿਹਾਸ ਅਤੇ ਵਿਰਾਸਤ ਦੇ ਦ੍ਰਿਸ਼ਟੀਕੋਣਾਂ ਤੋਂ ਪੰਜਾਬ ਦੀ ਰਾਜਨੀਤੀ ਦੇ ਕੇਂਦਰ ਵਿਚ ਸਿੱਖ ਸਿਆਸਤ ਹੀ ਹੈ। ਇਸ ਨਾਤੇ ਪੰਜਾਬ ਦੀ ਸੱਤਾ ਉੱਤੇ ਸਿੱਖ ਰਾਜਨੀਤੀ ਦਾ ਪਹਿਲਾ ਹੱਕ ਬਣਿਆ ਰਹਿਣਾ ਲੋੜੀਂਦਾ ਹੈ। 1967 ਤੋਂ ਸ਼੍ਰੋਮਣੀ ਅਕਾਲੀ ਦਲ ਚੋਣਾਂ ਰਾਹੀਂ ਪੰਜਾਬ ਵਾਸੀਆਂ ਦਾ ਵਿਸ਼ਵਾਸ ਪ੍ਰਾਪਤ ਕਰਕੇ ਸੱਤਾ ਵਿਚ ਆਉਂਦਾ ਰਿਹਾ ਹੈ। ਸਮੇਂ ਨਾਲ ਕਈ ਅਕਾਲੀ ਦਲ, ਸੰਘਰਸ਼ਸ਼ੀਲ ਜੁਝਾਰੂ ਧਿਰਾਂ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਹੋਰ ਰਾਜਨੀਤਕ ਦਬਾਅ ਸਮੂਹ ਹੋਂਦ ਵਿਚ ਆਉਂਦੇ ਰਹੇ ਹਨ। ਇਸ ਤਰਾਂ ਵਿਚਾਰਿਆਂ ਸਮੁੱਚੇ ਰਾਜਨੀਤਕ ਸਮੂਹ ਮਿਲ ਕੇ ਸਿੱਖ ਰਾਜਨੀਤੀ ਦਾ ਢਾਂਚਾ ਸਿਰਜਦੇ ਸਨ। ਹੁਣ ਜਦੋਂ ਕਿ ਸਮੇਂ ਅਤੇ ਹਾਲਾਤ ਦੀ ਉਥਲ-ਪੁਥਲ ਨਾਲ ਅਕਾਲੀ ਰਾਜਨੀਤੀ ਦਾ ਪੰਜਾਬ ਦੀ ਸੱਤਾ ਉੱਤੇ ਦਾਅਵਾ ਕਮਜ਼ੋਰ ਹੋ ਕੇ ਮਨਫ਼ੀ ਹੋ ਗਿਆ ਲਗਦਾ ਹੈ ਤਾਂ ਕੋਰ ਪੰਥਕ ਚੇਤਨਾ ਲਈ ਇਹ ਡਾਢੀ ਉਦਾਸੀਨਤਾ ਵਾਲੀ ਸਥਿਤੀ ਬਣ ਗਈ ਹੈ। ਇਹ ਸਾਂਝੀ ਅਸਫ਼ਲਤਾ ਵੀ ਹੈ। ਪੰਥਕ ਚੇਤਨਾ ਨੂੰ ਜੋ ਦਰਦ ਮਿਲੇ ਹਨ, ਉਨਾਂ ਵਿਚੋਂ ਸ਼ਕਤੀ ਪ੍ਰਾਪਤ ਕਰਕੇ ਸਿੱਖ ਰਾਜਨੀਤੀ ਕਿਵੇਂ 2027 ਵਿਚ ਮੁੜ ਪੰਜਾਬ ਦੀ ਸੱਤਾ ਵਿਚ ਵਾਪਸ ਆਏ, ਸਾਡੇ ਸਾਹਮਣੇ ਇਹ ਇਕ ਵੱਡਾ ਮੁੱਦਾ ਹੈ।

ਸਿੱਖ ਰਾਜਨੀਤੀ ਦੇ ਇਸ ਉਦਾਸ ਵਰਤਮਾਨ ਵਿਚੋਂ ਉੱਜਵਲ ਭਵਿੱਖ ਦੀ ਤਲਾਸ਼ ਲਈ ਸਾਨੂੰ ਇਸ ਦੇ ਕੁਝ ਮੂਲ ਕਾਰਨਾਂ ਨੂੰ ਸੰਬੋਧਿਤ ਹੋਣਾ ਪਵੇਗਾ। ਪੰਜਾਬ ਇਕ ਰਾਜਨੀਤਕ ਇਕਾਈ ਹੈ। 1947 ਤੋਂ ਬਾਅਦ ਦੇ ਹਾਲਾਤ ਵਿਚ ਸਿੱਖ ਪੰਥ ਅਤੇ ਕੇਂਦਰ ਵਿਚਕਾਰ ਜੋ ਹਾਲਾਤ ਬਣੇ ਰਹੇ ਹਨ, ਉਨਾਂ ਕਾਰਨ ਸਿੱਖ ਚੇਤਨਾ ਹਮੇਸ਼ਾ ਪ੍ਰੇਸ਼ਾਨ ਰਹੀ ਹੈ। 1967-68 ਵਿਚ ਜਦੋਂ ਸਿੱਖ ਰਾਜਨੀਤੀ ਸੱਤਾ ਦੀ ਰਾਜਨੀਤੀ ਵਿਚ ਤਬਦੀਲ ਹੋਈ ਤਾਂ ਅਕਾਲੀ ਆਗੂਆਂ ਨੇ ਪ੍ਰਾਪਤ ਸੱਤਾ ਨੂੰ ਸਿੱਖ ਪੰਥ ਦੇ ਵਡੇਰੇ ਉਦੇਸ਼ਾਂ ਦੀ ਪ੍ਰਾਪਤੀ ਲਈ ਨਾ ਵਰਤਣ ਦੀ ਗ਼ਲਤੀ ਕੀਤੀ। ਦੂਸਰਾ, ਪੰਜਾਬ ਉੱਤੇ ਸਿੱਖ ਪੰਥ ਦੀ ਨੁਮਾਇੰਦਾ ਜਥੇਬੰਦੀ ਅਕਾਲੀ ਦਲ ਜਾਂ ਇਸ ਤੋਂ ਬਦਲਵੀਂ ਕੋਈ ਹੋਰ ਪਾਰਟੀ ਦੇ ਰਾਜ ਨੂੰ ਸੁਨਿਸਚਿਤ ਕਰੀ ਰੱਖਣ ਲਈ ਪੰਜਾਬ ਦੇ ਸਮੁੱਚੇ ਵਿਕਾਸ, ਸ਼ਾਸਕੀ ਪ੍ਰਬੰਧ ਅਤੇ ਸਿਰਜੇ ਗਏ ਸਿੱਖ ਦ੍ਰਿਸ਼ਟੀਕੋਣ ਨੂੰ ਅਮਲੀ ਰੂਪ ਦਿੰਦੇ ਰਹਿਣ ਲਈ ਪੰਜਾਬ ਮਾਡਲ ਵਿਕਸਿਤ ਹੋਣਾ ਬੜਾ ਜ਼ਰੂਰੀ ਸੀ, ਜੋ ਕਿ ਨਹੀਂ ਹੋ ਸਕਿਆ। ਤੀਸਰਾ, ਪਿਛਲੇ ਪੰਜ ਦਹਾਕਿਆਂ ਦੀ ਉਥਲ-ਪੁਥਲ ਦੇ ਕੇਂਦਰ ਵਿਚ ਰਹੇ ਸ. ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਂਗਰਸ-ਫੋਬੀਆ ਦਾ ਸ਼ਿਕਾਰ ਹੋ ਗਏ। ਕੇਂਦਰ ਉੱਤੇ ਕਾਬਜ਼ ਭਾਰਤੀ ਜਨਤਾ ਪਾਰਟੀ-ਭਾਰਤ ਸਰਕਾਰ ਨਾਲ ਸੰਬੰਧ ਬਣਾਈ ਰੱਖਣ ਦੀ ਕਾਹਲੀ ਵਿਚ ਅਕਾਲੀ ਦਲ ਅਜਿਹੀ ਮਿੱਥ ਦਾ ਸ਼ਿਕਾਰ ਹੋ ਗਿਆ, ਜਿਸ ਨਾਲ ਇਸ ਨੇ ਕੋਰ ਪੰਥਕ ਵੋਟ ਬੈਂਕ ਵੱਲ ਪਿੱਠ ਕਰਕੇ ਗ਼ੈਰ-ਪੰਥਕ ਧਿਰਾਂ, ਡੇਰਿਆਂ ਅਤੇ ਸਿੱਖੀ ਤੋਂ ਉਲਟ ਕੰਮ ਕਰਨ ਵਾਲੇ ਲੋਕਾਂ ਨਾਲ ਅਜਿਹੀ ਸਾਂਝ ਪਾਈ ਕਿ ਅਕਾਲੀ ਦਲ ਅਤੇ ਪੰਥਕ ਸਿੱਖਾਂ ਦੇ ਇਕ ਵੱਡੇ ਵਰਗ ਵਿਚਕਾਰ ਦੂਰੀਆਂ ਵਧਦੀਆਂ ਗਈਆਂ। 2007-2015 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਮਾਮਲੇ ਵਿਚ ਜੋ ਵੀ ਘਟਨਾਵਾਂ ਵਾਪਰੀਆਂ ਉਨਾਂ ਨਾਲ ਸ. ਪ੍ਰਕਾਸ਼ ਸਿੰਘ ਬਾਦਲ ਤੇ ਉਨਾਂ ਦਾ ਪਰਿਵਾਰ ਸਿੱਖ ਰਾਜਨੀਤੀ ਦੇ ਨਾਇਕ ਬਣੇ ਰਹਿਣ ਦੀ ਬਜਾਇ ਖਲਨਾਇਕ ਬਣ ਗਏ, ਜਿਨਾਂ ਨੂੰ ਸੱਤਾ ਤੋਂ ਹਟਾਉਣਾ ਪੰਥਕ ਧਿਰਾਂ ਦਾ ਇਕ ਵੱਡਾ ਮਿਸ਼ਨ ਬਣ ਗਿਆ। ਨਤੀਜਾ, 2017 ਅਤੇ 2022 ਵਿਚ ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਦੀ ਸੱਤਾ ਉੱਤੇ ਦਾਅਵਾ ਕਮਜ਼ੋਰ ਪੈ ਗਿਆ। ਪਰ ਖਾਲੀ ਹੋਈ ਥਾਂ ਵਿਚ ਸਿੱਖ ਰਾਜਨੀਤੀ ਦੀ ਕੋਈ ਹੋਰ ਵੱਡੀ ਧਿਰ ਖੜੀ ਨਾ ਹੋਣ ਕਾਰਨ ਦਿੱਲੀ ਤੋਂ ਉੱਠੀ ਕੇਜਰੀਵਾਲ-ਵਾਦ ਦੇ ਰੂਪ ਵਿਚ ਤੀਜੀ ਧਿਰ ਕਾਂਗਰਸ ਨੂੰ ਪਛਾੜ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋ ਗਈ।

ਸੱਤਾ ਵਿਚ ਰਹਿੰਦਿਆਂ ਅਕਸਰ ਸੱਤਾਧਾਰੀਆਂ ਤੋਂ ਆਪਣੀ ਸੋਚ ਉੱਤੇ ਕਾਇਮ ਰਹਿੰਦਿਆਂ ਕੁਝ ਗ਼ਲਤੀਆਂ ਹੋਣੀਆਂ ਸੁਭਾਵਿਕ ਹੁੰਦੀਆਂ ਹਨ। ਵਿਰੋਧੀ ਅਤੇ ਜਾਗਰੂਕ ਲੋਕ ਉਨਾਂ ਦੇ ਆਧਾਰ 'ਤੇ ਆਪਣੀ ਸੋਚ ਨੂੰ ਅੱਗੇ ਲਿਜਾਣ ਲਈ ਸੱਤਾਧਾਰੀਆਂ ਵਿਰੁੱਧ ਲਾਮਬੰਦ ਹੁੰਦੇ ਹਨ। 1978 ਤੋਂ 2022 ਤੱਕ ਦੇ 44 ਸਾਲਾਂ ਦੇ ਇਤਿਹਾਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀਆਂ ਨੀਤੀਆਂ ਵਿਰੁੱਧ ਜੋ ਵੀ ਸ਼ਖ਼ਸੀਅਤਾਂ, ਲਹਿਰਾਂ, ਜਥੇਬੰਦੀਆਂ ਅਥਵਾ ਸੰਘਰਸ਼ ਸਾਹਮਣੇ ਆਏ ਉਹ ਭਾਵੇਂ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਤੋਂ ਲੈ ਕੇ ਆਜ਼ਾਦ ਦੇਸ਼ ਬਣਵਾਉਣ ਦੁਆਲੇ ਕੇਂਦਰਿਤ ਰਹੇ ਹਨ ਪਰ ਉਹ ਬਾਦਲ ਪਰਿਵਾਰ ਨੂੰ ਸੱਤਾ ਤੋਂ ਲਾਂਭੇ ਕਰਨ ਉੱਤੇ ਵਧੇਰੇ ਕੇਂਦਰਿਤ ਸਨ। ਪਰ ਉਹ ਇਸ ਤਰਾਂ ਖਾਲੀ ਹੋਈ ਥਾਂ ਨੂੰ ਭਰਨ ਲਈ ਜਥੇਬੰਦਕ ਅਤੇ ਕਾਰਗਰ ਰਾਜਸੀ ਬਦਲ ਨਹੀਂ ਸਿਰਜ ਸਕੇ। ਆਖਰਕਾਰ ਅਕਾਲੀ ਦਲ ਇਕ ਸੂਬਾਈ ਪਾਰਟੀ ਹੈ। ਇਸ ਦਾ ਬਦਲ ਪੰਜਾਬ ਵਿਚੋਂ ਸਿੱਖਾਂ ਅਤੇ ਪੰਜਾਬ ਵਾਸੀਆਂ ਦੀ ਹਮਾਇਤ ਨਾਲ ਉੱਭਰਨ ਵਾਲੀ ਸੂਬਾਈ ਪਾਰਟੀ ਹੀ ਭਰ ਸਕਦੀ ਸੀ। ਇਹ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਦਾ ਪਹਿਲਾ ਹੱਕ ਨਹੀਂ ਬਣਨਾ ਚਾਹੀਦਾ ਸੀ। ਇਸੇ ਲਈ ਅਸੀਂ ਵੇਖਦੇ ਹਾਂ ਕਿ 1978 ਤੋਂ ਦਲ ਖ਼ਾਲਸਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਪੰਥਕ ਕਮੇਟੀਆਂ, ਅਕਾਲੀ ਦਲ ਮਾਨ, ਅਕਾਲੀ ਦਲ (ਢੀਂਡਸਾ) ਆਦਿ ਦੇ ਰੂਪ ਵਿਚ ਇਕ ਲੰਮੀ ਕਤਾਰ ਹੈ ਜਿਨਾਂ ਦੁਆਰਾ ਕੀਤੇ ਗਏ ਯਤਨ ਇਤਿਹਾਸ ਦੀ ਗਰਦਿਸ਼ ਵਿਚ ਗੁਆਚਦੇ ਰਹੇ ਹਨ। ਆਪਣੇ ਅਕੀਦਿਆਂ ਪ੍ਰਤੀ ਇਮਾਨਦਾਰ ਰਹਿਣਾ ਅਤੇ ਇਮਾਨਦਾਰੀ ਨਾਲ ਸੰਘਰਸ਼ ਲੜਨਾ ਹੋਰ ਗੱਲ ਹੈ ਪਰ ਇਕ ਪ੍ਰੌੜ ਰਾਜਨੀਤਕ ਅਤੇ ਸਟੇਟਸਮੈਨ ਵਾਂਗ ਕੰਮ ਕਰਦਿਆਂ ਸਫਲ ਹੋਣਾ ਇਕ ਵੱਡੀ ਚੁਣੌਤੀ ਹੁੰਦੀ ਹੈ। ਇਹੀ ਉਹ ਦੁਖਾਂਤ ਹੈ ਜੋ ਕੋਰ ਪੰਥਕ ਚੇਤਨਾ ਨੂੰ ਚੋਭ ਮਾਰ ਰਿਹਾ ਹੈ।

**ਸਿੱਖ ਵਿਚਾਰਧਾਰਾ ਅਨੁਸਾਰ ਇਕ ਬਦਲਵਾਂ ਰਾਜਸੀ ਅਤੇ ਵਿਸ਼ਵ ਮਾਡਲ ਸਿਰਜਣ ਲਈ ਪੰਜਾਬ, ਭਾਰਤ ਤੋਂ ਬਾਹਰ ਵਿਸ਼ਵ ਦੇ ਸਾਰੇ ਦੇਸ਼ਾਂ ਵਿਚ ਵਸਦੇ ਗੰਭੀਰ ਚੇਤੰਨ ਸਿੱਖਾਂ ਅਤੇ ਉਨਾਂ ਦੀਆਂ ਜਥੇਬੰਦੀਆਂ ਦੀ ਸਰਗਰਮ ਭੂਮਿਕਾ ਅਤੇ ਵਿਸ਼ਵ ਸ਼ਕਤੀਆਂ ਦੀ ਹਮਾਇਤ ਯਕੀਨੀ ਬਣਾਉਣੀ ਹੋਵੇਗੀ। ਇਕ ਨਵਾਂ ਪੰਥਕ ਸੰਸਾਰ ਸਿਰਜਣ ਲਈ ਆਪਸੀ ਮਤਭੇਦ ਭੁਲਾ ਕੇ ਅੱਗੇ ਵਧਣਾ ਹੋਵੇਗਾ। ਇਹ ਇਕ ਵਿਸ਼ਾਲ ਵਿਸ਼ਾ ਹੈ ਜਿਸ ਬਾਰੇ ਪੰਥ ਦੇ ਵਿਦਵਾਨਾਂ ਅਤੇ ਰਾਜਨੀਤਕਾਂ ਨੂੰ ਸਿਰ ਜੋੜ ਕੇ ਕਾਰਜਸ਼ੀਲ ਹੋਣਾ ਹੋਵੇਗਾ ਤਾਂ ਜੋ 2025 ਤੱਕ ਪ੍ਰਾਪਤੀਆਂ ਦਾ ਇਕ ਵੱਡਾ ਪਰਿਪੇਖ ਸਿਰਜਿਆ ਜਾ ਸਕੇ। ਇਸ ਤਰਾਂ 2027 ਵਿਚ ਨਵੀਂ ਤਾਜ਼ਗੀ ਅਤੇ ਊਰਜਾ ਨਾਲ ਪੰਥ ਤੇ ਪੰਜਾਬ ਵਾਸੀਆਂ ਦਾ ਮੁੜ ਵਿਸ਼ਵਾਸ ਪ੍ਰਾਪਤ ਕੀਤਾ ਜਾ ਸਕਦਾ ਹੈ।**

ਆਖਰ ਇਹ ਦੁਖਦਾਈ ਸਥਿਤੀ ਤੋਂ ਅੱਗੇ ਕਿਵੇਂ ਵਧਿਆ ਜਾਵੇ, ਇਹ ਇਕ ਵੱਡੀ ਚੁਣੌਤੀ ਹੈ। ਕਿਸੇ ਵੀ ਸਫਲ ਰਾਜਨੀਤਕ ਅਤੇ ਗ਼ੈਰ-ਰਾਜਨੀਤਕ ਲਹਿਰ ਲਈ ਉਨਾਂ ਦਾ ਵਿਚਾਰਧਾਰਕ ਦ੍ਰਿਸ਼ਟੀਕੋਣ, ਲੀਡਰਸ਼ਿਪ ਜਥੇਬੰਦੀ ਅਤੇ ਆਮ ਲੋਕਾਂ ਦੀ ਹਮਾਇਤ ਮਜ਼ਬੂਤ ਕੜੀ ਦੇ ਲਿੰਕ ਹੁੰਦੇ ਹਨ। ਸਿੱਖ ਰਾਜਨੀਤੀ ਲਈ ਜੋ ਅਸਾਧਾਰਨ ਸਥਿਤੀਆਂ ਬਣੀਆਂ ਹਨ ਉਨਾਂ ਵਿਚੋਂ ਨਿਕਲਣ ਲਈ ਸਾਰੀਆਂ ਛੋਟੀਆਂ-ਵੱਡੀਆਂ ਧਿਰਾਂ ਨੂੰ ਅਸਾਧਾਰਨ ਫ਼ੈਸਲੇ ਲੈਣੇ ਹੋਣਗੇ ਕਿਉਂਕਿ ਹੁਣ ਮੁੱਦਾ ਆਪਣੀ ਰਾਜਨੀਤਕ ਸਾਖ ਬਣਾਈ ਰੱਖਣ ਦਾ ਨਹੀਂ ਰਿਹਾ ਸਗੋਂ ਪੰਥਕ ਰਾਜਨੀਤੀ ਦਾ ਵਜੂਦ ਕਾਇਮ ਰੱਖ ਕੇ ਇਸ ਦੀ ਪ੍ਰਸੰਗਿਕਤਾ ਬਣਾਈ ਰੱਖਣ ਦਾ ਬਣ ਗਿਆ ਹੈ। ਇਸ ਲਈ ਸਾਰੀਆਂ ਧਿਰਾਂ ਨੂੰ ਬੀਤੇ ਸਮੇਂ ਦੀ ਕੈਦੀ ਮਾਨਸਿਕਤਾ ਵਿਚੋਂ ਬਾਹਰ ਆਉਣਾ ਹੋਵੇਗਾ। ਸੱਤਾ ਨੂੰ ਕੇਵਲ ਸੱਤਾ ਲਈ ਨਹੀਂ ਸਗੋਂ ਪੰਥ ਦੇ ਵੱਡੇ ਉਦੇਸ਼ਾਂ ਦੀ ਪ੍ਰਾਪਤੀ ਲਈ ਇਕ ਵੱਡਾ ਕਾਰਗਰ ਸਾਧਨ ਕਿਵੇਂ ਬਣਾਇਆ ਜਾਣਾ ਹੈ, ਉਸ ਲਈ ਸਿੱਖ ਰਾਜਨੀਤੀ ਦਾ ਪੰਜਾਬ ਇਕ ਰਾਜਨੀਤਕ ਇਕਾਈ ਹੋਣ ਦੇ ਨਾਤੇ ਇਕ ਨਵਾਂ ਮਾਡਲ ਸਿਰਜਣਾ ਹੋਏਗਾ।

ਇਕ ਆਤਮ-ਨਿਰਭਰ ਅਤੇ ਵਿਕਸਿਤ ਪੰਜਾਬ ਸਿਰਜਣ ਲਈ ਇਕ ਨਵੇਂ ਸੰਯੁਕਤ ਪੰਜਾਬ ਮਾਡਲ ਨੂੰ ਆਪਣੀਆਂ ਸਰਗਰਮੀਆਂ ਦਾ ਨਵਾਂ ਆਧਾਰ ਬਣਾਉਣਾ ਹੋਵੇਗਾ। ਬੰਦੀ ਸਿੰਘਾਂ ਦੀ ਰਿਹਾਈ ਲਈ ਬਣਾਈ ਏਕਤਾ ਨੂੰ ਹੋਰ ਵਿਸ਼ਾਲ ਰੂਪ ਦਿੰਦਿਆਂ ਸੰਯੁਕਤ ਪੰਜਾਬ ਮਾਡਲ ਦੀ ਪ੍ਰਾਪਤੀ ਲਈ ਕੀਤੇ ਜਾਣ ਵਾਲੇ ਯਤਨਾਂ ਲਈ ਪੰਥਕ ਸਮਾਜਿਕ-ਆਰਥਿਕ ਧਾਰਮਿਕ-ਰਾਜਨੀਤਕ ਸੰਸਥਾਵਾਂ ਦੇ ਮੁਖੀਆਂ 'ਤੇ ਆਧਾਰਿਤ ਇਕ ਪ੍ਰਤੀਨਿਧ ਇਕੱਠ ਬੁਲਾਉਣਾ ਹੋਵੇਗਾ ਅਤੇ ਲੰਮੀ ਨਦਰਿ ਵਾਲੇ ਨਵੇਂ ਫ਼ੈਸਲੇ ਲੈਣੇ ਹੋਣਗੇ। ਨਵੀਂ ਸਰਬ-ਪ੍ਰਵਾਨਿਤ ਲੀਡਰਸ਼ਿਪ ਸਾਹਮਣੇ ਲਿਆਉਣ ਅਤੇ ਪੰਜਾਬੀਆਂ ਦੇ ਗੁਆ ਚੁੱਕੇ ਵਿਸ਼ਵਾਸ ਨੂੰ ਮੁੜ ਪ੍ਰਾਪਤ ਕਰਨ ਲਈ ਗੰਭੀਰ ਯਤਨ ਕਰਨੇ ਹੋਣਗੇ। ਸਿੱਖ ਵਿਚਾਰਧਾਰਾ ਅਨੁਸਾਰ ਇਕ ਬਦਲਵਾਂ ਰਾਜਸੀ ਅਤੇ ਵਿਸ਼ਵ ਮਾਡਲ ਸਿਰਜਣ ਲਈ ਪੰਜਾਬ, ਭਾਰਤ ਤੋਂ ਬਾਹਰ ਵਿਸ਼ਵ ਦੇ ਸਾਰੇ ਦੇਸ਼ਾਂ ਵਿਚ ਵਸਦੇ ਗੰਭੀਰ ਚੇਤੰਨ ਸਿੱਖਾਂ ਅਤੇ ਉਨਾਂ ਦੀਆਂ ਜਥੇਬੰਦੀਆਂ ਦੀ ਸਰਗਰਮ ਭੂਮਿਕਾ ਅਤੇ ਵਿਸ਼ਵ ਸ਼ਕਤੀਆਂ ਦੀ ਹਮਾਇਤ ਯਕੀਨੀ ਬਣਾਉਣੀ ਹੋਵੇਗੀ। ਇਕ ਨਵਾਂ ਪੰਥਕ ਸੰਸਾਰ ਸਿਰਜਣ ਲਈ ਆਪਸੀ ਮਤਭੇਦ ਭੁਲਾ ਕੇ ਅੱਗੇ ਵਧਣਾ ਹੋਵੇਗਾ। ਇਹ ਇਕ ਵਿਸ਼ਾਲ ਵਿਸ਼ਾ ਹੈ ਜਿਸ ਬਾਰੇ ਪੰਥ ਦੇ ਵਿਦਵਾਨਾਂ ਅਤੇ ਰਾਜਨੀਤਕਾਂ ਨੂੰ ਸਿਰ ਜੋੜ ਕੇ ਕਾਰਜਸ਼ੀਲ ਹੋਣਾ ਹੋਵੇਗਾ ਤਾਂ ਜੋ 2025 ਤੱਕ ਪ੍ਰਾਪਤੀਆਂ ਦਾ ਇਕ ਵੱਡਾ ਪਰਿਪੇਖ ਸਿਰਜਿਆ ਜਾ ਸਕੇ। ਇਸ ਤਰਾਂ 2027 ਵਿਚ ਨਵੀਂ ਤਾਜ਼ਗੀ ਅਤੇ ਊਰਜਾ ਨਾਲ ਪੰਥ ਤੇ ਪੰਜਾਬ ਵਾਸੀਆਂ ਦਾ ਮੁੜ ਵਿਸ਼ਵਾਸ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਕੁਝ ਕਸਵੱਟੀਆਂ ਹਨ ਜਿਨਾਂ ਦੀ ਪਰਖ ਤੋਂ ਜੋ ਲੋਕ ਖਰੇ ਉਤਰਨਗੇ ਉਹ ਸਿੱਖ ਪੰਥ ਦਾ ਨਵਾਂ ਇਤਿਹਾਸ ਸਿਰਜ ਸਕਣਗੇ। ਅਜਿਹੀ ਉਮੀਦ ਕੀਤੀ ਜਾਣੀ ਚਾਹੀਦੀ ਹੈ।

**ਮੁਖੀ, ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ**

# ਭਾਰਤੀ ਲੋਕਤੰਤਰ ਦੀਆਂ ਕਮੀਆਂ ਬਨਾਮ ਵੰਚਿਤ ਲੋਕ



**ਰਣਜੀਤ ਸਿੰਘ ਕੁਕੀ**

ਸੰਸਾਰ ਦਾ ਸਭ ਤੋਂ ਲੋਕਪ੍ਰਿਯ ਲੋਕਤੰਤਰ ਭਾਰਤ ਸਾਕਾਰਤਮਕ ਰਾਸ਼ਟਰ ਨਿਰਮਾਣ ਨਹੀਂ ਕਰ ਪਾਇਆ ਹੈ। 2013 ਵਿਚ ਸੰਯੁਕਤ ਰਾਸ਼ਟਰ ਨੇ ਆਪਣੀ ਇਕ ਰਿਪੋਰਟ ਵਿਚ ਕਿਹਾ ਸੀ ਕਿ ਸੰਸਾਰ ਦੇ ਇਕ-ਤਿਹਾਈ ਗਰੀਬ ਲੋਕ ਭਾਰਤ ਵਿਚ ਰਹਿੰਦੇ ਹਨ। ਹਾਲ ਹੀ ਵਿਚ ਪੇਸ਼ ਕੀਤੇ ਗਏ ਸਿਹਤ ਸਰਵੇ ਵਿਚ ਇਸ਼ਾਰਾ ਕੀਤਾ ਗਿਆ ਹੈ ਕਿ ਅੱਧੀ ਤੋਂ ਜਿਆਦਾ ਭਾਰਤੀ ਅਬਾਦੀ ਦਸਵੀਂ ਪਾਸ ਵੀ ਨਹੀਂ ਹੈ ਅਤੇ ਦੋ ਸਾਲ ਤੋਂ ਘੱਟ ਉਮਰ ਦੇ 89 ਪ੍ਰਤੀਸ਼ਤ ਤੋਂ ਜਿਆਦਾ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਭਾਰਤੀ ਲੋਕਤੰਤਰ ਵਿਚ ਕੋਈ ਵੀ ਵਿਧਾਨ ਸਭਾ ਜਾਂ ਸੰਸਦ ਦੀ ਟਿਕਟ ਪ੍ਰਾਪਤ ਕਰ ਸਕਦਾ ਹੈ ਅਤੇ ਸੱਤਾ ਦਾ ਹਿੱਸਾ ਬਣ ਸਕਦਾ ਹੈ।

ਰਾਜਨੀਤਿਕ ਪਾਰਟੀਆਂ ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਪ੍ਰਸਿੱਧ ਫਿਲਮੀ ਸਖਸ਼ੀਅਤਾਂ ਦਾ ਸਹਾਰਾ ਲਿਆ ਜਾਂਦਾ ਹੈ।ਫਿਲਮੀ ਸਖਸ਼ੀਅਤਾਂ ਦੀ ਪ੍ਰਸਿੱਧੀ ਦਾ ਲਾਹਾ ਖੱਟ ਕੇ ਉਸੇ ਪ੍ਰਸਿੱਧੀ ਨੂੰ ਰਾਜਨੀਤਿਕ ਸੱਤਾ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ।ਇਕ ਫਿਲਮੀ ਸਟਾਰ ਆਪਣੀਆਂ ਫਿਲਮਾਂ ਵਿਚ ਕੀ ਪ੍ਰਸਤੁਤ ਕਰਦਾ ਹੈ, ਆਮ ਲੋਕ ਵੀ ਉਸ ਤਰਾਂ ਦੀ ਫੈਂਟਸੀ ਅਤੇ ਡਰਾਮਾ ਦੇ ਆਦੀ ਹੋ ਚੁੱਕੇ ਹਨ ਅਤੇ ਇਹ ਹੀ ਬਾਲੀਵੁੱਡ ਅਤੇ ਖੇਤਰੀ ਸਿਨੇਮਾ ਦਾ ਪੱਧਰ ਬਣਿਆ ਹੋਇਆ ਹੈ।ਸਮਾਜਿਕ ਅਸਲੀਅਤ ਤੋਂ ਕੋਹਾਂ ਦੂਰ ਇਹ ਫਿਲਮਾਂ ਨਵੇਂ ਵਿਚਾਰ ਜਾਂ ਭਵਿੱਖਮਈ ਤਸੱਵੁਰ ਨਹੀਂ ਪੇਸ਼ ਕਰਦੀਆਂ ਹਨ। ਹਾਲੀਵੁੱਡ ਦੀਆਂ ਪ੍ਰਸਿੱਧ ਹਸਤੀਆਂ ਜਿਵੇਂ ਚਾਰਲੀ ਚੈਪਲਿਨ, ਆਰਸਨ ਵੈਲਜ਼, ਸਟੀਵਨ ਸਪੀਲਬਰਗ, ਜੇਮਜ਼ ਕੈਮਰੋਨ, ਸਟੈਨਲੇ ਕੁਬਰਕ, ਫਰੈਡਰਿਕੋ ਫਲਿਨੀ, ਮੈਰੀਲ ਸਟੀਪ, ਜਾਰਜ ਲੁਕਾਚ, ਲੁਈ ਥਿਓਨਲ, ਇੰਗਰਾਮ ਬਰਗਮੈਨ, ਮੈਲ ਗਿਬਸਨ ਨੇ ਲੋਕਾਂ ਦੇ ਵਿਚਾਰਾਂ ਵਿਚ ਮਹੱਤਵਪੂਰਨ ਸ਼ਿਫਟ ਲਿਆਂਦੀ ਹੈ। ਉਨਾਂ ਨੇ ਕਲਾ, ਸਮਾਜਿਕ-ਸੱਭਿਆਚਾਰਕ ਬਦਲਾਅ ਅਤੇ ਦਾਰਸ਼ਨਿਕ ਵਿਚਾਰਾਂ ਦੇ ਆਪਸੀ ਸੰਬੰਧ ਨੂੰ ਦਿਖਾਇਆ ਹੈ। ਭਾਰਤ ਵਿਚ ਫਿਲਮੀ ਹਸਤੀਆਂ ਅਜੇ ਇਸ ਤਰਾਂ ਦਾ ਨਵਾਂਪਣ ਲਿਆਉਣ ਵਿਚ ਸਫਲ ਨਹੀਂ ਹੋਈਆਂ ਹਨ ਜੋ ਕਿ ਸਮਾਜ ਦੀ ਬਿਹਤਰੀ ਲਈ ਕੰਮ ਕਰ ਸਕੇ। ਬਾਲੀਵੁੱਡ ਦੇ ਜਿਆਦਾਤਰ ਲੋਕ ਆਪਣੀ ਹੀ ਦੁਨੀਆਂ ਵਿਚ ਮਸਤ ਰਹਿੰਦੇ ਹਨ ਅਤੇ ਗਰੀਬ ਲੋਕਾਂ ਨੂੰ ਸਸਤਾ ਮੰਨੋਰੰਜਨ ਪ੍ਰਦਾਨ ਕਰਦੇ ਹਨ।

ਕੀ ਫਿਲਮੀ ਹਸਤੀਆਂ ਪ੍ਰਸ਼ਾਸਨ ਜਾਂ ਵਿਕਾਸ ਨਾਲ ਸੰਬੰਧਿਤ ਮਸਲਿਆਂ ਨੂੰ ਸਮਝ ਅਤੇ ਸੁਲਝਾ ਸਕਦੀਆਂ ਹਨ? ਕੀ ਉਹ ਗਰੀਬਾਂ ਦੀਆਂ ਲੋੜਾਂ, ਰੁਜ਼ਗਾਰ, ਸ਼ਹਿਰ ਦੀ ਵਿਵਸਥਾ ਆਦਿ ਨੂੰ ਸਮਝਦੇ ਹਨ? ਗਰੀਬੀ ਨਾਲ ਝੰਬੇ ਹੋਏ ਲੋਕ, ਜਿਨਾਂ ਕੋਲ ਹੋਰ ਕੋਈ ਵਿਕਲਪ ਨਹੀਂ ਹੁੰਦਾ ਹੈ, ਸਮਝਦੇ ਹਨ ਕਿ ਜਿਸ ਤਰਾਂ ਇਨਾਂ ਹਸਤੀਆਂ ਨੇ ਫਿਲਮੀ ਪਰਦੇ ਉੱਪਰ ਆਪਣਾ ਜਾਦੂ ਬਖੇਰਿਆ ਹੈ, ਉਹ ਉਨਾਂ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਇਸੇ ਜਾਦੂਮਈ ਢੰਗ ਨਾਲ ਦੂਰ ਕਰ ਸਕਦੇ ਹਨ। ਰਾਜਨੀਤਿਕ ਪਾਰਟੀਆਂ ਇਹਨਾਂ ਨੂੰ ਆਪਣਾ ਕੋਝ ਢਕਣ ਲਈ ਵਰਤਦੀਆਂ ਹਨ।ਇਹ ਉਨਾਂ ਉਤਪਾਦਾਂ ਦੇ ਇਸ਼ਤਹਾਰਾਂ ਦੀ ਤਰਾਂ ਹੀ ਹੈ ਜਿਨਾਂ ਨੂੰ ਵੇਚਣ ਲਈ ਫਿਲਮੀ ਹਸਤੀਆਂ ਨੂੰ ਵਰਤਿਆ ਜਾਂਦਾ ਹੈ ਅਤੇ ਉਨਾਂ ਸੰਬੰਧੀ ਵਿਸਤਰਿਤ ਜਾਣਕਾਰੀ ਉੱਪਰ ਪਰਦਾ ਪਾ ਦਿੱਤਾ ਜਾਂਦਾ ਹੈ।ਕੀ ਫਿਲਮੀ ਹਸਤੀਆਂ ਨੂੰ ਜਨਤਕ ਮੌਜੂਦਗੀ ਜਾਂ ਸੰਸਦ ਵਿਚ ਜਾਣ ਲਈ ਵੀ ਆਪਣੇ ਚਿਹਰੇ ਉੱਪਰ ਅਜਿਹਾ ਮਾਸਕ ਪਾ ਲੈਣਾ ਚਾਹੀਦਾ ਹੈ? ਭਾਰਤੀ ਰਾਜਨੀਤੀ ਨੂੰ ਦੂਰ-ਅੰਦੇਸ਼ੀ ਵਾਲੇ ਉੱਦਮੀ ਚਾਹੀਦੇ ਹਨ ਜੋ ਕਿ ਅਸਲੀਅਤ ਅਨੁਸਾਰ ਰਾਜਨੀਤੀ ਨੂੰ ਸੇਧ ਦੇ ਸਕਣ। ਇਸ ਨੂੰ ਅਜਿਹੇ ਰਾਜਨੇਤਾਵਾਂ ਦੀ ਲੋੜ ਹੈ ਜੋ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪ੍ਰਤੀਬੱਧਤਾ ਦਿਖਾ ਸਕਣ। ਇਸ ਤਰਾਂ ਦੀ ਉਦਾਹਰਣ ਫਰਾਂਸ ਦੇ ਰਾਸ਼ਟਰਪਤੀ ਫਰਾਂਸੁਆ ਮਿਟਰੈਂਡ ਦੇ ਸੰਬੰਧ ਵਿਚ ਦੇਖਣ ਨੂੰ ਮਿਲਦੀ ਹੈ ਜਿਸ ਨੇ ਵਿਰੋਧੀ ਪਾਰਟੀਆਂ ਦੇ ਲੋਕਾਂ ਨੂੰ ਮੰਤਰੀਆਂ ਵਜੋਂ ਲਿਆ। ਉਸ ਨੇ ਅਸਲ ਵਿਚ ਰਾਸ਼ਟਰਪਤੀ ਦਾ ਰੋਲ ਅਦਾ ਕੀਤਾ ਕਿਉਂਕਿ ਉਹ ਕਿਸੇ ਇਕ ਪਾਰਟੀ ਦਾ ਰਾਸ਼ਟਰਪਤੀ ਨਹੀਂ ਸੀ।

ਭਾਰਤੀ ਲੋਕਤੰਤਰ ਵਿਚ ਵੰਚਿਤ ਲੋਕਾਂ ਦਾ ਸਨਮਾਨਪੂਰਕ ਤਾਂ ਕਿ ਬਲਕਿ ਕੋਈ ਸਥਾਨ ਨਹੀਂ ਹੈ, ਜਿਸ ਤਰਾਂ ਦੀਆਂ ਸਥਿਤੀਆਂ ਵਿਚ ਭਾਰਤ ਦੇ ਵੰਚਿਤ ਲੋਕ ਰਹਿੰਦੇ ਹਨ: ਉਨਾਂ ਕੋਲ ਰਹਿਣ ਲਈ ਕੋਈ ਜਗਾ ਨਹੀਂ ਹੈ, ਕੋਈ ਰੁਜ਼ਗਾਰ, ਸਿੱਖਿਆ, ਭੋਜਨ ਅਤੇ ਸਮਾਜਿਕ ਸੁਰੱਖਿਆ ਨਹੀਂ ਹੈ, ਜੋ ਕਿ ਅਸਲ ਵਿਚ ਉਨਾਂ ਦਾ ਲੋਕਤੰਤਰੀਅਧਿਕਾਰ ਹੈ।ਸਰਕਾਰਾਂ ਨੇ ਉਨਾਂ ਨੂੰ ਸਿੱਖਿਅਤ ਕਰਨ, ਰੁਜ਼ਗਾਰ ਮੁਹੱਈਆ ਕਰਨ ਅਤੇ ਉਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੁਝ ਨਹੀਂ ਕੀਤਾ ਹੈ।ਜਿਹਨਾਂ ਲੰਮਾ ਸਮਾਂ ਉਹ ਇਸ ਤਰਾਂ ਦੀਆਂ ਸਥਿਤੀਆਂ ਵਿਚ ਰਹਿੰਦੇ ਹਨ, ਉਹ ਉਨਾਂ ਘੱਟ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੁੰਦੇ ਹਨ।ਕੀ ਇਹ ਹੀ ਉਨਾਂ ਦਾ ਲੋਕਤੰਤਰ ਹੈ?ਰਾਜਨੀਤਿਕ ਪਾਰਟੀਆਂ ਇਸ ਵੰਚਿਤ ਵਰਗ ਦੀਆਂ ਵੋਟਾਂ ਤਾਂ ਹਾਸਿਲ ਕਰਨਾ ਚਾਹੁੰਦੀਆਂ ਹਨ, ਪਰ ਉਨਾਂ ਨਾਲ ਕੀਤੇ ਵਾਅਦਿਆਂ ਨੂੰ ਵਫ਼ਾ ਨਹੀਂ ਕਰਨਾ ਚਾਹੁੰਦੀਆਂ।

ਟੀਵੀ ਉੱਪਰ ਵੀ ਅੱਜ-ਕੱਲ ਪੂਰਾ ਡਰਾਮਾ ਹੀ ਚੱਲ ਰਿਹਾ ਹੈ। ਇਸ ਡਰਾਮੇ ਵਿਚ ਉਮੀਦਵਾਰਾਂ, ਟਮਾਟਰ ਸੁੱਟਣ, ਸਿਆਹੀ ਸੁੱਟਣ, ਪਾਰਟੀ ਸੀਟਾਂ ਨੂੰ ਲੈ ਕੇ ਭਵਿੱਖਵਾਣੀ, ਰੈਲੀਆਂ, ਹਿੰਸਾ, ਚਾਹ-ਵੇਚਣ ਵਾਲੀ ਰਾਜਨੀਤੀ ਦੀ ਹੀ ਗੱਲ ਹੋ ਰਹੀ ਹੈ।ਕੀ ਭਾਰਤ ਦੇ 80 ਪ੍ਰਤੀਸ਼ਤ ਤੋਂ ਜਿਆਦਾ ਵੰਚਿਤ ਲੋਕ ਇਸ ਸਰਕਸ ਨੂੰ ਸਮਝਦੇ ਹਨ? ਉਹ ਵੋਟ ਪਾਉਣ ਲਈ ਬਾਹਰ ਤਾਂ ਨਿਕਲਦੇ ਹਨ, ਪਰ ਉਨਾਂ ਨੂੰ ਇਸ ਦਾ ਕੋਈ ਲਾਭ ਨਹੀਂ ਮਿਲਦਾ। ਭਾਰਤੀ ਲੋਕਤੰਤਰੀ ਕੋਡ ਇੰਨਾ ਜਿਆਦਾ ਸਹਿਣਸ਼ੀਲ ਹੈ ਕਿ ਕੋਈ ਵੀ ਵਿਅਕਤੀ ਸਿਵਿਕ ਅਤੇ ਸਮਾਜਿਕ ਸ਼ਰਮ ਤੋਂ ਬਿਨਾਂ ਸੜਕ ਉੱਪਰ ਪਿਸ਼ਾਬ ਕਰ ਸਕਦਾ ਹੈ।ਉਹ ਇਹਨਾਂ ਵੀ ਧਿਆਨ ਨਹੀਂ ਰੱਖਦਾ ਕਿ ਉਸ ਕੋਲ ਔਰਤਾਂ ਵੀ ਗੁਜ਼ਰ ਰਹੀਆਂ ਹਨ।ਇਹ ਕੰਮ ਸ਼ਰਮਨਾਕ ਹੋ ਜਾਂਦਾ ਹੈ ਕਿਉਂਕਿ ਇਹ ਜਨਤਕ ਰੂਪ ਵਿਚ ਕੀਤਾ ਹੈ, ਪਰ ਕੋਈ ਵੀ ਇਸ ਦੀ ਪਰਵਾਹ ਨਹੀਂ ਕਰਦਾ।ਕੀ ਜਨਤਕ ਬੁਨਿਆਦੀ ਢਾਂਚੇ ਨਾਲ ਛੇੜਛਾੜ ਕਰਨਾ ਲੋਕਤੰਤਰੀ ਅਧਿਕਾਰ ਹੈ? ਭਾਰਤ ਇਕ ਅਜਿਹਾ ਲੋਕਤੰਤਰ ਬਣ ਗਿਆ ਹੈ ਜਿਸ ਵਿਚ ਲੋਕਾਂ ਨੂੰ ਇਕ ਤਰਾਂ ਨਾਲ ਬੀਮਾਰ ਸਰਕਾਰ ਦੁਆਰਾ ਚਲਾਇਆ ਜਾਂਦਾ ਹੈ।

ਅਸਲ ਵਿਚ ਭਾਰਤ ਦੇ ਲੋਕ ਆਪਣੇ ਧਰਮ ਵਿਚ ਬੱਝੇ ਹੋਏ ਹਮੇਸ਼ਾ ਹੀ ਆਗਿਆਕਾਰੀ ਹੁੰਦੇ ਹਨ। ਉਹ ਹਮੇਸ਼ਾ ਹੀ ਤਿਆਰ ਰਹਿੰਦੇ ਹਨ ਕਿ ਧਰਮ ਉਨਾਂ ਦੀਆਂ ਦੁੱਖ-ਤਕਲੀਫਾਂ ਦਾ ਭਾਰ ਚੁੱਕ ਲਵੇ। ਪ੍ਰਸਿੱਧ ਅਰਥ-ਸ਼ਾਸਤਰੀ ਫਰੈਡਰਿਕ ਬੇਸਤਿਆ ਨੇ ਦੋ ਸੌ ਸਾਲ ਪਹਿਲਾਂ ਕਿਹਾ ਸੀ, 'ਰਾਜ ਇਕ ਕਾਲਪਨਿਕ ਹਸਤੀ ਹੈ ਜਿਸ ਵਿਚ ਹਰ ਕੋਈ ਦੂਜੇ ਲੋਕਾਂ ਦੀ ਕੀਮਤ ਉੱਪਰ ਰਹਿਣਾ ਚਾਹੁੰਦਾ ਹੈ।' ਹਾਲੀਆ ਸਮੇਂ ਵਿਚ ਲੋਕਤੰਤਰ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਨਹੀਂ ਕਰ ਪਾਇਆ ਹੈ। ਭਾਰਤੀ ਲੋਕਤੰਤਰ ਦੀਆਂ ਕਮੀਆਂ ਦੀ ਰੂਬਿਕ ਕਿਊਬ ਪਹੇਲੀ ਨਾਲ ਤੁਲਨਾ ਕੀਤੀ ਜਾ ਸਕਦੀ ਹੈ ਜਿਸ ਵਿਚੋਂ ਇਕ ਰੰਗ ਪ੍ਰਾਪਤ ਕਰਨਾ ਅਸੰਭਵ ਹੀ ਹੁੰਦਾ ਹੈ। ਭਾਰਤ ਦੀਆਂ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਜਦੋਂ ਆਪਣੇ ਲਈ ਗਠਬੰਧਨ ਦੀਆਂ ਸਾਥੀ ਲੱਭ ਰਹੀਆਂ ਹਨ, ਤਾਂ ਸਾਨੂੰ ਯੂਰੋਪੀਅਨ ਲੀਗ ਦੀਆਂ ਫੁੱਟਬਾਲ ਟੀਮਾਂ ਜਿਵੇਂ ਰੀਅਲ ਮੈਂਡਰਿਡ, ਬੇਅਰਨ ਮਿਊਨਿਖ ਜਾਂ ਮਾਨਚੈਸਟਰ ਯੂਨਾਈਟਡ ਤੋਂ ਸਿੱਖਣ ਦੀ ਲੋੜ ਹੈ ਕਿ ਵੱਖ-ਵੱਖ ਟੀਮਾਂ ਦੇ ਖਿਡਾਰੀਆਂ ਨੂੰ ਆਪਸ ਵਿਚ ਇਕੱਠਾ ਕਰਕੇ ਕਿਸ ਤਰਾਂ ਇਕ ਉਤਸ਼ਾਹੀ ਟੀਮ ਬਣਾਈ ਜਾ ਸਕਦੀ ਹੈ।

ਮੌਜੂਦਾ ਸਮੇਂ ਵਿਚ ਦੁਨੀਆਂ ਜਿਵੇਂ ਹੂਵਰ ਸੰਸਥਾ ਦੇ ਲੈਰੀ ਡਾਇਮੰਡ ਨੇ ਕਿਹਾ ਸੀ ਕਿ ਲੋਕਤੰਤਰੀ ਮੰਦੀ ਨੂੰ ਤੱਕ ਰਹੀ ਹੈ। ਇਹ ਮੰਦੀ ਚੋਣਾਵੀ ਲੋਕਤੰਤਰਾਂ ਵਿਚ ਗਹਿਰੇ ਰੂਪ ਵਿਚ ਦੇਖੀ ਜਾ ਸਕਦੀ ਹੈ ਜਿੱਥੇ ਅਸੀਂ ਕੁਝ ਸਮਾਂ ਪਹਿਲਾਂ ਹੀ ਲੋਕਤੰਤਰੀ ਕ੍ਰਾਂਤੀ ਹੁੰਦੀ ਤੱਕੀ ਸੀ।ਚੀਨ ਦਾ ਉਭਾਰ, ਰੂਸ ਦਾ ਅੰਧ-ਰਾਸ਼ਟਰਵਾਦੀ ਵਜੋਂ ਪੈਦਾ ਹੋਣਾ ਚਿੰਤਾ ਪੈਦਾ ਕਰਨ ਵਾਲੀਆਂ ਸਥਿਤੀਆਂ ਹਨ ਕਿਉਂਕਿ ਅਸੀ ਇਸ ਨਾਲ ਕੇਂਦਰੀ ਏਸ਼ੀਆ, ਦੱਖਣੀ ਏਸ਼ੀਆਂ ਅਤੇ ਲੈਟਿਨ ਅਮਰੀਕਾ ਅਤੇ ਅਫਰੀਕਾ ਵਿਚ ਤਾਨਾਸ਼ਾਹੀ ਦਾ ਉਭਾਰ ਦੇਖ ਰਹੇ ਹਾਂ। ਗਰੀਬ ਗੈਰ-ਲੋਕਤੰਤਰੀ ਦੇਸ਼ਾਂ ਨੂੰ ਚੀਨ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਸਹਾਇਤਾ ਨੇ ਲੋਕਤੰਤਰ ਉੱਪਰ ਅਜਿਹਾ ਪਰਛਾਵਾਂ ਪਾ ਦਿੱਤਾ ਹੈ। ਅਮਰੀਕਾ ਵਿਚ ਲੋਕਤੰਤਰ ਦਾ ਪ੍ਰਚਾਰ ਸੱਤਾ ਤਬਦੀਲੀ ਦਾ ਹੀ ਪ੍ਰਤੀਕ ਹੋ ਨਿਬੜਿਆ ਹੈ। ਰਾਜਨੀਤੀ ਵਿਚ ਵਿਸ਼ਵਾਸ ਦੀ ਘਾਟ ਅਤੇ ਵੋਟਰਾਂ ਵਿਚ ਵਧਦੀ ਉਦਾਸੀਨਤਾ ਨੇ ਲੋਕਤੰਤਰ ਸਾਹਮਣੇ ਅਜਿਹੀਆਂ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ ਜਿਨਾਂ ਨਾਲ ਅੱਜ ਭਾਰਤ ਵੀ ਦੋ-ਚਾਰ ਹੋ ਰਿਹਾ ਹੈ। ਭਾਰਤ ਨੇ ਆਪਣੇ ਗੁਆਂਢ ਵਿਚ ਲੋਕਤੰਤਰ ਦੇ ਹਨੇਰੇ ਵਿਚ ਜਾਣ ਦੇ ਬਾਵਜੂਦ ਵੀ ਇਸ ਦੀ ਲੋਅ ਨੂੰ ਹੁਣ ਤੱਕ ਬਚਾਈ ਰੱਖਿਆ ਹੈ। ਲੰਡਨ ਟਾਈਮਜ਼ ਦੇ ਬਰਨਾਰਡ ਲਿਵਾਈਨ ਨੇ ਕਿਹਾ ਸੀ, 'ਅਗਰ ਭਾਰਤ ਵਿਚ ਲੋਕਤੰਤਰ ਦਾ ਪਤਨ ਹੁੰਦਾ ਹੈ ਤਾਂ ਪੂਰੇ ਵਿਸ਼ਵ ਵਿਚ ਲੋਕਤੰਤਰ ਦਾ ਪਤਨ ਦੇਖਿਆ ਜਾ ਸਕੇਗਾ।'

ਜਿਸ ਤਰਾਂ ਭਾਰਤੀ ਰਾਜਨੀਤੀ ਨੂੰ ਸਿਰਫ ਨੰਬਰਾਂ ਦੀ ਗੇਮ ਅਤੇ ਵੋਟ ਬੈਂਕ ਤੱਕ ਹੀ ਸੀਮਿਤ ਕਰ ਦਿੱਤਾ ਗਿਆ ਹੈ ਤਾਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਵਿਚ ਨਾਗਰਿਕ ਤਾਂ ਬਚੇ ਹੀ ਨਹੀਂ। ਭਾਰਤੀ ਲੋਕਤੰਤਰ ਵਿਚ ਪਾਰਟੀਆਂ ਇਕ ਦੂਜੇ ਉੱਪਰ ਦੂਸ਼ਣਬਾਜੀ ਤੱਕ ਹੀ ਸੀਮਿਤ ਹੋ ਗਈਆਂ ਹਨ ਜਿਸ ਨੇ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਨੁਕਸਾਨ ਕੀਤਾ ਹੈ। ਲੋਕ ਆਪਣੇ ਨੇਤਾਵਾਂ ਨੂੰ ਵੋਟ ਦੇ ਕੇ ਜਿਤਾਉਂਦੇ ਹਨ, ਪਰ ਉਹ ਸਿਰਫ ਮੁਫਤਖੋਰੀ ਦਾ ਹੀ ਪ੍ਰਚਾਰ ਕਰਦੇ ਹਨ। ਇਸ ਨੇ ਭਾਰਤੀ ਰਾਜਨੇਤਾਵਾਂ ਨੂੰ ਸ਼ੋਅਮੈਨ ਹੀ ਬਣਾ ਦਿੱਤਾ ਹੈ ਜੋ ਕਿ ਸਾਰਾ ਸਮਾਂ ਮਸੀਹਾ ਹੋਣ ਦਾ ਹੀ ਨਾਟਕ ਕਰਦੇ ਰਹਿੰਦੇ ਹਨ। ਇਸ ਲਈ ਭਾਰਤੀ ਲੋਕਤੰਤਰ ਅੱਜ ਮਹਿਜ ਸ਼ੋਅ ਹੀ ਬਣ ਕੇ ਰਹਿ ਗਿਆ ਹੈ।ਲੋਕਾਂ ਦਾ ਇਸ ਵਿਚ ਵਿਸ਼ਵਾਸ ਅਤੇ ਸਮਾਜਿਕ ਪੂੰਜੀ ਹੀ ਇਸ ਨੂੰ ਜ਼ਿੰਮੇਵਾਰ ਅਤੇ ਮਜਬੂਤ ਬਣਾ ਸਕਦੀ ਹੈ। ਨਾਗਰਿਕਾਂ ਅਤੇ ਚੁਣੇ ਹੋਏ ਪ੍ਰਤੀਨਿਧੀਆਂ ਵਿਚਕਾਰ ਆਪਸੀ ਸੁਮੇਲ ਤਾਂ ਹੀ ਹੋ ਸਕਦਾ ਹੈ ਅਗਰ ਨਾਗਰਿਕ ਉਨਾਂ ਸਾਹਮਣੇ ਮਹਿਜ਼ ਬਿਨੈਕਾਰ ਹੋਣ ਦੀ ਬਜਾਏ ਸਹਾਇਕ ਹੋਣ ਤਾਂ ਰਾਜਨੀਤਿਕ ਸੜਾਂਦ ਨੂੰ ਰੋਕਿਆ ਜਾ ਸਕੇ।

# ਸਿੱਧੂ ਮੂਸੇਵਾਲਾ ਦੇ ਕਤਲ ਦਾ ਮਾਮਲਾ ਬਨਾਮ ਗੈਂਗਸਟਰਾਂ ਦੀ ਦਹਿਸ਼ਤ

**ਰਜਿੰਦਰ ਸਿੰਘ ਪੁਰੇਵਾਲ**

ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਚਰਚਾ ਪੰਜਾਬ ਸਮੇਤ ਦੇਸ਼-ਵਿਦੇਸ਼ ਵਿਚ ਵੱਡੀ ਪੱਧਰ 'ਤੇ ਹੋਈ ਹੈ। ਇਸ ਕਤਲ ਸੰਬੰਧੀ ਹਾਲੇ ਪੂਰਾ ਵਿਸਥਾਰ ਤਾਂ ਸਾਹਮਣੇ ਨਹੀਂ ਆਇਆ ਪਰ ਵਾਪਰੇ ਘਟਨਾਕ੍ਰਮ ਤੋਂ ਇਹ ਗੱਲ ਜ਼ਰੂਰ ਸਪੱਸ਼ਟ ਹੋ ਗਈ ਹੈ ਕਿ ਇਹ ਦੁਸ਼ਮਣੀ ਦਾ ਮਾਮਲਾ ਹੈ। ਸੂਚਨਾ ਅਨੁਸਾਰ ਮੂਸੇਵਾਲਾ ਨੂੰ ਪਿਛਲੇ ਕੁਝ ਸਮੇਂ ਤੋਂ ਧਮਕੀਆਂ ਵੀ ਮਿਲਦੀਆਂ ਰਹੀਆਂ ਸਨ। ਇਨਾਂ ਲਈ ਕੁਝ ਅਪਰਾਧਿਕ ਗਿਰੋਹਾਂ ਦਾ ਨਾਂ ਵੀ ਲਿਆ ਜਾਂਦਾ ਰਿਹਾ ਹੈ। ਮੁਜਰਮਾਂ ਨੂੰ ਕਾਬੂ ਕੀਤੇ ਜਾਣ ਤੋਂ ਬਾਅਦ ਹੀ ਇਸ ਦੇ ਸਹੀ ਕਾਰਨਾਂ ਦਾ ਪਤਾ ਲਗਾਇਆ ਜਾ ਸਕੇਗਾ। ਇਥੇ ਜ਼ਿਕਰਯੋਗ ਹੈ ਕਿ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ 2 ਦਰਜਨ ਤੋਂ ਵਧੇਰੇ ਗੋਲੀਆਂ ਲੱਗੀਆਂ ਹਨ। ਇਹ ਖ਼ੁਲਾਸਾ ਪੋਸਟਮਾਰਟਮ ਤੋਂ ਬਾਅਦ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਹਮਲਾਵਰਾਂ ਨੇ 40 ਦੇ ਕਰੀਬ ਫਾਇਰ ਦਾਗੇ ਸਨ। ਮੁੱਖ ਮੰਤਰੀ ਦੀ ਪਹਿਲਕਦਮੀ ਨਾਲ ਜਿੱਥੇ ਹੱਤਿਆ ਦੀ ਜਾਂਚ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਉਣ ਦਾ ਫ਼ੈਸਲਾ ਲਿਆ ਗਿਆ ਹੈ ਉਥੇ ਡੀ.ਜੀ.ਪੀ. ਪੰਜਾਬ ਨੇ ਸਪੱਸ਼ਟੀਕਰਨ ਦਿੱਤਾ ਕਿ ਸਿੱਧੂ ਦਾ ਗੈਂਗਵਾਰ ਨਾਲ ਕੋਈ ਸੰਬੰਧ ਨਹੀਂ ਸੀ, ਉਪਰੰਤ ਪਰਿਵਾਰ ਦੀ ਸਹਿਮਤੀ ਨਾਲ ਡਾਕਟਰਾਂ ਦੀ 5 ਮੈਂਬਰੀ ਟੀਮ ਵਲੋਂ ਪੋਸਟਮਾਰਟਮ ਕੀਤਾ ਗਿਆ। ਪ੍ਰਸਿੱਧ ਪੰਜਾਬੀ ਗਾਇਕ ਗੁਰਦਾਸ ਮਾਨ, ਗਾਇਕ ਮੁਹੰਮਦ ਸਦੀਕ, ਗਿੱਪੀ ਗਰੇਵਾਲ, ਆਰ. ਨੇਤ, ਕੋਰਾਲਾ ਮਾਨ, ਅਫਸਾਨਾ ਖ਼ਾਨ ਤੇ ਹੋਰ ਕਈ ਗਾਇਕ ਪਿੰਡ ਮੂਸਾ ਵਿਖੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਪਹੁੰਚੇ।

ਪੰਜਾਬ ਵਿਚ ਇਸ ਸਮੇਂ ਗੈਂਗਸਟਰਾਂ ਦਾ ਬੋਲਬਾਲਾ ਹੈ। ਆਪਸੀ ਲੜਾਈ ਦੀਆਂ ਵੀ ਅਕਸਰ ਖ਼ਬਰਾਂ ਮਿਲਦੀਆਂ ਰਹੀਆਂ ਹਨ, ਜਿਨਾਂ ਦਾ ਨਤੀਜਾ ਆਪਸੀ ਖ਼ੂਨ-ਖ਼ਰਾਬੇ ਵਿਚ ਹੀ ਨਿਕਲਦਾ ਰਿਹਾ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਇਨਾਂ ਦਾ ਜਾਲ ਸੂਬੇ ਵਿਚ ਹੀ ਨਹੀਂ ਸਗੋਂ ਵੱਡੀ ਪੱਧਰ 'ਤੇ ਹੋਰ ਵੀ ਕਈ ਰਾਜਾਂ ਤੇ ਵਿਦੇਸ਼ਾਂ ਤੱਕ ਵੀ ਫੈਲ ਚੁੱਕਿਆ ਹੈ। ਇਥੋਂ ਤੱਕ ਕਿ ਬਹੁਤ ਸਾਰੇ ਅਜਿਹੇ ਅਪਰਾਧੀ ਜੇਲਾਂ ਵਿਚ ਬੈਠੇ ਵੀ ਆਪਣੀ ਸਰਗਰਮੀ ਮੁਤਾਬਿਕ ਹਦਾਇਤਾਂ ਦਿੰਦੇ ਰਹਿੰਦੇ ਹਨ, ਜਿਸ ਕਰਕੇ ਪੰਜਾਬ ਵਿਚ ਅਸ਼ਾਂਤੀ ਦਾ ਮਾਹੌਲ ਹੈ।

ਇਸ ਕਤਲ ਕਾਰਨ ਪੰਜਾਬ ਸਰਕਾਰ ਨੂੰ ਵੀ ਵੱਡੀ ਨਮੋਸ਼ੀ ਝੱਲਣੀ ਪਈ ਹੈ। ਇਸ ਦਾ ਇਕ ਕਾਰਨ ਬਹੁਤ ਸਾਰੇ ਵਿਅਕਤੀਆਂ ਦੀ ਸਰਕਾਰੀ ਸੁਰੱਖਿਆ ਛਤਰੀ ਘਟਾਉਣ ਜਾਂ ਵਾਪਸ ਲੈਣ ਦੇ ਨਾਲ-ਨਾਲ ਸਰਕਾਰ ਨੇ ਆਪ ਇਸ ਖ਼ਬਰ ਨੂੰ ਮੀਡੀਏ ਵਿਚ ਨਸ਼ਰ ਕਰ ਦਿੱਤਾ ਸੀ ਅਤੇ ਆਪ ਹੀ ਉਨਾਂ ਨਾਵਾਂ ਦਾ ਵੀ ਖੁਲਾਸਾ ਕਰ ਦਿੱਤਾ ਸੀ, ਜਿਨਾਂ ਨਾਲੋਂ ਸੁਰੱਖਿਆ ਕਰਮੀ ਹਟਾਏ ਗਏ ਸਨ। ਸਿੱਧੂ ਮੂਸੇਵਾਲਾ ਨੂੰ ਵੀ 4 ਪੁਲਿਸ ਸੁਰੱਖਿਆ ਕਰਮੀ ਦਿੱਤੇ ਗਏ ਸਨ, ਜਿਨਾਂ ਵਿਚੋਂ ਦੋ ਨੂੰ ਵਾਪਸ ਬੁਲਾਇਆ ਗਿਆ ਸੀ ਪਰ ਵਾਰਦਾਤ ਸਮੇਂ ਉਸ ਨੇ ਆਪਣੇ ਨਾਲ ਬਾਕੀ ਦੋ ਪੁਲਿਸ ਗਾਰਡਾਂ ਨੂੰ ਵੀ ਨਹੀਂ ਸੀ ਰੱਖਿਆ ਹੋਇਆ। ਇਸ ਮੌਕੇ ਦਾ ਲਾਭ ਉਠਾਉਂਦੇ ਹੋਏ ਉਸ ਦੇ ਦੁਸ਼ਮਣਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਇਹ ਕਤਲ ਪੰਜਾਬ ਦੀ ਲਗਾਤਾਰ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਉਪਰ ਪ੍ਰਸ਼ਨ ਚਿੰਨ ਹੈ। ਕਾਂਗਰਸ, ਭਾਜਪਾ ਤੇ ਅਕਾਲੀ ਦਲ ਤੇ ਕੁਝ ਹੋਰ ਪਾਰਟੀਆਂ ਨੇ ਸਰਕਾਰ ਦੀ ਅਣਗਹਿਲੀ ਕਰਕੇ ਉਸ ਤੋਂ ਅਸਤੀਫ਼ਾ ਦੇਣ ਦੀ ਮੰਗ ਵੀ ਕੀਤੀ ਹੈ। ਪੰਜਾਬ ਸਰਕਾਰ ਵਲੋਂ 424 ਪ੍ਰਮੁੱਖ ਸ਼ਖ਼ਸੀਅਤਾਂ ਤੋਂ ਵਾਪਸ ਤੇ ਘਟਾਈ ਗਈ



ਸੁਰੱਖਿਆ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਜੁਆਬ ਦੇਣ ਲਈ ਕਿਹਾ ਹੈ ਕਿ ਇਨਾਂ ਦੀ ਸੁਰੱਖਿਆ ਕਿਸ ਆਧਾਰ 'ਤੇ ਵਾਪਸ ਲਈ ਗਈ ਹੈ। ਇਸ ਜੁਆਬ ਦੀ ਜਾਣਕਾਰੀ ਅਗਲੀ ਸੁਣਵਾਈ ਦੌਰਾਨ 2 ਜੂਨ ਨੂੰ ਸੀਲਬੰਦ ਕਵਰ ਵਿਚ ਦੇਣ ਲਈ ਕਿਹਾ ਗਿਆ ਹੈ ਤੇ ਨਾਲ ਦੱਸਿਆ ਜਾਵੇ ਕਿ ਜਿਨਾਂ ਲੋਕਾਂ ਦੀ ਸੁਰੱਖਿਆ ਵਾਪਸ ਲਈ ਗਈ ਹੈ, ਉਨਾਂ ਦੀ ਸੂਚੀ ਜਨਤਕ ਕਿਵੇਂ ਹੋਈ? ਹਾਈਕੋਰਟ ਨੇ ਇਹ ਹੁਕਮ ਸਾਬਕਾ ਕਾਂਗਰਸੀ ਵਿਧਾਇਕ ਅਤੇ ਮੰਤਰੀ ਓ.ਪੀ. ਸੋਨੀ ਵਲੋਂ ਆਪਣੀ ਸੁਰੱਖਿਆ ਵਿਚ ਕਟੌਤੀ ਖ਼ਿਲਾਫ਼ ਦਾਇਰ ਇਕ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਦਿੱਤੇ ਹਨ। ਹਾਈਕੋਰਟ ਦਾ ਇਹ ਫੈਸਲਾ ਆਪ ਸਰਕਾਰ ਦੀ ਕਾਰਗੁਜ਼ਾਰੀ ਉਪਰ ਪ੍ਰਸ਼ਨ ਚਿੰਨ ਲਗਾਉਂਦਾ ਹੈ।

ਪੰਜਾਬ ਪੁਲਿਸ ਲਈ ਵਿਦੇਸ਼ਾਂ 'ਵਿਚ ਬੈਠੇ ਗੈਂਗਸਟਰਾਂ ਵੱਲੋਂ ਸੂਬੇ ਵਿੱਚ ਭਾੜੇ ਦੇ ਕਾਤਲਾਂ ਰਾਹੀਂ ਚਲਾਈਆਂ ਜਾ ਰਹੀਆਂ ਅਪਰਾਧਿਕ ਗਤੀਵਿਧੀਆਂ ਨੂੰ ਨੱਥ ਪਾਉਣਾ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਪੁਲਿਸ ਨੇ ਚਰਚਿਤ ਗਾਇਕ ਤੇ ਨੌਜਵਾਨਾਂ ਵਿਚ ਮਕਬੂਲ ਸਿੱਧੂ ਮੂਸੇਵਾਲਾ ਦੇ ਕਤਲ ਦੀਆਂ ਤਾਰਾਂ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਤਾਂ ਜੋੜ ਦਿੱਤੀਆਂ ਹਨ ਪਰ ਅਸਲ ਕਾਤਲਾਂ ਨੂੰ ਹੱਥ ਪਾਉਣਾ ਆਪ ਸਰਕਾਰ ਲਈ ਮੁਸ਼ਕਲ ਹੋਇਆ ਪਿਆ ਹੈ।ਪੰਜਾਬ ਵਿੱਚ 'ਆਪ' ਸਰਕਾਰ ਦੇ ਗਠਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਦੇ ਗਠਨ ਦਾ ਐਲਾਨ ਕੀਤਾ ਸੀ। ਸੂਤਰਾਂ ਮੁਤਾਬਕ ਏਜੀਟੀਐੱਫ ਦੇ ਗਠਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਲਈ ਪੁਲਿਸ ਵੱਲੋਂ ਸਰਕਾਰ ਨੂੰ ਭੇਜਿਆ ਗਿਆ ਪ੍ਰਸਤਾਵ ਅਜੇ ਤੱਕ ਸਿਰੇ ਨਹੀਂ ਚੜ੍ਹਿਆ ਹੈ। ਪੰਜਾਬ ਵਿੱਚ ਵਿਦੇਸ਼ਾਂ ਤੋਂ ਗਤੀਵਿਧੀਆਂ ਚਲਾ ਰਹੇ ਗੈਂਗਸਟਰਾਂ ਨੂੰ ਕਾਬੂ ਕਰਨ ਲਈ ਰਾਜ ਸਰਕਾਰ ਪੂਰੀ ਤਰਾਂ ਕੇਂਦਰ ਸਰਕਾਰ 'ਤੇ ਨਿਰਭਰ ਹੈ। ਇਸ ਮਾਮਲੇ ਵਿੱਚ ਕੋਈ ਵੀ ਸਫਲਤਾ ਨਹੀਂ ਮਿਲ ਰਹੀ। ਸੂਤਰਾਂ ਮੁਤਾਬਕ ਪੁਲਿਸ ਅਧਿਕਾਰੀਆਂ ਵੱਲੋਂ ਸੂਬੇ ਦੇ ਗ੍ਰਹਿ ਵਿਭਾਗ ਰਾਹੀਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੰਜਾਬ 'ਵਿਚ ਅਪਰਾਧਿਕ ਗਤੀਵਿਧੀਆਂ ਚਲਾ ਰਹੇ ਗੈਂਗਸਟਰਾਂ ਨੂੰ ਭਾਰਤ ਲਿਆਉਣ ਲਈ ਪੱਤਰ ਵਿਹਾਰ ਕਈ ਵਾਰੀ ਕੀਤਾ ਹੈ ਪਰ ਕੁੱਝ ਵੀ ਹੱਥ ਪੱਲੇ ਨਹੀਂ ਪਿਆ।

# ਕਾਂਗਰਸ ਦਾ ਸਿਆਸੀ ਭਵਿੱਖ ਧੁੰਦਲਾ



ਪ੍ਰਦੀਪ ਸਿੰਘ

ਰਾਹੁਲ ਗਾਂਧੀ ਬਾਰੇ ਜਦੋਂ ਵੀ ਤੁਸੀਂ ਸੋਚਦੇ ਹੋ ਕਿ ਹੁਣ ਉਨਾਂ 'ਚ ਕੁਝ ਸੁਧਾਰ ਹੁੰਦਾ ਦਿਸ ਰਿਹਾ ਹੈ, ਉਸੇ ਸਮੇਂ ਉਹ ਕੁਝ ਅਜਿਹਾ ਕਰਦੇ ਜਾਂ ਕਹਿੰਦੇ ਹਨ ਕਿ ਤੁਹਾਨੂੰ ਲੱਗੇਗਾ ਕਿ ਕਿੱਥੇ ਮੂੰਹ ਲੁਕੋਈਏ। ਹਾਲ ਹੀ 'ਚ ਉਨਾਂ ਨੂੰ ਇੰਗਲੈਂਡ ਦਾ ਦੌਰਾ ਕਰਵਾਇਆ ਗਿਆ ਉਨਾਂ ਦਾ ਅਕਸ ਸੁਧਾਰਨ ਲਈ ਪਰ ਨਤੀਜਾ ਹੋਇਆ ਬਿਲਕੁਲ ਉਲਟ। ਉਨਾਂ ਦਾ ਜੋ ਬਚਿਆ-ਖੁਚਿਆ ਅਕਸ ਸੀ, ਉਸ 'ਤੇ ਵੀ ਧੱਬਾ ਲੱਗ ਗਿਆ।

ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ ਜੋ ਵਿਅਕਤੀ ਭਾਰਤ ਦਾ ਪ੍ਰਧਾਨ ਮੰਤਰੀ ਬਣਨਾ ਚਾਹੁੰਦਾ ਹੈ, ਉਹ ਕਹਿ ਰਿਹਾ ਹੈ ਕਿ ਰਾਸ਼ਟਰ ਦਾ ਮਤਲਬ ਕਿੰਗਡਮ ਯਾਨੀ ਸਾਮਰਾਜ ਹੁੰਦਾ ਹੈ। ਰਾਹੁਲ ਗਾਂਧੀ ਇਕ ਅਰਸੇ ਤੋਂ ਆਪਣੀ ਇਸ ਜ਼ਿੱਦ 'ਤੇ ਅੜੇ ਹੋਏ ਹਨ ਕਿ ਭਾਰਤ ਇਕ ਰਾਸ਼ਟਰ ਨਹੀਂ ਹੈ। ਇਸ ਅਗਿਆਨਤਾ 'ਚ ਉਹ ਭਾਰਤ ਵਿਰੋਧੀਆਂ ਦੇ ਏਜੰਡੇ ਨੂੰ ਲਗਾਤਾਰ ਅੱਗੇ ਵਧਾਉਂਦੇ ਰਹਿੰਦੇ ਹਨ। ਹਾਲਤ ਇਹ ਹੋ ਗਈ ਹੈ ਕਿ ਸੈਕੂਲਰਵਾਦੀਆਂ ਨੇ ਵੀ ਉਮੀਦ ਛੱਡ ਦਿੱਤੀ ਹੈ। ਇਨਾਂ ਲੋਕਾਂ ਨੇ ਮੰਨ ਲਿਆ ਹੈ ਕਿ ਰਾਹੁਲ ਗਾਂਧੀ ਤੋਂ ਕੋਈ ਉਮੀਦ ਕਰਨਾ ਹੀ ਬੇਕਾਰ ਹੈ।

ਰਾਹੁਲ ਗਾਂਧੀ ਦਾ ਅਕਸ ਬਿਹਤਰ ਬਣਾਉਣ ਵਾਲਿਆਂ ਦੇ ਸਬਰ ਦੀ ਪ੍ਰਸ਼ੰਸਾ ਕਰਨੀ ਪਵੇਗੀ। ਕੋਈ ਪ੍ਰੋਡਕਟ ਵਾਰ-ਵਾਰ ਫੇਲ ਹੋ ਜਾਵੇ ਤਾਂ ਨਿਰਮਾਤਾ ਉਸ ਨੂੰ ਬੰਦ ਕਰ ਕੇ ਨਵਾਂ ਉਤਪਾਦ ਬਾਜ਼ਾਰ ਵਿਚ ਲੈ ਕੇ ਆਉਂਦਾ ਹੈ। ਕਾਂਗਰਸ ਦੀ ਸਮੱਸਿਆ ਇੱਥੋਂ ਹੀ ਸ਼ੁਰੂ ਹੁੰਦੀ ਹੈ। ਕੰਪਨੀ ਯਾਨੀ ਕਾਂਗਰਸ ਜਾਂ ਸੋਨੀਆ ਗਾਂਧੀ ਦੀ ਜ਼ਿੱਦ ਹੈ ਕਿ ਪ੍ਰੋਡਕਟ ਤਾਂ ਉਹੋ ਹੀ ਰਹੇਗਾ, ਉਸ ਦੀ ਪੈਕੇਜਿੰਗ ਬਦਲਦੇ ਰਹੋ। ਦੂਜੀ ਸਮੱਸਿਆ ਇਹ ਹੈ ਕਿ ਪੈਕੇਜਿੰਗ ਖੋਲਦਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਤਾਂ ਪਹਿਲਾਂ ਤੋਂ ਵੀ ਜ਼ਿਆਦਾ ਖ਼ਰਾਬ ਹੋ ਗਿਆ ਹੈ।

ਇਸ ਤੋਂ ਬਾਅਦ ਵੀ ਗਜਬ ਦਾ ਵਿਸ਼ਵਾਸ ਹੈ ਸੋਨੀਆ ਗਾਂਧੀ ਦਾ ਕਿ ਉਨਾਂ ਨੂੰ ਕੋਈ ਖ਼ਰਾਬੀ ਦਿਸਦੀ ਹੀ ਨਹੀਂ। ਕਹਾਵਤ ਹੈ ਕਿ 12 ਸਾਲ 'ਚ ਰੂੜੀ ਦੇ ਦਿਨ ਵੀ ਫਿਰਦੇ ਹਨ। ਇੱਥੇ ਤਾਂ 18 ਸਾਲ ਹੋ ਗਏ ਤੇ ਅੱਗੇ ਕੋਈ ਉਮੀਦ ਦਿਸਦੀ ਨਹੀਂ। ਪੁੱਤਰ ਪ੍ਰਤੀ ਮਾਂ ਦਾ ਮੋਹ ਜੱਗ ਜ਼ਾਹਿਰ ਹੈ ਪਰ ਕਾਂਗਰਸੀਆਂ ਨੂੰ ਕੀ ਕਹੀਏ? ਸਭ ਜਾਣਦੇ ਹੋਏ ਵੀ ਗੂੰਗੇ-ਬੋਲੇ ਬਣੇ ਹੋਏ ਹਨ। ਆਸ-ਪਾਸ ਜੋ ਵਾਪਰ ਰਿਹਾ ਹੈ, ਉਸ ਨੂੰ ਵੀ ਉਹ ਨਿਰਪੱਖ ਭਾਵ ਨਾਲ ਦੇਖਦੇ ਹਨ।

ਪਿਛਲੇ ਕੁਝ ਸਮੇਂ ਵਿਚ ਜਯੋਤੀਰਾਦਿੱਤਿਆ ਸਿੰਧੀਆ, ਜਿਤਿਨ ਪ੍ਰਸਾਦ, ਸੁਨੀਲ ਜਾਖੜ, ਹਾਰਦਿਕ ਪਟੇਲ ਤੇ ਕਪਿਲ ਸਿੱਬਲ ਪਾਰਟੀ ਛੱਡ ਗਏ। ਕਾਂਗਰਸ 'ਚੋਂ ਨਿਕਲ ਕੇ ਇਹ ਸਭ ਸੁਖੀ ਹਨ ਤੇ ਉਨਾਂ ਨੂੰ ਆਪਣਾ ਭਵਿੱਖ ਉੱਜਲ ਵੀ ਦਿਸ ਰਿਹਾ ਹੈ। ਇਨਾਂ ਵਿਚੋਂ ਦੋ ਮੰਤਰੀ ਬਣ ਗਏ। ਇਕ ਰਾਜ ਸਭਾ 'ਚ ਜਾ ਰਿਹਾ ਹੈ। ਇਸ 'ਚ ਕੋਈ ਸ਼ੰਕਾ ਨਹੀਂ ਕਿ ਬਾਕੀ ਦੋ ਛੇਤੀ ਹੀ ਕਿਸੇ ਨਾ ਕਿਸੇ ਮਹੱਤਵਪੂਰਨ ਅਹੁਦੇ 'ਤੇ ਹੋਣਗੇ।

ਨਹਿਰੂ-ਗਾਂਧੀ ਪਰਿਵਾਰ ਦੀ ਸਮੱਸਿਆ ਇਹ ਹੈ ਕਿ ਉਨਾਂ ਨੂੰ ਭਾਰਤੀ ਸੱਭਿਆਚਾਰ ਦੀ ਨਾ ਤਾਂ ਸਮਝ ਹੈ ਤੇ ਨਾ ਹੀ ਇਸ ਵਿਚ ਕੋਈ ਰੁਚੀ। ਜਿਸ ਪੌਦੇ ਦੀ ਜੜ ਜ਼ਮੀਨ ਦੇ ਅੰਦਰ ਨਾ ਹੋਵੇ, ਉਸ ਨੇ ਸੁੱਕ ਜਾਣਾ ਹੀ ਹੈ। ਇਸ ਗੱਲ ਦੀ ਪੁਸ਼ਟੀ ਕਰਨ ਲਈ ਕਿਸੇ ਪ੍ਰੀਖਣ ਦੀ ਜ਼ਰੂਰਤ ਨਹੀਂ ਹੈ। ਰਾਹੁਲ ਗਾਂਧੀ ਦੇ ਬਿਆਨਾਂ ਨਾਲ ਭਾਰਤੀ ਸੱਭਿਆਚਾਰ ਨਾਲ ਜੁੜੇ ਮੁੱਦਿਆਂ 'ਤੇ ਉਨਾਂ ਦੇ ਉਥਲੇ ਚਿੰਤਨ ਦਾ ਹੀ ਪਤਾ ਲੱਗਦਾ ਹੈ। ਰਾਹੁਲ ਗਾਂਧੀ ਨੇ ਕਦੇ ਚਾਣਕਿਆ ਨੂੰ ਪੜ੍ਹਿਆ ਹੁੰਦਾ ਜਾਂ ਕਿਸੇ ਤੋਂ ਸੁਣਿਆ ਵੀ ਹੁੰਦਾ ਤਾਂ ਉਨਾਂ ਦੇ ਮੂੰਹ ਤੋਂ ਇਹ ਨਿਕਲਦਾ ਹੀ ਨਾ ਕਿ ਭਾਰਤ ਇਕ ਰਾਸ਼ਟਰ ਨਹੀਂ ਹੈ। ਚਾਣਕਿਆ ਨੂੰ ਛੱਡੋ ਜੇ ਉਨਾਂ ਨੇ ਆਪਣੇ ਪਿਤਾ ਰਾਜੀਵ ਗਾਂਧੀ ਦੇ ਨਾਨਾ ਜਵਾਹਰ ਲਾਲ ਨਹਿਰੂ ਨੂੰ ਹੀ ਪੜ੍ਹਿਆ ਹੁੰਦਾ ਤਾਂ ਉਨਾਂ ਨੂੰ ਭਾਰਤ ਦੇ ਜਨਪਦਾਂ ਦਾ ਇਤਿਹਾਸ ਪਤਾ ਹੁੰਦਾ।

ਸਿਆਸਤ

ਕਾਂਗਰਸ ਦੇ ਲੋਕ ਮਹਾਤਮਾ ਗਾਂਧੀ ਨੂੰ ਰਾਸ਼ਟਰਪਿਤਾ ਕਹਿੰਦੇ ਨਹੀਂ ਥੱਕਦੇ। ਕੋਈ ਰਾਹੁਲ ਗਾਂਧੀ ਤੋਂ ਪੁੱਛੇ ਕਿ ਜਦੋਂ ਭਾਰਤ ਰਾਸ਼ਟਰ ਹੀ ਨਹੀਂ ਤਾਂ ਗਾਂਧੀ ਰਾਸ਼ਟਰਪਿਤਾ ਕਿਵੇਂ? ਭਾਰਤ ਹੀ ਨਹੀਂ ਪੂਰੀ ਦੁਨੀਆ ਲਈ ਇਕ ਗੱਲ ਕਹੀ ਜਾ ਸਕਦੀ ਹੈ ਕਿ ਰਾਜਨੀਤੀ 'ਚ ਜੋ ਵੀ ਹੈ, ਜੇ ਉਹ ਧਰਮ ਤੇ ਰਾਜਨੀਤੀ ਦੇ ਆਪਸੀ ਸਬੰਧਾਂ ਨੂੰ ਨਹੀਂ ਸਮਝਦਾ ਤਾਂ ਉਸ ਦਾ ਰਾਜਨੀਤੀ 'ਚ ਸਫ਼ਲ ਹੋਣਾ ਲਗਭਗ ਅਸੰਭਵ ਹੁੰਦਾ ਹੈ ਬਸ਼ਰਤੇ ਛਲ ਕਪਟ ਉਸ ਦਾ ਮੂਲ ਸੁਭਾਅ ਹੋਵੇ।

ਸੋਨੀਆ ਗਾਂਧੀ ਤੇ ਕਾਂਗਰਸ ਦੇ ਲੋਕਾਂ ਨੂੰ ਇਹ ਸਮਝਣਾ ਪਵੇਗਾ ਕਿ ਰਾਹੁਲ ਗਾਂਧੀ ਰਾਜਨੀਤੀ ਲਈ ਨਹੀਂ ਬਣੇ। ਰਾਜਨੀਤੀ ਉਨਾਂ ਲਈ ਉਸੇ ਤਰਾਂ ਹੀ ਹੈ ਜਿਵੇਂ ਇਸ ਦੇਸ਼ ਦੇ ਤਮਾਮ ਬੱਚਿਆਂ ਲਈ ਗਣਿਤ ਦਾ ਵਿਸ਼ਾ। ਦੋ ਮਾਮਲਿਆਂ



ਵਿਚ ਸੋਨੀਆ ਗਾਂਧੀ ਭਾਰਤੀ ਹਨ। ਪਹਿਲਾ ਹੈ ਪੁੱਤਰ ਮੋਹ। ਦੂਜਾ ਹੈ ਭਾਰਤੀ ਮਾਪਿਆਂ ਦੀ ਤਰਾਂ ਇਹ ਜਿੱਦ ਕਿ ਉਨਾਂ ਦੀ ਸੰਤਾਨ ਉਹੋ ਪੜ੍ਹੇ ਜਾਂ ਕਰੇ, ਜੋ ਉਹ ਚਾਹੁੰਦੇ ਹਨ। ਜ਼ਾਹਿਰ ਹੈ ਕਿ ਇਸ ਚੱਕਰ ਵਿਚ ਬੱਚੇ ਦੀ ਅਸਲ ਪ੍ਰਤਿਭਾ ਗੁਆਚ ਜਾਂਦੀ ਹੈ। ਉਹ ਜੋ ਬਣਨਾ ਚਾਹੁੰਦਾ ਹੈ, ਬਣਦਾ ਨਹੀਂ ਤੇ ਜੋ ਮਾਂ-ਬਾਪ ਚਾਹੁੰਦੇ ਹਨ, ਉਹ ਬਣਨ ਦੀ ਉਸ 'ਚ ਸਮਰੱਥਾ ਨਹੀਂ ਹੁੰਦੀ।

ਕਾਂਗਰਸ ਦੇ ਚਿੰਤਨ ਕੈਂਪ ਦੇ ਦੋ ਨਤੀਜੇ ਨਿਕਲੇ। ਇਕ ਅਸੰਤੁਸ਼ਟਾਂ ਦਾ ਅਪਮਾਨ ਹੋ ਗਿਆ ਤੇ ਗਾਂਧੀ ਪਰਿਵਾਰ ਦੀ ਲੀਡਰਸ਼ਿਪ ਦੀ ਪੁਨਰ ਸਥਾਪਨਾ ਹੋ ਗਈ। ਦੂਜੀ ਗੱਲ ਇਹ ਹੋਈ ਕਿ ਤਿੰਨ ਨੇਤਾ ਪਾਰਟੀ ਛੱਡ ਕੇ ਚਲੇ ਗਏ। ਅਸੰਤੁਸ਼ਟਾਂ ਦੀ ਮੰਗ ਸੀ ਸਮੂਹਿਕ ਅਗਵਾਈ ਦੀ, ਇਸ ਲਈ ਸੰਸਦੀ ਬੋਰਡ ਬਣੇ, ਕਾਂਗਰਸ ਵਰਕਿੰਗ ਕਮੇਟੀ ਅਤੇ ਦੂਜੀਆਂ ਕਮੇਟੀਆਂ ਦੀ ਚੋਣ ਹੋਵੇ। ਇਸ 'ਤੇ ਨਾ ਕੁਝ ਹੋਣਾ ਸੀ ਤੇ ਨਾ ਹੋਇਆ। ਜਿੱਥੋਂ ਤੱਕ ਜੀ-23 ਦੀ ਗੱਲ ਹੈ ਤਾਂ ਉਹ ਅਜਿਹੀ ਫ਼ੌਜ ਹੈ, ਜਿਸ ਦੇ ਹੱਥਾਂ 'ਚ ਤਲਵਾਰ ਚੁੱਕਣ ਦੀ ਤਾਕਤ ਨਹੀਂ। ਅਜਿਹੀ ਫ਼ੌਜ ਦੇ ਯੁੱਧ 'ਚ ਉਤਰਨ ਤੋਂ ਪਹਿਲਾਂ ਹੀ ਨਤੀਜਾ ਪਤਾ ਹੁੰਦਾ ਹੈ।

ਸਿਆਸੀ ਪਾਰਟੀਆਂ ਵਿਚਾਰਧਾਰਾ ਤੋਂ ਸ਼ੁਰੂ ਹੁੰਦੀਆਂ ਹਨ ਤੇ ਆਖ਼ਰ 'ਚ ਚੋਣ ਲੜਨ ਦੀ ਮਸ਼ੀਨਰੀ 'ਚ ਬਦਲ ਜਾਂਦੀਆਂ ਹਨ। ਵਿਚਾਰਧਾਰਾ ਨਾਲ ਕਾਂਗਰਸ ਦਾ ਨਾਤਾ 24 ਸਾਲ ਪਹਿਲਾਂ ਸੋਨੀਆ ਗਾਂਧੀ ਦੇ ਪਾਰਟੀ ਪ੍ਰਧਾਨ ਬਣਨ ਨਾਲ ਹੀ ਟੁੱਟ ਗਿਆ। ਉਨਾਂ ਨੇ ਪਾਰਟੀ ਨੂੰ ਐਨਜੀਓ 'ਚ ਬਦਲ ਦਿੱਤਾ।

ਕਾਂਗਰਸ ਦੀ ਬਦਕਿਸਮਤੀ ਇਹ ਹੈ ਕਿ ਉਹ ਹੁਣ ਚੋਣ ਲੜਨ ਦੀ ਮਸ਼ੀਨਰੀ ਵੀ ਨਹੀਂ ਰਹਿ ਗਈ। ਚੋਣ 'ਚ ਜਿੱਤ ਕਾਂਗਰਸ ਲਈ ਨਿਯਮ ਤੋਂ ਅਪਵਾਦ ਬਣ ਚੁੱਕਿਆ ਹੈ। ਨਿਯਮ ਦੇ ਅਪਵਾਦ ਹੁੰਦੇ ਹੀ ਹਨ, ਇਸ ਲਈ ਕਾਂਗਰਸ ਕਦੇ-ਕਦੇ ਕਿਤੇ ਚੋਣ ਜਿੱਤ ਵੀ ਜਾਂਦੀ ਹੈ। ਪਾਰਟੀ ਦੇ ਅਤੀਤ ਦੇ ਨਸ਼ੇ 'ਚ ਡੁੱਬੇ ਕਾਂਗਰਸੀਆਂ ਨੂੰ ਇਹ ਅਪਵਾਦ ਹੀ ਨਿਯਮ ਲੱਗਣ ਲੱਗਿਆ ਹੈ। ਸਭ ਨੂੰ ਆਪਣੀ ਤੇ ਆਪਣੇ ਪਰਿਵਾਰ ਦੀ ਚਿੰਤਾ ਹੈ। ਪਾਰਟੀ ਦੀ ਚਿੰਤਾ ਕਰਨਾ ਉਨਾਂ ਲਈ ਸਮਾਂ ਤੇ ਵਸੀਲਾ ਨਸ਼ਟ ਕਰਨ ਜਿਹਾ ਹੈ। ਅਸਲ 'ਚ ਕਾਂਗਰਸ ਦੀ ਹਾਲਤ ਇਹ ਹੈ ਕਿ ਕਾਂਗਰਸੀ ਰਾਹੁਲ ਗਾਂਧੀ ਤੋਂ ਬਚਣਾ ਚਾਹੁੰਦੇ ਹਨ ਪਰ ਕੋਈ ਉਪਾਅ ਸੁੱਝ ਨਹੀਂ ਰਿਹਾ। ਦੂਜੇ ਪਾਸੇ ਰਾਹੁਲ ਗਾਂਧੀ ਵੀ ਕਾਂਗਰਸ ਤੋਂ ਬਚਣਾ ਚਾਹੁੰਦੇ ਹਨ ਪਰ ਉਨਾਂ ਨੂੰ ਕੋਈ ਰਸਤਾ ਦਿਖਾਉਣ ਵਾਲਾ ਨਹੀਂ ਹੈ। ਜਿਸ ਦਿਨ ਦੋਵਾਂ 'ਚੋਂ ਕਿਸੇ ਨੂੰ ਆਪਣੀ ਸਮੱਸਿਆ ਦਾ ਹੱਲ ਮਿਲ ਜਾਵੇਗਾ, ਕਾਂਗਰਸ ਤਰ ਜਾਵੇਗੀ। ਅਹਿੱਲਿਆ ਨੂੰ ਇੰਤਜ਼ਾਰ ਸੀ ਭਗਵਾਨ ਰਾਮ ਦਾ ਕਿ ਇਕ ਦਿਨ ਉਹ ਆਉਣਗੇ ਤੇ ਮੁਕਤੀ ਕਰਨਗੇ ਪਰ ਸੈਲ ਬਣੀ ਕਾਂਗਰਸ ਦਾ ਪਾਰ ਉਤਾਰਾ ਕਰਨ ਲਈ ਭਗਵਾਨ ਰਾਮ ਕਦੇ ਨਹੀਂ ਆਉਣ ਵਾਲੇ ਕਿਉਂਕਿ ਕਾਂਗਰਸ ਤੇ ਕਾਂਗਰਸੀਆਂ ਨੂੰ ਤਾਂ ਭਗਵਾਨ ਰਾਮ ਦੀ ਹੋਂਦ 'ਤੇ ਹੀ ਵਿਸ਼ਵਾਸ ਨਹੀਂ ਹੈ। ਜਿਸ ਦੀ ਹੋਂਦ 'ਤੇ ਭਰੋਸਾ ਨਹੀਂ, ਉਹ ਪਾਰ ਉਤਾਰਾ ਕਰਨ ਲਈ ਕਿਉਂ ਆਵੇਗਾ?

ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਰਾਹੁਲ ਗਾਂਧੀ ਸਮੇਤ ਸਮੁੱਚੀ ਕਾਂਗਰਸੀ ਲੀਡਰਸ਼ਿਪ ਨੂੰ ਭਾਰਤੀ ਸਮਾਜ ਤੇ ਇਸ ਦੇ ਮਾਣਮੱਤੇ ਪਿਛੋਕੜ ਬਾਰੇ ਡੂੰਘਾਈ ਨਾਲ ਅਧਿਐਨ ਕਰਨ ਦੀ ਲੋੜ ਹੈ ਤਾਂ ਕਿ ਉਨਾਂ ਦੀ ਸੋਚ ਅਤੇ ਸਮਝ ਬਿਹਤਰ ਹੋ ਸਕੇ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਦੇ 'ਵਾਰਸ' ਪਰਿਵਾਰ ਦੀ ਅਜਿਹੀ ਜਾਣਕਾਰੀ ਮਜ਼ਾਕ ਦਾ ਪਾਤਰ ਬਣਦੀ ਹੈ।

# ਵਿਕਸਿਤ, ਵਿਕਾਸਸ਼ੀਲ ਬਨਾਮ ਆਮ ਆਦਮੀ

ਸੁਖਮਿੰਦਰ ਬਾਗ਼ੀ ਸਮਰਾਲਾ

ਇਹ ਦੋ ਸ਼ਬਦ ਵਿਸ਼ਵ ਦੇ ਸਾਰੇ ਲੋਕਾਂ 'ਤੇ ਆਪਣਾ ਅਸਰ ਦਿਖਾਉਂਦੇ ਹਨ ਪਰ ਅਸੀਂ ਇਨਾਂ ਦੋਹ ਸ਼ਬਦਾਂ ਨੂੰ ਹਮੇਸ਼ਾ ਹੀ ਅਣਗੌਲਿਆ ਕੀਤਾ ਹੋਇਆ ਹੈ। ਸਾਡੀ ਇਹੋ ਤ੍ਰਾਸਦੀ ਹੈ ਅਸੀਂ ਹਮੇਸ਼ਾ ਹੀ ਨੇੜੇ ਦੀ ਸੋਚਦੇ ਹਾਂ ਪਰ ਅੰਗਰੇਜ਼ਾਂ ਦੀ ਸੋਚ ਸਾਡੀ ਸੋਚ ਤੋਂ 100 ਸਾਲ ਅੱਗੇ ਹੈ। ਇਸ ਲਈ ਹੀ ਉਹ ਸਾਡੇ ਉੱਤੇ 100 ਸਾਲ ਰਾਜ ਕਰ ਗਏ। ਅਤੇ ਜਾਂਦੇ ਜਾਂਦੇ ਸਾਡੇ ਸਿਆਸਤਦਾਨਾਂ ਨੂੰ ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਪਾਠ ਪੱਕਾ ਕਰਾ ਗਏ। ਅੰਗਰੇਜ਼ਾਂ ਦੀ ਸੋਚ ਭਾਵੇਂ 100 ਸਾਲ ਅੱਗੇ ਸੀ ਪਰ ਉਨਾਂ ਨੂੰ ਵੀ ਭਾਰਤ ਤੇ 100 ਸਾਲ ਰਾਜ ਕਰਨ ਤੋਂ ਬਾਅਦ ਹੀ ਅਕਲ ਆਈ ਹੈ। ਸਿਆਣੇ ਕਹਿੰਦੇ ਹਨ ਕਿ ਜੇ ਮਨੁੱਖ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਏ, ਉਸ ਨੂੰ ਭੁੱਲਿਆ ਨਹੀਂ ਕਹਿੰਦੇ। ਸਾਡੇ ਭਾਰਤ ਵਿੱਚ ਉਲਟੀ ਗੰਗਾ ਪਹੋਏ ਨੂੰ ਵਾਲੀ ਗੱਲ ਹੈ। ਅਸੀਂ 'ਹਮ ਨਹੀਂ ਸੁਧਰੇਂਗੇ' ਦੀ ਕਸਮ ਖਾਧੀ ਹੋਈ ਹੈ। ਇਸਦੇ ਉਲਟ ਅੰਗਰੇਜ਼ਾਂ ਨੇ ਆਪਣੀ ਕੀਤੀ ਹੋਈ ਗਲਤੀ ਨੂੰ ਸੁਧਾਰ ਲਿਆ ਹੈ। ਉਨਾਂ ਨੂੰ ਸਮਝ ਆ ਗਈ ਸੀ ਕਿ ਅਸੀਂ ਭਾਰਤ ਨੂੰ ਲੁੱਟਣਾ ਹੈ। ਇੱਧਰ ਰਹਿ ਕੇ ਵਿਰੋਧ ਸਹਿਣ ਦੀ ਬਜਾਏ ਆਪਣੀ ਨੀਤੀ ਬਦਲ ਲਈ। 100 ਸਾਲਾਂ ਦੇ ਰਾਜ ਦੌਰਾਨ ਉਨਾਂ ਨੇ ਸਾਡੀਆਂ ਕਮਜ਼ੋਰੀਆਂ ਨੂੰ ਵੇਖ ਲਿਆ ਸੀ ਕਿ ਅਸੀਂ ਕਿੰਨੀ ਕੁ ਬੁੱਧੀ ਦੇ ਮਾਲਕ ਹਾਂ। ਉਹ ਸਾਡੀਆਂ ਪੱਥਰ ਯੁਗ ਦੀਆਂ ਆਦਤਾਂ ਤੋਂ ਜਾਣੂ ਹੋ ਗਏ ਸਨ। ਉਨਾਂ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਸਾਡੇ ਵਿੱਚ ਆਤਮ ਵਿਸ਼ਵਾਸ ਦੀ ਘਾਟ ਹੈ। ਅਸੀਂ ਤਾਂ ਕਿਸੇ ਅਖੌਤੀ ਰੱਬ ਅੱਗੇ ਅਰਦਾਸਾਂ, ਆਰਤੀਆਂ ਕਰਕੇਮ ਪੱਥਰਾਂ ਦੀਆਂ ਬਣਾਈਆਂ ਮੂਰਤੀਆਂ ਅੱਗੇ ਮੱਥੇ ਘਸਾ ਘਸਾ ਕੇ ਕੁਝ ਨਾ ਕੁਝ ਮੰਗ ਰਹੇ ਹਾਂ। ਅੰਗਰੇਜ਼ ਸਮਝ ਗਏ ਕਿ ਇਹਨਾਂ ਨੂੰ ਮੰਗਣ ਦੇ ਸਿਵਾਏ ਹੋਰ ਕੁਝ ਵੀ ਨਹੀਂ ਆਉਂਦਾ। ਇਹ ਹੱਥੀਂ ਕਿਰਤ ਕਮਾਈ ਕਰਨ ਵਿੱਚ ਵਿਸ਼ਵਾਸ ਹੀ ਨਹੀਂ ਕਰ ਸਕਦੇ। ਇਸੇ ਕਰਕੇ ਉਹ ਸਮਝ ਇਹ ਵੀ ਗਏ ਕਿ ਭਾਰਤ 'ਤੇ ਸਿੱਧਾ ਰਾਜ ਕਰਨ ਦੀ ਬਜਾਏ ਇਸ ਨੂੰ ਟੇਢੇ ਢੰਗ ਨਾਲ ਲੁੱਟਿਆ ਜਾਵੇ।

ਹੁਣ ਆਪਣੇ ਅੱਖੀਂ ਦੇਖ ਲਵੋ, ਅੰਗਰੇਜ਼ਾਂ ਨੇ ਆਪਣੇ ਦੇਸ਼ ਵਿੱਚ ਬੈਠ ਕੇ ਹੀ ਭਾਰਤ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਹੈ। ਸਾਡੇ ਨੌਜਵਾਨ ਧੀਆਂ ਪੁੱਤਰ ਸਾਡੇ ਕੋਲੋਂ ਖੋਹ ਲਏ ਹਨ। ਉਲਟਾ ਸਾਡੇ ਤੋਂ ਉਹ ਫੀਸਾਂ ਦੇ ਰੂਪ ਵਿੱਚ ਕਰੋੜਾਂ ਰੁਪਏ ਆਪਣੇ ਦੇਸ਼ਾਂ ਵਿੱਚ ਮੰਗਵਾ ਰਹੇ ਹਨ। ਹੋਰ ਤਾਂ ਹੋਰ, ਉਨਾਂ ਤੋਂ ਮਜ਼ਦੂਰੀਆਂ ਕਰਵਾ ਕੇ ਖੁਦ ਐਸ਼ਪ੍ਰਸਤੀ ਕਰ ਰਹੇ ਹਨ। ਸਾਡੇ ਕੋਲ ਇੱਕੋ ਬਹਾਨਾ ਹੈ ਕਿ ਇੱਧਰ ਕੰਮ ਨਹੀਂ ਮਿਲਦਾ। ਜਦ ਕਿ ਕੌੜਾ ਸੱਚ ਤਾਂ ਇਹ ਹੈ ਕਿ ਅਸੀਂ ਕੰਮ ਕਰਨਾ ਹੀ ਨਹੀਂ ਚਾਹੁੰਦੇ। ਡਾਕਟਰ, ਇੰਜਨੀਅਰ, ਪ੍ਰੋਫੈਸਰ ਤਕ ਵਿਦੇਸ਼ਾਂ ਵਿੱਚ ਜਾ ਕੇ ਸਟਾਅ ਬੇਰੀਆਂ ਤੋੜਦੇ ਆਮ ਹੀ ਦੇਖੇ ਜਾ ਸਕਦੇ ਹਨ। ਭਾਰਤ ਵਿੱਚ ਬਜ਼ੁਰਗ ਸੱਥਾਂ ਵਿੱਚ ਵਿਹਲੇ ਬੈਠ ਕੇ ਤਾਸ਼ ਖੇਡਦੇ ਹਨ ਜਾਂ ਫਿਰ ਆਉਣ ਜਾਣ ਵਾਲਿਆਂ ਤੇ ਵਾਲੀਆਂ ਨੂੰ ਤੱਕਣ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਕਰਦੇ। ਪਰ ਵਿਦੇਸ਼ਾਂ ਵਿੱਚ ਉਹ ਵਿਹਲੇ ਬੈਠ ਹੀ ਨਹੀਂ ਸਕਦੇ ਅਤੇ ਉਨਾਂ ਦੇ ਧੀਆਂ ਪੁੱਤਰ ਹੀ ਉਨਾਂ ਨੂੰ ਵਿਹਲੇ ਬੈਠਣ ਨਹੀਂ ਦਿੰਦੇ। ਭਾਰਤ ਦੇ ਨੌਜਵਾਨ ਬੇਰੁਜ਼ਗਾਰੀ ਦੇ ਕਾਰਨ ਵਿਦੇਸ਼ਾਂ ਵਿੱਚ ਗੁਲਾਮੀ ਦਾ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਇਹ ਵੀ ਸੱਚ ਹੈ ਵਿਦੇਸ਼ਾਂ ਵਿੱਚ ਨੌਜਵਾਨ ਤੇ ਬਜ਼ੁਰਗ ਉਹ ਕੰਮ ਵੀ ਕਰਦੇ ਹਨ ਜਿਨਾਂ ਨੂੰ ਉਹ ਆਪਣੇ ਵਿਕਾਸਸ਼ੀਲ ਮੁਲਕ ਭਾਰਤ ਵਿੱਚ ਕਰਨ ਤੋਂ ਕੰਨੀ ਕਤਰਾਉਂਦੇ ਹਨ। ਵਿਦੇਸ਼ਾਂ ਵਿੱਚ ਜਾ ਕੇ ਉਨਾਂ ਦੀ ਹਾਲਤ ਉਸ ਤੋਤੇ ਵਾਂਗ ਹੋ ਜਾਂਦੀ ਹੈ ਜੋ ਬਾਗਾਂ ਵਿੱਚ ਆਜ਼ਾਦ ਉਡਾਰੀਆਂ ਮਾਰਨ ਦੀ ਬਜਾਏ ਲੋਹੇ ਦੇ ਪਿੰਜਰੇ ਵਿੱਚ ਇਸ ਲਈ ਕੈਦ ਹੋ ਗਿਆ ਸੀ ਕਿ ਉਸ ਦਾ ਮਾਲਕ ਉਸ ਨੂੰ ਚੂਰੀ ਦੀ ਚੁਟਕੀ ਪਾ ਦਿੰਦਾ ਹੈ।

ਇਹ ਵਿਕਸਿਤ ਅਤੇ ਵਿਕਾਸਸ਼ੀਲ ਦੀ ਖੇਡ ਵੀ ਬਹੁਤ ਚਲਾਕੀ ਨਾਲ ਖੇਡੀ ਜਾ ਰਹੀ ਹੈ। ਪੱਛਮੀ ਮੁਲਕ ਆਪਣੇ ਆਪ ਨੂੰ ਵਿਕਸਿਤ ਮੁਲਕ ਸਮਝਦੇ ਹਨ ਅਤੇ ਸਚਾਈ ਇਹ ਵੀ ਹੈ ਕਿ ਉਹ ਸੱਚਮੁੱਚ ਵਿਕਸਤ ਹਨ। ਗਰੀਬ ਮੁਲਕਾਂ ਨੂੰ ਵਿਕਾਸਸ਼ੀਲ ਦੇਸ਼ਾਂ ਦਾ ਰੁਤਬਾ ਦਿੱਤਾ ਗਿਆ ਹੈ। ਭਾਵ ਇਹ ਹੈ ਕਿ ਇਹ ਮੁਲਕ ਵਿਕਾਸ ਕਰ ਰਹੇ ਹਨ। ਵਿਕਸਿਤ ਮੁਲਕਾਂ ਕੋਲ ਸਿਰਫ਼ ਇੱਕ ਗਾਡ (ਯਿਸੂ ਮਸੀਹ) ਹੈ ਪਰ ਸਾਡੇ ਵਿਕਾਸਸ਼ੀਲ ਮੁਲਕ ਭਾਰਤ ਕੋਲ਼ 33 ਕਰੋੜ ਦੇਵੀ ਦੇਵਤਿਆਂ ਤੋਂ ਇਲਾਵਾ ਪਤਾ ਨਹੀਂ ਹੋਰ ਕਿੰਨੇ ਕੁ ਗੁਰੂ, ਪੀਰ ਫਕੀਰ, ਬਾਬੇ, ਬਾਪੂ, ਸਵਾਮੀ, ਸੰਤ ਮਹਾਰਾਜ ਅਤੇ ਸ੍ਰੀ ਸ੍ਰੀ ਹਨ, ਜਿਨਾਂ ਦੀ ਪੂਜਾ ਅਰਚਨਾ ਕਰਨ ਤੋਂ ਹੀ ਸਾਨੂੰ ਵਿਹਲ ਨਹੀਂ ਮਿਲਦੀ। ਸਾਨੂੰ ਇਸ ਗੱਲ ਦਾ ਪਤਾ ਵੀ ਨਹੀਂ ਲੱਗਣ ਦਿੱਤਾ ਜਾ ਰਿਹਾ ਕਿ ਅਸੀਂ ਗੁਲਾਮ ਹਾਂ, ਜਾਂ ਆਜ਼ਾਦ ਹਾਂ। ਵਿਕਸਿਤ ਮੁਲਕਾਂ ਅਤੇ ਵਿਕਾਸਸ਼ੀਲ ਮੁਲਕਾਂ ਦੇ ਮੁਖੀਆਂ ਵੱਲੋਂ ਰਲ਼ਮਿਲ਼ ਕੇ ਸਾਨੂੰ ਬੁੱਧੂ ਬਣਾ ਕੇ ਲੁੱਟਿਆ ਜਾ ਰਿਹਾ ਹੈ। ਵਿਕਸਿਤ ਮੁਲਕਾਂ ਨੇ ਰਲ਼ਕੇ ਇੱਕ ਬੈਂਕ ਬਣਾਇਆ ਹੈ, ਜਿਸ ਨੂੰ ਵਰਲਡ ਬੈਂਕ ਕਿਹਾ ਜਾਂਦਾ ਹੈ। ਵਿਕਾਸਸ਼ੀਲ ਮੁਲਕਾਂ ਦੇ ਮੁਖੀ ਇਸ ਵਰਲਡ ਬੈਂਕ ਤੋਂ ਵਿਕਾਸ ਦੇ ਨਾਂ 'ਤੇ ਕਰਜ਼ਾ ਲੈਂਦੇ ਹਨ ਅਤੇ ਉਸ ਕਰਜ਼ੇ ਨਾਲ ਐਸ਼ਪ੍ਰਸਤੀ ਕਰਦੇ ਹਨ ਅਤੇ ਉਸ ਕਰਜ਼ੇ ਵਿੱਚੋਂ ਕੁਝ ਬੁਰਕੀਆਂ ਸਾਨੂੰ ਮੁਫ਼ਤ ਅਤੇ ਮੁਆਫ਼ ਦੇ ਰੂਪ ਵਿੱਚ ਸਾਡੇ ਅੱਗੇ ਪਰੋਸ ਦਿੰਦੇ ਹਨ। ਅਸੀਂ ਇਹ ਮੁਫ਼ਤ ਅਤੇ ਮੁਆਫ਼ ਦੀਆਂ ਬੁਰਕੀਆਂ ਖਾਣ ਗਿੱਝ ਗਏ ਹਾਂ। ਵਿਕਸਿਤ ਮੁਲਕ ਕਰਜ਼ੇ ਦੀ ਆੜ ਹੇਠਾਂ ਵਿਕਾਸਸ਼ੀਲ ਮੁਲਕਾਂ ਵਿੱਚ ਆਪਣੀਆਂ ਨੀਤੀਆਂ ਲਾਗੂ ਕਰਵਾਉਂਦੇ ਹਨ। ਪਿਛਲੇ ਸਮੇਂ ਵਿੱਚ ਗੈਟ ਸਮਝੌਤੇ ਦਾ ਬਹੁਤ ਵੱਡਾ ਰੌਲਾ ਪਿਆ ਸੀ ਅਤੇ ਸੰਵਿਧਾਨ ਵਿੱਚ 73ਵੀਂ ਅਤੇ 74ਵੀਂ ਸੋਧ ਦਾ ਬਹੁਤ ਵੱਡਾ ਬਵਾਲ ਖੜਾ ਹੋਇਆ ਸੀ। ਬਜਟ ਬਾਰੇ ਸਾਡੀ ਇਹ ਧਾਰਨਾ ਹੈ ਕਿ ਇਹ ਬਜਟ ਭਾਰਤ ਸਰਕਾਰ ਬਣਾਉਂਦੀ ਹੈ, ਜਦ ਕਿ ਕੌੜਾ ਸੱਚ ਤਾਂ ਇਹ ਹੈ ਕਿ ਇਹ ਬਜਟ ਸੰਸਾਰ ਬੈਂਕ ਦੀਆਂ ਹਦਾਇਤਾਂ ਅਤੇ ਸਮਝੌਤਿਆਂ ਅਨੁਸਾਰ ਹੀ ਬਣਾਇਆ ਜਾਂਦਾ ਹੈ। ਕਿਉਂਕਿ ਗੈਟ ਸਮਝੌਤੇ ਤਹਿਤ ਜੋ ਲਾਈਨ ਵਿਕਾਸਸ਼ੀਲ ਮੁਲਕਾਂ ਅਤੇ ਵਿਕਸਤ ਮੁਲਕਾਂ ਵੱਲੋਂ ਸੰਸਾਰ ਬੈਂਕ ਤਕ ਵਿਛਾਈ ਗਈ ਹੈ, ਉਸ 'ਤੇ ਚੱਲਣ ਵਾਲੇ ਇੰਜਣ 'ਤੇ ਜਿਹੜਾ ਮਰਜ਼ੀ ਡਰਾਈਵਰ ਬੈਠ ਜਾਵੇ, ਉਹ ਆਪਣੀ ਮਰਜ਼ੀ ਨਾਲ ਇੰਜਣ ਕਿਸੇ ਹੋਰ ਪਾਸੇ ਲਿਜਾ ਹੀ ਨਹੀਂ ਸਕਦਾ। ਅਸੀਂ ਗੈਟ ਸਮਝੌਤੇ ਅਤੇ ਸੋਧਾਂ ਭੁੱਲ ਭੁਲਾ ਚੁੱਕੇ ਹਾਂ। ਉਸ ਸਮਝੌਤੇ ਅਤੇ ਸੋਧਾਂ ਦਾ ਅਸਰ ਸਾਡੇ ਮੱਧ ਵਰਗ ਨੂੰ ਖਤਮ ਕਰਨ 'ਤੇ ਪਿਆ ਸੀ ਅਤੇ ਹੁਣ ਵੀ ਪੈ ਰਿਹਾ ਹੈ। ਸਭ ਕੁਝ ਪ੍ਰਾਈਵੇਟ ਹੱਥਾਂ ਵਿੱਚ ਦੇਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਮੁਲਾਜ਼ਮਾਂ ਨੂੰ ਠੇਕੇ 'ਤੇ ਭਰਤੀ ਕਰਨਾ ਵੀ ਉਨਾਂ ਸੋਧਾਂ ਨਾਲ ਹੀ ਸੰਬੰਧਤ ਹੈ। ਕੁਦਰਤ ਨੇ ਸਾਰੀ ਦੁਨੀਆਂ ਵਿੱਚ ਆਪਣੀਆਂ ਨਿਆਮਤਾਂ ਵਰਤਣ ਲਈ ਹਰ ਇੱਕ ਨੂੰ ਪੂਰੀ ਖੁੱਲ ਦਿੱਤੀ ਹੋਈ ਹੈ। ਪਰ ਚਲਾਕ ਅਤੇ ਬੇਈਮਾਨ ਲੋਕਾਂ ਨੇ ਇਸ 'ਤੇ ਕਬਜ਼ਾ ਕਰਕੇ ਆਮ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਹੈ। ਹੁਣ ਵੇਖਿਆ ਜਾਵੇ ਤਾਂ ਪਹਿਲਾਂ ਪਾਣੀ ਨੂੰ ਬੋਤਲਾਂ ਵਿੱਚ ਪਾ ਕੇ ਵੇਚਣਾ ਸ਼ੁਰੂ ਕਰ ਦਿੱਤਾ ਸੀ। ਕਿਸੇ ਨੇ ਵੀ ਇਸਦਾ ਵਿਰੋਧ ਨਹੀਂ ਕੀਤਾ। ਉਲਟਾ ਬਹੁਤੇ ਬੜੀ ਸ਼ਾਨ ਨਾਲ ਵੱਖ ਵੱਖ ਕੰਪਨੀਆਂ ਦੀਆਂ ਬੋਤਲਾਂ ਵਿਚਲਾ ਪਾਣੀ ਪੀਂਦੇ ਹਨ ਅਤੇ ਬਾਕੀ ਬਚਦੇ ਪਾਣੀ ਦੀ ਬੋਤਲ ਨੂੰ ਆਪਣੇ ਬੈਗਾਂ ਵਿੱਚ ਪਾ ਕੇ ਮੋਢਿਆਂ 'ਤੇ ਲਟਕਾ ਲੈਂਦੇ ਹਨ। ਹੁਣ ਇੱਕ ਕੌਮੀ ਜਲ ਨੀਤੀ ਵਰਲਡ ਬੈਂਕ ਵੱਲੋਂ ਸਾਡੇ ਸਿਰ 'ਤੇ ਠੋਸੀ ਜਾ ਰਹੀ ਹੈ, ਜਿਸ ਅਧੀਨ ਪਾਣੀ 'ਤੇ ਵੀ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੋ ਜਾਵੇਗਾ। ਇਹ ਨੀਤੀ ਪਹਿਲਾਂ ਤੋਂ ਹੀ ਸਾਡੇ 'ਤੇ ਲਾਗੂ ਕੀਤੀ ਹੋਈ ਹੈ, ਜਿਸ ਨੂੰ ਅਸੀਂ ਸਮਝ ਹੀ ਨਹੀਂ ਸਕੇ। ਵਿਕਸਿਤ ਮੁਲਕ ਆਪਣੀਆਂ ਨੀਤੀਆਂ ਸਾਡੇ 'ਤੇ ਠੋਸ ਰਹੇ ਹਨ। ਸਭ ਨੂੰ ਪਤਾ ਹੈ ਕਿ ਹਰੇਕ ਸਰਕਾਰੀ ਮਹਿਕਮਾ ਵੇਚਿਆ ਜਾ ਰਿਹਾ ਹੈ ਪਰ ਅਸੀਂ ਸਾਰੇ ਚੁੱਪ-ਚਾਪ ਬੈਠ ਕੇ ਤਮਾਸ਼ਾ ਵੇਖ ਰਹੇ ਹਾਂ। ਇਸਦਾ ਖਮਿਆਜ਼ਾ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਭੁਗਤਣਾ ਪਵੇਗਾ। ਅੱਜ ਇਨਾਂ ਨੀਤੀਆਂ ਦਾ ਵਿਰੋਧ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਸੱਚ ਤਾਂ ਇਹ ਵੀ ਹੈ ਕਿ ਵਿਕਸਿਤ ਅਤੇ ਵਿਕਾਸਸ਼ੀਲ ਮੁਲਕਾਂ ਦੇ ਮੁਖੀ ਆਪ ਤਾਂ ਰਲ਼ ਮਿਲ਼ ਕੇ ਮਲਾਈਆਂ ਖਾ ਰਹੇ ਹਨ ਪਰ ਆਮ ਲੋਕਾਂ ਲਈ ਇਹ ਲੱਸੀ ਛੱਡ ਰਹੇ ਹਨ। ਅਸੀਂ ਲੱਸੀ ਨੂੰ ਵਰਤਣ ਲਈ ਆਪਸ ਵਿੱਚ ਹੀ ਲੜੀ ਜਾਂਦੇ ਹਾਂ। ਮੇਰੇ ਦੇਸ਼ ਵਾਸੀਓ, ਮੁਫ਼ਤ ਅਤੇ ਮੁਆਫ਼ ਦੀਆਂ ਬੁਰਕੀਆਂ ਖਾਣ ਦੀ ਬਜਾਏ ਸਾਨੂੰ ਇਨਾਂ ਵਿਕਸਤ ਅਤੇ ਵਿਕਾਸਸ਼ੀਲ ਮੁਲਕਾਂ ਦੇ ਮੁਖੀਆਂ ਤੋਂ ਸੁਚੇਤ ਹੋਣ ਦੀ ਲੋੜ ਹੈ। ਅੱਗੇ ਤੁਹਾਡੀ ਆਪਣੀ ਮਰਜ਼ੀ ਹੈ। ਸਿਆਣੇ ਮਨੁੱਖ ਨੂੰ ਸਿਰਫ਼ ਇਸ਼ਾਰੇ ਦੀ ਲੋੜ ਹੁੰਦੀ ਹੈ।

# ਕਸ਼ਮੀਰ ਲਿਬਰੇਸ਼ਨ ਫਰੰਟ ਦੇ ਆਗੂ ਯਾਸਿਨ ਮਲਿਕ ਨੂੰ ਉਮਰ ਕੈਦ ਦੀ ਸਜ਼ਾ

ਕਸ਼ਮੀਰ ਦੀ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਆਗੂ ਯਾਸਿਨ ਮਲਿਕ ਨੂੰ ਕੇਂਦਰ ਸਰਕਾਰ ਦੀ ਕੌਮੀ ਜਾਂਚ ਏਜੰਸੀ ਦੀ ਵਿਸ਼ੇਸ਼ ਅਦਾਲਤ ਨੇ ਉਮਰ ਕੈਦ ਦੀ ਸਜਾ ਸੁਣਾਈ ਹੈ। ਇਹ ਸਿਰਫ਼ ਅਦਾਲਤੀ ਫੈਸਲਾ ਨਹੀਂ ਹੈ ਸਗੋਂ ਸੰਘ-ਭਾਜਪਾ ਦੀ ਹਕੂਮਤ ਦੀ ਕਸ਼ਮੀਰ ਮਸਲੇ ਪ੍ਰਤੀ ਫਾਸ਼ੀਵਾਦੀ ਪਹੁੰਚ ਦਾ ਇਜ਼ਹਾਰ ਹੈ। ਕਸ਼ਮੀਰੀ ਲੋਕਾਂ ਦੇ ਆਪਣੀ ਕੌਮੀ ਆਪਾ ਨਿਰਣੇ ਦੀ ਹੱਕੀ ਮੰਗ ਉੱਪਰ ਪੁਰਅਮਨ ਢੰਗ ਨਾਲ਼ ਸੰਘਰਸ਼ ਨੂੰ ਵੀ ਕੇਂਦਰ ਸਰਕਾਰ ਬਿਲਕੁਲ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਹੈ। ਇਹ ਫੈਸਲਾ ਕਸ਼ਮੀਰੀ ਅਵਾਮ ਵਿੱਚ ਭਾਰਤੀ ਰਾਜਸੱਤਾ ਪ੍ਰਤੀ ਨਫ਼ਰਤ ਨੂੰ ਹੋਰ ਵਧਾਉਣ ਦਾ ਹੀ ਕੰਮ ਕਰੇਗਾ।

ਕੌਮੀ ਜਾਂਚ ਏਜੰਸੀ ਕਸ਼ਮੀਰ ਦੇ ਮਸਲੇ ਨੂੰ ਭਾਰਤੀ ਰਾਜਸੱਤਾ ਦੇ ਝੂਠੇ ਨਜ਼ਰੀਏ ਤੋਂ ਪੇਸ਼ ਰਹੀ ਹੈ। ਇਹ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਨੂੰ ਪਾਕਿਸਤਾਨ ਪੱਖੀ ਜਥੇਬੰਦੀ ਐਲਾਨਦੀ ਹੈ ਜਦਕਿ ਆਪਣੇ ਮੁੱਢ ਤੋਂ ਹੀ ਇਸਦਾ ਮਕਸਦ ਭਾਰਤ ਦੇ ਪਾਕਿਸਤਾਨ ਦੋਵਾਂ ਤੋਂ ਕਸ਼ਮੀਰ ਨੂੰ ਹਥਿਆਰਬੰਦ ਸੰਘਰਸ਼ ਜ਼ਰੀਏ ਅਜ਼ਾਦ ਕਰਵਾਉਣਾ ਸੀ। ਫਰਵਰੀ 1984 ਵਿਚ ਇਸਦੇ ਆਗੂ ਮਕਬੂਲ ਬੱਟ ਨੂੰ ਭਾਰਤੀ ਸੱਤਾ ਵੱਲੋਂ ਫਾਂਸੀ ਦੇ ਕੇ ਤੇ ਫਿਰ 1989 ਤੋਂ 1992 ਤੱਕ ਫੌਜੀ ਜਬਰ ਰਾਹੀਂ ਇਸ ਲਹਿਰ ਅਤੇ ਕਸ਼ਮੀਰੀ ਲੋਕਾਂ ਦੀ ਕੌਮੀ ਮੁਕਤੀ ਦੀ ਤਾਂਘ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਗਈ।

1994 ਤੋਂ ਯਾਸਿਨ ਮਲਿਕ ਦੀ ਅਗਵਾਈ ਵਿੱਚ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਨੇ ਪੁਰਅਮਨ ਸਿਆਸੀ ਢੰਗਾਂ ਨਾਲ਼ ਕਸ਼ਮੀਰੀ ਕੌਮ ਦੇ ਹੱਕ ਲਈ ਸੰਘਰਸ਼ ਦੇ ਰਾਹ ਪਈ ਹੋਈ ਹੈ। ਉਦੋਂ ਤੋਂ ਐਲਾਨੀਆ ਤੌਰ 'ਤੇ ਇਸਦੇ ਹਥਿਆਰਬੰਦ ਸੰਘਰਸ਼ ਦਾ ਰਾਹ ਛੱਡ ਕੇ ਭਾਰਤੀ ਰਾਜਸੱਤਾ ਨਾਲ਼ ਗੱਲਬਾਤ ਜ਼ਰੀਏ ਮਸਲਾ ਹੱਲ ਕਰਨ ਦਾ ਸਮਝੌਤਾ ਪ੍ਰਸਤ ਰਾਹ ਅਪਣਾਇਆ ਹੋਇਆ ਹੈ। ਇਸ ਦੇ ਬਾਵਜੂਦ ਇਸ ਜਮਹੂਰੀ ਜਥੇਬੰਦੀ ਨੂੰ ਗੈਰ-ਕਨੂੰਨੀ ਐਲਾਨਣਾ ਤੇ ਕਰੀਬ ਤਿੰਨ ਦਹਾਕਿਆਂ ਤੋਂ ਹਿੰਸਕ ਢੰਗ ਛੱਡ ਕੇ ਗੱਲਬਾਤ ਦੇ ਜ਼ਰੀਏ ਮਸਲਾ ਹੱਲ ਕਰਨ ਦੇ ਰਾਹ ਪਏ ਆਗੂ ਦੇ ਪੁਰਾਣੇ ਮਾਮਲਿਆਂ ਨੂੰ ਆਧਾਰ ਬਣਾ ਕੇ ਉਸ ਨੂੰ ਸਜ਼ਾ ਦੇਣਾ ਕਸ਼ਮੀਰ ਮਸਲੇ ਦੇ ਹੱਲ ਪ੍ਰਤੀ ਸੰਜੀਦਗੀ ਵਾਲਾ ਰਵੱਈਆ ਨਹੀਂ ਹੈ, ਸਗੋਂ ਇਸ ਵਿੱਚੋਂ ਕਸ਼ਮੀਰੀ ਕੌਮ ਦੀ ਲੀਡਰਸ਼ਿਪ ਨੂੰ ਜਬਰ ਰਾਹੀਂ ਖਤਮ ਕਰਨ ਦਾ ਜਨੂੰਨ ਝਲਕਦਾ ਹੈ। ਯਾਸਿਨ ਮਲਿਕ ਨੂੰ ਸਜਾ ਦੇਣ ਲਈ ਗੈਰ-ਕਨੂੰਨੀ ਸਰਗਰਮੀ ਰੋਕੂ ਕਨੂੰਨ (ਯੂ.ਏ.ਪੀ.ਏ) ਅਤੇ ਰਾਜਧ੍ਰੋਹ (ਜਿਸਨੂੰ ਸਰਵਉੱਚ ਅਦਾਲਤ ਖਤਮ ਕੀਤੇ ਜਾਣ ਦੀ ਗੱਲ ਕਰ ਰਹੀ ਹੈ) ਜਿਹੇ ਗੈਰ-ਜਮਹੂਰੀ ਤੇ ਜਾਬਰ ਕਾਨੂੰਨਾਂ ਦਾ ਸਹਾਰਾ ਲਿਆ ਗਿਆ ਹੈ। ਅਜਿਹੇ ਜਾਬਰ ਢੰਗ ਭਾਰਤੀ ਸੱਤਾ ਪ੍ਰਤੀ ਬੇਭਰੋਸਗੀ ਵਧਾਉਣ ਤੇ ਕਸ਼ਮੀਰੀ ਨੌਜਵਾਨਾਂ ਵਿੱਚ ਪੁਰਅਮਨ ਢੰਗਾਂ ਤੋਂ ਮੂੰਹ ਮੋੜ ਕੇ ਹਥਿਆਰਬੰਦ ਢੰਗਾਂ ਵੱਲ ਜਾਣ ਲਈ ਉਕਸਾਉਣਗੇ।

ਕਸ਼ਮੀਰੀ ਲੋਕਾਂ ਉੱਪਰ ਮੋਦੀ ਸਰਕਾਰ ਨੂੰ ਹਰ ਤਰਾਂ ਦਾ ਜਬਰ ਬੰਦ ਕੀਤਾ ਜਾਣਾ ਚਾਹੀਦਾ ਹੈ- ਕਸ਼ਮੀਰ ਵਿੱਚੋਂ ਫੌਜਾਂ ਵਾਪਸ ਬੁਲਾਈਆਂ ਜਾਣੀਆਂ ਚਾਹੀਦੀਆਂ ਹਨ : ਅਫਸਫਾ, ਪਬਲਿਕ ਸੇਫਟੀ ਐਕਟ ਤੇ ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨ ਰੱਦ ਕੀਤੇ ਜਾਣੇ ਚਾਹੀਦੇ ਹਨ, ਕਸ਼ਮੀਰ ਦੇ ਸਿਆਸੀ ਆਗੂਆਂ ਨਾਲ਼ ਗੱਲਬਾਤ ਨਾਲ਼ ਗੱਲਬਾਤ ਚਲਾਉਣੀ ਚਾਹੀਦੀ ਹੈ ਤੇ ਯਾਸਿਨ ਮਲਿਕ ਸਮੇਤ ਕਸ਼ਮੀਰ ਦੇ ਸਿਆਸੀ ਆਗੂਆਂ, ਬੁੱਧੀਜੀਵੀਆਂ ਤੇ ਪੱਤਰਕਾਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

## ਗੰਨ ਸੱਭਿਆਚਾਰ ਅਤੇ ਗੈਂਗਸਟਰਵਾਦ ਬਨਾਮ ਸਿੱਧੂ ਮੂਸੇਵਾਲਾ ਦਾ ਕਤਲ

ਬੀਤੇ ਐਤਵਾਰ ਜ਼ਿਲਾ ਮਾਨਸਾ ਦੇ ਪਿੰਡ ਜਵਾਹਰਕੇ ਵਿਚ ਅਣਪਛਾਤੇ ਵਿਅਕਤੀਆਂ ਨੇ ਅੰਨੇਵਾਹ ਗੋਲੀਬਾਰੀ ਕਰ ਕੇ ਪੰਜਾਬੀ ਗਾਇਕ ਤੇ ਅਦਾਕਾਰ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਨੂੰ ਕਤਲ ਕਰ ਦਿੱਤਾ। ਗਾਇਕ ਨੂੰ ਦਿੱਤੀ ਸੁਰੱਖਿਆ ਘਟਾਈ ਗਈ ਸੀ। ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲੀਸ (ਡੀਜੀਪੀ) ਵੀਕੇ ਭਾਵਰਾ ਅਨੁਸਾਰ ਇਹ ਸੁਰੱਖਿਆ ਘੱਲੂਘਾਰਾ ਦਿਵਸ ਦੌਰਾਨ ਪੁਲਿਸ ਬੰਦੋਬਸਤ ਕਰਨ ਲਈ ਆਰਜ਼ੀ ਤੌਰ 'ਤੇ ਘਟਾਈ ਗਈ ਸੀ। ਡੀਜੀਪੀ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਇਕ ਅਪਰਾਧੀ ਗੈਂਗ ਦੇ ਕੈਨੇਡਾ ਵਿਚ ਰਹਿ ਰਹੇ ਮੈਂਬਰ ਨੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਸੁਰੱਖਿਆ ਘਟਾਏ ਜਾਣ ਵਾਲੀ ਜਾਣਕਾਰੀ ਜਨਤਕ ਕਰਨ ਦੇ ਮੁੱਦੇ ਨੂੰ ਲੈ ਕੇ ਪੰਜਾਬ ਪੁਲਿਸ 'ਤੇ ਸਵਾਲ ਉਠਾਏ ਜਾ ਰਹੇ ਹਨ। ਸਿੱਧੂ ਮੂਸੇਵਾਲਾ ਦੇ ਪਰਿਵਾਰ ਦੀ ਮੰਗ 'ਤੇ ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਬੇਨਤੀ ਕੀਤੀ ਹੈ ਕਿ ਇਸ ਘਟਨਾ ਦੀ ਜਾਂਚ ਕਰਨ ਲਈ ਹਾਈ ਕੋਰਟ ਦੇ ਜੱਜ ਦੀ ਨਿਯੁਕਤੀ ਕੀਤੀ ਜਾਵੇ ਜੋ ਪੰਜਾਬ ਸਰਕਾਰ ਦੇ ਉਦਮ ਸਦਕਾ ਹੋ ਗਈ ਹੈ। ਇਹ ਵੀ ਦੱਸਿਆ ਗਿਆ ਹੈ ਕਿ ਬੀਤੇ ਐਤਵਾਰ ਸਿੱਧੂ ਮੂਸੇਵਾਲਾ ਜਦੋਂ ਘਰੋਂ ਬਾਹਰ ਗਿਆ ਤਾਂ ਨਾ ਤਾਂ ਉਸ ਨੇ ਆਪਣੇ ਨਾਲ ਦੋ ਸੁਰੱਖਿਆ ਕਰਮਚਾਰੀਆਂ ਨੂੰ ਨਾਲ ਲਿਆ ਅਤੇ ਨਾ ਹੀ ਆਪਣੀ ਬੁਲਟ-ਪਰੂਫ ਕਾਰ ਦੀ ਵਰਤੋਂ ਕੀਤੀ। ਘਟਨਾ ਵੱਡੀ ਸਾਜ਼ਿਸ਼ ਵੱਲ ਸੰਕੇਤ ਕਰਦੀ ਹੈ।

ਸਿੱਧੂ ਮੂਸੇਵਾਲਾ ਨੇ ਥੋੜੇ ਸਮੇਂ ਵਿਚ ਗਾਇਕੀ ਵਿਚ ਵੱਡੀ ਸਫ਼ਲਤਾ ਹਾਸਲ ਕੀਤੀ। ਉਹ ਕੈਨੇਡਾ ਚਲਾ ਗਿਆ ਸੀ ਪਰ ਵਾਪਸ ਆ ਕੇ ਉਸ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਾਨਸਾ ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜੀ। ਉਹ ਕੁਝ ਵਰਿਆਂ ਵਿਚ ਹੀ ਨੌਜਵਾਨਾਂ ਅਤੇ ਕਿਸ਼ੋਰ ਉਮਰ ਦੇ ਲੜਕੇ-ਲੜਕੀਆਂ ਦਾ ਚਹੇਤਾ ਗਾਇਕ ਬਣ ਗਿਆ। ਉਸ ਦੇ ਯੂਟਿਊਬ ਚੈਨਲ ਦੇ 22 ਲੱਖ ਸਬਸਕ੍ਰਾਈਬਰ ਸਨ। ਉਸ ਦੇ ਕਈ ਗਾਣਿਆਂ 'ਤੇ ਵਿਵਾਦ ਵੀ ਹੋਇਆ। ਉਹ ਪੰਜਾਬ ਹੀ ਨਹੀਂ ਸਗੋਂ ਕੈਨੈਡਾ, ਅਮਰੀਕਾ, ਇੰਗਲੈਂਡ ਅਤੇ ਹੋਰ ਦੇਸ਼ਾਂ ਵਿਚ ਵੀ ਹਰਮਨਪਿਆਰਾ ਸੀ। ਹੈਰਾਨੀ ਦੀ ਗੱਲ ਹੈ ਕਿ ਟੂਪਾਕ ਸ਼ਕੋਰ ਦਾ ਵੀ 1993 ਵਿਚ 25 ਸਾਲ ਦੀ ਉਮਰ ਵਿਚ ਏਦਾਂ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਆਪਣੇ ਆਖ਼ਰੀ ਗਾਣੇ 'ਦਿ ਲਾਸਟ ਰਾਈਡ' ਵਿਚ ਸਿੱਧੂ ਮੂਸੇਵਾਲਾ ਨੇ ਉਹੋ ਜਿਹੀ ਕਾਰ ਵਰਤੀ ਸੀ ਜਿਹੋ ਜਿਹੀ ਕਾਰ ਵਿਚ ਟੂਪਾਕ ਸ਼ਕੋਰ ਆਪਣੇ ਕਤਲ ਦੇ ਦਿਨ ਸਵਾਰ ਸੀ। ਇਹ ਗੀਤ ਵੀ ਸ਼ਕੋਰ ਨੂੰ ਸਮਰਪਿਤ ਸੀ। 'ਦਿ ਲਾਸਟ ਰਾਈਡ' ਵਿਚ ਸਿੱਧੂ ਮੂਸੇਵਾਲਾ ਨੇ ਇਹ ਲਿਖਿਆ ਤੇ ਗਾਇਆ, 'ਓ ਚੋਬਰ ਦੇ ਚਿਹਰੇ ਉੱਤੇ ਨੂਰ ਦੱਸਦਾ/ਨੀ ਇਹਦਾ ਉੱਠੂਗਾ ਜਵਾਨੀ 'ਚ ਜਨਾਜ਼ਾ ਮਿੱਠੀਏ।' ਉਹ ਭਰ ਜਵਾਨੀ ਵਿਚ ਚੱਲ ਵਸਿਆ। ਉਸ ਦੇ ਕਤਲ ਨੇ ਪੰਜਾਬ ਨੂੰ ਨਾ ਸਿਰਫ਼ ਸੋਗ ਵਿਚ ਡੋਬਿਆ ਹੈ ਸਗੋਂ ਗਹਿਰਾ ਸਦਮਾ ਵੀ ਪਹੁੰਚਾਇਆ ਹੈ।

ਗੰਨ ਸੱਭਿਆਚਾਰ ਅਤੇ ਗੈਂਗਸਟਰਵਾਦ ਨੇ ਸਿੱਧੂ ਮੂਸੇ ਵਾਲਾ ਨੂੰ ਆਪਣਾ ਨਿਸ਼ਾਨਾ ਬਣਾ ਕੇ ਉਸਦੇ ਜ਼ਿੰਦਗੀ ਜਿਉਣ ਦੇ ਹੱਕ ਨੂੰ ਖੋਹ ਲਿਆ ਹੈ। ਇਹ ਘਿਨਾਉਣੀ, ਨਿੰਦਣਯੋਗ ਬੁਜ਼ਦਿਲ ਕਾਰਵਾਈ ਹੈ। ਇਸ ਕਤਲ ਦੇ ਕਾਰਨਾਂ ਦੀ ਬਾਰੀਕੀ ਨਾਲ ਪੜਤਾਲ ਹੋਣੀ ਚਾਹੀਦੀ ਹੈ।



ਦੋਸ਼ੀ ਅਤੇ ਸਾਜਿਸ਼ ਘਾੜੇ ਸਾਹਮਣੇ ਆਉਣੇ ਚਾਹੀਦੇ ਹਨ। ਹਾਕਮ ਧਿਰ ਨੂੰ ਇਸ ਕਤਲ ਤੋਂ ਬਰੀ ਨਹੀਂ ਕੀਤਾ ਜਾ ਸਕਦਾ।

ਸਿੱਧੂ ਮੂਸੇ ਵਾਲੇ ਦਾ ਅੰਤ ਬਹੁਤ ਬੁਰਾ ਹੋਇਆ। ਜਿਸ ਗੰਨ ਸੱਭਿਆਚਾਰ ਅਤੇ ਗੈਂਗਸਰਵਾਦ ਨੂੰ ਮੂਸੇ ਸਿੱਧੂ ਵਾਲੇ ਨੇ ਸ਼ਰੇਆਮ ਆਪਣੀਆਂ ਐਲਬਮਾਂ ਰਾਹੀਂ ਪਰਮੋਟ ਕੀਤਾ, ਉਹੀ ਗੰਨ ਸੱਭਿਆਚਾਰ ਅਤੇ ਗੈਂਗਸਟਰਵਾਦ ਸਿੱਧੂ ਮੂਸੇ ਵਾਲਾ ਲਈ ਇਸ ਦੁਨੀਆਂ ਤੋਂ ਸਦਾ ਸਦਾ ਲਈ ਚਲੇ ਜਾਣ ਦਾ ਕਾਰਨ ਬਣਿਆ ਹੈ। ਸਿੱਧੂ ਮੂਸੇ ਵਾਲਾ ਵੱਲੋਂ ਨੌਜਵਾਨੀ ਦੀ ਬਰਬਾਦੀ ਲਈ ਸਿਰਜੀ ਜਾ ਰਹੀ ਫੁਕਰੀ ਗਾਇਕੀ ਕਾਰਨ ਚਰਚਾ ਵਿੱਚ ਰਿਹਾ ਹੈ। ਪੁਲਿਸ ਅਤੇ ਸਿਆਸਤਦਾਨ ਉਸ ਲਈ ਢਾਲ ਬਣਦੇ ਰਹੇ ਹਨ। ਗੈਂਗਸਟਰਵਾਦ ਦੀ ਪੈਦਾਵਾਰ ਸਿੱਧੂ ਮੂਸੇ ਵਾਲਾ ਨਹੀਂ ਜੋ ਗੰਨ ਸੱਭਿਆਚਾਰ ਅਤੇ ਗੈਂਗਸਟਰਵਾਦ ਨੂੰ ਪ੍ਰਮੋਟ ਕਰ ਰਿਹਾ ਹੈ। ਗੈਂਗਸਟਰਵਾਦ ਸਮੇਤ ਗੰਨ ਸੱਭਿਆਚਾਰ ਨੂੰ ਪੈਦਾ ਕਰਨ ਦੀ ਜੜ ਲੁਟੇਰਾ ਤੇ ਜਾਬਰ ਰਾਜ ਪਬੰਧ ਹੈ। ਇਹੀ ਪਬੰਧ ਇਸ ਗੈਂਗਸਟਰਵਾਦ ਨੂੰ ਪਾਲਦਾ ਵੱਡਾ ਕਰਦਾ ਤੇ ਮੋੜਵੇਂ ਰੂਪ ਵਿਚ ਆਪਣੇ ਸਿਆਸੀ ਹਿੱਤਾਂ ਲਈ ਵਰਤਦਾ ਹੈ। ਹਾਲਾਤ ਇਹ ਬਣ ਗਏ ਹਨ ਕਿ ਵਿਧਾਨ ਸਭਾ ਅਤੇ ਪਾਰਲੀਮੈਂਟ ਵਿੱਚ ਅਪਰਾਧੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਲਖੀਮਪੁਰ ਖੀਰੀ ਕਾਂਡ ਦਾ ਮੁੱਖ ਸਾਜਿਸ਼ ਘਾੜਾ ਗ੍ਰਹਿ ਰਾਜ ਮੰਤਰੀ ਅਜੇ ਮਿਸਰੀ ਟੈਣੀ ਇਸ ਦੀ ਪੁਖਤਾ ਉਦਾਹਰਣ ਹੈ।

**ਸੱਚੋ ਸੱਚ ਦੱਸ ਵੇ ਜੋਗੀਆ**

ਇਹ ਪੂਰੀ ਮੁਨਾਫ਼ੇ ਦੀ ਹੋੜ ਵਿੱਚ ਲੱਗੀ ਖਪਤ ਦੀ ਮੰਡੀ ਹੈ। ਜਿਸ ਦਾ ਕਰੋੜਾਂ ਅਰਬਾਂ ਰੁਪਏ ਦਾ ਕਾਰੋਬਾਰ ਹੈ। ਇਸ ਮੰਡੀ ਉੱਪਰ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਅਜਿਹੇ ਫੁਕਰਪੰਥੀ ਕਲਾਕਾਰਾਂ ਵੱਲੋਂ ਸਿਰਜਿਆ ਜਾ ਰਿਹਾ ਲੋਕ ਵਿਰੋਧੀ ਸੱਭਿਆਚਾਰ ਸਮਾਜ ਨੂੰ ਘੁਣ ਵਾਂਗ ਖਾ ਰਿਹਾ ਹੈ। ਗੱਲ ਗੰਨ ਸੱਭਿਆਚਾਰ ਅਤੇ ਗੈਂਗਸਟਰਵਾਦ ਨੂੰ ਪਾਲਣਹਾਰਾਂ (ਸਿਆਸਤਦਾਨ-ਪੁਲਿਸ-ਮੁਨਾਫ਼ਾ ਖੋਰ-ਪ੍ਰਬੰਧ-ਗੈਂਗਸਰਵਾਦ ਗੱਠਜੋੜ) ਵੱਲ ਸੇਧਿਤ ਹੋਣੀ ਚਾਹੀਦੀ ਹੈ। ਹਾਕਮ ਜਮਾਤੀ ਸਿਆਸੀ ਪਾਰਟੀਆਂ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਸਿਆਸੀ ਤੰਗਨਜ਼ਰ ਪਹੁੰਚ ਰਾਹੀਂ ਇੱਕ ਦੂਜੇ ਖਿਲਾਫ਼ ਚਿੱਕੜ ਉਛਾਲੀ ਤੱਕ ਸੀਮਤ ਕਰਕੇ ਮੁੱਦੇ ਦੀ ਜਪ ਤਪ ਕਰ ਦੇਣ ਤੱਕ ਸੀਮਤ ਰਹਿਣਗੀਆਂ। ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨਾ ਵਾਪਰਨ, ਘਰਾਂ ਵਿਚ ਮੌਤ ਦੇ ਸੱਥਰ ਨਾ ਵਿਛਣ, ਬੁੱਢੇ ਮਾਂ ਬਾਪ ਦੀ ਡੰਗੋਰੀ ਨਾ ਲੁੱਟੀ ਜਾਵੇ, ਭਰ ਜੁਆਨ ਅਵਸਥਾ ਵਿੱਚ ਨੌਜਵਾਨ ਕੁੜੀਆਂ ਨੂੰ ਵਿਧਵਾਵਾਂ ਵਾਲੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਨਾ ਹੋਣਾ ਪਵੇ, ਬੱਚੇ ਬੱਚੀਆਂ ਅਨਾਥ ਨਾ ਹੋਣ, ਇਸ ਲਈ ਜ਼ਰੂਰੀ ਹੈ ਕਿ ਜਵਾਨੀ ਦੇ ਹੱਥਾਂ ਵਿੱਚ ਰੁਜ਼ਗਾਰ ਹੋਵੇ। ਗੈਂਗਸਟਰਵਾਦ, ਫੁਕਰਪੰਥੀ, ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ, ਔਰਤ ਵਿਰੋਧੀ ਸੱਭਿਆਚਾਰ ਨੂੰ ਸਖਤੀ ਨਾਲ ਨਕੇਲ ਪਾਈ ਜਾਵੇ। ਨੌਜਵਾਨੀ ਨੂੰ ਸਹੀ ਸੇਧ ਦੇਣ ਲਈ ਨਰੋਏ ਸੱਭਿਆਚਾਰ ਦੀ ਸਿਰਜਣਾ ਕੀਤੀ ਜਾਵੇ।

## ਦਿੱਲੀ ਦਾ ਸਿਹਤ ਮੰਤਰੀ ਸਤੇਂਦਰ ਜੈਨ ਈ.ਡੀ. ਵਲੋਂ ਗ੍ਰਿਫ਼ਤਾਰ

ਦਿੱਲੀ ਦੇ ਸਿਹਤ ਮੰਤਰੀ ਸਤੇਂਦਰ ਜੈਨ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਿਕ ਈ.ਡੀ. ਨੇ ਕੋਲਕਾਤਾ ਦੀ ਇਕ ਕੰਪਨੀ ਨਾਲ ਜੁੜੇ ਹਵਾਲਾ ਲੈਣ ਦੇਣ ਨਾਲ ਸੰਬੰਧਿਤ ਮਾਮਲੇ ਵਿਚ ਇਹ ਗ੍ਰਿਫ਼ਤਾਰੀ ਕੀਤੀ ਹੈ। ਈ.ਡੀ. ਦੀ ਇਸ ਕਾਰਵਾਈ ਨਾਲ ਕੇਜਰੀਵਾਲ ਸਰਕਾਰ ਨੂੰ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਇਸ ਨੂੰ ਫਰਜ਼ੀ ਕੇਸ ਦੱਸਦੇ ਹੋਏ ਗ੍ਰਿਫ਼ਤਾਰੀ ਦੇ ਵਿਰੁੱਧ ਤਿੱਖੀ ਪ੍ਰਤੀਕਿਰਿਆ ਕੀਤੀ ਹੈ। ਦੱਸਣਯੋਗ ਹੈ ਕਿ ਜੈਨ ਖਿਲਾਫ਼ ਈ.ਡੀ. ਦਾ ਇਹ ਮਾਮਲਾ ਅਗਸਤ 2017 ਵਿਚ ਸੀ.ਬੀ.ਆਈ. ਦੁਆਰਾ ਉਨਾਂ ਦੇ ਅਤੇ ਹੋਰਨਾਂ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਦੋਸ਼ 'ਚ ਦਰਜ ਕੀਤੀ ਗਈ ਐਫ. ਆਈ. ਆਰ. 'ਤੇ ਆਧਾਰਿਤ ਹੈ। ਜਾਣਕਾਰੀ ਮੁਤਾਬਿਕ ਈ.ਡੀ. ਵਲੋਂ ਜਾਂਚ 'ਚ ਪਾਇਆ ਗਿਆ ਕਿ 2015-16 ਦੀ ਮਿਆਦ ਦੌਰਾਨ ਜਦੋਂ ਸਤੇਂਦਰ ਜੈਨ ਇਕ ਜਨਤਕ ਸੇਵਕ ਸੀ, ਤਾਂ ਉਸ ਵੇਲੇ ਉਨਾਂ ਦੁਆਰਾ ਮੁਨਾਫ਼ੇ ਦੀ ਮਾਲਕੀ ਵਾਲੀਆਂ ਅਤੇ ਨਿਯੰਤਰਿਤ ਕੰਪਨੀਆਂ ਨੇ ਹਵਾਲਾ ਰਾਹੀਂ ਕੋਲਕਾਤਾ ਸਥਿਤ ਐਂਟਰੀ ਆਪਰੇਟਰਾਂ ਨੂੰ ਨਕਦ ਟ੍ਰਾਂਸਫਰ ਦੇ ਬਦਲੇ ਸ਼ੈੱਲ ਕੰਪਨੀਆਂ ਤੋਂ 4.81 ਕਰੋੜ ਰੁਪਏ ਦੀਆਂ ਸਥਾਨਕ ਐਂਟਰੀਆਂ ਪ੍ਰਾਪਤ ਕੀਤੀਆਂ ਸਨ।

ਜੈਨ ਦੀ ਗ੍ਰਿਫ਼ਤਾਰੀ ਦੇ ਬਾਅਦ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਟਵੀਟ ਰਾਹੀਂ ਕਿਹਾ ਕਿ ਸਤੇਂਦਰ ਜੈਨ ਦੇ ਖ਼ਿਲਾਫ਼ 8 ਸਾਲ ਤੋਂ ਇਕ ਫਰਜ਼ੀ ਕੇਸ ਚਲਾਇਆ ਜਾ ਰਿਹਾ ਹੈ, ਪਹਿਲਾਂ ਵੀ ਈ.ਡੀ. ਕਈ ਵਾਰੀ ਬੁਲਾ ਚੁੱਕੀ ਹੈ ਅਤੇ ਪਿੱਛੇ ਜਿਹੇ ਕਈ ਸਾਲ ਈ.ਡੀ. ਨੇ ਬੁਲਾਉਣਾ ਬੰਦ ਕਰ ਦਿੱਤਾ ਸੀ, ਕਿਉਂਕਿ ਉਨਾਂ ਨੂੰ ਕੁੱਝ ਮਿਲਿਆ ਹੀ ਨਹੀਂ। ਸਿਸੋਦੀਆ ਨੇ ਕਿਹਾ ਕਿ ਹੁਣ ਈ.ਡੀ. ਨੇ ਫਿਰ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਕਿਉਂਕਿ, ਸਤੇਂਦਰ ਜੈਨ ਹਿਮਾਚਲ ਦੇ ਚੋਣ ਇੰਚਾਰਜ ਹਨ। ਅਸਲ ਸੁਆਲ ਇਹ ਹੈ ਕਿ ਇਕ ਪਾਸੇ ਕੇਜਰੀਵਾਲ ਸਰਕਾਰ ਇਮਾਨਦਾਰ ਹੋਣ ਦਾ ਦਿਖਾਵਾ ਕਰਦੀ ਹੈ ਦੂਸਰੇ ਪਾਸੇ ਉਸਦੇ ਸਾਥੀ ਬੇਈਮਾਨੀ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਲਿਬੜੇ ਹੋਏ ਹਨ। ਅਸਲ ਵਿਚ ਕੇਜਰੀਵਾਲ ਦਾ ਰਾਜਨੀਤਕ ਧੰਦਾ ਰਵਾਇਤੀ ਪਾਰਟੀਆਂ ਵਰਗਾ ਹੈ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544




# ਝੋਨਾ ਘਟਾਓ ਤੇ ਪੰਜਾਬ ਬਚਾਓ, ਕਿਉਂ ਅਤੇ ਕਿਵੇਂ ?

**ਮਨਧੀਰ ਸਿੰਘ ੦੮੪੨੭੧-੦੧੬੯੯**
**ਪਰਮਜੀਤ ਸਿੰਘ ੦੯੮੮੮੨-੭੦੬੫੧**
**ਜਸਪਾਲ ਸਿੰਘ ਮੰਝਪੁਰ ੦੯੮੫੫੪-੦੧੮੪੩**

ਪਹਿਲੇ ਪਾਤਿਸ਼ਾਹ ਹਜੂਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਹੈ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਭਾਵ ਜੀਵਨ ਦੀ ਉਤਪਤੀ ਲਈ ਪਾਣੀ ਮੂਲ ਤੱਤ ਹੈ। ਪੰਚਮ ਪਾਤਿਸਾਹ ਹਜੂਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਮਹਾਂਵਾਕ ਹੈ, 'ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥' ਭਾਵ ਧਰਤੀ ਦੀ ਹਰਿਆਲੀ ਤੇ ਜੀਵਨ ਦੀ ਖੁਸ਼ਹਾਲੀ ਪਾਣੀ ਨਾਲ ਜੁੜੀ ਹੋਈ ਹੈ। ਇਸ ਲਈ ਖੁਸ਼ਹਾਲ ਮਨੁੱਖੀ ਸੱਭਿਆਤਾਵਾਂ ਪਾਣੀ ਦੇ ਸੋਮਿਆਂ (ਦਰਿਆਵਾਂ, ਝੀਲਾਂ, ਨਦੀਆਂ ਆਦਿ) ਦੇ ਕੰਢਿਆਂ ਉੱਤੇ ਹੀ ਵਿਕਸਿਤ ਹੋਈਆਂ ਹਨ।

ਮਨੁੱਖੀ ਸੱਭਿਆਤਾਵਾਂ ਦਾ ਇਤਿਹਾਸ ਗਵਾਹ ਹੈ ਕਿ ਪਾਣੀ ਦੇ ਸੋਮਿਆਂ ਦੇ ਕੰਢੇ ਵੱਸਣ ਵਾਲੇ ਲੋਕਾਂ ਨੇ ਪਾਣੀ ਦਾ ਮੁੱਲ ਆਪਣੇ ਖੂਨ ਨਾਲ ਤਾਰਿਆ ਹੈ।

ਪਾਣੀ ਭਾਵੇਂ ਕੁਦਰਤ ਦੀ ਅਣਮੁੱਲੀ ਦਾਤ ਹੈ ਪਰ ਕੁਦਰਤ ਵੱਲੋਂ ਇਸ ਧਰਤੀ ਉੱਤੇ ਇਸ ਦੀ ਵੰਡ ਇਕਸਾਰ ਨਹੀਂ ਕੀਤੀ ਗਈ। ਧਰਤੀ ਉੱਤੇ ਕਿਤੇ ਮਾਰੂਥਲ ਹਨ ਜਿੱਥੇ ਪਾਣੀ ਮਸਾਂ ਹੀ ਨਸੀਬ ਹੁੰਦਾ ਹੈ ਤੇ ਕਿਧਰੇ ਧਰੁਵਾਂ ਉੱਤੇ ਬੇਥਾਹ ਪਾਣੀ ਬਰਫ ਦੇ ਰੂਪ ਵਿੱਚ ਜੰਮਿਆ ਹੋਇਆ ਹੈ, ਪਰ ਓਥੇ ਨਾਲ ਹੀ ਧਰਤੀ 'ਤੇ ਅਜਿਹੇ ਖਿੱਤੇ ਵੀ ਹਨ ਜਿਨਾਂ ਨੂੰ ਕੁਦਰਤ ਨੇ ਬਰਸਾਤੀ ਸੋਮੇ ਜਿਵੇਂ ਕਿ ਖੱਡਾਂ, ਨਦੀਆਂ, ਢਾਬਾਂ ਅਤੇ ਛੰਭ ਬਖਸ਼ੇ ਹਨ ਅਤੇ ਕਿਸੇ ਖਿੱਤੇ ਨੂੰ ਗਲੇਸ਼ੀਅਰਾਂ ਤੋਂ ਆਉਂਦੇ ਦਰਿਆਵਾਂ ਦੀ ਦਾਤ ਬਖਸ਼ੀ ਹੈ ਜੋ ਇਹਨਾਂ ਨੂੰ ਸ਼ੁੱਧ-ਸਾਫ ਜਲ ਨਾਲ ਨਿਵਾਜਦੇ ਹਨ। ਕਈ ਖਿੱਤਿਆ ਨੂੰ ਕੁਦਰਤ ਨੇ ਜਮੀਨਦੋਜ਼ ਤਾਜ਼ੇ ਪਾਣੀ ਦਾ ਖਜਾਨਾ ਬਖਸ਼ਿਆ ਹੈ।

ਪੰਜਾਬ ਧਰਤੀ ਦਾ ਇੱਕ ਅਜਿਹਾ ਵਡਭਾਗਾ ਖਿੱਤਾ ਹੈ ਜਿਸ ਨੂੰ ਕੁਦਰਤ ਨੇ ਪਾਣੀ ਦੇ ਬਹੁਭਾਂਤੀ ਸੋਮੇ ਬਖਸ਼ੇ ਸਨ। ਪੰਜਾਬ ਵਿੱਚ ਜਿੱਥੇ ਬਰਸਾਤੀ ਖੱਡਾਂ, ਨਦੀਆਂ, ਛੰਭ ਤੇ ਢਾਬਾਂ ਸਨ ਓਥੇ ਇਸ ਦੇ ਦਰਿਆ ਹਿਮਾਲਿਅਨ ਗਲੇਸ਼ੀਅਰਾਂ ਤੋਂ ਪੰਘਰਣ ਵਾਲੀ ਬਰਫ ਦਾ ਸਾਫ ਪਾਣੀ ਲਿਆਉਂਦੇ ਹਨ ਅਤੇ ਪੰਜਾਬ ਨੂੰ ਕੁਦਰਤ ਨੇ ਜ਼ਮੀਨਦੋਜ਼ ਮਿੱਠੇ ਪਾਣੀ ਦੀ ਨਿਆਮਤ ਨਾਲ ਵੀ ਨਿਵਾਜਿਆ ਸੀ।

ਪਰ ਪੰਜ ਦਰਿਆਵਾਂ ਦੀ ਇਹ ਧਰਤ ਅੱਜ ਬੇਆਬ ਹੋਣ ਦੇ ਕੰਢੇ ਆਣ ਖੜੀ ਹੈ। ਅੱਜ ਪੰਜਾਬ ਦਾ ਨਾਂ ਧਰਤੀ ਦੇ ਉਨਾਂ ਖਿੱਤਿਆਂ ਵਿੱਚ ਸ਼ਾਮਲ ਹੈ ਜਿਨਾਂ ਥਾਵਾਂ ਵਿੱਚ ਧਰਤੀ ਹੇਠਲਾ ਪਾਣੀ ਬਹੁਤ ਤੇਜ਼ੀ ਨਾਲ ਮੁੱਕ ਰਿਹਾ ਹੈ। ਪੂਰੇ ਇੰਡੀਅਨ ਖਿੱਤੇ ਵਿੱਚ ਪੰਜਾਬ ਅਤੇ ਹਰਿਆਣਾ ਹੀ ਅਜਿਹੇ ਦੋ ਸੂਬੇ ਹਨ ਜਿਨਾਂ ਦਾ ਪਾਣੀ ਤੇਜ਼ੀ ਨਾਲ ਮੁੱਕ ਰਿਹਾ ਹੈ ਬਾਕੀ ਕਿਸੇ ਵੀ ਸੂਬੇ ਦੇ ਧਰਤ ਹੇਠਲੇ ਪਾਣੀ ਦਾ ਪੱਧਰ ਹੇਠਾਂ ਨਹੀਂ ਜਾ ਰਿਹਾ। ਅੰਦਾਜ਼ੇ ਲਗਾਏ ਜਾ ਰਹੇ ਹਨ ਕਿ 2040 ਤੱਕ ਪੰਜਾਬ ਦਾ ਬਹੁਤਾ ਹਿੱਸਾ ਬੰਜਰ ਹੋ ਜਾਵੇਗਾ। ਅੱਜ ਪੰਜਾਬ ਦੇ ਪੇਂਡੂ ਵਿਕਾਸ ਬਲਾਕਾਂ ਵਿੱਚੋਂ ਲਗਭਗ 80% ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਹਾਲਤ ਅਤਿ ਨਾਜੁਕ ਹੈ।

ਜਦੋਂ ਹਾਲਾਤ ਇੰਨੇ ਗੰਭੀਰ ਹਨ ਤਾਂ ਇਹ ਵਿਚਾਰਨਾ ਬਣਦਾ ਹੈ ਕਿ ਇਸ ਦੇ ਕਾਰਨ ਕੀ ਹਨ ?









ਇੱਕ ਕਾਰਨ ਤਾਂ ਪੂੰਜੀਵਾਦੀ/ਕਾਰਪੋਰੇਟ ਵਿਕਾਸ ਮਾਡਲ ਹੈ। ਗੁਰਮਤਿ ਦੇ ਨਜ਼ਰੀਏ ਤੋਂ ਪਾਣੀ ਨੂੰ ਜਿੰਦਗੀ ਦਾ ਸੋਮਾ ਸਮਝ ਕੇ ਸਤਿਕਾਰ ਦੇਣ ਦੇ ਬਜਾਏ ਇਸ ਨੂੰ ਸਿਰਫ ਮੁਨਾਫੇ ਕਮਾਉਣ ਲਈ ਇੱਕ ਵਸਤੂ ਬਣਾ ਦਿੱਤਾ ਗਿਆ ਜਿਸ ਕਾਰਨ ਆਲਮੀ ਤਪਸ਼ ਅਤੇ ਮੌਸਮੀ ਤਬਦੀਲੀ ਵਰਗੇ ਸੰਕਟਾਂ ਦਾ ਅੱਜ ਦੁਨੀਆ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਟੇ ਵਜੋਂ ਹਿਮਾਲੀਆ ਉਤੇ ਬਰਫਬਾਰੀ ਘਟਣ ਕਾਰਨ ਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਦੀ ਮਿਕਦਾਰ ਘੱਟ ਗਈ ਹੈ। ਮੌਸਮੀ ਤਬਦੀਲੀ ਕਾਰਨ ਪੰਜਾਬ ਵਿੱਚ ਬਾਰਸ਼ ਦੀ ਔਸਤ 445 ਐਮਐਮ ਰਹਿ ਗਈ ਹੈ ਜੋ ਕਿ ਸੰਨ 2000 ਤੋਂ ਪਹਿਲਾਂ 606 ਐਮਐਮ ਸੀ।

ਦੂਜਾ, ਇੰਡੀਆ ਅੰਦਰ ਪੰਜਾਬ ਦੀ ਰਾਜਸੀ ਅਧੀਨਗੀ ਕਾਰਨ ਪੰਜਾਬ ਦੇ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਗੈਰ-ਰਾਇਪੇਰੀਅਨ ਖਿੱਤਿਆਂ ਨੂੰ ਲੁਟਾਇਆ ਜਾ ਰਿਹਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਿਰਫ 27,82,500 ਏਕੜ (ਲਗਭਗ 25%) ਦੀ ਸਿੰਜਾਈ ਹੁੰਦੀ ਹੈ 75,00,000 ਏਕੜ (ਲਗਭਗ 74%) ਦੇ ਕਰੀਬ ਰਕਬੇ ਦੀ ਸਿੰਜਾਈ ਲਈ ਪੰਜਾਬ ਜ਼ਮੀਨ ਹੇਠੋਂ ਪਾਣੀ ਕੱਢਣ ਲਈ ਮਜਬੂਰ ਹੈ।

ਤੀਜਾ ਕਾਰਨ ਜ਼ਮੀਨੀ ਪਾਣੀ ਦੀ ਗੈਰ-ਹੰਢਣਸਾਰ ਵਰਤੋਂ ਦਾ ਹੈ। ਪੰਜਾਬ ਵਿੱਚ ਘਰੇਲੂ ਅਤੇ ਉਦਯੋਗਕ ਖੇਤਰ ਦਾ ਪਾਣੀ ਸੋਧ ਕੇ ਮੁੜ ਵਰਤੋ ਵਿੱਚ ਲਿਆਉਣ ਦੀ ਔਸਤ 10% ਤੋਂ ਘੱਟ ਹੈ ਜੱਦ ਕਿ ਇਸਰਾਈਲ ਵਿੱਚ ਇਹ ਔਸਤ 80% ਹੈ।

ਚੌਥਾ ਕਾਰਨ ਇੰਡੀਆ ਦੀ ਰਾਜਸੀ ਨੀਤੀ ਤਹਿਤ ਪੰਜਾਬ ਦੇ ਰਵਾਇਤੀ ਖੇਤੀ ਮਾਡਲ ਵਿਚ ਵਿਗਾੜ ਅਤੇ ਗ਼ੈਰ-ਇਲਾਕਾਈ ਫਸਲ ਝੋਨਾ ਪੈਦਾ ਕਰਵਾਉਣ ਦੀ ਕਵਾਇਦ ਹੈ। 1968 ਵਿੱਚ ਅਮਰੀਕੀ ਖੇਤੀ ਮਾਡਲ ਲਾਗੂ ਹੋਣ ਸਮੇਂ ਪੰਜਾਬ ਵਿੱਚ ਦਾਲਾਂ, ਜਵਾਰ, ਬਾਜਰਾ, ਮੱਕੀ ਤੇ ਗੰਨੇ ਸਮੇਤ ਬਹੁਤ ਸਾਰੀਆਂ ਫਸਲਾਂ ਦੀ ਖੇਤੀ ਹੁੰਦੀ ਸੀ ਅਤੇ ਝੋਨੇ ਦੀ ਬੀਜਾਈ ਸਿਰਫ 7,85,000 ਏਕੜ (ਕੁੱਲ ਰਕਬੇ ਦਾ 7%) ਜ਼ਮੀਨ ਵਿੱਚ ਹੁੰਦੀ ਸੀ ਜਦ ਕਿ 2018 ਵਿੱਚ ਝੋਨੇ ਦੀ ਬੀਜਾਈ 76,66,000 (ਕੁਲ ਰਕਬੇ ਦਾ 75%) ਤੱਕ ਪੁੱਜ ਗਈ ਹੈ। ਖੇਤੀ ਮਾਹਿਰ ਦੱਸਦੇ ਹਨ ਕਿ ਪੰਜਾਬ ਵਿੱਚ 1 ਕਿੱਲੋ ਚੌਲ ਪੈਦਾ ਕਰਨ ਲਈ 4 ਤੋਂ 5 ਹਜ਼ਾਰ ਲੀਟਰ ਪਾਣੀ ਲੱਗ ਜਾਂਦਾ ਹੈ। 1970 ਵਿੱਚ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਪੱਧਰ ਔਸਤਨ 20 ਫੁੱਟ ਦੇ ਆਸ ਪਾਸ ਸੀ ਜੋ ਹੁਣ 200 ਫੁੱਟ ਦੇ ਆਸ ਪਾਸ ਚਲਾ ਗਿਆ ਹੈ ਤੇ ਕਈ ਥਾਈਂ ਤਾਂ 1000 ਫੁੱਟ ਤੱਕ ਵੀ ਚਲਾ ਗਿਆ ਹੈ। ਝੋਨੇ ਹੇਠਾਂ ਰਕਬਾ ਵੱਧਣ ਨਾਲ ਜਿਸ ਰਫ਼ਤਾਰ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਡਿਗਿਆ ਹੈ ਉਸ ਦੀ ਤਸਵੀਰ ਹੇਠਾਂ ਪੇਸ਼ ਹੈ :-

ਅਜਿਹੇ ਵਿੱਚ ਇਹ ਵਿਚਾਰਨਾ ਜਰੂਰੀ ਹੋ ਜਾਂਦਾ ਹੈ ਕਿ ਇਸ ਹਾਲਾਤ ਦੇ ਹੱਲ ਕੀ ਹਨ। ਅਸੀਂ ਪਾਣੀਆਂ ਦੇ ਮਸਲੇ ਦੇ ਹੱਲ ਤਿੰਨ ਪੱਧਰਾਂ ਉੱਤੇ ਵਿਚਾਰ ਸਕਦੇ ਹਨ।

ਪਹਿਲੇ ਪੱਧਰ ਉੱਤੇ ਸਰਕਾਰ ਅਤੇ ਰਾਜਸੀ ਤੌਰ ਉੱਤੇ ਹੋਣ ਵਾਲੇ ਹੱਲ ਹਨ। ਇਹ ਦੀਰਘ ਕਾਲ ਨੀਤੀ ਤਹਿਤ ਹੋਣ ਵਾਲੇ ਕਾਜ ਹਨ।

ਦੂਜੇ ਪੱਧਰ ਉੱਤੇ ਆਮ ਪੰਜਾਬ ਵਾਸੀਆਂ ਦੇ ਕਰਨ ਵਾਲੇ ਕੰਮ ਹਨ। ਇਹ ਮੱਧਮ ਕਾਲ ਨੀਤੀ ਤਹਿਤ ਹੋਣ ਵਾਲੇ ਕਾਜ ਹਨ।

ਤੀਜੇ ਪੱਧਰ ਉੱਤੇ ਪੰਜਾਬ ਹਿਤੈਸ਼ੀ ਪਰਵਾਸੀ ਅਤੇ ਨੌਕਰੀਪੇਸ਼ਾ ਪੰਜਾਬੀਆਂ ਵੱਲੋਂ ਕੀਤੇ ਜਾਣ ਵਾਲੇ ਕਾਰਜ ਹਨ। ਇਹ ਫੌਰੀ ਨੀਤੀ ਤਹਿਤ ਕੀਤੇ ਜਾ ਸਕਦੇ ਹਨ।

ਆਲਮੀ ਤਪਸ਼ ਵਿੱਚ ਕਟੌਤੀ ਕਰਨਾ, ਦਰਿਆਈ ਪਾਣੀਆਂ ਦੀ ਰਿਪੇਰੀਅਨ ਸਿਧਾਂਤ ਮੁਤਾਬਿਕ ਵਰਤੋ, ਉਦਯੋਗਿਕ ਖੇਤਰ ਵਿੱਚ ਪਾਣੀ ਦੀ ਸੁਯੋਗ ਵਰਤੋ ਯਕੀਨੀ ਬਣਾਉਣਾ ਅਤੇ ਫਸਲੀ ਭਿੰਨਤਾ ਭਾਵ ਵਿਰਾਸਤੀ ਫਸਲੀ ਚੱਕਰ ਲਾਗੂ ਕਰਨ ਲਈ ਲੋੜੀਂਦੇ ਹਲਾਤ ਮੁਹੱਈਆ ਕਰਵਾਉਣੇ ਸਰਕਾਰੀ ਨੀਤੀਆਂ ਅਤੇ ਅਮਲਾਂ ਦੇ ਪੱਧਰ ਦੀ ਗੱਲ ਹੈ। ਮੌਜੂਦਾ ਰਾਜਸੀ ਢਾਂਚੇ ਉਪਰੋਕਤ ਹੱਲ ਕੱਢਣ ਦੇ ਸਮਰੱਥ ਨਜ਼ਰ ਨਹੀਂ ਆ ਰਹੇ। ਇਸ ਲਈ ਇਹ ਦੀਰਘ ਕਾਲ ਵਿੱਚ ਹੋਣ ਵਾਲੇ ਕਾਰਜ ਹਨ। ਪੰਜਾਬ ਦੇ ਲੋਕਾਂ ਲਈ ਲਾਜ਼ਮੀ ਹੈ ਕਿ ਉਹ ਇਨਾਂ ਮਸਲਿਆਂ ਦੇ ਪੱਕੇ ਹੱਲ ਲਈ ਲੋੜੀਂਦੇ ਨਵੇ ਰਾਜਸੀ ਢਾਂਚੇ ਉਸਾਰਨ ਲਈ ਸੰਘਰਸ਼ਸ਼ੀਲ ਰਹਿਣ ਅਤੇ ਪਹਿਰੇਦਾਰੀ ਕਰਨ ਜਿਸ ਰਾਹੀਂ ਸਰਬੱਤ ਦੇ ਭਲੇ ਲਈ ਪੰਜਾਬ-ਪੱਖੀ, ਕੁਦਰਤ-ਪੱਖੀ, ਅਤੇ ਕਿਰਤ-ਪੱਖੀ ਖੇਤੀ ਮਾਡਲ ਉਸਾਰਨ ਲਈ ਸਾਜਗਾਰ ਰਾਜਸੀ ਮਹੌਲ ਬਣ ਸਕੇ।

ਮੱਧਮ ਕਾਲ ਨੀਤੀ ਤਹਿਤ ਉਦਯੋਗਿਕ ਇਕਾਈਆਂ ਵਿੱਚ ਪਾਣੀ ਦੀ ਦੁਰਵਰਤੋਂ ਅਤੇ ਪਰਦੂਸ਼ਣ ਰੋਕਣ ਦੇ ਸਵੈ ਯਤਨਾਂ ਦੇ ਨਾਲ-ਨਾਲ ਆਮ ਕਿਸਾਨ ਹੇਠ ਲਿਖੇ ਯਤਨ ਨੂੰ ਆਪਣੀ ਆਰਥਿਕ ਹਾਲਤ ਤੇ ਸਮਰੱਥਾ ਅਨੁਸਾਰ ਕਰ ਸਕਦੇ ਹਨ ਜੋ ਕਿ ਸਮਾਜਕ ਜਿੰਮੇਵਾਰੀ ਦੀ ਭਾਵਨਾ ਨਾਲ ਸਿਰੇ ਚੜੇਗੀ। ਇਸ ਲਈ ਜਰੂਰੀ ਹੈ ਕਿ :-

ਹੁਣ ਦੇ ਸਮੇਂ ਪ੍ਰਚੱਲਤ ਹੋ ਚੁੱਕੀ ਇੱਕ ਫਸਲੀ ਖੇਤੀਬਾੜੀ ਜੁਗਤ ਦੀ ਜਗਾ ਰਲਵੀਆਂ ਫਸਲਾਂ ਅਤੇ ਰੁੱਖਾਂ ਵਾਲੀ ਰਵਾਇਤੀ ਖੇਤੀ ਜੁਗਤ ਅਪਨਾਈਏ ਤਾਂ ਕਿ ਪਾਣੀ ਦੀ ਹੰਢਣਸਾਰ ਵਰਤੋਂ ਵੱਲ ਵਧ ਸਕੀਏ।

ਜਮੀਨ ਦੇ ਕੁਝ ਹਿੱਸੇ ਵਿੱਚ ਪੰਜਾਬ ਦੇ ਪੁਰਾਣੇ ਰੁੱਖ ਨਿੰਮ, ਅੰਬ, ਟਾਹਲੀ, ਕਿੱਕਰ, ਜਾਮਣ, ਫਲਾਹੀ, ਪਿੱਪਲ਼, ਬੋਹੜ, ਪਿਲਕਣ ਲਗਾਈਏ। ਇਸ ਨਾਲ ਕੁਦਰਤੀ ਵਾਤਾਵਰਣ ਦਾ ਸੰਤੁਲਨ ਵੀ ਕਾਇਮ ਰਹੇਗਾ।

ਕੁਛ ਹਿੱਸੇ ਵਿੱਚ ਬਾਗਬਾਨੀ ਜਾਂ ਵਣਖੇਤੀ ਕੀਤੀ ਜਾਵੇ ਜਾਂ ਘੱਟ ਪਾਣੀ ਦੀ ਖਪਤ ਵਾਲੀਆਂ

**ਬਾਕੀ ਸਫ਼ਾ 31 'ਤੇ**

# ਹਵਾ ਪ੍ਰਦੂਸ਼ਣ ਬਨਾਮ ਭਵਿੱਖ



**ਹਰਕੀਰਤ ਕੌਰ**
**9779118066**

ਧਰਤੀ ਦੇ ਰਚਣਹਾਰੇ ਨੇ ਕਿੰਨੀ ਸੋਹਣੀ ਰਚਨਾ ਕੀਤੀ ਹੈ, ਕਿੰਨੇ ਸੋਹਣੇ ਪਹਾੜ, ਦਰੱਖਤ, ਝਿਲਮਿਲ ਕਰਦੇ ਪਾਣੀ ਦੇ ਝਰਨੇ, ਨਦੀਆਂ, ਦਰਿਆ, ਨੀਲੇ ਸਮੁੰਦਰ, ਹਜ਼ਾਰਾਂ ਕਿਸਮ ਦੇ ਜਲ ਤੇ ਥਲ ਉੱਤੇ ਰਹਿਣ ਵਾਲੇ ਜੀਵ ਜੰਤੂ, ਚਹਿ-ਚਹਾਉਂਦੀਆਂ ਕਈ ਤਰਾਂ ਦੀਆਂ ਚਿੜੀਆਂ, ਦਿਲ ਟੁੰਬਵੀਂ ਅਵਾਜ਼ ਵਾਲੇ ਪੰਛੀ, ਪਤਾ ਨਹੀਂ ਕਿੰਨੀ ਤਰਾਂ ਦੇ ਫਲ ਤੇ ਰੰਗ ਬਿਰੰਗੇ ਫੁੱਲ ਜੋ ਚਾਰ ਚੁਫ਼ੇਰੇ ਮਹਿਕਾਂ ਬਿਖੇਰਦੇ ਹਨ। ਚੰਦ-ਸੂਰਜ ਦੇ ਰੂਪ ਵਿੱਚ ਰੋਸ਼ਨੀ ਦੇ ਦੋ ਦੀਵੇ, ਕਿਤੇ ਬਰਫ਼ ਨਾਲ ਲੱਧੇ ਪਹਾੜ ਤੇ ਕਿਤੇ ਸੜਦੀ ਰੇਤ ਵਾਲਾ ਰੇਗਿਸਤਾਨ। ਇੱਕ ਅਜਿਹੀ ਰਚਨਾ ਜਿਸ ਦਾ ਕੋਈ ਅੰਤ ਨਹੀਂ ਪਾ ਸਕਦਾ। ਮਨੁੱਖ ਨੂੰ ਇਸ ਧਰਤੀ ਦਾ ਸਰਵਸ਼੍ਰੇਸ਼ਟ ਜੀਵ ਮੰਨਿਆ ਜਾਂਦਾ ਹੈ, ਕਿਉਂ ਇਸ ਵਿੱਚ ਚੀਜ਼ਾਂ ਨੂੰ ਸਮਝਣ, ਵਰਤਣ ਦੀ ਪਰਖ ਹੋਰਨਾਂ ਜੀਵਾਂ ਨਾਲੋਂ ਜਿਆਦਾ ਹੈ। ਕਾਦਰ ਦੀ ਕੁਦਰਤ ਦੇ ਅਨੋਖੇ ਝਲਕਾਰਿਆਂ ਨੂੰ ਮਾਨਣਾ ਮਨੁੱਖ ਦੀ ਕੁਦਰਤ ਨਾਲ ਨੇੜਤਾ ਨੂੰ ਵਧਾਉਂਦਾ ਹੈ। ਕੁਦਰਤ, ਵਾਤਾਵਰਣ ਸਾਡੇ ਜੀਵਨ ਦਾ ਸਭ ਤੋਂ ਮਹੱਤਵਪੂਰਣ ਅੰਗ ਹਨ। ਅੱਜ ਮਨੁੱਖ ਨੇ ਏਨੀ ਤਰੱਕੀ ਕਰ ਲਈ ਹੈ ਕਿ ਮਨੁੱਖ ਧਰਤੀ ਤੋਂ ਇਲਾਵਾ ਹੋਰਨਾਂ ਗ੍ਰਹਿਆਂ ਤੇ ਵੀ ਜੀਵਨ ਨੂੰ ਸੰਭਵ ਬਣਾਉਣ ਵਿੱਚ ਜੁਟਿਆ ਹੈ। ਪਰ ਇਸ ਤਰੱਕੀ ਦੇ ਰਾਹ ਤੇ ਚੱਲਦਿਆਂ ਮਨੁੱਖ ਨੇ ਪਤਾ ਨਹੀਂ ਕਿੰਨੇ ਜੀਵਨਾਂ ਨੂੰ ਜੋਖਮ ਵਿੱਚ ਧਕੇਲ ਦਿੱਤਾ ਹੈ, ਮਨੁੱਖ ਦੀ ਤਰੱਕੀ ਦਾ ਰਾਹ ਕੁਦਰਤ ਦੀ ਨਿਖੇਧੀ ਦੇ ਰਸਤੇ ਵਿੱਚੋਂ ਹੋ ਕੇ ਗੁਜ਼ਰਿਆ ਹੈ। ਪਿਛਲੇ ਕੁਝ ਸਮੇਂ ਤੋਂ ਵਾਤਾਵਰਣ ਵਿੱਚ ਅਜਿਹੀਆਂ ਤਬਦੀਲੀਆਂ ਆਈਆਂ ਕਿ ਮਨੁੱਖੀ ਜਨਜੀਵਨ ਬੁਰੀ ਤਰਾਂ ਪ੍ਰਭਾਵਿਤ ਹੋਇਆ ਹੈ। ਜਿਸ ਦੀ ਸਭ ਤੋਂ ਵੱਡੀ ਉਦਹਾਰਣ ਹਵਾ, ਪਾਣੀ, ਮਿੱਟੀ ਪ੍ਰਦੂਸ਼ਣ ਕਰਕੇ ਵਧੀਆਂ ਲਾਇਲਾਜ਼ ਬਿਮਾਰੀਆਂ ਹਨ। ਜਦੋਂ ਅਸੀਂ ਕਿਸੇ ਆਪਣੇ ਕਿਸੇ ਨਜ਼ਦੀਕੀ ਦੀ ਬਿਮਾਰੀ ਜਾਂ ਮੌਤ ਬਾਰੇ ਸੁਣਦੇ ਹਾਂ ਤਾਂ ਅਸੀਂ ਬਹੁਤ ਭਾਵੁਕਤਾ ਨਾਲ ਭਰ ਜਾਂਦੇ ਹਾਂ ਪਰ ਜਦੋਂ ਹਜ਼ਾਰਾਂ ਲੋਕੀਂ ਵਾਤਾਵਰਣ ਪ੍ਰਦੂਸ਼ਣ ਨਾਲ ਬਿਮਾਰ ਤੇ ਅਪਾਹਿਜ ਹੁੰਦੇ ਹਨ ਤਾਂ ਸਾਡੇ ਮੱਥੇ ਤੇ ਪਛਤਾਵਾ ਘੱਟ ਹੀ ਵੇਖਣ ਨੂੰ ਮਿਲਦਾ ਹੈ। ਅਸੀਂ ਵਾਤਾਵਰਣ ਦੀ ਸਾਂਭ ਸੰਭਾਲ ਪ੍ਰਤੀ ਬਿਲਕੁਲ ਵੀ ਜਾਗਰੂਕ ਨਹੀਂ ਹਾਂ।

ਭਾਵੇਂ ਪ੍ਰਦੂਸ਼ਣ ਦੀ ਹਰ ਕਿਸਮ ਹਾਨੀਕਾਰਕ ਹੈ ਪਰ ਹਵਾ ਪ੍ਰਦੂਸ਼ਣ ਅੱਜ ਸਭ ਤੋਂ ਘਾਤਕ ਰੂਪ ਅਖ਼ਤਿਆਰ ਕਰ ਚੁੱਕਾ ਹੈ। ਵਿਸ਼ਵ ਸਿਹਤ ਸੰਗਠਨ ਦੁਆਰਾ ਕੀਤੇ ਗਏ ਸਰਵੇਖਣਾਂ ਅਤੇ ਨੈਸ਼ਨਲ ਅਕੈਡਮੀ ਆਫ਼ ਸਾਇੰਸਜ਼' ਵਿੱਚ ਪ੍ਰਕਾਸ਼ਿਤ ਅਧਿਐਨ ਮੁਤਾਬਕ 'ਸਾਡੇ ਕੋਲ ਇਸ ਗੱਲ ਦਾ ਸਬੂਤ ਹੈ ਕਿ ਮੌਖਿਕ ਟੈਸਟਾਂ 'ਤੇ ਹਵਾ ਦੇ ਪ੍ਰਦੂਸ਼ਣ ਦਾ ਅਸਰ ਉਮਰ ਵੱਧਣ 'ਤੇ ਵਧੇਰੇ ਹੁੰਦਾ ਹੈ, ਖਾਸ ਤੌਰ 'ਤੇ ਮਰਦਾਂ ਅਤੇ ਘੱਟ ਪੜ੍ਹੇ ਲਿਖੇ ਲੋਕਾਂ ਉੱਪਰ'। ਅਧਿਐਨ ਮੁਤਾਬਕ ਪ੍ਰਦੂਸ਼ਣ ਅਲਜ਼ਾਈਮਰ ਅਤੇ ਡਿਮੇਨਸ਼ੀਆ ਵਰਗੀਆਂ ਬੀਮਾਰੀਆਂ ਦੇ ਖਤਰੇ ਨੂੰ ਵਧਾਉਂਦਾ ਹੈ।ਇਸ ਤੋਂ ਇਲਾਵਾ 2010-2014 ਵਿੱਚ ਲੜਕੇ ਅਤੇ ਲੜਕੀਆਂ ਉੱਪਰ ਕੀਤੇ ਇੱਕ ਸਰਵੇਖਣ ਤੋਂ ਪਤਾ ਲੱਗਾ ਕਿ ਪ੍ਰਦੂਸ਼ਣ ਦਾ ਵਿਦਿਆਰਥੀਆਂ ਦੀ ਸੋਚਣ-ਸਮਝਣ ਦੀ ਸ਼ਕਤੀ 'ਤੇ ਮਾੜਾ ਅਸਰ ਪੈਂਦਾ ਹੈ। ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 7 ਮਿਲੀਅਨ ਲੋਕਾਂ ਦੀ ਮੌਤ ਹੁੰਦੀ ਹੈ। ਦੁਨੀਆ ਭਰ ਵਿੱਚ 2016 ਵਿੱਚ ਹਵਾ ਪ੍ਰਦੂਸ਼ਣ ਕਾਰਨ 4.2 ਮਿਲੀਅਨ ਮੌਤਾਂ ਹੋਈਆਂ। 91% ਦੁਨੀਆ ਦੀ ਅਬਾਦੀ ਅਜਿਹੇ ਵਾਤਾਵਰਨ ਵਿੱਚ ਰਹਿੰਦੀ ਹੈ ਜਿੱਥੇ ਹਵਾ ਦੀ ਗੁਣਵੱਤਾ ਵਿਸ਼ਵ ਸਿਹਤ ਸੰਗਠਨ ਦੇ ਤੈਅ ਮਾਪਦੰਡਾਂ ਤੋਂ ਵੱਧ ਹਨ।

**ਬਾਕੀ ਸਫ਼ਾ 30 'ਤੇ**

# ਕਿਸਾਨਾਂ ਤੇ ਖੇਤ ਮਜ਼ਦੂਰਾਂ ਵਿਚਾਲੇ ਤਣਾਅ ਬਨਾਮ ਜਗੀਰੂ ਸਿਸਟਮ



**ਡਾ. ਗਿਆਨ ਸਿੰਘ**

2020 ਵਿਚ ਸ਼ੁਰੂ ਹੋਏ ਅਤੇ ਇਕ ਸਾਲ ਤੋਂ ਵੱਧ ਚੱਲੇ ਜਮਹੂਰੀ ਅਤੇ ਸ਼ਾਂਤਮਈ ਸੰਘਰਸ਼ ਵਿਚ ਪੰਜਾਬ ਦੇ ਕਿਸਾਨਾਂ ਦੇ ਨਾਲ ਨਾਲ ਇੱਥੋਂ ਦੇ ਖੇਤ ਮਜ਼ਦੂਰਾਂ ਨੇ ਆਪਣੀ ਸਮਰੱਥਾ ਅਨੁਸਾਰ ਬਣਦਾ ਯੋਗਦਾਨ ਪਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ ਜਿਸ ਕਰਕੇ ਇਸ ਸੰਘਰਸ਼ ਨੂੰ ਕਿਸਾਨ-ਮਜ਼ਦੂਰ ਸੰਘਰਸ਼ ਦਾ ਨਾਮ ਦਿੱਤਾ ਗਿਆ। ਇਸ ਸੰਘਰਸ਼ ਵਿਚ ਮੁਲਕ ਦੇ ਬਹੁਤੇ ਸੂਬਿਆਂ ਦੇ ਕਿਸਾਨਾਂ-ਮਜ਼ਦੂਰਾਂ ਅਤੇ ਹੋਰ ਬਹੁਤ ਸਾਰੇ ਕਿਰਤੀ ਵਰਗਾਂ ਦੇ ਲੋਕਾਂ ਨੇ ਆਪਣਾ ਆਪਣਾ ਹਿੱਸਾ ਪਾਇਆ। ਇਉਂ ਇਹ ਸੰਘਰਸ਼ ਪੂਰੀ ਦੁਨੀਆਂ ਵਿਚ ਨਿਵੇਕਲਾ ਬਣ ਗਿਆ। ਇਸ ਦੌਰਾਨ ਕਿਸਾਨਾਂ-ਮਜ਼ਦੂਰਾਂ ਦੀਆਂ ਜਥੇਬੰਦੀਆਂ ਵੱਲੋਂ ਲਗਾਈਆਂ ਗਈਆਂ ਸਟੇਜਾਂ ਤੋਂ ਭਾਸ਼ਨ ਦੇਣ ਵਾਲਿਆਂ ਨੇ ਇਸ ਸੰਘਰਸ਼ ਦੇ ਉਦੇਸ਼ਾਂ ਦੇ ਵੱਖ ਵੱਖ ਪਹਿਲੂਆਂ ਉੱਪਰ ਰੌਸ਼ਨੀ ਪਾਉਂਦਿਆਂ ਕਿਸਾਨਾਂ ਦੇ ਨਾਲ ਨਾਲ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਵੀ ਹੱਲ ਕਰਨ ਦਾ ਵਾਅਦਾ ਕੀਤਾ।

ਝੋਨੇ ਦੀ ਲੁਆਈ ਲਈ ਮਾਲਵਾ ਖੇਤਰ ਦੇ ਦੋ ਜ਼ਿਲਿਆਂ ਬਠਿੰਡਾ ਅਤੇ ਸੰਗਰੂਰ ਦੇ ਤਿੰਨ ਪਿੰਡਾਂ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਵਿਚਕਾਰ ਝੋਨੇ ਦੀ ਲੁਆਈ ਅਤੇ ਦਿਹਾੜੀ ਸਬੰਧੀ ਕੁਝ ਟਕਰਾਅ ਦੇਖਣ ਨੂੰ ਮਿਲ ਰਿਹਾ ਹੈ। ਅਜਿਹਾ ਟਕਰਾਅ 2020 ਅਤੇ 2021 ਵਿਚ ਕਰੋਨਾ ਮਹਾਮਾਰੀ ਕਾਰਨ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਦੇ ਘੱਟਗਿਣਤੀ ਵਿਚ ਆਉਣ ਕਾਰਨ ਵੀ ਦੇਖਿਆ ਗਿਆ ਸੀ ਜਿਸ ਨੂੰ ਕੁਝ ਅਗਾਂਹਵਧੂ ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਨੇ ਸਮਝ ਨਾਲ ਟਾਲ਼ ਦਿੱਤਾ ਸੀ। ਕਿਸਾਨ-ਮਜ਼ਦੂਰ ਸੰਘਰਸ਼ ਵਿਚ ਖੇਤ ਮਜ਼ਦੂਰਾਂ ਦੇ ਪਾਏ ਯੋਗਦਾਨ ਅਤੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਖੇਤ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨ ਦੇ ਵਾਅਦਿਆਂ ਤੋਂ ਬਾਅਦ ਅਜਿਹੇ ਟਕਰਾਅ ਦੀ ਆਸ ਨਹੀਂ ਸੀ।

ਅਖ਼ਬਾਰੀ ਖ਼ਬਰਾਂ ਅਨੁਸਾਰ ਬਠਿੰਡੇ ਜ਼ਿਲੇ ਦੇ ਪਿੰਡ ਮਾਨਸਾ ਕਲਾਂ ਦੀ ਪੰਚਾਇਤ ਨੇ ਧਾਰਮਿਕ ਅਸਥਾਨ ਵਿਖੇ ਆਪਣਾ ਫ਼ੈਸਲਾ ਪੜ ਕੇ ਸੁਣਾਇਆ ਜਿਸ ਅਨੁਸਾਰ ਝੋਨੇ ਦੀ ਲੁਆਈ 3500 ਰੁਪਏ ਪ੍ਰਤੀ ਏਕੜ, ਮਜ਼ਦੂਰਾਂ ਦੀ ਦਿਹਾੜੀ 300 ਰੁਪਏ ਪ੍ਰਤੀ ਦਿਨ ਅਤੇ ਮਜ਼ਦੂਰ ਔਰਤਾਂ ਦੀ ਦਿਹਾੜੀ 250 ਰੁਪਏ ਪ੍ਰਤੀ ਦਿਨ ਤੈਅ ਕੀਤੀ। ਇਸ ਫ਼ੈਸਲੇ ਦੀ ਉਲੰਘਣਾ ਕਰਨ ਵਾਲੇ ਕਿਸਾਨਾਂ ਨੂੰ 5000 ਰੁਪਏ ਜੁਰਮਾਨਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਜਿਹੜੇ ਖੇਤ ਮਜ਼ਦੂਰ ਇਸ ਫ਼ੈਸਲੇ ਨੂੰ ਨਹੀਂ ਮੰਨਦੇ ਉਨਾਂ ਨੂੰ ਕਿਸਾਨਾਂ ਦੇ ਖੇਤਾਂ ਵਿਚ ਆਉਣ ਤੋਂ ਰੋਕਿਆ ਜਾਵੇ। ਸੰਗਰੂਰ ਜ਼ਿਲੇ ਦੇ ਪਿੰਡ ਡਸਕਾ ਵਿਚ ਕਿਸਾਨਾਂ ਨੇ ਝੋਨੇ ਦੀ ਲੁਆਈ 3500 ਰੁਪਏ ਪ੍ਰਤੀ ਏਕੜ ਤੈਅ ਕੀਤੀ ਹੈ ਅਤੇ ਇਹ ਫ਼ੈਸਲਾ ਨਾ ਮੰਨਣ ਵਾਲੇ ਕਿਸਾਨਾਂ ਨੂੰ 20,000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਸ ਪਿੰਡ ਵਿਚ ਪ੍ਰਤੀ ਦਿਨ ਦਿਹਾੜੀ 350 ਰੁਪਏ ਤੈਅ ਕੀਤੀ ਗਈ ਹੈ। ਇਸ ਪਿੰਡ ਦੇ ਖੇਤ ਮਜ਼ਦੂਰਾਂ ਨੇ ਆਪਣਾ ਇਕੱਠ ਕਰ ਕੇ ਫ਼ੈਸਲਾ ਕੀਤਾ ਜਿਸ ਅਨੁਸਾਰ ਝੋਨੇ ਦੀ ਲੁਆਈ 6000 ਰੁਪਏ ਪ੍ਰਤੀ ਏਕੜ ਅਤੇ ਮਜ਼ਦੂਰਾਂ ਦੀ ਦਿਹਾੜੀ 500 ਰੁਪਏ ਪ੍ਰਤੀ ਦਿਨ ਤੈਅ ਕੀਤੀ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਖੇਤ ਮਜ਼ਦੂਰਾਂ ਨੂੰ 2000 ਰੁਪਏ ਜੁਰਮਾਨਾ ਲਾਉਣ ਬਾਰੇ ਵੀ ਕਿਹਾ ਗਿਆ ਹੈ। ਸੰਗਰੂਰ ਜ਼ਿਲੇ ਦੇ ਇਕ ਹੋਰ ਪਿੰਡ ਚਹਿਲਾਂ ਪੱਤੀਆਂ ਵਿਚ ਕਿਸਾਨਾਂ ਨੇ ਝੋਨੇ ਦੀ ਲੁਆਈ 3500 ਰੁਪਏ ਪ੍ਰਤੀ ਏਕੜ ਤੈਅ ਕਰਦਿਆਂ ਇਹ ਕਿਹਾ ਹੈ ਕਿ ਜਿਹੜੇ ਕਿਸਾਨ ਇਸ ਤੋਂ ਵੱਧ ਮਜ਼ਦੂਰੀ ਦੇਣਗੇ ਉਨਾਂ ਨੂੰ 50,000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਕਿਸਾਨਾਂ ਨੇ ਆਪਣੇ ਇਸ ਫ਼ੈਸਲੇ ਨੂੰ ਲਾਗੂ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਇਸ ਫ਼ੈਸਲੇ ਦੀ ਉਲੰਘਣਾ ਦੀ ਸੂਚਨਾ ਦੇਣ ਵਾਲੇ ਵਿਅਕਤੀ ਨੂੰ 10,000 ਰੁਪਏ ਦਾ ਇਨਾਮ ਦੇਣ ਦਾ ਵੀ ਐਲਾਨ ਕੀਤਾ ਹੈ।

ਕਿਸਾਨਾਂ ਵੱਲੋਂ ਖੇਤ ਮਜ਼ਦੂਰਾਂ ਦੀਆਂ ਮਜ਼ਦੂਰੀ ਦਰਾਂ ਸਬੰਧੀ ਅਜਿਹੇ ਫ਼ੈਸਲੇ ਕਰਨੇ ਕਿਸੇ ਵੀ ਤਰਾਂ ਜਾਇਜ਼ ਨਹੀਂ ਹਨ। ਅਜਿਹੇ ਫ਼ੈਸਲਿਆਂ ਦਾ ਐਲਾਨ ਕਿਸੇ ਵੀ ਧਾਰਮਿਕ ਅਸਥਾਨ ਵਿਚ ਹਰਗਿਜ਼ ਨਹੀਂ ਹੋਣਾ ਚਾਹੀਦਾ ਕਿਉਂਕਿ ਧਾਰਮਿਕ ਅਸਥਾਨ ਸਾਰਿਆਂ ਦੇ ਸਾਂਝੇ ਹੁੰਦੇ ਹਨ ਅਤੇ ਇਨਾਂ ਅਸਥਾਨਾਂ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ। ਸਿੱਖ ਧਰਮ ਮਨੁੱਖਾਂ ਨੂੰ ਜੀਵਨ-ਜਾਚ ਸਿਖਾਉਂਦਿਆਂ 'ਗ਼ਰੀਬ ਦਾ ਮੂੰਹ, ਗੁਰੂ ਕੀ ਗੋਲਕ' ਦਾ ਸੰਦੇਸ਼ ਵੀ ਪ੍ਰਮੁੱਖਤਾ ਨਾਲ ਦਿੰਦਾ ਹੈ। ਇਸ ਸੰਦੇਸ਼ ਨੂੰ ਸਮਝਦੇ ਹੋਏ ਵੀ ਕਿਸਾਨਾਂ ਵੱਲੋਂ ਖੇਤ ਮਜ਼ਦੂਰਾਂ ਦੀਆਂ ਮਜ਼ਦੂਰੀ ਦਰਾਂ ਦੀ ਉੱਚਤਮ ਸੀਮਾ ਤੈਅ ਕਰਨੀ ਗ਼ਰੀਬ ਖੇਤ ਮਜ਼ਦੂਰਾਂ ਨਾਲ ਧੱਕਾ ਹੈ।

1960ਵਿਆਂ ਵਿਚ ਮੁਲਕ ਅੰਨ ਪਦਾਰਥਾਂ ਦੀ ਭਾਰੀ ਥੁੜ ਦਾ ਸਾਹਮਣਾ ਕਰ ਰਿਹਾ ਸੀ। ਇਸ ਕਾਰਨ ਅਮਰੀਕਾ ਤੋਂ ਪੀ.ਐੱਲ.-480 ਅਧੀਨ ਉਸ ਦੀਆਂ ਸ਼ਰਤਾਂ ਮੰਨ ਕੇ ਅਨਾਜ ਮੰਗਵਾ ਰਿਹਾ ਸੀ। ਭਾਰਤ ਸਰਕਾਰ ਨੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਦਾ ਫ਼ੈਸਲਾ ਲਿਆ ਅਤੇ ਮੁਲਕ ਦੇ ਵੱਖ ਵੱਖ ਖੇਤਰਾਂ ਦਾ ਅਧਿਐਨ ਕਰਨ ਤੋਂ ਬਾਅਦ ਇਸ ਜੁਗਤ ਨੂੰ ਪੰਜਾਬ ਵਿਚ ਸ਼ੁਰੂ ਕੀਤਾ ਗਿਆ। ਅਜਿਹਾ ਫ਼ੈਸਲਾ ਕਰਨ ਪਿੱਛੇ ਪੰਜਾਬ ਦੇ ਹਿੰਮਤੀ ਕਿਸਾਨ, ਖੇਤ ਮਜ਼ਦੂਰ, ਪੇਂਡੂ ਛੋਟੇ ਕਾਰੀਗਰ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨ ਸਨ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ ਦੀ ਹੱਦੋਂ ਵੱਧ ਵਰਤੋਂ ਸਦਕਾ ਮੁਲਕ ਵਿਚ ਅੰਨ ਪਦਾਰਥਾਂ ਦੀ ਭਾਰੀ ਥੁੜ ਉੱਤੇ ਕਾਬੂ ਪਾਇਆ ਜਾ ਸਕਿਆ।

'ਖੇਤੀਬਾੜੀ ਦੀ ਨਵੀਂ ਜੁਗਤ' ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦੀ ਵਰਤੋਂ ਕੀਤੀ ਜਾਣੀ ਸੀ। ਸ਼ੁਰੂ ਵਿਚ ਇਸ ਖ਼ਾਤਰ ਵਰਤੇ ਸਾਧਨਾਂ ਅਤੇ ਪੰਜਾਬ ਦੇ ਧਰਤੀ ਹੇਠਲੇ ਪਾਣੀ, ਇੱਥੋਂ ਦੀ ਭੂਮੀ ਦੀ ਨਰੋਈ ਸਿਹਤ ਅਤੇ ਵੱਖ-ਵੱਖ ਫ਼ਸਲਾਂ ਲਈ ਢੁਕਵੇਂ ਵਾਤਾਵਰਨ ਕਾਰਨ ਫ਼ਸਲੀ-ਘਣਤਾ ਵਿਚ ਵਾਧਾ ਹੋਇਆ ਜਿਸ ਕਾਰਨ ਮਜ਼ਦੂਰਾਂ ਦੀ ਮੰਗ ਵਧੀ। ਇਸ ਜੁਗਤ ਦੇ ਕਾਮਯਾਬ ਹੋਣ ਕਰਕੇ ਕੇਂਦਰ ਸਰਕਾਰ ਨੇ 1973 ਤੋਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਅਤੇ ਯਕੀਨੀ ਸਰਕਾਰੀ ਖ਼ਰੀਦ ਰਾਹੀਂ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ ਦਿੱਤੀ। ਇਹ ਪੰਜਾਬ ਦੇ ਖੇਤੀਬਾੜੀ-ਜਲਵਾਯੂ ਅਨੁਸਾਰ ਢੁੱਕਵੀਂ ਫ਼ਸਲ ਨਹੀਂ ਹੈ ਜਿਸ ਕਾਰਨ ਇਸ ਫ਼ਸਲ ਦੀ ਲੁਆਈ ਲਈ ਖੇਤ ਮਜ਼ਦੂਰ ਬਿਹਾਰ, ਉੱਤਰ ਪ੍ਰਦੇਸ਼ ਅਤੇ ਕੁਝ ਹੋਰ ਸੂਬਿਆਂ ਤੋਂ ਪੰਜਾਬ ਵਿਚ ਆਉਣੇ ਸ਼ੁਰੂ ਹੋਏ। ਬਿਹਾਰ, ਉੱਤਰ ਪ੍ਰਦੇਸ਼ ਅਤੇ ਕੁਝ ਹੋਰ ਸੂਬਿਆਂ ਵਿਚ ਖੇਤ ਮਜ਼ਦੂਰਾਂ ਦੀ ਮੰਗ ਅਤੇ ਉਨਾਂ ਮਜ਼ਦੂਰੀ ਦੀਆਂ ਦਰਾਂ ਬਹੁਤ ਘੱਟ ਹੋਣ ਕਾਰਨ ਉੱਥੋਂ ਆਉਣ ਵਾਲੇ ਵੱਡੀ ਗਿਣਤੀ ਵਿਚ ਮਜ਼ਦੂਰਾਂ ਨੇ ਬਹੁਤ ਘੱਟ ਮਜ਼ਦੂਰੀ ਕਰਨ ਨੂੰ ਸਵੀਕਾਰਿਆ। ਇਸ ਦਾ ਮਾਰੂ ਅਸਰ ਪੰਜਾਬ ਦੇ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨਾਂ ਅਤੇ ਉਨਾਂ ਦੀ ਸ਼ੁੱਧ ਮਜ਼ਦੂਰੀ ਉੱਪਰ ਪਿਆ।

ਪੰਜਾਬ ਵਿਚ ਖੇਤ ਮਜ਼ਦੂਰਾਂ ਦੀਆਂ ਮਜ਼ਦੂਰੀ ਦਰਾਂ ਖੇਤ ਮਜ਼ਦੂਰਾਂ ਦੀ ਮੰਗ ਅਤੇ ਪੂਰਤੀ ਦੁਆਰਾ ਤੈਅ ਕੀਤੀਆਂ ਜਾਂਦੀਆਂ ਰਹੀਆਂ ਹਨ। ਭਾਵੇਂ ਸਮੇਂ ਦੇ ਨਾਲ ਮਜ਼ਦੂਰੀ ਦਰਾਂ ਵਿਚ ਕੁਝ ਵਾਧਾ ਹੁੰਦਾ ਰਿਹਾ ਹੈ ਪਰ ਮਹਿੰਗਾਈ ਦਾ ਵਾਧਾ ਉਨਾਂ ਦੀਆਂ ਸ਼ੁੱਧ ਮਜ਼ਦੂਰੀ ਦਰਾਂ ਵਿਚ ਵਾਧੇ ਨੂੰ ਬੇਅਸਰ ਬਣਾਉਂਦਾ ਰਿਹਾ ਹੈ। ਵੱਖ ਵੱਖ ਖੋਜ ਅਧਿਐਨਾਂ ਨੇ ਇਹ ਤੱਥ ਸਾਹਮਣੇ ਲਿਆਂਦੇ ਹਨ ਕਿ ਖੇਤ ਮਜ਼ਦੂਰਾਂ ਦੀਆਂ ਸ਼ੁੱਧ ਮਜ਼ਦੂਰੀ ਦਰਾਂ ਵਿਚ ਜਾਂ ਤਾਂ ਕੋਈ ਵਾਧਾ ਨਹੀਂ ਹੋਇਆ ਜਾਂ ਉਹ ਘਟੀਆਂ ਹਨ। ਹੁਣ ਜਦੋਂ ਝੋਨੇ ਦੀ ਲੁਆਈ ਲਈ ਮਜ਼ਦੂਰਾਂ ਦੀ ਮੰਗ ਉਨਾਂ ਦੀ ਪੂਰਤੀ ਤੋਂ ਵਧਦੀ ਹੈ ਤਾਂ ਉਨਾਂ ਦੀਆਂ ਮਜ਼ਦੂਰੀ ਦਰਾਂ ਦੀ ਉੱਚਤਮ ਸੀਮਾ ਤੈਅ ਕਰਨਾ ਹਰ ਪੱਖ ਤੋਂ ਗ਼ੈਰ-ਵਾਜਬ ਹੈ।

ਪੰਜਾਬ ਦੇ ਖੇਤ ਮਜ਼ਦੂਰਾਂ ਦੀਆਂ ਪਤਲੇ ਆਰਥਿਕ-ਸਮਾਜਿਕ ਹਾਲਾਤ ਅਤੇ ਬਹੁਤ ਨੀਵੇਂ ਪੱਧਰ ਦੀ ਸਿਆਸੀ ਭਾਗੀਦਾਰੀ ਇਨਾਂ ਮਜ਼ਦੂਰਾਂ ਦੀਆਂ ਅਹਿਮ ਸਮੱਸਿਆਵਾਂ ਨੂੰ ਸਮੇਂ ਸਮੇਂ ਉੱਤੇ ਸਾਹਮਣੇ ਲਿਆਉਂਦੇ ਰਹਿੰਦੇ ਹਨ। ਪੰਜਾਬ ਵਿਚ ਕੀਤੇ ਗਏ ਵੱਖ ਵੱਖ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਇੱਥੋਂ ਦੇ ਖੇਤ ਮਜ਼ਦੂਰਾਂ ਦੇ ਖੀਸੇ ਖ਼ਾਲੀ, ਢਿੱਡ ਭੁੱਖੇ, ਤਨ ਉੱਤੇ ਲੀਰਾਂ ਹੁੰਦੀਆਂ ਹਨ; ਇਸ ਦੇ ਨਾਲ ਨਾਲ ਉਨਾਂ ਜ਼ਮੀਨ-ਵਿਹੂਣੇ ਕਿਰਤੀਆਂ ਨੂੰ ਜਗੀਰੂ ਘੂਰਾਂ ਦਾ ਵੀ ਸ਼ਿਕਾਰ ਹੋਣਾ ਪੈ ਰਿਹਾ ਹੈ।

ਪੰਜਾਬ ਵਿਚ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਵਰਤੋਂ ਨੇ ਖੇਤੀਬਾੜੀ ਖੇਤਰ ਵਿਚ ਅਤੇ ਖ਼ਾਸ ਕਰਕੇ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨ ਘਟਾ ਦਿੱਤੇ ਹਨ। ਇਸ ਜੁਗਤ ਨੂੰ ਅਪਣਾਉਣ ਤੋਂ ਪਹਿਲਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਰਿਸ਼ਤਾ ਹੁਣ ਦੇ ਮੁਕਾਬਲੇ ਨਿੱਘਾ ਸੀ। ਉਸ ਸਮੇਂ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿਚ ਸਾਂਝੀ/ਸੀਰੀ ਖੇਤ ਮਜ਼ਦੂਰੀ ਪ੍ਰਣਾਲੀ ਪ੍ਰਚੱਲਤ ਸੀ। ਸਾਂਝੀ/ਸੀਰੀ ਨੂੰ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਵਿਚੋਂ ਹਿੱਸਾ ਮਿਲਦਾ ਸੀ। ਭਾਵੇਂ ਉਸ ਸਮੇਂ ਦੌਰਾਨ ਵੀ ਸਾਂਝ/ਸੀਰ ਟੀਰ ਵਾਲੀ ਸੀ ਜਿਸ ਅਧੀਨ ਕਿਸਾਨ ਨੂੰ ਬਹੁਤ ਜ਼ਿਆਦਾ ਹਿੱਸਾ ਅਤੇ ਸਾਂਝੀ/ਸੀਰੀ ਨੂੰ ਬਹੁਤ ਹੀ ਥੋੜਾ ਹਿੱਸਾ ਮਿਲਦਾ ਸੀ ਪਰ ਇਸ ਦੇ ਬਾਵਜੂਦ ਸਾਂਝੀਆਂ/ਸੀਰੀਆਂ ਦੇ ਔਖੇ ਸਮਿਆਂ ਦੌਰਾਨ ਕਿਸਾਨ ਆਪਣੀ ਸਮਰੱਥਾ ਅਨੁਸਾਰ ਉਨਾਂ ਦੀ ਮਦਦ ਕਰਦੇ ਸਨ। 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਨਫ਼ੇ ਵਾਲੇ ਸੁਭਾਅ ਨੇ ਇਸ ਨਿੱਘੇ ਸਬੰਧ ਉੱਪਰ ਬਹੁਤ ਸੱਟ ਮਾਰੀ ਹੈ। ਜਿੱਥੇ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਵਰਤੋਂ ਨੇ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨਾਂ ਨੂੰ ਘਟਾਇਆ ਅਤੇ ਉਨਾਂ ਦੀਆਂ ਸ਼ੁੱਧ ਮਜ਼ਦੂਰੀ ਦਰਾਂ ਨੂੰ ਜਾਂ ਤਾਂ ਵਧਣ ਤੋਂ ਰੋਕਿਆ ਜਾਂ ਘਟਾਇਆ, ਉੱਥੇ ਹੁਣ ਖੇਤੀਬਾੜੀ ਲਾਗਤਾਂ ਨੂੰ ਘਟਾਉਣ ਅਤੇ ਹੋਰ ਕਾਰਨਾਂ ਕਰਕੇ ਝੋਨੇ ਦੀ ਸਿੱਧੀ ਬਿਜਾਈ ਇਨਾਂ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨਾਂ ਵਿਚ ਹੋਰ ਕਮੀ ਕਰਦਿਆਂ ਉਨਾਂ ਦੀ ਆਮਦਨ ਨੂੰ ਘਟਾਏਗੀ।

**ਬਾਕੀ ਸਫ਼ਾ 30 'ਤੇ**

# ਖੇਤੀ ਨੂੰ ਲਾਭਦਾਇਕ ਰੁਜ਼ਗਾਰ ਬਣਾਓ

**ਦਵਿੰਦਰ ਸ਼ਰਮਾ**

ਅਚਾਨਕ ਤਾਲਾਬੰਦੀ ਹੋਣ ਤੋਂ ਬਾਅਦ ਲੱਖਾਂ ਹੀ ਦਿਹਾੜੀਦਾਰ ਕਾਮਿਆਂ ਨੂੰ ਆਪਣੇ ਘਰਾਂ ਵੱਲ ਜਾਣ ਲਈ ਕਈ ਸੌ ਕਿੱਲੋਮੀਟਰ ਪੈਦਲ ਚੱਲਣਾ ਪਿਆ ਹੁਣ ਇਸ ਤੋਂ ਦੋ ਸਾਲ ਬਾਅਦ 'ਦ ਸੈਂਟਰ ਫਾਰ ਮੋਨੀਟੀਰਿੰਗ ਆਫ਼ ਇੰਡੀਅਨ ਇਕਾਨਾਮੀ' (ਸੀ.ਐਮ.ਆਈ.ਈ.) ਨੇ ਭਾਰਤ ਦੀ ਕਿਰਤ ਸ਼ਕਤੀ ਭਾਗੀਦਾਰੀ ਦਰ 'ਤੇ ਇਕ ਅਧਿਐਨ ਪੇਸ਼ ਕੀਤਾ ਹੈ, ਜੋ ਦੱਸਦਾ ਹੈ ਕਿ ਹੁਣ 90 ਕਰੋੜ ਲੋਕਾਂ ਨੂੰ ਨੌਕਰੀ ਹਾਸਲ ਕਰਨ ਵਿਚ ਦਿਲਚਸਪੀ ਨਹੀਂ ਰਹੀ। ਰਿਪੋਰਟ ਦੱਸਦੀ ਹੈ ਕਿ ਨੌਕਰੀ ਹਾਸਲ ਕਰਨ 'ਚ ਅਸਫਲ ਹੋਣ ਨਾਲ ਅਤੇ ਸੰਭਾਵਿਤ ਇਸ ਵਿਸ਼ਵਾਸ ਤਹਿਤ ਕਿ ਨੌਕਰੀਆਂ ਉਪਲਬਧ ਹੀ ਨਹੀਂ ਹਨ, ਉਹ ਐਨੇ ਜ਼ਿਆਦਾ ਨਿਰਾਸ਼ ਹਨ ਕਿ ਉਨਾਂ ਹੁਣ ਰੁਜ਼ਗਾਰ ਦੀ ਭਾਲ ਕਰਨੀ ਹੀ ਬੰਦ ਕਰ ਦਿੱਤੀ ਹੈ।

ਇਕ ਅਜਿਹੇ ਦੇਸ਼ ਵਿਚ ਜਿੱਥੇ ਰੁਜ਼ਗਾਰ ਸਿਰਜਣ ਦਾ ਮੁੱਦਾ ਦੇਸ਼ ਦੇ ਸਿਆਸੀ ਏਜੰਡਿਆਂ ਵਿਚ ਸਭ ਤੋਂ ਉੱਪਰ ਹੈ, ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਕਿਸੇ ਵੀ ਨੌਕਰੀ ਲਈ 90 ਕਰੋੜ ਲੋਕਾਂ ਦਾ ਨਾ ਹੋਣਾ ਕੋਈ ਛੋਟੀ ਗੱਲ ਨਹੀਂ ਹੈ। ਇਹ ਰੂਸ ਅਤੇ ਸੰਯੁਕਤ ਰਾਜ ਅਮਰੀਕਾ ਦੀ ਸਾਂਝੀ ਜਨਸੰਖਿਆ ਦੇ ਲਗਭਗ ਬਰਾਬਰ ਹੈ। ਭਾਰਤ ਦੀ ਆਬਾਦੀ ਦਾ ਐਨਾ ਵੱਡਾ ਹਿੱਸਾ ਇਕ ਚੰਗੀ ਨੌਕਰੀ ਲੱਭਣ ਦੀ ਸੰਭਾਵਨਾ ਤੋਂ ਨਿਰਾਸ਼ ਹੈ ਅਤੇ ਇਸ ਦੀ ਬਜਾਏ ਰੁਜ਼ਗਾਰ ਰਜਿਸਟਰ ਨੂੰ ਛੱਡਣ ਦਾ ਫ਼ੈਸਲਾ ਕਰਨਾ, ਆਰਥਿਕ ਸੋਚ ਅਤੇ ਦ੍ਰਿਸ਼ਟੀਕੋਣ ਦੀ ਇਕ ਇਤਿਹਾਸਕ ਬੱਜਰ ਭੁੱਲ ਦਾ ਸੂਚਕ ਹੈ। ਪਰ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅਸੀਂ ਅਜੇ ਵੀ ਇਹ ਮੰਨਣ ਵਿਚ ਅਸਫਲ ਹਾਂ ਕਿ ਅਸੀਂ ਗ਼ਲਤ ਕਿੱਥੇ ਹੋਏ ਹਾਂ।

ਜਦੋਂ ਤਾਲਾਬੰਦੀ ਲੱਗੀ ਸੀ ਤਾਂ ਲਗਭਗ 10 ਕਰੋੜ ਲੋਕ ਵਾਪਸ ਆਪੋ-ਆਪਣੇ ਸ਼ਹਿਰਾਂ ਅਤੇ ਸੂਬਿਆਂ ਵੱਲ ਚੱਲ ਪਏ ਸਨ, ਜਿਨਾਂ ਵਿਚ ਕਈ ਆਪਣੇ ਬੱਚਿਆਂ ਨੂੰ ਗੋਦੀਆਂ 'ਚ ਚੁੱਕ ਕੇ ਆਪਣਾ ਸਾਮਾਨ ਧੂਹ ਕੇ ਨਾਲ ਲੈ ਗਏ। ਦੇਸ਼ ਨੇ ਆਪਣੇ ਟੀ.ਵੀ. ਚੈਨਲਾਂ 'ਤੇ ਜੋ ਉਲਟਾ ਪ੍ਰਵਾਸ ਦੇਖਿਆ, ਉਹ ਸ਼ਾਇਦ ਉਸ ਪ੍ਰਵਾਸ ਤੋਂ ਘੱਟ ਦੁਖਦਾਈ ਨਹੀਂ ਸੀ, ਜਿਸ ਨੇ ਵੰਡ ਸਮੇਂ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਜਦੋਂ ਮਹਾਂਮਾਰੀ ਦਾ ਅਸਰ ਘੱਟ ਹੋਇਆ ਤਾਂ ਕੁਝ ਪ੍ਰਵਾਸੀ ਕਿਰਤੀ ਵਾਪਸ ਸ਼ਹਿਰਾਂ ਵਿਚ ਆਪੋ-ਆਪਣੇ ਕੰਮਾਂ 'ਤੇ ਪਰਤ ਆਏ, ਪਰ ਜ਼ਿਆਦਾਤਰ ਨੇ ਆਪਣੇ ਘਰਾਂ 'ਚ ਹੀ ਰਹਿਣਾ ਪਸੰਦ ਕੀਤਾ। ਐਨਾ ਵੱਡਾ ਸੰਕਟ ਆਉਣ ਦੇ ਬਾਵਜੂਦ ਇਕ ਖੇਤੀ ਖੇਤਰ ਹੀ ਸੀ, ਜੋ ਅਜੇ ਵੀ ਵਾਧੂ ਪ੍ਰਵਾਸੀ ਕਾਰਜਬਲ ਨੂੰ ਝੱਲਣ ਦੇ ਸਮਰੱਥ ਸੀ।

ਸੀ.ਐਮ.ਆਈ.ਈ. ਦੀ ਤਾਜ਼ਾ ਰਿਪੋਰਟ ਮੁਤਾਬਿਕ ਇਕੱਲਿਆਂ ਮਾਰਚ ਮਹੀਨੇ ਵਿਚ ਉਦਯੋਗ ਨਾਲ ਸੰਬੰਧਿਤ ਨੌਕਰੀਆਂ 'ਚ 1 ਕਰੋੜ 67 ਲੱਖ ਦੀ ਗਿਰਾਵਟ ਆਈ ਹੈ। ਖੇਤੀਬਾੜੀ ਖੇਤਰ ਨੇ ਨੌਕਰੀ ਗਵਾਉਣ ਵਾਲਿਆਂ ਨੂੰ ਵੀ ਰੁਜ਼ਗਾਰ ਦਿੱਤਾ, ਜਦੋਂ ਕਿ ਉਹ ਪਹਿਲਾਂ ਤੋਂ 1 ਕਰੋੜ 53 ਲੱਖ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਰਿਹਾ ਸੀ। ਪਰ ਫਿਰ ਵੀ ਮੈਨੂੰ ਲਗਦਾ ਹੈ ਕਿ ਪ੍ਰਮੁੱਖ ਆਰਥਿਕ ਸੋਚ ਗ਼ੈਰ-ਖੇਤੀਬਾੜੀ ਸਰਗਰਮੀਆਂ ਦੀ ਪੁਨਰ ਸੁਰਜੀਤੀ 'ਤੇ ਨਿਰਭਰ ਕਰਦੀ ਹੈ, ਨਾ ਕਿ ਰੁਜ਼ਗਾਰ ਦੇ ਭਰਪੂਰ ਮੌਕੇ ਪੈਦਾ ਕਰਨ ਵਾਲੀ ਖੇਤੀਬਾੜੀ 'ਤੇ। ਇਹ ਉਹੀ ਆਰਥਿਕ ਸੋਚ ਹੈ, ਜੋ ਸਾਨੂੰ ਇਹ ਯਕੀਨ ਕਰਨ ਲਈ ਪ੍ਰੇਰਿਤ ਕਰਦੀ ਸੀ ਕਿ ਉੱਚ ਆਰਥਿਕ ਵਿਕਾਸ ਪ੍ਰਾਪਤ ਕਰਨ ਲਈ ਖੇਤੀ 'ਤੇ ਨਿਰਭਰ ਲੋਕਾਂ ਦੀ ਗਿਣਤੀ ਨੂੰ ਘੱਟ ਕਰਨਾ ਹੋਵੇਗਾ। ਇਹ ਪੁਰਾਣੀ ਆਰਥਿਕ ਸੋਚ ਸਾਡੀ ਜਨਤਕ ਨੀਤੀ 'ਤੇ ਹਾਵੀ ਹੈ। ਹੁਣ ਵੀ ਜਦੋਂ ਦੁਨੀਆ ਵਿਚ ਉਦਯੋਗਿਕ ਉਤਪਾਦਨ 'ਤੇ ਆਟੋਮਾਈਜੇਸ਼ਨ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਕਬਜ਼ਾ ਹੋਣ ਨਾਲ ਨੌਕਰੀਆਂ ਦੀ ਕਮੀ 'ਚ ਵਾਧਾ ਦੇਖਿਆ ਜਾ ਰਿਹਾ ਹੈ, ਤਾਂ ਵੀ ਸਾਡੀ ਆਰਥਿਕ ਸੋਚ, ਚਾਹੇ ਅਸੀਂ ਕਿਸੇ ਵੀ ਸਮੇਂ ਵਿਚ ਰਹਿ ਰਹੇ ਹੋਈਏ, ਭਾਵੇਂ ਉਹ ਕਿੰਨੀ ਵੀ ਅਪ੍ਰਸੰਗਿਕ ਹੋਵੇ, ਨਹੀਂ ਬਦਲੀ।

ਜਦੋਂ ਕਿ ਵੱਡੇ ਉਦਯੋਗਾਂ ਵਲੋਂ ਰੁਜ਼ਗਾਰ ਦੇ ਮੌਕਿਆਂ 'ਚ ਇਕ ਵੱਡੀ ਗਿਰਾਵਟ ਵੱਲ ਇਸ਼ਾਰਾ ਕੀਤਾ ਜਾ ਰਿਹਾ ਹੈ, ਕੁਝ ਮੀਡੀਆ ਪ੍ਰਕਾਸ਼ਨ ਸਮੂਹ ਮੈਕਕਿਨਸੇ ਗਲੋਬਲ ਇੰਸਟੀਚਿਊਟ ਵਲੋਂ 2020 ਦੇ ਇਕ ਅਧਿਐਨ ਦਾ ਹਵਾਲਾ ਦੇਣ ਨੂੰ ਤਰਜੀਹ ਦਿੰਦੇ ਹਨ, ਜੋ ਇਹ ਕਹਿੰਦਾ ਹੈ ਕਿ ਭਾਰਤ ਨੂੰ 2030 ਤੱਕ 9 ਕਰੋੜ ਹੋਰ ਰੁਜ਼ਗਾਰ ਸਿਰਜਣ ਦੀ ਜ਼ਰੂਰਤ ਹੈ। ਮੇਰੀ ਰਾਏ ਵਿਚ ਇਹ ਇਕ ਪੁਰਾਣੀ ਆਰਥਿਕ ਸੋਚ ਹੈ ਅਤੇ ਇਕ ਪੁਰਾਣਾ ਬਿਰਤਾਂਤ ਜੋ ਨਵਉਦਾਰਵਾਦੀ ਅਰਥ ਸ਼ਾਸਤਰ ਦੇ ਯੁੱਗ ਦੌਰਾਨ ਬਣਾਇਆ ਗਿਆ ਸੀ, ਇਹ ਅਜੇ ਵੀ ਕਾਇਮ ਹੈ। ਮੈਨੂੰ ਕੁਝ ਅਜਿਹੇ ਬੁੱਧੀਜੀਵੀ ਵੀ ਮਿਲਦੇ ਹਨ, ਜਿਨਾਂ 'ਚ ਅਰਥਸ਼ਾਸਤਰੀ, ਸਿੱਖਿਆ ਸ਼ਾਸਤਰੀ ਅਤੇ ਲੇਖਕ ਸ਼ਾਮਿਲ ਹਨ, ਉਨਾਂ ਆਪਣੇ ਗ੍ਰੈਜੂਏਸ਼ਨ ਦੇ ਪਾਠਕ੍ਰਮਾਂ 'ਚ ਜੋ ਪੜਿਆ ਸੀ, ਉਹ ਉਸ ਤੋਂ ਪਰੇ ਵੇਖਣ ਤੋਂ ਅਸਮਰੱਥ ਹਨ। ਜਦੋਂ ਕਿ ਸਮਾਂ ਬਦਲ ਗਿਆ ਹੈ ਅਤੇ ਇਸੇ ਤਰਾਂ ਰੁਜ਼ਗਾਰ ਦੀ ਗਤੀਸ਼ੀਲਤਾ ਵੀ, ਪਰ ਆਰਥਿਕ ਵਿਚਾਰ ਪ੍ਰਕਿਰਿਆ ਅਜੇ ਵੀ ਨਹੀਂ ਬਦਲੀ।

ਆਓ, ਪਹਿਲਾਂ ਇਹ ਦੇਖਣ ਦੀ ਕੋਸ਼ਿਸ਼ ਕਰੀਏ ਕਿ ਅਸੀਂ ਕੀ ਗੁਆ ਰਹੇ ਹਾਂ ? ਦੋਵਾਂ ਹੀ ਮਾਮਲਿਆਂ 'ਚ ਪਹਿਲਾਂ ਤਾਲਾਬੰਦੀ ਦੀ ਮਿਆਦ ਅਤੇ ਹੁਣ ਮਾਰਚ 2022 ਵਿਚ ਕਿਰਤ ਬਲ ਦੀ ਹਿੱਸੇਦਾਰੀ ਦੀ ਦਰ 'ਚ ਗਿਰਾਵਟ ਦਾ ਅੰਤਰੀਵ ਸੰਦੇਸ਼ ਇਹ ਹੈ ਕਿ ਦਹਾਕਿਆਂ ਤੋਂ ਅਣਗਹਿਲੀ ਤੇ ਉਦਾਸੀਨਤਾ ਦੇ ਬਾਵਜੂਦ ਖੇਤੀਬਾੜੀ ਇਕੱਲਿਆ ਆਬਾਦੀ ਦੇ ਵੱਡੇ ਹਿੱਸੇ ਨੂੰ ਜਜ਼ਬ ਕਰਨ ਦੀ ਸਮਰੱਥਾ ਰੱਖਦੀ ਹੈ। ਛੋਟੇ ਕਿਸਾਨਾਂ ਨੂੰ ਨੌਕਰੀਆਂ ਦੀ ਤਲਾਸ਼ 'ਚ ਸ਼ਹਿਰ ਵੱਲ ਪਲਾਇਨ ਕਰਨ ਲਈ ਪ੍ਰੇਰਿਤ ਕਰਨ ਦੀ ਬਜਾਏ ਖੇਤੀਬਾੜੀ ਨੂੰ ਮੁੜ ਸੁਰਜੀਤ ਕਰਨ ਨਾਲ ਲਾਭਦਾਇਕ ਰੁਜ਼ਗਾਰ ਦੇ ਮੌਕੇ ਆਸਾਨੀ ਨਾਲ ਮਿਲ ਸਕਦੇ ਹਨ। ਜਨਤਕ ਖੇਤਰ ਦੇ ਨਿਵੇਸ਼ ਵਿਚ ਵਾਧੇ ਦੇ ਨਾਲ-ਨਾਲ ਕਿਸਾਨਾਂ ਨੂੰ ਇਕ ਗਾਰੰਟੀਸ਼ੁਦਾ (ਘੱਟੋ ਘੱਟ ਸਮਰਥਨ) ਮੁੱਲ ਦਿੱਤਾ ਜਾਵੇ, ਜਿਸ ਨਾਲ ਖੇਤੀ ਆਸਾਨੀ ਨਾਲ ਆਰਥਿਕ ਵਿਕਾਸ ਦਾ ਧੁਰਾ ਬਣ ਸਕਦੀ ਹੈ। ਇੱਥੇ ਮੈਂ ਮੁੜ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਇਕੱਲੀ ਖੇਤੀ ਹੀ ਅਰਥ ਵਿਵਸਥਾ ਨੂੰ ਮੁੜ ਤੋਂ ਲੀਹਾਂ 'ਤੇ ਲਿਆਉਣ ਦੀ ਸਮਰੱਥਾ ਰੱਖਦੀ ਹੈ। ਇਸ ਸਭ ਤੋਂ ਬਾਅਦ ਵੀ ਰੁਜ਼ਗਾਰ ਦੀ ਭਾਲ 'ਚ ਰੁਚੀ ਗਵਾ ਚੁੱਕੇ 90 ਕਰੋੜ ਲੋਕ ਵਿਹਲੇ ਨਹੀਂ ਬੈਠੇ। ਅਸੀਂ ਇਸ ਨੂੰ ਪਸੰਦ ਕਰੀਏ ਜਾਂ ਨਾ, ਉਨਾਂ ਵਿਚੋਂ ਜ਼ਿਆਦਾਤਰ ਆਪਣੀਆਂ ਘਰੇਲੂ ਖਾਧ ਜ਼ਰੂਰਤਾਂ ਨੂੰ ਧਿਆਨ 'ਚ ਰੱਖਦੇ ਹੋਏ ਕਈ ਹੋਰ ਸਰਗਰਮੀਆਂ ਦੇ ਨਾਲ-ਨਾਲ ਖੇਤੀਬਾੜੀ 'ਚ ਵੀ ਪੈਰ ਧਰ ਰਹੇ ਹਨ। ਅਜੇ ਵੀ ਇਹ ਉਮੀਦ ਕਰਨ ਦੀ ਬਜਾਏ ਕਿ ਕਿਸੇ ਦਿਨ ਉਦਯੋਗਿਕ ਨਿਰਮਾਣ ਖੇਤਰ ਵਾਪਸ ਲੀਹ 'ਤੇ ਆ ਜਾਵੇਗਾ ਅਤੇ

**ਬਾਕੀ ਸਫ਼ਾ 31 'ਤੇ**

# ਮੋਦੀ ਰਾਜ ਦੇ ਅੱਠ ਸਾਲ ਅਤੇ ਲੋਕਤੰਤਰ ਦਾ ਨਿਘਾਰ



**ਆਸ਼ੂਤੋਸ਼**

ਮੈਨੂੰ ਨਹੀਂ ਪਤਾ ਕਿ ਆਉਣ ਵਾਲੀਆਂ ਸਦੀਆਂ ਗਾਂਧੀ ਨੂੰ ਕਿਸ ਤਰਾਂ ਯਾਦ ਕਰਨਗੀਆਂ ਪਰ ਏਨਾ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਮੋਦੀ ਨੂੰ ਜ਼ਰੂਰ ਯਾਦ ਕਰਨਗੀਆਂ ਕਿ ਕਿਵੇਂ ਸਾਹ ਲੈਂਦੇ ਹੋਏ ਇਕ ਲੋਕਤੰਤਰ ਦਾ ਹੌਲੀ-ਹੌਲੀ ਗਲਾ ਘੁੱਟ ਦਿੱਤਾ ਗਿਆ ਅਤੇ ਇਕ ਸਹਿਣਸ਼ੀਲ ਸਮਾਜ ਨੂੰ ਅਸਹਿਣਸ਼ੀਲ ਸਮਾਜ ਵਿਚ ਬਦਲ ਦਿੱਤਾ ਗਿਆ। ਮੈਨੂੰ ਨਹੀਂ ਪਤਾ ਕਿ ਜਦੋਂ ਸਦੀਆਂ ਇਹ ਮੁਲਾਂਕਣ ਕਰ ਰਹੀਆਂ ਹੋਣਗੀਆਂ ਤਾਂ ਉਸ ਸਮੇਂ ਦੇਸ਼ ਵਿਚ ਲੋਕਤੰਤਰ ਹੋਵੇਗਾ ਜਾਂ ਨਹੀਂ ਪਰ ਏਨਾ ਜ਼ਰੂਰ ਵਿਸ਼ਵਾਸ ਹੈ ਕਿ ਲੋਕਤੰਤਰ ਦੀ ਯਾਦ ਜ਼ਰੂਰ ਲੋਕਾਂ ਦੀਆਂ ਅੱਖਾਂ ਵਿਚ ਹੰਝੂ ਲਿਆਵੇਗੀ।

2014 ਵਿਚ ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਡਾ. ਮਨਮੋਹਨ ਸਿੰਘ ਦੀ ਥਾਂ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲੀ ਸੀ ਤਾਂ ਬਹੁਤ ਸਾਰੇ ਬੁੱਧੀਜੀਵੀਆਂ ਨੂੰ ਇਸ ਗੱਲ ਦੀ ਉਮੀਦ ਸੀ ਕਿ ਦੇਸ਼ ਨੂੰ ਇਕ ਬੇਹੱਦ ਭ੍ਰਿਸ਼ਟ ਸਰਕਾਰ ਤੋਂ ਛੁਟਕਾਰਾ ਮਿਲਿਆ ਹੈ, ਦੇਸ਼ ਹੁਣ ਰਾਸ਼ਟਰ ਨਿਰਮਾਣ ਦੇ ਦੂਜੇ ਦੌਰ ਵਿਚ ਦਾਖ਼ਲ ਹੋਏਗਾ। ਇਹ ਉਹ ਲੋਕ ਸਨ ਜੋ ਹਿੰਦੂਵਾਦੀ ਨਹੀਂ ਸਨ, ਇਹ ਉਹ ਲੋਕ ਸਨ ਜੋ ਆਰ. ਐਸ. ਐਸ. ਦੇ ਪ੍ਰਚਾਰਕ ਨਹੀਂ ਸਨ, ਇਹ ਵੱਡੀਆਂ-ਵੱਡੀਆਂ ਯੂਨੀਵਰਸਿਟੀਆਂ ਵਿਚ ਵੱਡੇ-ਵੱਡੇ ਅਹੁਦਿਆਂ 'ਤੇ ਸਨ, ਵਿਦੇਸ਼ੀ ਅਖ਼ਬਾਰਾਂ ਵਿਚ ਕਾਲਮ ਲਿਖਿਆ ਕਰਦੇ ਸਨ। ਇਨਾਂ ਨੂੰ ਭਾਜਪਾ ਤੋਂ ਉਮੀਦ ਸ਼ਾਇਦ ਨਹੀਂ ਸੀ, ਇਨਾਂ ਨੂੰ ਉਮੀਦ ਸੀ ਮੋਦੀ ਤੋਂ। ਡਾ. ਮਨਮੋਹਨ ਸਿੰਘ ਦੀ ਹਰ ਕਮਜ਼ੋਰੀ ਦਾ ਜਵਾਬ ਉਹ ਮੋਦੀ ਵਿਚ ਲੱਭ ਰਹੇ ਸਨ। ਅੱਜ ਅੱਠ ਸਾਲ ਬਾਅਦ ਇਹੀ ਲੋਕ ਮੋਦੀ ਤੋਂ ਨਾ ਸਿਰਫ਼ ਨਿਰਾਸ਼ ਹਨ, ਸਗੋਂ ਦੇਸ਼ ਵਿਚ ਲੋਕਤੰਤਰ ਬਚੇਗਾ ਜਾਂ ਨਹੀਂ, ਇਸ ਗੱਲ 'ਤੇ ਡੂੰਘੀ ਸੋਚ ਵਿਚ ਹਨ।

ਮੈਨੂੰ ਉਦੋਂ ਵੀ ਇਹ ਸਮਝ ਸੀ ਅਤੇ ਅੱਜ ਵੀ ਹੈ, ਕਿ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਦੇਸ਼ ਵਿਚ ਲੋਕਤੰਤਰ ਕਮਜ਼ੋਰ ਹੋਵੇਗਾ, ਸੰਸਥਾਵਾਂ ਨੂੰ ਸਿਉਂਕ ਲੱਗੇਗੀ, ਮੁਸਲਿਮ ਸਮਾਜ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰੇਗਾ ਅਤੇ ਸਮਾਜਕ ਤਾਣਾ-ਬਾਣਾ ਟੁੱਟੇਗਾ। ਮੈਨੂੰ ਇਹ ਸ਼ੱਕ ਸੀ ਕਿ ਮੀਡੀਆ ਸਰਕਾਰ ਦਾ ਦਾਸ ਬਣ ਜਾਵੇਗਾ, ਨੌਕਰਸ਼ਾਹੀ ਦੀ ਰੀੜ ਦੀ ਹੱਡੀ ਤੋੜ ਦਿੱਤੀ ਜਾਵੇਗੀ ਅਤੇ ਭਾਰਤ ਦੀ ਦਿੱਖ ਨੂੰ ਡੂੰਘੀ ਸੱਟ ਲੱਗੇਗੀ। ਹਿੰਦੂਤਵ ਭਾਰੂ ਹੋਵੇਗਾ ਅਤੇ ਨਹਿਰੂਵਾਦੀ ਉਦਾਰਵਾਦ ਦੀਆਂ ਜੜਾਂ ਵਿਚ ਤੇਲ ਪਾ ਦਿੱਤਾ ਜਾਵੇਗਾ। ਧਰਮ ਦਾ ਬੋਲਬਾਲਾ ਹੋਵੇਗਾ ਅਤੇ 'ਮੀਡੀਆਕ੍ਰਿਟੀ' ਸਮਾਜ ਦੀ ਸੋਚ ਬਣ ਜਾਵੇਗੀ, ਜਿਸ ਵਿਚ ਹਰ ਉਹ ਚੀਜ਼ ਜੋ 'ਕ੍ਰੀਏਟਿਵ' ਹੈ, ਉਹ ਈਸ਼ਨਿੰਦਾ ਦਾ ਕਾਰਨ ਬਣੇਗੀ। ਰਚਨਾਤਮਿਕਤਾ ਨੂੰ ਠੁਕਰਾ ਦਿੱਤਾ ਜਾਵੇਗਾ ਅਤੇ ਚਮਚਾਗਿਰੀ ਨੂੰ ਸੱਤਾ ਦੀ ਹਮਦਰਦੀ ਹਾਸਲ ਹੋਵੇਗੀ। ਪਰ ਮੈਨੂੰ ਜਿਸ ਚੀਜ਼ ਦੀ ਉਮੀਦ ਨਹੀਂ ਸੀ ਉਹ ਇਹ ਕਿ ਇਹ ਸਭ ਕੁਝ ਦੇਸ਼ ਦੀ ਮੁੱਖ ਧਾਰਾ ਬਣ ਜਾਵੇਗਾ ਅਤੇ ਭਾਰਤੀ ਸੱਭਿਅਤਾ, ਜੋ ਹਜ਼ਾਰਾਂ ਸਾਲ ਤੋਂ ਲੋਕਤੰਤਰੀ ਰਹੀ ਹੈ, ਜਿਸ ਨੇ ਕਬੀਰ ਵਰਗੇ ਵਿਦਰੋਹੀ ਨੂੰ ਜਨਮ ਦਿੱਤਾ, ਉਹ ਏਨੀ ਆਸਾਨੀ ਨਾਲ ਸੱਤਾ ਅਤੇ ਵਿਚਾਰਧਾਰਾ ਦੇ ਸਾਹਮਣੇ ਸ਼ਰਨਾਗਤ ਹੋ ਜਾਏਗੀ ਅਤੇ ਉਹ ਜੋ ਪੜੇ-ਲਿਖੇ ਹਨ, ਆਪਣੇ ਵਿਵੇਕ ਨੂੰ ਕਿਨਾਰੇ ਰੱਖ ਕੇ ਬੁਰਛਾਗਰਦੀ ਨੂੰ ਦਰੁਸਤ ਠਹਿਰਾਉਣਗੇ।

ਜੇਕਰ ਅੱਠ ਸਾਲ ਬਾਅਦ ਧਰਮ ਦੇ ਨਾਂ 'ਤੇ ਹੱਥਾਂ ਵਿਚ ਤਲਵਾਰ ਅਤੇ ਪਿਸਤੌਲ ਲੈ ਕੇ ਨਿਕਲਣ ਵਾਲਿਆਂ ਨੂੰ ਪੜਿਆ-ਲਿਖਿਆ ਸਮਾਜ ਧਰਮ ਰੱਖਿਅਕ ਮੰਨਣ ਲੱਗੇ, ਧਰਮ ਸੰਸਦ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਦੀ ਗੱਲ ਕਰਨ ਵਾਲਿਆਂ ਨੂੰ ਸਾਧੂ, ਸੰਨਿਆਸੀ ਕਿਹਾ ਜਾਵੇ ਅਤੇ ਬਾਪੂ ਦੀ ਮੂਰਤੀ 'ਤੇ ਗੋਲੀ ਚਲਾਉਣ ਵਾਲੇ ਦੇਸ਼ ਭਗਤ ਹੋ ਜਾਣ ਤਾਂ ਜ਼ਰੂਰ ਮੰਨਣਾ ਚਾਹੀਦਾ ਹੈ ਕਿ ਦੇਸ਼ ਬੁਨਿਆਦੀ ਤੌਰ 'ਤੇ ਬਦਲ ਚੁੱਕਾ ਹੈ ਅਤੇ ਇਹ ਸਭ ਪਿਛਲੇ ਅੱਠ ਸਾਲਾਂ ਵਿਚ ਹੋਇਆ ਹੈ। ਪਿਛਲੇ ਅੱਠ ਸਾਲਾਂ ਵਿਚ ਹੋਇਆ ਹੈ।

ਅਜਿਹਾ ਨਹੀਂ ਹੈ ਕਿ ਸੱਭਿਅਤਾਵਾਂ ਵਿਚ ਉਥਲ-ਪੁਥਲ ਨਹੀਂ ਹੁੰਦੀ ਅਤੇ ਸੱਭਿਅਤਾਵਾਂ ਤਬਦੀਲੀ ਦੀ ਬੇਯਕੀਨੀ ਵਿਚੀਂ ਨਹੀਂ ਲੰਘਦੀਆਂ। ਭਾਰਤੀ ਸਮਾਜ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਦੂਜੀਆਂ ਸੱਭਿਅਤਾਵਾਂ ਦਾ ਨਾਮੋ-ਨਿਸ਼ਾਨ ਨਹੀਂ ਸੀ ਉਦੋਂ ਉਹ ਇਕ ਬੇਹੱਦ ਪ੍ਰਸਿੱਧ ਸਮਾਜ ਸੀ। ਮੋਹੰਜੋਦੜੋ-ਹੜੱਪਾ ਦੀ ਖੁਦਾਈ ਵੇਲੇ ਮਿਲੀਆਂ ਨਿਸ਼ਾਨੀਆਂ ਇਸ ਗੱਲ ਦਾ ਸਬੂਤ ਹਨ ਕਿ ਮਨੁੱਖੀ ਸੱਭਿਅਤਾ ਦੇ ਵਿਕਾਸ ਦੀ ਲੜੀ ਵਿਚ ਭਾਰਤ ਦੀ ਥਾਂ ਕਿੰਨੀ ਉੱਚੀ ਸੀ। ਉਸ ਸਮੇਂ ਸਿਰਫ ਮਿਸਰ ਦੀ ਇਕੱਲੀ ਸੱਭਿਅਤਾ ਹੀ ਅਜਿਹੀ ਸੀ ਜਿਥੇ ਮਨੁੱਖੀ ਜੀਵਨ ਅਤੇ ਜੀਵਨ ਤੋਂ ਬਾਅਦ ਉਸ 'ਤੇ ਡੂੰਘਾ ਚਿੰਤਨ ਹੋਇਆ ਸੀ ਅਤੇ ਉਸ ਨੂੰ ਸੁਰੱਖਿਅਤ ਰੱਖਣ ਦੀ ਸੰਵੇਦਨਾ ਜਿਊਂਦੀ ਸੀ। ਮਿਸਰ ਦੇ ਪਿਰਾਮਿਡ ਇਸ ਗੱਲ ਦੇ ਗਵਾਹੀ ਹਨ ਅਤੇ ਮਮੀ ਦੇ ਰੂਪ ਵਿਚ ਉਨਾਂ ਦੇ ਰਾਜਿਆਂ ਦੇ ਅੱਜ ਵੀ ਸੰਭਾਲ ਕੇ ਰੱਖੇ ਗਏ ਅਵਸ਼ੇਸ਼ ਇਸ ਗੱਲ ਦੀ ਗਵਾਹੀ ਦਿੰਦੇ ਹਨ। ਪਰ ਉਹੀ ਮਿਸਰ ਅੱਜ ਇਕ ਟੁੱਟਾ ਹੋਇਆ ਸਮਾਜ ਹੈ। ਧਰਮ ਦੀ ਕੱਟੜਤਾ ਨੇ ਉਸ ਨੂੰ ਸੱਭਿਅਤਾਵਾਂ ਦੀ ਦੌੜ ਵਿਚ ਬੇਹੱਦ ਪਿੱਛੇ ਧੱਕ ਦਿੱਤਾ ਹੈ। ਪਰ ਉਹ ਸਮਾਜ ਜਿਨਾਂ ਨੇ ਧਰਮ ਦੀ ਖੜੋਤ ਨੂੰ ਚੁਣੌਤੀ ਦਿੱਤੀ, ਵਿਗਿਆਨਕ ਸੋਚ ਨੂੰ ਪਹਿਲ ਦਿੱਤੀ, ਉਹ ਅੱਜ ਵਿਕਾਸ ਦੇ ਦੌਰ 'ਚ ਸਭ ਤੋਂ ਅੱਗੇ ਹਨ। ਅਜਿਹਾ ਨਹੀਂ ਹੈ ਕਿ ਇਨਾਂ ਸਮਾਜਾਂ ਵਿਚੋਂ



ਧਰਮ ਅਲੋਪ ਹੋ ਗਿਆ ਹੈ, ਬਸ ਧਰਮ ਨੂੰ ਇਹ ਸਮਝਾ ਦਿੱਤਾ ਗਿਆ ਹੈ ਕਿ ਉਹ ਆਪਣੇ ਨਿੱਜੀ ਦਾਇਰੇ ਵਿਚ ਰਹੇ ਅਤੇ ਰਾਜਨੀਤੀ ਤੋਂ ਦੂਰ ਰਹੇ। ਪੋਪ ਅਤੇ ਪਾਦਰੀ ਚਰਚ ਤੱਕ ਹੀ ਸੀਮਤ ਰਹਿਣ।

ਪੱਛਮ ਨੇ ਮੱਧਕਾਲ ਵਿਚ ਧਰਮ ਦੇ ਜਨਤਕ ਜੀਵਨ ਵਿਚ ਦਖ਼ਲ ਦਾ ਹਸ਼ਰ ਦੇਖਿਆ ਅਤੇ ਭੋਗਿਆ ਹੈ। ਉਨਾਂ ਨੂੰ ਪਤਾ ਹੈ ਕਿ ਧਰਮ ਨੂੰ ਜੇਕਰ ਖੁੱਲਾ ਛੱਡ ਦਿੱਤਾ ਜਾਵੇ ਤਾਂ ਇਸ ਦੀ ਆੜ ਵਿਚ ਕਿਵੇਂ-ਕਿਵੇਂ ਦੇ ਭ੍ਰਿਸ਼ਟਾਚਾਰ ਅਤੇ ਵਿਭਚਾਰ ਪੈਦਾ ਹੁੰਦੇ ਹਨ ਅਤੇ ਸਮਾਜ ਇਕ ਹਿੰਸਕ ਸਮਾਜ ਵਿਚ ਤਬਦੀਲ ਹੋ ਜਾਂਦਾ ਹੈ। ਲਿਹਾਜ਼ਾ ਉਸ ਨੇ ਇਹ ਫ਼ੈਸਲਾ ਕੀਤਾ ਕਿ ਧਰਮ ਦਾ ਸਨਮਾਨ ਹੈ ਪਰ ਸੀਮਤ ਦਾਇਰੇ ਵਿਚ, ਉਸ ਨੂੰ ਈਸ਼ਵਰ ਅਤੇ ਵਿਅਕਤੀ ਵਿਚਾਲੇ ਛੱਡ ਦਿੱਤਾ ਗਿਆ, ਉਸ ਨੂੰ ਰਾਜਨੀਤਕ ਜੀਵਨ ਵਿਚ ਦਾਖ਼ਲੇ ਦੀ ਇਜਾਜ਼ਤ ਨਹੀਂ ਹੈ। ਭਾਰਤ ਨੇ ਬਦਕਿਸਮਤੀ ਨਾਲ ਆਪਣੇ ਹੀ ਅਤੀਤ ਤੋਂ ਸਬਕ ਨਹੀਂ ਲਿਆ। ਧਰਮ ਦੀ ਵਜਾ ਕਰਕੇ ਦੇਸ਼ ਦੀ ਵੰਡ ਹੋਈ ਅਤੇ ਪਾਕਿਸਤਾਨ ਵਰਗਾ ਮੁਲਕ ਬਣਿਆ ਜੋ ਅੱਜ ਵੀ ਸੱਭਿਆ ਸਮਾਜ ਕਹਾਉਣ ਦੇ ਯੋਗ ਨਹੀਂ ਹੈ ਅਤੇ ਇਹ ਵੀ ਤੈਅ ਨਹੀਂ ਹੈ ਕਿ ਉਹ ਲੰਮੇ ਸਮੇਂ ਤੱਕ ਇਕ ਰਹਿ ਵੀ ਸਕੇਗਾ ਜਾਂ ਨਹੀਂ। ਪਿਛਲੇ ਅੱਠ ਸਾਲਾਂ ਨੇ ਭਾਰਤ ਨੂੰ ਪਾਕਿਸਤਾਨ ਦੇ ਬਰਾਬਰ ਲਿਆ ਖੜਾ ਕੀਤਾ ਹੈ।

ਅੱਜ ਹਰ ਨਿੱਕੀ ਜਿਹੀ ਗੱਲ 'ਤੇ ਕਿਸੇ ਦੀਆਂ ਵੀ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗ ਜਾਂਦੀ ਹੈ। ਪੁਲਿਸ ਇਸ ਤਰਾਂ ਦੇ ਲੋਕਾਂ ਦੇ ਹੱਥ ਦੀ ਕਠਪੁਤਲੀ ਬਣ ਚੁੱਕੀ ਹੈ। ਜਿਸ ਦੇਸ਼ ਵਿਚ ਕਬੀਰ ਨੇ ਹਿੰਦੂ ਅਤੇ ਮੁਸਲਮਾਨ, ਦੋਵਾਂ ਨੂੰ ਬੁਰੀ ਤਰਾਂ ਫਟਕਾਰਿਆ ਅਤੇ ਮੰਦਰ ਮਸਜਿਦ ਦੇ ਨਾਂ 'ਤੇ ਪੰਡਿਤ ਅਤੇ ਮੁੱਲਾ, ਦੋਵਾਂ ਦੇ ਕੰਨ ਸੇਕੇ, ਉਥੇ ਰੌਲਾ ਇਸ ਗੱਲ 'ਤੇ ਮਚਿਆ ਹੈ ਕਿ ਮਸਜਿਦ ਨੂੰ ਪੁੱਟ ਕੇ ਇਹ ਤੈਅ ਕੀਤਾ ਜਾਵੇ ਕਿ ਉਥੇ ਮੰਦਰ ਸੀ ਜਾਂ ਨਹੀਂ। ਅਯੁੱਧਿਆ ਤੋਂ ਬਾਅਦ ਇਹ ਮੰਨਿਆ ਜਾਣ ਲੱਗਿਆ ਸੀ ਕਿ ਹੁਣ ਮੰਦਰ ਮਸਜਿਦ ਵਿਵਾਦ ਨੂੰ ਤਿਲਾਂਜਲੀ ਦੇ ਦਿੱਤੀ ਜਾਵੇਗੀ ਅਤੇ ਹਿੰਦੂ ਮੁਸਲਿਮ ਇਤਿਹਾਸ ਦੀਆਂ ਜ਼ਿਆਦਤੀਆਂ ਨੂੰ ਭੁਲਾ ਕੇ ਸ਼ਾਂਤੀ ਅਤੇ ਮੇਲ-ਮਿਲਾਪ ਦਾ ਜੀਵਨ ਜਿਊਣਗੇ, ਉਥੇ ਨਵੇਂ ਸਿਰੇ ਤੋਂ ਅਤੀਤ ਨੂੰ ਪੁੱਟਿਆ ਜਾ ਰਿਹਾ ਹੈ ਅਤੇ ਧਰਮ ਨੂੰ ਧਰਮ ਨਾਲ ਲੜਾਇਆ ਜਾ ਰਿਹਾ ਹੈ। ਇਕ ਧਰਮ ਵਿਸ਼ੇਸ਼ ਦੇ ਲੋਕਾਂ ਨੂੰ ਇਹ ਕਿਹਾ ਜਾ ਰਿਹਾ ਹੈ ਕਿ ਉਹ ਜਨਤਕ ਥਾਂ 'ਤੇ ਨਮਾਜ਼ ਨਹੀਂ ਪੜ ਸਕਦੇ, ਉਨਾਂ ਦੀਆਂ ਕੁੜੀਆਂ ਨੂੰ ਦੱਸਿਆ ਜਾ ਰਿਹਾ ਹੈ ਕਿ ਉਹ ਆਪਣੀ ਇੱਛਾ ਨਾਲ ਕੱਪੜੇ ਨਹੀਂ ਪਾ ਸਕਦੀਆਂ, ਉਨਾਂ ਨੂੰ ਇੱਛਾ ਮੁਤਾਬਿਕ ਖਾਣਾ ਖਾਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਅਤੇ ਉਹ ਆਪਣੀ ਇੱਛਾ ਅਨੁਸਾਰ ਵਪਾਰ ਵੀ ਨਹੀਂ ਕਰ ਸਕਦੇ। ਉਨਾਂ ਨੂੰ ਹਿੰਦੂਆਂ ਦੇ ਮੰਦਰਾਂ ਦੇ ਆਲੇ-ਦੁਆਲੇ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ ਅਤੇ ਲਾਊਡ ਸਪੀਕਰ 'ਤੇ ਅਜ਼ਾਨ ਵੀ ਉਹ ਨਹੀਂ ਦੇ ਸਕਦੇ।

ਇਸ ਤਰਾਂ ਨਹੀਂ ਸੀ ਕਿ 2014 ਤੋਂ ਪਹਿਲਾਂ ਇਸ ਦੇਸ਼ ਵਿਚ ਹਿੰਦੂ ਅਤੇ ਮੁਸਲਮਾਨਾਂ ਵਿਚਾਲੇ ਪੂਰੀ ਤਰਾਂ ਸ਼ਾਂਤੀ ਸੀ। ਦੰਗੇ ਹੁੰਦੇ ਸਨ, ਸੈਂਕੜਿਆਂ ਦੀ ਗਿਣਤੀ ਵਿਚ ਲੋਕਾਂ ਦੀਆਂ ਜਾਨਾਂ ਜਾਂਦੀਆਂ ਸਨ। ਹਿੰਦੂ ਅਤੇ ਮੁਸਲਮਾਨ, ਦੋਵਾਂ ਪਾਸਿਆਂ ਤੋਂ ਨਫ਼ਰਤ ਦੇ ਸੌਦਾਗਰ ਅੱਗ ਲਾਇਆ ਕਰਦੇ ਸਨ। ਲੋਕਾਂ ਨੂੰ ਭੜਕਾਇਆ ਜਾਂਦਾ ਸੀ।

**ਬਾਕੀ ਸਫ਼ਾ 30 'ਤੇ**



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**PROPERTY ADDRESS: 27022 RIVER ROADM, NEWMAN CA 95360.**

RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਭਨ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥

**ਸ਼ਹੀਦੀ ਦਿਹਾੜੇ ਤੇ ਵਿਸ਼ੇਸ਼**

**ਡਾ. ਦਿਲਬਰ ਸਿੰਘ**

ਸ੍ਰੀ ਗੁਰੂ ਅਰਜਨ ਦੇਵ ਜੀ ਸਾਡੇ ਪੰਚਮ ਗੁਰਦੇਵ ਹਨ ਜਿਨਾਂ ਨੂੰ ਸਿਖਾਂ ਦੇ ਪਹਿਲੇ ਸ਼ਹੀਦ ਹੋਣ ਦਾ ਮਾਣ ਵੀ ਪ੍ਰਾਪਤ ਹੈ। ਇਸੇ ਕਰਕੇ ਉਨਾਂ ਨੂੰ ਸ਼ਹੀਦਾਂ ਦੇ ਸਿਰਤਾਜ ਆਖਿਆ ਜਾਂਦਾ ਹੈ। ਗੁਰੂ ਜੀ ਦਾ ਜਨਮ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ ਦੀ ਪਵਿੱਤਰ ਕੁਖ ਤੋਂ ਵੈਸਾਖ ਵਦੀ 7, 19 ਵੈਸਾਖ ਸੰਮਤ 1620, ਮੁਤਾਬਿਕ 15 ਅਪ੍ਰੈਲ ਸੰਨ 1563 ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੋਇਆ। ਆਪ ਜੀ ਦੇ ਦੋ ਵਡੇ ਭ੍ਰਾਤਾ ਬਾਬਾ ਪ੍ਰਿਥੀ ਚੰਦ ਜੀ ਅਤੇ ਬਾਬਾ ਮਹਾਂਦੇਵ ਜੀ ਸਨ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਆਪ ਜੀ ਦੇ ਨਾਨਾ ਜੀ ਸਨ। ਉਨਾਂ ਨੇ ਹੀ ਆਪ ਜੀ ਦੇ ਬਚਪਨ ਵਿਚ ਹੀ ਆਪ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਹੋਣ ਦਾ ਪਵਿਤਰ ਬਚਨ ਕੀਤਾ ਸੀ। ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਬਚਨਾਂ ਸਦਕਾ ਹੀ ਆਪ ਭਾਦੋਂ ਸੁਦੀ 3, 2 ਅੱਸੂ ਸੰਮਤ 1638 ਮੁਤਾਬਿਕ 1 ਸਤੰਬਰ ਸੰਨ 1581 ਨੂੰ ਗੁਰਤਾਗਦੀ ਤੇ ਬਿਰਾਜਮਾਨ ਹੋਏ ਅਤੇ ਆਪ ਜੀ ਨੇ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਦੀ ਸੰਪਾਦਨਾ ਕਰਵਾਈ ਅਤੇ ਆਪ ਵੀ ਬੇਅੰਤ ਬਾਣੀ ਦੀ ਰਚਨਾ ਕਰਕੇ ਸ੍ਰੀ ਪੋਥੀ ਸਾਹਿਬ (ਆਦਿ ਗ੍ਰੰਥ ਜੀ) ਵਿਚ ਦਰਜ ਕਰਵਾਈ। ਆਪ ਜੀ ਦਾ ਵਿਆਹ 23 ਹਾੜ ਸੰਮਤ 1636 ਨੂੰ ਪਿੰਡ ਮਓ ਤਹਿਸੀਲ ਫਿਲੌਰ ਦੇ ਵਸਨੀਕ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁਤਰੀ ਬੀਬੀ ਗੰਗਾ ਦੇਵੀ ਜੀ ਨਾਲ ਹੋਇਆ ਅਤੇ ਆਪ ਜੀ ਦੇ ਘਰ (ਗੁਰੂ) ਹਰਿਗੋਬਿੰਦ ਜੀ ਨੇ 21 ਹਾੜ ਸੰਮਤ 1652 ਨੂੰ ਪ੍ਰਕਾਸ਼ ਧਾਰਿਆ, ਜੋ ਸਾਡੇ ਛੇਵੇਂ ਸਤਿਗੁਰੂ ਹਨ। ਆਪ ਜੀ ਨੇ ਗੁਰਤਾਗਦੀ ਦੀਆਂ ਜਿੰਮੇਵਾਰੀਆਂ ਨਿਭਾਉਂਦਿਆਂ ਜਿੱਥੇ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕੀਤਾ ਉਥੇ ਨਾਲ ਹੀ ਸਮਾਜ-ਸੁਧਾਰ ਅਤੇ ਵਾਤਾਵਰਣ ਸੁਧਾਰ ਲਈ ਵੀ ਅਨੇਕਾਂ ਪਰਉਪਕਾਰੀ ਕਾਰਜ ਕੀਤੇ।

ਗੁਰੂ ਜੀ ਨੇ ਸੰਮਤ 1643 ਵਿੱਚ ਅੰਮ੍ਰਿਤ ਸਰੋਵਰ ਪਕਾ ਕਰਵਾਇਆ। ਸੰਮਤ 1645 ਵਿਚ ਸੰਤੋਖਸਰ ਸਾਹਿਬ ਦੇ ਸਰੋਵਰ ਦੀ ਸੇਵਾ ਮੁਕੰਮਲ ਕਰਵਾਈ। ਉਸੇ ਸਾਲ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰਖਵਾਈ। ਸੰਮਤ 1647 ਵਿਚ ਤਰਨਤਾਰਨ ਦੇ ਤਾਲ ਦੀ ਸੇਵਾ ਸ਼ੁਰੂ ਕਰਵਾਈ ਅਤੇ ਤਾਲ ਦੀ ਖੁਦਵਾਈ ਕਰਵਾ ਕੇ ਪਾਣੀ ਦੀ ਕਿਲਤ ਨੂੰ ਸਦਾ ਲਈ ਖਤਮ ਕਰ ਦਿਤਾ। ਸੰਮਤ 1650 ਵਿਚ ਕਰਤਾਰਪੁਰ (ਜਲੰਧਰ) ਨਗਰ ਵਸਾਇਆ। ਸੰਮਤ 1653 ਵਿਚ ਤਰਨਤਾਰਨ ਸ਼ਹਿਰ ਵਸਾਇਆ। ਸੰਮਤ 1654 ਵਿਚ ਛੇਹਰਟਾ ਸਾਹਿਬ ਅਤੇ ਸ੍ਰੀ ਹਰਿਗੋਬਿੰਦਪੁਰ ਆਦਿ ਨਗਰ ਵਸਾਏ ਅਤੇ ਸੰਮਤ 1656 ਵਿਚ ਲਾਹੌਰ ਵਿਚ ਬਾਉਲੀ ਸਾਹਿਬ ਦਾ ਨਿਰਮਾਣ ਕਰਵਾਇਆ। ਸੰਮਤ 1659-60 ਦੇ ਵਿਚ ਸ੍ਰੀ ਰਾਮਸਰ ਸਾਹਿਬ ਅਤੇ ਗੁਰੂ ਕਾ ਬਾਗ ਦੀ ਸੇਵਾ ਕਰਵਾਈ।ਸਮਾਜ ਭਲਾਈ ਦੇ ਕਾਰਜਾਂ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਸਵੰਧ ਦੀ ਸੰਸਥਾ ਦੀ ਆਰੰਭਤਾ ਕੀਤੀ ਅਤੇ ਸਮੁੱਚੀਆਂ ਸਿੱਖ ਸੰਗਤਾਂ ਨੂੰ ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿਚੋਂ ਦਸਵਾਂ ਹਿਸਾ ਗੁਰੂ ਹਿਤ ਅਤੇ ਸਮਾਜ ਦੇ ਜ਼ਰੂਰਤਮੰਦ ਵਰਗ ਦੀ ਭਲਾਈ ਹਿਤ ਖ਼ਰਚਣ ਦਾ ਉਪਦੇਸ਼ ਅਤੇ ਹੁਕਮ ਜਾਰੀ ਕੀਤਾ।ਉਨਾਂ ਵਲੋਂ ਉਚਾਰਨ ਕੀਤੀ ਬਾਣੀ ਜਿਸ ਵਿਚ ਲਗਭਗ 2216 ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 30 ਰਾਗਾਂ ਵਿਚ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਦਰਸ਼ ਸੰਪਾਦਕ ਸਥਾਪਤ ਕਰਦੀ ਹੈ। ਗੁਰੂ ਜੀ ਦਾ ਸਾਰਾ ਜੀਵਨ ਹੀ ਆਦਰਸ਼ਕ ਜੀਵਨ ਸੀ। ਉਨਾਂ ਦੀ ਸ਼ਹਾਦਤ ਨੇ ਸਿਖ ਧਰਮ ਦੇ ਵਿਕਾਸ ਤੇ ਵਿਗਾਸ ਵਿਚ ਇਕ ਨਵਾਂ ਅਧਿਆਇ ਸ਼ੁਰੂ ਕੀਤਾ। ਉਨਾਂ ਦੀ ਸ਼ਹਾਦਤ ਵਿਲਖਣ ਸ਼ਹਾਦਤ ਸੀ। ਉਨਾਂ ਦੀ ਸ਼ਹਾਦਤ ਦੇ ਕਾਰਨ ਜਿਥੇ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਸਨ ਉਥੇ ਆਪਸੀ ਘਰੇਲੂ ਫੁਟ ਨੇ ਵੀ ਬਹੁਤ ਵਡਾ ਰੋਲ ਅਦਾ ਕੀਤਾ।

ਉਨਾਂ ਦੇ ਵਡੇ ਭਰਾਤਾ ਬਾਬਾ ਪ੍ਰਿਥੀ ਚੰਦ ਜੀ ਚਾਹੁੰਦੇ ਸਨ ਕਿ ਗੁਰਤਾਗਦੀ ਉਨਾਂ ਨੂੰ ਮਿਲੇ ਪਰ ਉਹ ਇਹ ਭੁਲ ਗਏ ਸਨ ਕਿ ਗੁਰਤਾਗਦੀ ਤੇ ਉਹ ਹੀ ਬਿਰਾਜਮਾਨ ਹੋ ਸਕਦਾ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਅਗੰਮੀ ਜੋਤਿ ਪ੍ਰਵੇਸ਼ ਕਰੇਗੀ। ਉਹ ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਤਾਂ ਹੈ ਸੀ ਪਰ ਬਾਬਾ ਪ੍ਰਿਥੀ ਚੰਦ ਜੀ ਵਿਚ ਨਹੀਂ ਸੀ। ਇਸ ਕਰਕੇ ਬਾਬਾ ਪ੍ਰਿਥੀ ਚੰਦ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਵਿਚ ਸ਼ਾਹੀ ਦਰਬਾਰ ਦੇ ਨਾਲ ਖੜੇ ਸਨ। ਉਨਾਂ ਨੇ ਹੀ ਸੁਲਹੀ ਖਾਨ ਤੇ ਸੁਲਭੀ ਖਾਨ ਨੂੰ ਉਕਸਾ ਕੇ ਗੁਰੂ ਜੀ ਤੇ ਚੜਾਈ ਕਰਵਾਈ ਸੀ ਪਰ ਅਕਾਲ ਪੁਰਖ ਦੀ ਮਿਹਰ ਸਦਕਾ ਦੋਵੇਂ ਹੀ ਨਾਪਾਕ ਹੋ ਕੇ ਮਰ ਗਏ। ਫਿਰ ਚੰਦੂ ਸ਼ਾਹ ਵਲੋਂ ਹੰਕਾਰ ਵਿਚ ਬੋਲੇ ਗਏ ਬੋਲਾਂ ਕਰਕੇ ਸੰਗਤ ਦੇ ਕਹਿਣ ਤੇ ਜਦੋਂ ਗੁਰੂ ਜੀ ਨੇ ਸਾਹਿਬਜਾਦੇ ਵਾਸਤੇ ਚੰਦੂ ਸ਼ਾਹ ਦੀ ਲੜਕੀ ਦਾ ਰਿਸ਼ਤਾ ਲੈਣ ਤੋਂ ਇਨਕਾਰ ਕਰ ਦਿਤਾ ਤਾਂ ਉਹ ਵੀ ਗੁਰੂ ਜੀ ਦਾ ਵਿਰੋਧੀ ਹੋ ਗਿਆ ਅਤੇ ਉਸ ਦੇ ਮਨ ਵਿਚ ਗੁਰੂ ਜੀ ਤੋਂ ਬਦਲਾ ਲੈਣ ਦੀ ਭਾਵਨਾ ਨੇ ਜੋਰ ਫੜ ਲਿਆ। ਇਕ ਹੋਰ ਕਾਰਨ ਵੀ ਸੀ ਕਿ ਜੋ ਨਕਸ਼ਬੰਦੀ ਜਮਾਤ ਦੇ ਸ਼ੇਖ ਅਹਿਮਦ ਸਰਹੰਦੀ ਅਤੇ ਸ਼ੇਖ ਫ਼ਰੀਦ ਬੁਖਾਰੀ ਸਨ ਉਹ ਵੀ ਗੁਰੂ ਜੀ ਵਲੋਂ ਕੀਤੇ ਜਾ ਰਹੇ ਸਿਖੀ ਦੇ ਪ੍ਰਚਾਰ-ਪ੍ਰਸਾਰ ਕਾਰਨ ਗੁਰੂ ਜੀ ਦੇ ਬਹੁਤ ਵਿਰੋਧੀ ਬਣ ਚੁਕੇ ਸਨ ਕਿਉਂਕਿ ਗੁਰੂ ਜੀ ਦੇ ਉਪਦੇਸ਼ਾਂ ਅਤੇ ਜੀਵਨ ਦੇ ਪੂਰਨਿਆਂ ਦਾ ਸਦਕਾ ਅਨੇਕਾਂ ਹਿੰਦੂ ਤੇ ਮੁਸਲਮਾਨ ਸਿਖੀ ਧਾਰਨ ਕਰਦੇ ਜਾਂਦੇ ਸਨ। ਮੁਸਲਮਾਨਾਂ ਦਾ ਸਿਖ ਹੋ ਜਾਣਾ ਇਕ ਅਜਿਹਾ ਮਸਲਾ ਸੀ ਜਿਸ ਤੋਂ ਸ਼ਰਈ ਮੁਸਲਮਾਨ ਬਹੁਤ ਤੈਸ਼ ਵਿੱਚ ਸਨ ।ਉਹ ਮੋਮਨਾਂ ਨੂੰ ਕਾਫ਼ਰ ਬਣਦੇ ਵੇਖ ਕੇ ਕਦੇ ਵੀ ਚੁਪ ਨਹੀਂ ਰਹਿ ਸਕਦੇ ਸਨ। ਇਸ ਕਰਕੇ ਉਨਾਂ ਨੇ ਸ਼ਹਿਜ਼ਾਦਾ ਖੁਸਰੋ ਦੀ ਬਗ਼ਾਵਤ ਨੂੰ ਬਹਾਨਾ ਬਣਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਿਕਾਇਤ ਹਿੰਦੁਸਤਾਨ ਦੇ ਬਾਦਸ਼ਾਹ ਜਹਾਂਗੀਰ ਨੂੰ ਕੀਤੀ। ਪ੍ਰੋਫ਼ੈਸਰ ਕਰਤਾਰ ਸਿੰਘ ਆਪਣੀ ਪੁਸਤਕ 'ਸਿਖ ਇਤਿਹਾਸ' ਵਿਚ ਲਿਖਦੇ ਹਨ ਕਿ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਫਤਵਾ ਜਾਰੀ ਕੀਤਾ ਕਿ 'ਜਦੋਂ ਇਹ ਗਲ ਮੇਰੇ ਕੰਨੀ ਪਈ ਤਾਂ ਮੈਂ ਤਾਂ ਅਗੇ ਹੀ ਉਸ ਦੇ ਝੂਠ ਤੇ ਕੁਫਰ ਨੂੰ ਚੰਗੀ ਤਰਾਂ ਜਾਣਦਾ ਸਾਂ। ਮੈਂ ਹੁਕਮ ਦਿੱਤਾ ਕਿ ਉਸ ਨੂੰ ਮੇਰੇ ਸਾਹਮਣੇ ਹਾਜ਼ਰ ਕੀਤਾ ਜਾਵੇ। ਉਸ ਦਾ ਘਰ ਘਾਟ ਅਤੇ ਬੱਚੇ ਮੈਂ ਮੁਰਤਜਾ ਖਾਂ ਨੂੰ ਇਨਾਇਤ ਕਰ ਦਿਤੇ ਅਤੇ ਉਸ ਦੀ ਜਾਇਦਾਦ ਜ਼ਬਤ ਕਰਨ ਦਾ ਹੁਕਮ ਦਿੱਤਾ ਕਿ ਉਸ ਨੂੰ ਤਸੀਹੇ ਦੇ ਕੇ ਜਾਨੋਂ ਮਾਰ ਦਿੱਤਾ ਜਾਵੇ।'

ਬਾਦਸ਼ਾਹ ਦਾ ਇਹ ਹੁਕਮ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਅਸਹਿ ਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕਰਨ ਦਾ ਜ਼ਿੰਮਾ ਦਰਬਾਰ ਦੇ ਅਹਿਲਕਾਰ ਚੰਦੂ ਨੇ ਲੈ ਲਿਆ। ਚੰਦੂ ਨੇ ਸ਼ਾਹੀ ਦਰਬਾਰ ਨੂੰ ਇਕ ਲੱਖ ਰੁਪਇਆ ਦੇ ਕੇ ਗੁਰੂ ਜੀ ਨੂੰ ਆਪਣੇ ਕਬਜੇ ਵਿਚ ਲਿਆ ਸੀ ਤੇ ਉਹ ਪਹਿਲਾਂ ਗੁਰੂ ਜੀ ਨੂੰ ਤਸੀਹੇ ਦੇ ਕੇ ਗੁਰੂ ਜੀ ਪਾਸੋਂ ਇਕ ਲੱਖ ਰੁਪਿਆ ਵਸੂਲ ਕਰਨ ਦਾ ਯਤਨ ਕਰਨਾ ਚਾਹੁੰਦਾ ਸੀ ਪਰ ਉਹ ਅਸਫਲ ਰਿਹਾ। ਚੰਦੂ ਨੇ ਗੁਰੂ ਜੀ ਨੂੰ ਕਸ਼ਟ ਦੇਣੇ ਸ਼ੁਰੂ ਕੀਤੇ। ਅਤਿ ਦੀ ਗਰਮੀ ਦੀ ਰੁਤ ਵਿਚ ਪਹਿਲੇ ਦਿਨ ਗੁਰੂ ਜੀ ਨੂੰ ਖਾਣ-ਪੀਣ ਵਾਸਤੇ ਕੁਝ ਨਾ ਦਿਤਾ ਗਿਆ ਅਤੇ ਨਾ ਹੀ ਉਨਾਂ ਨੂੰ ਆਰਾਮ ਕਰਨ ਦਿਤਾ ਗਿਆ। ਪਰ ਗੁਰੂ ਜੀ ਕਰਤਾਰ ਦੀ ਬੰਦਗੀ ਵਿਚ ਮਗਨ ਰਹੇ। ਦੂਜੇ ਦਿਨ ਉਨਾਂ ਨੂੰ ਉਬਲਦੇ ਪਾਣੀ ਦੀ ਦੇਗ਼ ਵਿਚ ਬਿਠਾਇਆ ਗਿਆ ਅਤੇ ਸਰੀਰ ਉਪਰ ਤੱਤੀ ਰੇਤ ਪਾਈ ਗਈ। ਤੀਜੇ ਦਿਨ ਗੁਰੂ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਉਪਰੋਂ ਫੇਰ ਭਖਦੀ ਰੇਤ ਸਿਰ 'ਤੇ ਪਾਈ ਗਈ। ਇਨਾਂ ਕਸਟਾਂ ਦੇ ਕਾਰਨ ਗੁਰੂ ਜੀ ਦਾ ਸਰੀਰ ਛਾਲੋ-ਛਾਲੀ ਹੋ ਗਿਆ ਅਤੇ ਅਤਿ ਨਿਰਬਲ ਹੋ ਗਿਆ। ਅੰਤ ਨੂੰ ਉਨਾਂ ਨੂੰ ਹੋਰ ਕਸ਼ਟ ਦੇਣ ਲਈ ਰਾਵੀ ਦੇ ਠੰਢੇ ਪਾਣੀ ਵਿਚ ਸੁਟਵਾ ਦਿੱਤਾ। ਉਨਾਂ ਦੇ ਸਰੀਰ ਵਿਚ ਹੋਰ ਕਸ਼ਟ ਸਹਾਰਨ ਦੀ ਅਤੇ ਭਰੇ ਦਰਿਆ ਦੇ ਰੋੜ ਦਾ ਟਾਕਰਾ ਕਰਨ ਦੀ ਸ਼ਕਤੀ ਨਹੀਂ ਸੀ ਰਹਿ ਗਈ। ਸਰੀਰ ਨੂੰ ਦਰਿਆ ਰੋੜ ਕੇ ਲੈ ਗਿਆ ਅਤੇ ਗੁਰੂ ਜੀ ਧਰਮ ਦੀ ਖ਼ਾਤਰ ਅਸਹਿ ਤੇ ਅਕਹਿ ਕਸ਼ਟ ਝਲ ਕੇ ਅਤੇ ਕਰਤਾਰ ਦਾ ਭਾਣਾ ਮਿੱਠਾ ਕਰਕੇ ਮੰਨਦੇ ਹੋਏ ਸ਼ਹੀਦ ਹੋ ਗਏ। ਇਹ ਭਾਣਾ ਜੇਠ ਸੁਦੀ ਚਾਰ ਇਕ ਹਾੜ ਸੰਮਤ 1663 ਮੁਤਾਬਕ 30 ਮਈ ਸੰਨ 1606 ਨੂੰ ਵਾਪਰਿਆ। ਭੱਟ ਮਥਰਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਪਮਾ ਵਿਚ ਉਚਾਰਣ ਕੀਤਾ : ਭਨ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥

# ਪੰਜਾਬ ਦੀ ਵਿਰਾਸਤ ਬਠਿੰਡੇ ਦਾ ਇਤਿਹਾਸਕ ਕਿਲਾ

**ਹਰਮੀਤ ਸਿਵੀਆਂ**

ਇਤਿਹਾਸ ਨੂੰ ਆਪਣੀ ਬੁੱਕਲ ਵਿਚ ਸਮੋਈ ਬੈਠੇ ਬਠਿੰਡੇ ਦੇ ਕਿਲੇ ਦੀ ਹਜ਼ਾਰਾਂ ਸਾਲ ਪਹਿਲਾਂ ਦੀ ਗੌਰਵ ਗਾਥਾ ਹੈ। ਇਸ ਕਿਲੇ ਨੂੰ ਕਿਲਾ ਮੁਬਾਰਕ ਅਤੇ ਕਿਲਾ ਸਾਹਿਬ ਵੀ ਕਿਹਾ ਜਾਂਦਾ ਹੈ। 1800 ਸਾਲਾਂ ਤੋਂ ਵੱਧ ਪੁਰਾਣੇ ਇਸ ਕਿਲੇ ਸੰਬੰਧੀ ਕੁਝ ਇਤਿਹਾਸਕਾਰ ਦੱਸਦੇ ਹਨ ਕਿ ਇਸ ਨੂੰ ਪੱਟੀ ਰਾਓ ਰਾਜਪੂਤ ਜੋ 279 ਈ: ਵਿਚ ਪੰਜਾਬ ਦਾ ਰਾਜਾ ਬਣਿਆ, ਨੇ ਦੱਖਣੀ ਰਾਜਧਾਨੀ ਵਜੋਂ ਬਣਾਇਆ। ਉਦੋਂ ਇਸ ਦਾ ਨਾਂ ਬਿਕਰਮਗੜ ਸੀ। ਕੁਝ ਇਤਿਹਾਸਕਾਰ ਇਸ ਦਾ ਮੁੱਢ ਰਾਜਾ ਬਿਨੈਪਾਲ ਨੇ ਬੰਨਿਆ ਦੱਸਦੇ ਹਨ ਅਤੇ ਦੱਸਦੇ ਹਨ ਕਿ ਉਦੋਂ ਇਸ ਦਾ ਨਾਂ ਜੈਪਾਲਗੜ ਹੁੰਦਾ ਸੀ। 15 ਏਕੜ ਵਿਚ ਬਣੇ ਇਸ ਕਿਲੇ ਦੀ ਉਚਾਈ 118 ਫੁੱਟ ਹੈ ਅਤੇ ਇਸ ਦੇ ਦੁਆਲੇ ਛੱਤੀ ਬੁਰਜ ਹਨ। ਪੁਰਾਣੇ ਸਮੇਂ ਕਿਲੇ ਦੇ ਦੁਆਲੇ 25 ਫੁੱਟ ਡੂੰਘੀ ਅਤੇ ਚਾਲੀ ਫੁੱਟ ਚੌੜੀ ਖਾਈ ਸੀ, ਜਿਸ ਨੂੰ ਨਾਲ ਲਗਦੀਆਂ ਨਦੀਆਂ ਦੇ ਪਾਣੀ ਨਾਲ ਭਰਿਆ ਜਾਂਦਾ ਸੀ।

ਦੱਸਿਆ ਜਾਂਦਾ ਹੈ ਕਿ 1045 ਈ: ਵਿਚ ਰਾਜਾ ਵਿਜੈ ਰਾਏ ਦੇ ਰਾਜ ਸਮੇਂ ਮਹਿਮੂਦ ਗਜ਼ਨਵੀ ਨੇ ਇਸ ਉੱਤੇ ਕਬਜ਼ਾ ਕੀਤਾ ਸੀ। 1190-91 ਈ: ਵਿਚ ਕਿਲੇ 'ਤੇ ਮੰਗਲ ਰਾਓ ਦੇ ਕਬਜ਼ੇ ਦੌਰਾਨ ਮੁਹੰਮਦ ਗੌਰੀ ਨੇ ਕਬਜ਼ਾ ਕੀਤਾ, ਜਿਸ ਪਾਸੋਂ ਪ੍ਰਿਥਵੀ ਰਾਜ ਚੌਹਾਨ ਨੇ ਕਬਜ਼ਾ ਕਰ ਕੇ ਆਪਣੇ ਭਰਾ ਭੱਟਾ ਰਾਓ ਨੂੰ ਗਵਰਨਰ ਬਣਾਇਆ, ਚੌਹਾਨ ਦੇ ਹਾਰ ਜਾਣ 'ਤੇ 1192 ਈ: ਵਿਚ ਗੌਰੀ ਦਾ ਮੁਕੰਮਲ ਕਬਜ਼ਾ ਹੋ ਗਿਆ, ਜਿਸ ਦੀ ਮੌਤ ਹੋਣ ਦੇ ਬਾਅਦ ਇਹ ਕਿਲਾ ਸਿੰਧ ਦੇ ਕਬਾਚਾ ਦੇ ਹੱਥ ਵਿਚ ਚਲਾ ਗਿਆ। ਰਜ਼ੀਆ ਸੁਲਤਾਨਾ ਬੇਗਮ 1236 ਈ: ਵਿਚ ਤਖ਼ਤ 'ਤੇ ਬੈਠੀ ਜਿਸ ਰਾਹੀਂ ਆਪਣੇ ਆਸ਼ਕ ਯਾਕੂਤ ਨੂੰ ਫ਼ੌਜਾਂ ਦਾ ਮੋਹਰੀ ਬਣਾ ਦਿੱਤੇ ਜਾਣ ਕਾਰਨ ਗੁੱਸੇ ਵਜੋਂ ਤੁਰਕ ਅਮੀਰਾਂ ਨੇ ਉਸ ਨੂੰ 1239 ਵਿਚ ਮਾਰ ਕੇ ਰਜ਼ੀਆ ਨੂੰ ਕੈਦ ਕਰ ਲਿਆ, ਅੱਗੋਂ ਰਜ਼ੀਆ ਨੇ ਗਵਰਨਰ ਅਲਤੂਨੀਆਂ ਨਾਲ ਨਿਕਾਹ ਕਰਕੇ ਦਿੱਲੀ ਦੇ ਤਖ਼ਤ 'ਤੇ ਹਮਲਾ ਕੀਤਾ ਪਰ 1240 ਨੂੰ ਆਪਣੇ ਹੀ ਭਰਾ ਸ਼ਾਹ ਬਹਿਰਾਮ ਰਾਹੀਂ ਕੈਥਲ ਨੇੜੇ ਮਾਰੇ ਗਏ, ਫਿਰ 1253 ਈ: ਵਿਚ ਨਾਸ-ਉਦ-ਦੀਨ ਨੇ ਕਬਜ਼ਾ ਕਰਕੇ ਸ਼ੇਰ ਖਾਂ ਨੂੰ ਗਵਰਨਰ ਬਣਾਇਆ, ਫਿਰ 1253 ਈ: ਵਿਚ ਰਜ਼ੀਆ ਦੇ ਭਰਾ ਨਾਸਰ-ਉਦ-ਦੀਨ ਨੇ ਕਬਜ਼ਾ ਕਰਕੇ ਸ਼ੇਰ ਖਾਂ ਨੂੰ ਗਵਰਨਰ ਬਣਾਇਆ, ਫਿਰ ਕੁਝ ਅਰਸਾ ਅਰਮਾਨ ਖਾਂ ਵੀ ਗਵਰਨਰ ਬਣਿਆ ਪਰ 1254 ਵਿਚ ਫਿਰ ਸ਼ੇਰ ਖਾਂ ਬਣ ਗਿਆ। 1267 ਵਿਚ ਸਾਹਿਬਜ਼ਾਦਾ ਸੁਲਤਾਨ ਮੁਹੰਮਦ ਨੂੰ ਗਵਰਨਰ ਬਣਾਇਆ ਜੋ 1285 ਤੱਕ ਰਿਹਾ। ਇਸ ਤੋਂ ਬਾਅਦ 1290 ਤੋਂ 1421 ਤੱਕ ਬਲਵਨ ਖ਼ਾਨਦਾਨ, ਤੁਰਕਾਂ, ਖਿਲਜੀ, ਤੁਗਲਕ ਖਾਨਦਾਨਾਂ ਦੇ ਬਾਦਸ਼ਾਹਾਂ ਅਤੇ ਸਈਅਦ ਸੁਲਤਾਨਾ ਅਧੀਨ ਰਿਹਾ। 1421 ਤੋਂ ਸ਼ੇਖ ਸਲੀਮ ਵੀ ਬਠਿੰਡਾ ਦਾ ਗਵਰਨਰ ਰਿਹਾ, ਪਰ 1430 ਵਿਚ ਗੁਲਾਮ ਵੰਸ਼ ਦਾ ਫੌਲਾਦ ਤੁਰਕ ਬਾਚਾ ਕਾਬਜ਼ ਹੋ ਗਿਆ। ਇਸ ਤੋਂ ਬਾਅਦ ਕਈ ਕਿਲੇਦਾਰ ਬਣੇ ਤੇ ਬਦਲੇ।



1526 ਤੋਂ 1540 ਤੱਕ ਬਾਬਰ, 1540 ਤੋਂ 1555 ਤੱਕ ਅਫ਼ਗਾਨ ਦੇ ਸੂਰੀ ਬਾਦਸ਼ਾਹ ਅਤੇ 1556 ਤੋਂ 1706 ਤੱਕ ਤੈਮੂਰ ਬਾਦਸ਼ਾਹ ਅਧੀਨ ਰਿਹਾ ਅਤੇ ਕਈ ਵਾਰ ਕਿਲਾ ਸੁੰਨਾ ਵੀ ਰਿਹਾ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਜਿੱਤਣ ਤੋਂ ਬਾਅਦ 22-6-1706 ਵਿਚ ਬਠਿੰਡਾ ਵਿਖੇ ਆ ਕੇ ਬਠਿੰਡਾ ਵਾਸੀਆਂ ਨੂੰ ਕਿਲੇ ਵਿਚ ਰਹਿੰਦੇ ਇਕ ਕਾਣੇ ਦਿਓ ਤੋਂ ਮੁਕਤ ਕਰਾਉਣ ਲਈ ਕਿਲੇ ਵਿਚ ਪ੍ਰਵੇਸ਼ ਕੀਤਾ। ਭਾਵੇਂ ਕਿ ਬਹੁਤੇ ਇਤਿਹਾਸਕਾਰ ਇਹੀ ਕਹਿੰਦੇ ਹਨ, ਪਰ ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਲੇ ਵਿਚ ਆਏ ਜ਼ਰੂਰ ਸਨ, ਪਰ ਕਾਣੇ ਦਿਓ ਬਾਰੇ ਜੋ ਗੱਲਾਂ ਹਨ, ਉਹ ਮਿਥਿਹਾਸ ਹਨ। ਬਹੁਤ ਵੱਡੇ ਇਤਿਹਾਸ ਨੂੰ ਸਿਰਜਣ ਵਾਲਾ ਇਹ ਕਿਲਾ ਉਸ ਦਿਨ ਤੋਂ ਤੀਰਥ ਬਣ ਗਿਆ, ਜਦ ਇਸ ਕਿਲੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਾਵਨ ਚਰਨ ਪਾ ਕੇ ਇਕ ਹਫ਼ਤਾ ਨਿਵਾਸ ਰੱਖਿਆ।

ਇਹ ਕਿਲਾ 1753 ਅਤੇ ਫਿਰ 1771 ਵਿਚ ਬਾਬਾ ਆਲਾ ਸਿੰਘ ਪਟਿਆਲਾ ਦੇ ਅਧੀਨ ਵੀ ਰਿਹਾ। ਇਸ ਦਰਮਿਆਨ ਸਾਬੋਕਿਆਂ ਦੇ ਸਰਦਾਰ ਜੋਧ ਸਿੰਘ ਨੇ ਵੀ ਜਬਰੀ ਕਬਜ਼ਾ ਰੱਖਿਆ। ਮਹਾਰਾਜਾ ਕਰਮ ਸਿੰਘ ਨੇ 1843-45 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਵਾ ਕੇ ਕਿਲੇ ਦਾ ਨਾਂ ਗੋਬਿੰਦਗੜ ਰੱਖਿਆ।

ਬਠਿੰਡੇ ਦਾ ਇਹ ਕਿਲਾ ਬਠਿੰਡੇ ਦੀ ਆਧਾਰਸ਼ਿਲਾ ਹੈ, ਬਠਿੰਡੇ ਦੇ ਪ੍ਰਾਣ ਹਨ, ਬਠਿੰਡੇ ਦੀ ਆਤਮਾ ਹੈ। ਬਠਿੰਡੇ ਦਾ ਮਾਣ ਸਤਿਕਾਰ ਕਿਲੇ ਨਾਲ ਹੈ। ਇਹ ਕਿਲਾ ਭਾਰਤ ਦਾ ਗੌਰਵ ਹੈ, ਪੰਜਾਬ ਦਾ ਮੁਕਟ ਹੈ। ਕਿਲੇ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਕਾਰਨ ਇਹ ਹਮੇਸ਼ਾ ਲੋਕਾਂ ਦੀ ਖਿੱਚ ਦਾ ਕੇਂਦਰ ਬਣਿਆ ਰਿਹਾ ਹੈ। ਕਿਲੇ ਦੇ ਅੰਦਰ ਪਈਆਂ ਤੋਪਾਂ ਜਿਹੜੀਆਂ ਕਿ 16ਵੀਂ ਸਦੀ ਵਿਚ ਬਾਬਰ ਦੇ ਸਮੇਂ ਇਥੇ ਲਿਆਂਦੀਆਂ ਗਈਆਂ, ਵੀ ਖਿੱਚ ਦਾ ਕੇਂਦਰ ਹਨ। ਬਠਿੰਡੇ ਸ਼ਹਿਰ ਦੇ ਦਿਲ, ਇਸ ਕਿਲੇ ਦੀ ਉਚਾਈ ਬਹੁਤ ਜ਼ਿਆਦਾ ਹੈ। ਜੇਕਰ ਰਾਤ ਸਮੇਂ ਕਿਲੇ ਦੇ ਸਿਖਰ 'ਤੇ ਚੜ ਕੇ ਸ਼ਹਿਰ ਦਾ ਨਜ਼ਾਰਾ ਦੇਖੀਏ ਤਾਂ ਇੰਜ ਜਾਪਦਾ ਹੈ, ਕਿ ਬਠਿੰਡੇ ਦੀ ਹਰ ਰਾਤ ਦੀਵਾਲੀ ਦੀ ਰਾਤ ਹੈ। ਰਿਆਸਤ ਪਟਿਆਲਾ ਸਮੇਂ 1940 ਵਿਚ ਸੈਸ਼ਨ ਜੱਜ ਦੀ ਅਦਾਲਤ ਹੁੰਦੀ ਸੀ, ਇਹ ਕਿਲਾ 20 ਅਗਸਤ 1948 ਢਾਕਾ ਰਿਆਸਤ ਪਟਿਆਲਾ ਦਾ ਹਿੱਸਾ ਰਿਹਾ ਅਤੇ ਅੱਜ ਕੇਂਦਰ ਦੇ ਪੁਰਾਤਤਵ ਵਿਭਾਗ ਪਾਸ ਹੈ। ਕਿਲੇ ਦੇ ਦੋ ਬੁਰਜ 1958 ਅਤੇ ਗੁਰਦੁਆਰਾ ਸਾਹਿਬ ਵਾਲਾ ਹਿੱਸਾ 1988 ਵਿਚ ਢਹਿ ਗਏ ਸੀ, ਜਿਸ ਕਾਰਨ ਗੁਰਦੁਆਰਾ ਸਾਹਿਬ ਨੂੰ ਢੁਕਵੇਂ ਉੱਚੇ ਥਾਂ ਤੇ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਾਇਆ।

ਕਿਲੇ ਦੇ ਪ੍ਰਵੇਸ਼ ਦੁਆਰ ਤੇ 100-100 ਕਿੱਲਾਂ ਵਾਲੇ ਦੋ ਮਜ਼ਬੂਤ ਦਰਵਾਜ਼ੇ ਹਨ, ਜਿਹੜੇ ਹਾਥੀਆਂ ਰਾਹੀਂ ਵੀ ਨਹੀਂ ਸੀ ਟੁੱਟਦੇ। ਮੁੱਖ ਦਰਵਾਜ਼ੇ ਦੇ ਸੱਜੇ ਪਾਸੇ ਬੰਦੀਖਾਨਾ ਹੈ (ਜਿਥੇ ਬੇਗਮ ਰਜ਼ੀਆ ਸੁਲਤਾਨਾ ਨੂੰ ਬੰਦੀ ਬਣਾ ਕੇ ਰੱਖਿਆ ਗਿਆ ਸੀ) ਅਤੇ ਪਹਿਰੇਦਾਰਾਂ ਲਈ ਆਹਮੋ-ਸਾਹਮਣੇ ਕਮਰੇ ਬਣੇ ਹੋਏ ਹਨ। ਕਿਲੇ ਅੰਦਰ ਹਨੂੰਮਾਨਗੜ ਤੱਕ ਸੁਰੰਗ ਜਾਣ ਦੀ ਕਹਾਣੀ ਵੀ ਪ੍ਰਚੱਲਿਤ ਹੈ ਪਰ ਅੱਜ ਤੱਕ ਇਸ ਦਾ ਕੋਈ ਵਜੂਦ ਨਹੀਂ ਮਿਲਦਾ, ਕੁਝ ਬਜ਼ੁਰਗ ਕਿਲੇ ਤੋਂ ਗੁਰਦੁਆਰਾ ਹਾਜੀ-ਰਤਨ ਜਾਣ ਵਾਲੀ ਸੁਰੰਗ ਦਾ ਵੀ ਜ਼ਿਕਰ ਕਰਦੇ ਹਨ ਪਰ ਕਿਲੇ ਅੰਦਰ ਅਜਿਹੀ ਕੋਈ ਵੀ ਸੁਰੰਗ ਨਹੀਂ ਮਿਲੀ ਹੈ। ਪਿਛਲੇ ਕਾਫ਼ੀ ਸਮੇਂ ਤੋਂ ਕਿਲੇ ਦੀ ਹਾਲਤ ਖਸਤਾ ਰਹੀ ਹੈ ਪਰ ਕਿਲੇ ਦੇ ਕੁਝ ਹਿੱਸਿਆਂ ਦੀ ਮੁਰੰਮਤ ਵੀ ਕੀਤੀ ਗਈ ਹੈ। ਉਂਝ ਅੱਜ ਕੱਲ ਦੇਖਣ ਵਿਚ ਆਇਆ ਹੈ ਕਿ ਕਿਲੇ ਦੀ ਰਿਪੇਅਰ ਲਈ ਕਿਤੇ ਨਾ ਕਿਤੇ ਕਰੰਡੀ ਖੜਕਦੀ ਰਹਿੰਦੀ ਹੈ, ਪਰ ਫਿਰ ਵੀ ਇਕ ਮਹਾਨ ਇਤਿਹਾਸ ਸਾਂਭੀ ਬੈਠੇ ਇਸ ਕਿਲੇ ਦੀ ਸਾਂਭ-ਸੰਭਾਲ ਲਈ ਪੰਜਾਬ ਅਤੇ ਭਾਰਤ ਸਰਕਾਰ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

## ਇਤਿਹਾਸ ਬਾਰੇ ਜਾਣਕਾਰੀ

**ਲੜੀ ਨੰਬਰ-8**



**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**

### (ਡਾ. ਭੀਮ ਰਾਓ ਅੰਬੇਦਕਰ)

ਪ੍ਰਸ਼ਨ 1 :- ਬਾਬਾ ਸਾਹਿਬ ਨੂੰ ਕਿਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ?

- ਭਾਰਤ ਰਤਨ।

ਪ੍ਰਸ਼ਨ 2:- ਭਾਰਤੀ ਸੰਵਿਧਾਨ ਦੇ ਨਿਰਮਾਤਾ ਸਨ?

-ਡਾ. ਭੀਮ ਰਾਓ ਅੰਬੇਦਕਰ।

ਪ੍ਰਸ਼ਨ 3 :- ਦੇਸ਼ ਦਾ ਪਹਿਲਾ ਕਾਨੂੰਨ ਮੰਤਰੀ ਕੌਣ ਸੀ?

-ਡਾ. ਅੰਬੇਦਕਰ।

ਪ੍ਰਸ਼ਨ 4 :- ਡਾ. ਭੀਮ ਰਾਓ ਅੰਬੇਦਕਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

-ਡਾ. ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਪਿੰਡ ਵਿਚ ਇਕ ਗਰੀਬ ਪਰਿਵਾਰ 'ਚ ਹੋਇਆ ਸੀ।

ਪ੍ਰਸ਼ਨ 5 :- ਬਾਬਾ ਸਾਹਿਬ ਦੇ ਪਿਤਾ ਦਾ ਕੀ ਨਾਮ ਸੀ?

- ਰਾਮਜੀ ਮੋਲਾਜੀ ਸਕਪਾਲ ਸਨ।

ਪ੍ਰਸ਼ਨ 6 :- ਬਾਬਾ ਸਾਹਿਬ ਦੀ ਮਾਤਾ ਦਾ ਨਾਮ ਕੀ ਸੀ?

-ਭੀਮਾ ਬਾਈ।

ਪ੍ਰਸ਼ਨ 7 :- ਡਾ. ਭੀਮ ਰਾਓ ਅੰਬੇਦਕਰ ਆਪਣੇ ਮਾਂ-ਬਾਪ ਦੀ ਕਿੰਨਵੀਂ ਸੰਤਾਨ ਸਨ?

-ਡਾ.ਭੀਮ ਰਾਓ ਅੰਬੇਦਕਰ ਆਪਣੇ ਮਾਂ-ਬਾਪ ਦੀ 14ਵੀਂ ਸੰਤਾਨ ਸਨ।

ਪ੍ਰਸ਼ਨ 8 :- ਉਨਾਂ ਦੇ ਬਚਪਨ ਦਾ ਨਾਂ ਕੀ ਸੀ?

-ਉਨਾਂ ਦੇ ਬਚਪਨ ਦਾ ਨਾਂ ਰਾਮਜੀ ਸਕਪਾਲ ਸੀ।

ਪ੍ਰਸ਼ਨ 9 :- ਜਦੋਂ ਬਾਬਾ ਸਾਹਿਬ ਦੀ ਮਾਤਾ ਦੀ ਮੌਤ (1896 ਈ) ਹੋਈ ਉਸ ਸਮੇਂ ਉਨਾਂ ਦੀ ਉਮਰ ਕਿੰਨੀ ਸੀ?

-5 ਸਾਲ।

ਪ੍ਰਸ਼ਨ 10:-ਬਾਬਾਸਾਹਿਬ ਕਿਸਜਾਤੀਦੇਨਾਲਸੰਬੰਧਿਤਸਨ?

-ਮਹਾਰ ਜਾਤੀ।

ਪ੍ਰਸ਼ਨ 11:- ਮਹਾਰ ਜਾਤੀ ਦਾ ਅਰਥ ਕੀ ਹੈ?

-ਅਛੂਤ (ਹੇਠਲੀ ਸ਼੍ਰੇਣੀ)।

ਪ੍ਰਸ਼ਨ 12 :- ਭਾਰਤ ਅਤੇ ਹੋਰ ਕਿਤੇ, ਉਸ ਨੂੰ ਅਕਸਰ ਕੀ ਕਿਹਾ ਜਾਂਦਾ ਸੀ?

-ਭਾਰਤ ਤੇ ਹੋਰ ਕਿਤੇ ਉਨਾਂ ਨੂੰ ਬਾਬਾ ਸਾਹਿਬ ਮਰਾਠੀ ਅਤੇ ਹਿੰਦੀ ਵਿਚ ਭਾਵ 'ਆਦਰਯੋਗ ਪਿਤਾ' ਕਹਿੰਦੇ ਸਨ।

ਪ੍ਰਸ਼ਨ 13:-ਵਿਆਹਸਮੇਂਬਾਬਾਸਾਹਿਬਦੀਉਮਰਕਿੰਨੀਸੀ?

-15 ਸਾਲ।

ਪ੍ਰਸ਼ਨ 14:- ਉਨਾਂ ਦਾ ਵਿਆਹ ਕਿਸ ਨਾਲ ਹੋਇਆ?

-ਰਮਾਬਾਈ ਨਾਲ।

ਪ੍ਰਸ਼ਨ 15 :- ਬਾਬਾ ਸਾਹਿਬ ਨੇ ਦਸਵੀਂ ਦੀ ਪ੍ਰੀਖਿਆ ਕਦੋਂ ਪਾਸ ਕੀਤੀ?

- 1907?

ਪ੍ਰਸ਼ਨ 16:- ਡਾ. ਬੀ.ਆਰ. ਅੰਬੇਡਕਰ ਨੇ ਬੁੱਧ ਧਰਮ ਕਦੋਂ ਅਤੇ ਕਿੱਥੇ ਅਪਣਾਇਆ?

-14 ਅਕਤੂਬਰ 1956, ਦੀਕਸਾ ਭੂਮੀ, ਨਾਗਪੁਰ।

ਪ੍ਰਸ਼ਨ 17 :- ਬਾਬਾ ਸਾਹਿਬ ਨੇ ਕਿਹੜੀ ਸਭਾ ਦੀ ਸਥਾਪਨਾ ਕੀਤੀ ਸੀ?

-ਕੇਂਦਰੀ ਸੰਸਥਾ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦੀ ਸਥਾਪਨਾ।

ਪ੍ਰਸ਼ਨ 18:- ਦਲਿਤ ਹੱਕਾਂ ਦੀ ਰੱਖਿਆ ਲਈ ਬਾਬਾ ਸਾਹਿਬ ਜੀ ਨੇ ਕਿਹੜੇ ਪੰਜ ਅਖ਼ਬਾਰਾਂ ਦੀ ਸ਼ੁਰੂਆਤ ਕੀਤੀ?

-ਦਲਿਤ ਹੱਕਾਂ ਦੀ ਰੱਖਿਆ ਲਈ ਬਾਬਾ ਸਾਹਿਬ ਜੀ ਨੇ ਪੰਜ ਅਖਬਾਰ- ਮੂਕਨਾਕ (1920), ਬਹਿਸ਼ੀਕ੍ਰਿਤ ਭਾਰਤ (1924), ਸਮਤਾ (1928), ਜਨਤਾ (1930) ਅਤੇ ਪ੍ਰਬੁੱਧਾ ਭਾਰਤ (1956) ਦੀ ਸ਼ੁਰੂਆਤ ਕੀਤੀ।

ਪ੍ਰਸ਼ਨ 19:- ਬਾਬਾ ਸਾਹਿਬ ਦੁਆਰਾ ਵਿਧਾਨ ਸਭਾ ਵਿੱਚ ਮਹਾਰ ਤਨਖਾਹ ਬਿੱਲ ਕਦੋਂ ਪੇਸ਼ ਕੀਤਾ ਗਿਆ ਸੀ?

-14 ਮਾਰਚ 1929

ਪ੍ਰਸ਼ਨ 20 :- ਬਾਬਾ ਸਾਹਿਬ ਨੂੰ ਸੰਵਿਧਾਨ ਡਰਾਫਟ ਕਮੇਟੀ ਦਾ ਚੇਅਰਮੈਨ ਕਦੋਂ ਨਿਯੁਕਤ ਕੀਤਾ ਗਿਆ ਸੀ?

-29 ਅਗਸਤ ਨੂੰ ਸੰਵਿਧਾਨ ਡਰਾਫਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ।

ਪ੍ਰਸ਼ਨ 21 :- ਡਾ. ਬੀ.ਆਰ. ਅੰਬੇਡਕਰ ਦੁਆਰਾ ਲਿਖੀ ਗਈ ਮਹਾਨ ਪੁਸਤਕ ਦਾ ਨਾਮ ਕੀ ਹੈ?

-ਬੁੱਧ ਅਤੇ ਉਸਦਾ ਧੰਮ।

ਪ੍ਰਸ਼ਨ 22-ਮਹਾਤਮਾ ਗਾਂਧੀ ਦੇ ਜੀਵਨ ਦੀ ਭੀਖ ਮੰਗਣ ਬਾਬਾ ਸਾਹਿਬ ਕੋਲ ਕੌਣ ਆਇਆ?

-ਕਸਤੂਰਬਾ ਗਾਂਧੀ।

ਪ੍ਰਸ਼ਨ 23 :- ਡਾ. ਅੰਬੇਦਕਰ ਨੂੰ ਗੋਲਮੇਜ਼ ਕਾਨਫਰੰਸ ਦਾ ਸੱਦਾ ਕਦੋਂ ਮਿਲਿਆ?

-6 ਅਗਸਤ 1930

ਪ੍ਰਸ਼ਨ 24:- ਅੰਬੇਦਕਰ ਨੇ ਕਿੰਨੇ ਦੇਸ਼ਾਂ ਦੇ ਸੰਵਿਧਾਨ ਦੀ ਪੜਾਈ ਕੀਤੀ ਸੀ।

-ਅੰਬੇਡਕਰ ਨੇ 60 ਦੇਸ਼ਾਂ ਦੇ ਸੰਵਿਧਾਨ ਦੀ ਪੜਾਈ ਕੀਤੀ ਸੀ।

ਪ੍ਰਸ਼ਨ24:-ਡਾ.ਅੰਬੇਡਕਰਨੇਵਕਾਲਤਕਿੱਥੋਂਸ਼ੁਰੂਕੀਤੀਸੀ?

-ਮੁੰਬਈ ਹਾਈ ਕੋਰਟ ਤੋਂ।

ਪ੍ਰਸ਼ਨ 25:- ਡਾ.ਅੰਬੇਡਕਰ ਨੇ ਭਾਰਤੀ ਸੰਵਿਧਾਨ ਨੂੰ ਕਿੰਨੇ ਸਮੇਂ ਵਿੱਚ ਲਿਖਿਆ?

-2 ਸਾਲ 11 ਮਹੀਨੇ 18 ਦਿਨ।

ਪ੍ਰਸ਼ਨ 26:- ਬਾਬਾ ਸਾਹਿਬ ਨੇ 1956 ਵਿਚ ਕਿਸ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਸੀ?

-ਬਾਬਾ ਸਾਹਿਬ ਨੇ 1956 ਵਿਚ ਧੱਮਾ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਸੀ?

ਪ੍ਰਸ਼ਨ 27 :- 'ਚੁੱਪ ਹੀਰੋ' ਮੈਗਜ਼ੀਨ ਕਿਸਨੇ ਕੱਢਿਆ ਸੀ?

-ਡਾ. ਅੰਬੇਦਕਰ ਨੇ ਮੈਗਜ਼ੀਨ ਕੱਢਿਆ ਸੀ?

ਪ੍ਰਸ਼ਨ 28:- ਬਾਬਾ ਸਾਹਿਬ ਨੇ ਕਿੰਨੇ ਲੋਕਾਂ ਨਾਲ ਬੁੱਧ ਧਰਮ ਅਪਣਾਇਆ?

-ਲਗਭਗ 10 ਲੱਖ।

ਪ੍ਰਸ਼ਨ 29 :- ਮੰਨੂੰ ਸਿਮ੍ਰਤੀ ਦਹਿਨ ਦਿਵਸ (ਮਨੂਸਮ੍ਰਿਤੀ ਬਰਨਿੰਗ ਡੇ) ਕਦੋਂ ਮਨਾਇਆ ਜਾਂਦਾ ਹੈ?

-ਹਰ ਸਾਲ 25 ਦਸੰਬਰ ਨੂੰ ਮੰਨੂੰ ਸਿਮ੍ਰਤੀ ਦਹਿਨ ਦਿਵਸ (ਮਨੂਸਮ੍ਰਿਤੀ ਬਰਨਿੰਗ ਡੇ) ਦੇ ਤੌਰ 'ਤੇ ਅੰਬੇਦਕਰਿਤਾਂ ਅਤੇ ਦਲਿਤਾਂ ਦੁਆਰਾ ਮਨਾਇਆ ਜਾਂਦਾ ਹੈ।

ਪ੍ਰਸ਼ਨ 30 :- ਬਾਬਾ ਸਾਹਿਬ ਦਾ ਪੀ.ਏ. ਕੌਣ ਸੀ?

-ਨਾਨਕਚੰਦ ਰੱਤੂ।

ਪ੍ਰਸ਼ਨ 3:- ਡਾ.ਅੰਬੇਦਕਰ ਨੇ ਕਿਹਾ ਸੰਵਿਧਾਨ ਬਾਰੇ ਕੀ ਕਿਹਾ ਸੀ?

-'ਮੈਂ ਮਹਿਸੂਸ ਕਰਦਾ ਹਾਂ ਕਿ ਸੰਵਿਧਾਨ ਆਦਰਸ਼, ਲਚਕੀਲਾ ਹੈ ਪਰ ਨਾਲ ਹੀ ਇਹ ਇੰਨਾ ਮਜ਼ਬੂਤ ਹੈ ਕਿ ਦੇਸ਼ ਨੂੰ ਸ਼ਾਂਤੀ ਅਤੇ ਜੰਗ ਦੋਹਾਂ ਸਮੇਂ ਜੋੜ ਕੇ ਰੱਖ ਸਕੇ। ਅਸਲ 'ਚ ਮੈਂ ਕਹਿ ਸਕਦਾ ਹਾਂ ਕਿ ਜੇਕਰ ਕਦੇ ਕੁਝ ਗਲਤ ਹੋਇਆ ਤਾਂ ਇਸ ਦਾ ਕਾਰਨ ਇਹ ਨਹੀਂ ਹੋਵੇਗਾ ਕਿ ਸਾਡਾ ਸੰਵਿਧਾਨ ਖਰਾਬ ਸੀ ਬਲਕਿ ਇਸ ਦਾ ਇਸਤੇਮਾਲ ਕਰਨ ਵਾਲਾ ਮਨੁੱਖ ਵੀ ਗਲਤ ਸੀ।'

ਪ੍ਰਸ਼ਨ 32- ਸੰਵਿਧਾਨ ਨੂੰ ਵਿਧਾਨ ਸਭਾ ਵਲੋਂ ਕਦੋਂ ਅਪਣਾ ਲਿਆ ਗਿਆ ਸੀ?

-26 ਨਵੰਬਰ 1949 ਨੂੰ ਇਸ ਸੰਵਿਧਾਨ ਨੂੰ ਵਿਧਾਨ ਸਭਾ ਵਲੋਂ ਅਪਣਾ ਲਿਆ ਗਿਆ ਸੀ।

ਪ੍ਰਸ਼ਨ 33:- ਬਾਬਾ ਸਾਹਿਬ ਨੇ ਭਾਰਤੀ ਬੋਧ ਮਹਾਸਭਾ ਦੀ ਸਥਾਪਨਾ ਕਦੋਂ ਕੀਤੀ?

-1955 'ਚ ਉਨਾਂ ਨੇ ਭਾਰਤੀ ਬੋਧ ਮਹਾਂਸਭਾ ਦੀ ਸਥਾਪਨਾ ਕੀਤੀ।

ਪ੍ਰਸ਼ਨ 34:- ਡਾ. ਅੰਬੇਦਕਰ ਨੇ ਪੂਨਾ ਸਮਝੌਤਾ ਕਦੋਂ ਕੀਤਾ ਸੀ?

-1932

ਪ੍ਰਸ਼ਨ 35:- ਸਾਹਿਬ ਜੀ ਦਾ ਸਵਰਗ-ਵਾਸ ਕਦੋਂ ਹੋਇਆ ਸੀ?

-6 ਦਸੰਬਰ 1956 ਨੂੰ ਆਪਣੇ ਦਿੱਲੀ ਵਾਲੇ ਨਿਵਾਸ ਸਥਾਨ ਤੇ ਉਨਾਂ ਦਾ ਸਵਰਗਵਾਸ ਹੋ ਗਿਆ।

ਪ੍ਰਸ਼ਨ 36:-14 ਅਪ੍ਰੈਲ ਦਾ ਹਰ ਸਾਲ ਦਾ ਦਿਨ ਕਿਸਦੇ ਜਨਮ ਦਿਨ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

-14 ਅਪ੍ਰੈਲ ਦਾ ਹਰ ਸਾਲ ਦਾ ਦਿਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਪ੍ਰਸ਼ਨ 37 :- ਜਾਣਕਾਰਾਂ ਅਨੁਸਾਰ ਡਾ. ਭੀਮ ਰਾਓ ਅੰਬੇਦਕਰ ਕਿੰਨੀਆਂ ਭਾਸ਼ਾਵਾਂ ਦੇ ਮਾਹਿਰ ਅਤੇ ਕਿੰਨੀਆਂ ਡਿਗਰੀਆਂ ਹਾਸਲ ਕਰ ਚੁੱਕੇ ਸਨ।

-ਜਾਣਕਾਰਾਂ ਅਨੁਸਾਰ ਡਾ. ਭੀਮ ਰਾਓ ਅੰਬੇਦਕਰ ਕਰੀਬ 9 ਭਾਸ਼ਾਵਾਂਦੇਮਾਹਿਰਅਤੇ 32 ਡਿਗਰੀਆਂਹਾਸਲਕਰਚੁੱਕੇਸਨ।

ਪ੍ਰਸ਼ਨ 38 :- ਨੋਬਲ ਪੁਰਸਕਾਰ ਜਿੱਤਣ ਵਾਲੇ ਅਮਿਤ੍ਰਯ ਸੇਨ ਅਰਥ-ਸ਼ਾਸਤਰ 'ਚ ਕਿਸਨੂੰ ਆਪਣਾ ਗੁਰੂ ਮੰਨਦੇ ਸਨ।

-ਨੋਬਲ ਪੁਰਸਕਾਰ ਜਿੱਤਣ ਵਾਲੇ ਟੀ ਅਮਿਤ੍ਰਯ ਸੇਨ ਅਰਥ-ਸ਼ਾਸਤਰ 'ਚ ਬਾਬਾ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਸਨ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਮਰਦੇ ਚਾਅ

## ਹਰਪ੍ਰੀਤ ਸਿੰਘ

ਬਾਜ ਨੂੰ ਬਚਪਨ ਤੋਂ ਹੀ ਪੌਦੇ ਲਾਉਣ ਤੇ ਸਫਾਈ ਰੱਖਣ ਦਾ ਬਹੁਤ ਸ਼ੌਕ ਸੀ ।ਘਰ ਵਿੱਚ ਥਾਂ ਥੋੜਾ ਹੋਣ ਕਰਕੇ ਬਾਜ ਨੇ ਬਹੁਤ ਸਾਰੇ ਗਮਲੇ ਲਿਆ ਕੇ ਓਹਨਾ ਵਿੱਚ ਫੁੱਲਦਾਰ ਪੌਦੇ ਲਾਏ ਹੋਏ ਸਨ। ਉਹ ਓਹਨਾ ਪੌਦਿਆਂ ਦੀ ਖ਼ੂਬ ਸੇਵਾ ਕਰਦਾ ਤੇ ਘਰ ਸਾਫ ਸਫਾਈ ਦਾ ਪੂਰਾ ਖਿਆਲ ਰੱਖਦਾ। ਅਜੇ ਬਾਜ ਗਿਆਰਵੀਂ ਕਲਾਸ ਵਿੱਚ ਸੀ ਬਾਜ ਦਾ ਸੁਪਨਾ ਸੀ ਬਾਰਵੀਂ ਕਰ ਕੇ ਫੌਜ ਵਿਚ ਭਰਤੀ ਹੋਵੇਗਾ ਤੇ ਦੁਸ਼ਮਣਾਂ ਨੂੰ ਮਾਰੇਗਾ ਬਾਜ ਬਚਪਨ ਤੋਂ ਹੀ ਮੇਲਿਆਂ ਤੋਂ ਨਕਲੀ ਬੰਦੂਕ ਰਿਵਾਲਵਰ ਖ਼ਰੀਦ ਉਨਾਂ ਨੂੰ ਸਾਂਭ ਰੱਖਦਾ। ਬਾਜ ਦੇ ਮਾਤਾ ਪਿਤਾ ਇਹ ਸੋਚ ਕੇ ਬਹੁਤ ਖੁਸ਼ ਹੁੰਦੇ ਕੇ ਉਨਾਂ ਦਾ ਪੁੱਤਰ ਸਹੀ ਦਿਸ਼ਾ ਵੱਲ ਜਾ ਰਿਹਾ, ਕਿਉਂਕਿ ਬਾਜ ਹੁਣਾ ਕੋਲ ਦੋ ਏਕੜ ਜਮੀਨ ਸੀ ਗੁਜ਼ਾਰਾ ਠੀਕ ਠਾਕ ਚਲਦਾ ਸੀ ਮਾਤਾ ਪਿਤਾ ਨੂੰ ਸੀ ਬਾਜ ਨੌਕਰੀ ਲੱਗ ਉਨਾਂ ਦਾ ਸਹਾਰਾ ਬਣੇਗਾ। ਸਰੀਰਕ ਪੱਖੋਂ ਤਕੜਾ ਤੇ ਤੇਜ ਸੀ, ਸਕੂਲ ਵਿਚ ਖੇਡ ਦੌਰਾਨ ਕਈ ਮੁਕਾਬਲਿਆਂ ਮੈਡਲ ਬਾਜ ਨੇ ਜਿੱਤੇ ਉਨਾਂ ਨੂੰ ਬੈਠਕ ਵਿਚ ਚਮਕਾਂ ਕੇ ਕਿੱਲੀਆਂ ਤੇ ਟੰਗੇ ਹੋਏ ਸੀ। ਵੱਡੀ ਭੈਣ ਪਿਛਲੇ ਸਾਲ ਵਿਆਹ ਦਿੱਤੀ ਸੀ ਬਾਜ ਦੀ ਭੈਣ (ਕੁਲਬੀਰ) ਨਾਲ ਬਾਜ ਦਾ ਬਹੁਤ ਪਿਆਰ ਸੀ ਤੇ ਵਿਆਹ ਤੋਂ ਕਈ ਦਿਨ ਬਾਅਦ ਵੀ ਉਹ ਰੋਂਦਾ ਰਿਹਾ। ਕੁਲਬੀਰ ਬਾਜ ਨੂੰ ਛੇਤੀ ਮਿਲਣ ਆ ਜਾਂਦੀ ਤਾਂ ਜੋ ਬਾਜ ਦਾ ਦਿਲ ਲਗਿਆ ਰਹੇ ਕੁਲਬੀਰ ਦਾ ਪਰੁਹਣਾ ਪ੍ਰਦੀਪ ਦਾ ਸੁਭਾਅ ਵੀ ਬਹੁਤ ਵਧੀਆ ਸੀ। ਕੁਲਬੀਰ ਹੋਰਾਂ ਦੀ ਪ੍ਰਚੂਨ ਦੀ ਦੁਕਾਨ ਸੀ, ਕੰਮ ਵਧੀਆ ਚਲਦਾ ਸੀ, ਘਰ ਦਾ ਖਰਚਾ ਵਧੀਆ ਨਿਕਲ ਰਿਹਾ ਸੀ, ਇਹੋ ਵੇਖ ਬਾਜ ਦੇ ਪਿਤਾ ਨੇ ਕੁਲਬੀਰ ਦਾ ਰਿਸ਼ਤਾ ਕੀਤਾ ਸੀ। ਆਮ ਤੌਰ ’ਤੇ ਜ਼ਿੰਮੀਦਾਰ (ਜੱਟ) ਦੇ ਦੁਕਾਨਦਾਰੀ ਘੱਟ ਹੀ ਹੁੰਦੀ ਐ।

ਹੁਣ ਬਾਜ ਨੇ ਬਾਰਵੀਂ ਵਧੀਆ ਨੰਬਰਾਂ ਨਾਲ ਪੂਰੀ ਕਰ ਲਈ ਤੇ ਫੌਜ ਦੀ ਤਿਆਰੀ ਸ਼ੁਰੂ ਕਰ ਦਿੱਤੀ। ਬਾਜ ਸਵੇਰੇ ਸ਼ਾਮ ਪਿੰਡ ਦੇ ਗਰਾਉਂਡ ਵਿਚ ਦੌੜ ਮਾਰਨ ਜਾਂਦਾ ਦਿਨੇ ਬਾਪੂ ਨਾਲ ਖੇਤ ਵਿਚ ਕੰਮ ਕਰਵਾਉਂਦਾ। ਪਿੰਡ ’ਚ ਹੋਰ ਵੀ ਬਹੁਤ ਫੌਜ ਦੀ ਭਰਤੀ ਲਈ ਮਿਹਨਤ ਕਰਨ ਆਉਂਦੇ ਸਨ। ਆਖਿਰ ਭਰਤੀ ਵਾਲਾ ਦਿਨ ਆ ਜਾਂਦਾ। ਬਾਜ ਭਰਤੀ ਦੀ ਪ੍ਰੀਕਿਰਿਆ ਪੂਰੀ ਕਰ ਜਾਂਦਾ। ਬਾਜ ਦੇ ਮਾਤਾ ਪਿਤਾ ਬਹੁਤ ਖੁਸ਼ ਹੁੰਦੇ ਹਨ ਤੇ ਰੱਬ ਅੱਗੇ ਅਰਦਾਸ ਕਰਦੇ ਹਨ, ਬੱਚੇ ’ਤੇ ਮੇਹਰ ਰੱਖੀ ।ਚਿੱਠੀ ਰਾਹੀਂ ਸੁਨੇਹਾ ਆਉਂਦਾ ਕਿ ਬਾਜ ਆਪਣੀ ਨੌਕਰੀ ਦੀ ਟ੍ਰੇਨਿੰਗ ਸ਼ੁਰੂ ਕਰ ਸਕਦਾ, ਟ੍ਰੇਨਿੰਗ ਤੋਂ ਫਿਰ ਬਾਜ ਦੀ ਡਿਊਟੀ ਸ੍ਰੀਨਗਰ ਵਿਚ ਜਾ ਲਗਦੀ। ਸ੍ਰੀਨਗਰ ਵਿਚ ਗੋਲਾਬਾਰੀ ਅਕਸਰ ਹੁੰਦੀ ਰਹਿੰਦੀ ਹੈ, ਜਦੋਂ ਦਾ ਬਾਜ ਫੌਜ ਵਿਚ ਭਰਤੀ ਹੋਇਆ ਉਦੋਂ ਤੋਂ ਬਾਜ ਦੇ ਮਾਤਾ ਟੈਲੀਵਿਜ਼ਨ ਤੇ ਖਬਰਾਂ ਵੱਲ ਰੁਝਾਨ ਹੋ ਗਿਆ ਸੀ।

ਕੁਲਬੀਰ ਵੀ ਹੁਣ ਬਹੁਤ ਖ਼ੁਸ਼ ਸੀ, ਪੇਕੇ ਗੇੜਾ ਜਲਦੀ ਮਾਰੀ ਰੱਖਦੀ, ਜਦ ਬਾਜ ਨੇ ਪਹਿਲੀ ਵਾਰ ਪੈਸੇ ਭੇਜੇ ਤਾਂ ਕਹਿੰਦਾ ਬਾਪੂ ਭੈਣ ਨੂੰ ਇਕ ਸੋਹਣਾ ਸੂਟ ਤੇ ਭਾਜੀ ਨੂੰ ਕੁਰਤਾ ਪਜਾਮਾ ਲੈ ਦੇਣਾ ਤੇ ਆਪਣੇ ਵਾਸਤੇ ਇੱਕ ਛੋਟਾ ਮੋਬਾਇਲ ਲੈ ਲਿਓ, ਇੱਥੇ ਮੇਰੇ ਨਾਲ ਮੁੰਡਿਆ ਕੋਲ ਮੋਬਾਇਲ ਨੇ ਮੈਂ ਗੱਲ ਕਰ ਲਿਆ ਕਰਾਂਗਾ ਕਦੇ ਕਦੇ। ਭੈਣ ਕਹਿੰਦੀ ਇਹ ਸੂਟ ਮੈਂ ਤੇਰੇ ਵਿਆਹ ਤੇ ਪਾਵਾਂਗੀ।

ਬਾਜ ਦਾ ਪਿਤਾ (ਅਜੈਬ ਸਿੰਘ) ਹੁਣ ਖੇਤੀਬਾੜੀ ਵਧਾਉਣ ਬਾਰੇ ਸੋਚਦਾ ਹਾਂ। ਬਾਜ ਨੂੰ ਪੁੱਛਦਾ ਕਿ ਟਰੈਕਟਰ ਲੈ ਲਈਏ ਤਾਂ ਬਾਜ ਕਹਿੰਦਾ ਦੋ ਤਿੰਨ ਮਹੀਨੇ ਰੁਕ ਕੇ ਲੈ ਲਈਂ ਬਾਪੂ ਕਿਸ਼ਤਾਂ ਕਰਵਾ ਲਵੀਂ, ਹੌਲੀ ਹੌਲੀ ਉਤਾਰ ਦਿਆਂਗੇ।

ਅਜੈਬ ਸਿੰਘ ਨਾਲ ਲੱਗਦੀ ਜਮੀਨ ਠੇਕੇ ਲੈ ਲੈਂਦਾ ਹੈ, ਵਾਹੀ ਕਰਨ ਲੱਗਦਾ ਹੈ, ਹੁਣ ਅਜੈਬ ਸਿੰਘ ਅੱਠ ਏਕੜ ਤੇ ਖੇਤੀ ਕਰਨ ਲਗ ਗਿਆ ਸੀ, ਤਿੰਨ ਮਹੀਨੇ ਬੀਤੇ ਅਜੈਬ ਸਿੰਘ ਨੇ ਟਰੈਕਟਰ ਲੈ ਆਉਂਦਾ ਹੈ। ਸਭ ਨੇ ਵਧਾਈ ਦਿੱਤੀ, ਬਾਜ ਦਾ ਮਾਮਾ ਮੁਖਤਿਆਰ ਸਿੰਘ ਵੀ ਆਉਂਦਾ ਹੈ ਤੇ ਮਾਮੀ ਆਖਦੀ ਮੁੰਡਾ ਸਾਊ ਨਿਕਲਿਆ, ਘਰ ਸੰਭਾਲ ਲਿਆ। ਮੁਖਤਿਆਰ ਸਿੰਘ ਦਾ ਮੁੰਡਾ (ਰਾਣਾ) ਪਹਿਲਾਂ ਈ ਸਰਕਾਰੀ ਨੌਕਰੀ ’ਤੇ ਲੱਗਾ ਹੋਇਆ ਸੀ। ਇਸ ਲਈ ਮੁਖਤਿਆਰ ਸਿੰਘ ਦਾ ਪਰਿਵਾਰ ਸੌਖਾ ਸੀ। ਭੈਣ ਜਦੋਂ ਆਉਂਦੀ ਬਾਜ ਦੇ ਮੈਡਲ ਪੌਦੇ ਖ਼ੂਬ ਚਮਕਾ ਜਾਂਦੀ, ਟਰੈਕਟਰ ਦੀਆਂ ਕਿਸ਼ਤ ਹਰ ਮਹੀਨੇ ਬਾਜ ਦੀ ਤਨਖਾਹ ’ਚੋਂ ਕਟ ਜਾਂਦੀ ।ਸਾਰੇ ਹੁਣ ਬਹੁਤ ਖੁਸ਼ ਸਨ, ਹੁਣ ਬਾਜ ਦੇ ਵਿਆਹ ਦੀਆਂ ਗੱਲਾਂ ਹੋਣ ਲੱਗ ਪਈਆਂ ਸਨ, ਪਰ ਬਾਜ ਕਹਿੰਦਾ ਅਜੇ ਘਰ ਬਣਾ ਕੇ ਫਿਰ ਵਿਆਹ ਕਰਾਵੇਗਾ, ਕੰਮ ਚੰਗਾ ਚਲ ਗਿਆ, ਲਗਦਾ ਘਰ ਵੀ ਜਲਦੀ ਬਣਜੇਗਾ। ਜਦੋਂ ਵੀ ਬਾਜ ਘਰ ਆਉਂਦਾ ਤਾਂ ਸਾਰੇ ਰਿਸ਼ਤੇਦਾਰ ਮਿਲਣ ਆ ਜਾਂਦੇ ਤੇ ਆਪਣੇ ਪੌਦਿਆਂ ਨੂੰ ਵੀ ਖ਼ੂਬ ਨੁਹਾਰ ਜਾਂਦਾ। ਅਚਾਨਕ ਇਕ ਦਿਨ ਟੈਲੀਵਿਜ਼ਨ ਤੇ ਖ਼ਬਰ ਆਉਂਦੀ ਹੈ ਕਿ ਸ੍ਰੀਨਗਰ ਦੇ ਇਲਾਕੇ ਵਿਚ ਬਹੁਤ ਵੱਡੀ ਘੁਸਬੈਠ ਹੋਈ ਹੈ, ਜਵਾਨਾਂ ਵਲੋਂ ਅੱਤਵਾਦੀਆਂ ਦੀ ਭਾਲ ਜਾਰੀ ਹੈ। ਨੌਂ ਜਵਾਨ ਭਾਰਤ ਦੇ ਸ਼ਹੀਦ ਹੋ ਗਏ ਹਨ, ਸ੍ਰੀਨਗਰ ਦੇ ਕਿਸੇ ਵੀ ਇਲਾਕੇ ਦੀ ਜਦੋਂ ਟੈਲੀਵਿਜ਼ਨ ਤੇ ਕਦੇ ਖ਼ਬਰ ਆਉਂਦੀ ਤਾਂ ਬਾਜ ਦੀ ਮਾਂ ਘਬਰਾ ਜਾਂਦੀ, ਅਜਿਹਾ ਇਸ ਲਈ ਕਿਉਂ ਉੱਥੇ ਈ ਬਾਜ ਰਹਿੰਦਾ ਸੀ, ਪਰ ਅੱਜ ਤਾਂ ਖ਼ਬਰ ਰੌਂਗਟੇ ਖੜੇ ਕਰਨ ਵਾਲੀ ਸੀ, ਨੌਂ ਜਵਾਨ ਮਾਰੇ ਜਾ ਚੁੱਕੇ ਸਨ, ਅਜੇ ਹੋਰ ਪਤਾ ਨਹੀਂ ਕੀ ਬਣਨਾ ਹੈ, ਪਤਾ ਨਹੀਂ ਸੀ ਕਿੱਥੇ ਕਿਥੇ ਸੱਥਰ ਵਿਛਣ ਵਾਲੇ ਨੇ, ਸਾਰੇ ਦੇਸ਼ ਦਾ ਧਿਆਨ ਇਸ ਹਮਲੇ ਨੇ ਖਿੱਚ ਲਿਆ ਸੀ, ਅਜੈਬ ਸਿੰਘ ਬਾਜ ਦੀ ਮਾਂ ਨੂੰ ਸਮਝਾਉਂਦਾ ਕਿ ਕੁੱਝ ਨਹੀਂ ਹੋਇਆ। ਸੌਂ ਜਾ ਆਪਣਾ ਬਾਜ ਥੋੜਾ ਇਥੇ ਹੋਣਾ, ਪਰ ਮਾਂ ਤਾਂ ਮਾਂ ਆ ਕਿਥੇ ਦਿਲ ਖੜਦਾ ਰਾਤ ਤਾਂ ਬਾਜ ਦੇ ਬਾਪੂ ਨੇ ਹੌਂਸਲਾ ਦੇ ਸਵਾ ਤਾ, ਦਿਨ ਹੋਇਆ ਮਾਂ ਕੰਮਕਾਰ ਵਿਚ ਜੁਟ ਗਈ, ਕਾਹਲੀ ਕਾਹਲੀ ਵਿਚ ਕੰਮ ਨਬੇੜ ਲਵਾਂ ਫਿਰ



ਬਾਜ ਦਾ ਬਾਪੂ ਖੇਤਾਂ ਤੋਂ ਆਏਗਾ ਤੇ ਬਾਜ ਨੂੰ ਫੋਨ ਲਾ ਕੇ ਹਾਲ-ਚਾਲ ਪੁਛਾਂਗੀ, ਦੁਪਹਿਰਾ ਹੋ ਗਿਆ ਅਜੈਬ ਸਿੰਘ ਹੁਣ ਆਇਆ ਬਾਜ ਦੀ ਮਾਂ ਪੁੱਛਦੀ, ਅੱਜ ਏਨੀ ਦੇਰ ਨਾਲ ਕਿਉਂ ਆਇਆਂ, ਅਜੈਬ ਸਿੰਘ ਕੰਮ ਵੱਧ ਸੀ ਤਾਂ ਸਮਾਂ ਲਗ ਗਿਆ, ਚਲੋ ਫੋਨ ਲਾ ਕੇ ਬਾਜ ਨੂੰ ਪੁਛੋ ਸਭ ਠੀਕ ਹੈ, ਕਿੰਨੇ ਅੱਤਵਾਦੀ ਮਾਰੇ ਨੇ ਸਾਡੇ ਜਵਾਨਾਂ ਨੇ। ਸੱਚ ਤਾਂ ਇਹ ਸੀ ਅਜੈਬ ਸਿੰਘ ਵੀ ਸਵੇਰ ਦਾ ਪ੍ਰੇਸ਼ਾਨ ਸੀ ਕਿਉਂਕਿ ਪਹਿਲਾਂ ਕਦੇ ਵੀ ਬਾਜ ਦੇ ਨੇੜੇ ਤੇੜੇ ਘੁਸਬੈਠ ਹੁੰਦੀ ਬਾਜ ਦਾ ਫੋਨ ਆ ਜਾਂਦਾ ਸੀ ਕੇ ਮੈਂ ਠੀਕ ਹਾਂ ਐਵੇਂ ਫਿਕਰ ਨਾ ਕਰਿਓ। ਪਰ ਅੱਜ ਸ਼ਾਮ ਹੋ ਗਈ ਬਾਜ ਦਾ ਫੋਨ ਨਹੀਂ ਸੀ ਆਇਆ ਤੇ ਪਿਤਾ ਵੀ ਬੇਚੈਨ ਹੋਣ ਲੱਗਾ ਸੀ, ਫੋਨ ਲਾਉਣ ਦੀ ਹਿੰਮਤ ਨਹੀਂ ਸੀ ਪੈ ਰਹੀ। ਉਹ ਰਾਤ ਫਿਰ ਸੋਚਦੇ ਸੋਚਦੇ ਪੈ ਗਏ ਕਿ ਰੋਲੇ ਕਰਕੇ ਰੁਝਿਆ ਹੋਣਾ ਤਾਂ ਫੋਨ ਨਹੀਂ ਕੀਤਾ ਪਰ ਅੰਦਰੋਂ ਦੋਵੇਂ ਡਰੇ ਹੋਏ ਸਨ, ਖੌਰੇ ਕੀ ਬਣੇਗਾ ?

ਦਿਨ ਚੜਦਾ ਹੈ, ਦਸੰਬਰ ਦੇ ਦਿਨ ਸੀ, ਬਾਜ ਦੇ ਪਿਤਾ ਨੇ ਠੇਕੇ ਵਾਲੀ ਜੋ ਜਮੀਨ ਸੀ, ਉਸਨੂੰ ਪਾਣੀ ਲਾਉਣਾ ਸੀ, ਕਣਕ ਬੀਜੀ ਹੋਈ ਸੀ, ਕਈ ਦਿਨ ਮੋਟਰ ਵਾਲੀ ਬਿਜਲੀ ਨਾ ਆਉਣ ਕਰਕੇ ਕਈ ਦਿਨ ਲੰਘ ਗਏ ਸੀ, ਅੱਜ ਨੌਂ ਵਜੇ ਬਿਜਲੀ ਆਉਣੀ ਸੀ। ਪਤਨੀ ਨੂੰ ਕਹਿੰਦਾ ਕਿ ਰੋਟੀ ਲਾਹ ਦੇ ਚੁੱਲੇ ’ਤੇ ਅਜੇ ਛੇਤੀ ਮੈਂ ਕਣਕ ਨੂੰ ਪਾਣੀ ਲਾਉਣ ਜਾਣਾ। ਪਤਨੀ ਅੱਗੋਂ ਕਹਿੰਦੀ ਰੋਟੀ ਤਾਂ ਤਿਆਰ ਹੈ ਤੁਸੀਂ ਖਾ ਲਵੋ। ਰੋਟੀ ਖਾਂਦਾ ਈ ਬਾਪੂ ਕਹੀ ਸਾਈਕਲ ’ਤੇ ਟੰਗ ਸਾਈਕਲ ਤੋਰ ਖੇਤ ਨੂੰ ਪਹੁੰਚ ਜਾਂਦਾ, ਓਧਰ ਮਾਂ ਨੂੰ ਫਿਕਰ ਅਜੇ ਤੱਕ ਬਾਜ ਦਾ ਫੋਨ ਨਹੀਂ ਆਇਆ। ਸੋਚਦੀ ਆ ਚਲ ਬਾਜ ਦੇ ਬਾਪੂ ਨੂੰ ਆਉਣ ਦੇ ਖੁਦ ਈ ਫੋਨ ਕਰਕੇ ਉਸਨੂੰ ਝਿੜਕਾਂਗੀ ‘ਤੈਨੂੰ ਸਾਡੀ ਕੋਈ ਫਰਕ ਹੈ’ ਨਾ ਕੋਈ ਚਿੱਠੀ ਨਾ ਫੋਨ ਕਿੱਥੇ ਸੀ ਕਿਵੇਂ ਕਿੰਨੇ ਦਿਨ ਹੋ ਗਏ ਤੇਰੇ ਫੋਨ ਆਏ ਨੂੰ, ਜੇ ਗੱਲ ਨਹੀਂ ਕਰਨੀ ਤਾਂ ਫੋਨ ਕਿਉਂ ਲੈ ਕੇ ਦਿੱਤਾ। ਏਨੇ ਨੂੰ ਮਾਂ ਬੂਹੇ ਵੱਲ ਵੇਖਦੀ ਆ ਬਾਜ ਦਾ ਬਾਪੂ ਨੰਗੇ ਪੈਰੀਂ ਹਫੜਾ ਦਫੜੀ ਵਿਚ ਭੱਜਿਆ ਆਉਂਦਾ, ਪਤਨੀ ਦੇ ਗਲ ਲੱਗ ਉੱਚੀ ਉੱਚੀ ਰੋਣ ਲੱਗਦਾ, ਪਤਨੀ ਪੁੱਛਦੀ ‘ਕੀ ਹੋਇਆ ? ਕੀ ਹੋਇਆ ? ਬੋਲਦੇ ਕਿਉਂ ਨਹੀਂ, ਹੋਇਆ ਦੱਸੋ ਤਾਂ ਸਹੀ ਹੋਇਆ ਕੀ। ਰੋ ਕਿਉਂ ਰਹੇ ਹੋ ? ਸਭ ਠੀਕ ਤਾਂ ਹੈ ‘ਅੱਗੋਂ ਜਵਾਬ ਆਉਂਦਾ ਕੁਝ ਵੀ ਠੀਕ ਨਹੀਂ ਆਪਣਾ ਬਾਜ । ਕਿ ਬਾਜ ਮਾਂ ਬੋਲਦੀ ਬਾਜ ਠੀਕ ਤਾਂ ਹੈ ? ਨਹੀਂ ਆਪਣਾ ਬਾਜ ਆਪਾਂ ਨੂੰ ਛੱਡ ਗਿਆ ਅਜੈਬ ਸਿੰਘ ਬੋਲਦਾ। ਸੁਣਦੇ ਈ ਬਾਜ ਦੀ ਮਾਂ ਦੀਆਂ ਲੱਤਾਂ ਸਾਥ ਛੱਡ ਦਿੰਦੀਆਂ ਨੇ, ਧਰਤੀ ਤੇ ਡਿੱਗ ਜਾਂਦੀ ਤੇ ਜਿਵੇਂ ਧਰਤੀ ਵੀ ਥਾਂ ਨਾ ਦੇ ਰਹੀ ਹੋਵੇ, ਦੋਵੇਂ ਵੇਹੜੇ ਵਿਚ ਡਿੱਗੇ, ਇਕ ਦੂਜੇ ਦੇ ਗਲ਼ ਲੱਗ ਧਾਹਾਂ ਮਾਰ ਉੱਚੀ ਉੱਚੀ ਰੋ ਰਹੇ ਸਨ, ਆਸੇ-ਪਾਸੇ ਜਦੋਂ ਆਵਾਜ਼ ਸੁਣੀ ਤਾਂ ਉਨਾਂ ਵੱਲ ਨੂੰ ਭੱਜੇ ਤੇ ਚੁਕਿਆ ਪੁੱਛਣ ਲੱਗੇ, ਗੱਲ ਕੀ ਹੋਈ ? ਦੋਹਾਂ ਨੂੰ ਰੋਣ ਤੋਂ ਬਿਨਾਂ ਕੋਈ ਆਵਾਜ਼ ਨਹੀਂ ਸੀ ਨਿਕਲ ਰਹੀ। ਵਾਰ ਵਾਰ ਪੁੱਛਣ ਅਜੈਬ ਨੇ ਹਿੰਮਤ ਕੀਤੀ ਕੇ ਬਾਜ ...। ਬਾਜ ਦਾ ਨਾਮ ਸੁਣਦੇ ਹੀ ਸਾਰੇ ਸਮਝ ਗਏ ਸੀ ਕੇ ਲੱਗਦਾ ਬਾਜ ਨੂੰ ਕੁਝ ਹੋ ਗਿਆ। ਆਏ ਹੋਏ ਲੋਕਾਂ ਨੇ ਦੋਵਾਂ ਨੂੰ ਚੱਕ ਕੇ ਮੰਜ਼ੇ ਤੇ ਲੰਮੇ ਪਾ ਦਿੱਤਾ ਜਾਂਦਾ ਪਰ ਦੋਹਾਂ ਦੇ ਹੰਝੂ ਰੁਕਣ ਦਾ ਨਾ ਨਹੀਂ ਲੈਣ ਦੇ ਰਹੇ ਸੀ। ਚੁੱਪ ਕਰਾਉਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਸੀ, ਕਈ ਘੰਟੇ ਇੰਝ ਈ ਚੱਲਦਾ ਰਿਹਾ। ਬਾਜ ਦੇ ਪਰਿਵਾਰ ਦੁੱਖ ਘੱਟ ਹੋਣ ਦਾ ਨਾਮ ਨਹੀਂ ਲੈ ਰਿਹਾ ਸੀ। ਇੰਨੇ ਨੂੰ ਟੈਲੀਵਿਜ਼ਨ ਤੇ ਖ਼ਬਰ ਸਭ ਤੱਕ ਪੁਹੰਚ ਜਾਂਦੀ ਹੈ। ਪਿੰਡ ਵਾਲੇ ਖਬਰ ਸੁਣ ਬਾਜ ਦੇ ਘਰ ਨੂੰ ਤੁਰ ਪੈਂਦੇ ਨੇ। ਪਰ ਕੁਲਬੀਰ ਜਦੋਂ ਇਹ ਖਬਰ ਸੁਣਦੀ ਹੈ ਤਾਂ ਬੇਹੋਸ਼ ਹੋ ਕੇ ਡਿੱਗ ਜਾਂਦੀ ਹੈ। ਡਾਕਟਰ ਦੇ ਲਿਜਾਣ ਤੋਂ ਬਾਅਦ ਹੋਸ਼ ਵਿਚ ਆਉਂਦੀ ਹੀ ਬਾਜ ਦੇ ਪਿੰਡ ਵੱਲ ਜਾਣ ਨੂੰ ਕਹਿੰਦੀ। ਪਿੰਡ ਪੁੱਜਦੇ ਘਰ ਆ ਮਾਂ ਦੇ ਗਲ ਲੱਗ ਭੁੱਬਾਂ ਮਾਰ ਮਾਰ ਰੋਂਦੀ ਮਾਂ ਆਪਾਂ ਲੁੱਟੇ ਗਏ, ਪੱਟੇ ਗਏ, ਕੀ ਕਰਾਂਗੇ ਆਪਾਂ ਬਾਜ ਤੋਂ ਬਿਨਾਂ। ਰੱਬ ਨੇ ਸਾਡੇ ਨਾਲ ਕਿਹੜੇ ਜਨਮਾਂ ਦਾ ਵੈਰ ਕੱਢ ਲਿਆ, ਬਾਜ ਦੇ ਮਾਮਾ ਮਾਮੀ ਵੀ ਰੋ ਰੋ ਅੱਖਾਂ ਸੁਜਾਈ ਬੈਠੇ ਸੀ। ਭੈਣ ਦੇ ਰੋਣ ਦਾ ਤਾਂ ਕੋਈ ਟਿਕਾਣਾ ਈ ਨਹੀਂ ਸੀ। ਆਸੇ ਪਾਸੇ ਦੇ ਬਾਜ ਦੇ ਮਿੱਤਰ ਜਦੋਂ ਖ਼ਬਰ ਸੁਣਦੇ ਹਨ ਤੇ ਅੱਖਾਂ ਗਿਲੀਆਂ ਕਰ ਲੈਂਦੇ। ਭੈਣ ਉਹ ਸੂਟ ਬਾਰੇ ਸੋਚ ਸੋਚ ਰੋਂਦੀ ‘ਹੁਣ ਓਹਦਾ ਕੀ ਕਰਾਂਗੇ ਜਦੋਂ ਵੇਖਣ ਵਾਲਾ ਨਹੀਂ ਨਹੀਂ ਰਿਹਾ। ਅਸੀਂ ਤਾਂ ਰੱਬ ਨੇ ਜਮਾ ਈ ਮਾਰਤੇ ਵੇ ਲੋਕੋ। ‘ਰੱਬਾ ਅਸੀਂ ਤੇਰਾ ਕਿ ਮਾੜਾ ਕੀਤਾ ਸੀ ਇਕ ਈ ਤਾਂ ਵੀਰ ਸੀ ਮੇਰਾ, ਉਹ ਨਹੀਂ ਜਰਿਆ ਗਿਆ ਤੈਥੋਂ ਖੌਰੇ ਕਿਸਦੀ ਨਜ਼ਰ ਲਗ ਗਈ ਸਾਨੂੰ’ ਕਾਫੀ ਸਮਾਂ ਬੀਤਣ ਤੋਂ ਬਾਅਦ ਅਜੈਬ ਸਿੰਘ ਦੱਸਦਾ ਹਾਂ ਕਿਸੇ ਅਫਸਰ ਦਾ ਫੋਨ ਆਇਆ ਸੀ ਬੋਲ ਰਿਹਾ ਸੀ ‘ਗੁਰਬਾਜ਼ ਸਿੰਘ ਬਾਜ ਦੁਸ਼ਮਣ ਸੇ ਲੜਤਾ ਹੂਆ ਤੀਨ ਘੁਸਬੈਠਿਓ ਕੋ ਮਾਰ ਕਰ ਖੁਦ ਸੀਨੇ ਪੇ ਗੋਲੀ ਲਗਣੇ ਕੇ ਕਾਰਨ ਸ਼ਹੀਦ ਹੋ ਗਆ ਹੈ, ਕਲ ਕੋ ਬੌਡੀ ਪੁਹੰਚ ਜਾਏਗੀ ਹਮੇ ਆਪਕੇ ਬੇਟੇ ਪਰ ਗਰਵ ਹੈ’

ਅਗਲੇ ਦਿਨ ਬੜੇ ਮਾਨ ਸਨਮਾਨ ਨਾਲ ਬਾਜ ਦਾ ਸੰਸਕਾਰ ਕੀਤਾ ਜਾਂਦਾ ਹੈ। ਇਕ ਪਿਓ ਜਦੋਂ ਜਵਾਨ ਹੋਏ ਪੁੱਤ ਚਿਖਾ ਨੂੰ ਅੱਗ ਦੇਣ ਵਾਲਾ ਦ੍ਰਿਸ਼ ਆਮ ਨਹੀਂ। ਅਜੈਬ ਸਿੰਘ, ਭੈਣ, ਮਾਂ ਸਾਰੇ ਸਲੂਟ ਮਾਰਦੇ ਹਨ ਤੇ ਅੱਗ ਲਾ ਦਿੰਦੇ ਨੇ, ਫਿਰ ਉੱਚੀ ਉੱਚੀ ਧਾਹਾਂ ਮਾਰ ਰੱਬ ਨੂੰ ਮੇਹਣੇ ਦੇਣ ਲੱਗਦੇ ਨੇ। ਸਰਕਾਰ ਸ਼ਹੀਦ ਹੋਏ ਪਰਿਵਾਰ ਦੇ ਮੈਂਬਰ ਨੂੰ ਵੀਹ ਵੀਹ ਲੱਖ ਦੇਣ ਦਾ ਐਲਾਨ ਕਰਦੀ ਜਿਹੜੇ ਦੁਸ਼ਮਣ ਨੂੰ ਮਾਰ ਕੇ ਮਰੇ ਨੇ ਉਨਾਂ ਨੂੰ ਤੀਹ ਲੱਖ ਐਲਾਨ ਹੋ ਜਾਂਦਾ। ਸੰਸਕਾਰ ਤੇ ਹਲਕੇ ਦੇ ਰਾਜਨੀਤਿਕ ਦਲ ਵੀ ਕੋਈ ਪੰਜਾਹ ਕੋਈ ਲੱਖ ਬੋਲ ਜਾਂਦੇ ਹਨ। ਲੋਕਾਂ ਸੋਚਦੇ ਹੁਣ ਅਜੈਬ ਸਿੰਘ ਦਾ ਘਰ ਨੋਟਾਂ ਨਾਲ ਭਰ ਜਾਏਗਾ।ਪਰ ਅਜੈਬ ਸਿੰਘ ਦੀ ਅਸਲ ਸੰਪਤੀ ਤਾਂ ਖਤਮ ਹੋ ਚੁੱਕੀ ਸੀ।

ਭੋਗ ਵਾਲਾ ਦਿਨ ਆ ਜਾਂਦਾ ਬਹੁਤ ਇਕੱਠ ਹੁੰਦਾ ਹੈ ਗੁਰੂਘਰ ਵਿੱਚ ਹੀ ਅਰਦਾਸ ਹੁੰਦੀ ਹੈ ਤੇ ਪਰਿਵਾਰ ਨੂੰ ਮੈਡਲ ਦੇ ਕੇ ਸਰਕਾਰ ਵਲੋਂ ਸਨਮਾਨਤ ਵੀ ਕੀਤਾ ਜਾਂਦਾ ਹੈ। ਅਜੈਬ ਸਿੰਘ ਨੂੰ ਭਾਵੇਂ ਮਾਣ ਵੀ ਹੁੰਦਾ ਕਿ ਉਸਦੇ ਪੁੱਤਰ ਨੇ ਬਹਾਦਰੀ ਵਾਲ਼ਾ ਕੰਮ ਕੀਤਾ ਹੈ ਪਰ ਅੰਦਰੋਂ ਬਿਲਕੁਲ ਟੁੱਟ ਚੁਕਿਆ ਸੀ। ਦਿਨ ਬੀਤਦੇ ਗਏ ਭੋਗ ਬਾਅਦ ਭੈਣ ਈ ਰਹਿ ਗਈ ਬਾਕੀ ਸਭ ਚਲੇ ਗਏ। ਪਰਿਵਾਰ ਦਾ ਕੰਮਕਾਰ ਸਭ ਵਿੱਚੇ ਛੁਟ ਗਿਆ। ਅਜੈਬ ਸਿੰਘ ਪੈਰਾਂ ’ਤੇ ਖੜੇ ਹੋਣ ਦੀ ਹਿੰਮਤ ਕਰਦਾ ਹੈ, ਖੇਤਾਂ ਵੱਲ ਗੇੜਾ ਮਾਰਦਾ ਹੈ ਤਾਂ ਕਣਕ ਸਪਰੇ ਮੰਗਦੀ ਆ ਨਦੀਨ ਕਾਫੀ ਉਗ ਆਏ ਸੀ । ਕੰਮ ਸ਼ੁਰੂ ਕਰ ਦਿੰਦਾ ਹੈ ।ਫਰਵਰੀ ਦਾ ਮਹੀਨਾ ਚੜਨ ਵਾਲ਼ਾ ਸੀ ਤੇ ਟਰੈਕਟਰ ਦੀ ਕਿਸ਼ਤ ਵੀ ਆਉਣ ਵਾਲੀ ਸੀ ਤੇ ਅਜੈਬ ਸਿੰਘ ਨੂੰ ਆਸ ਸੀ ਕਿ ਜੋ ਸਰਕਾਰ ਪੈਸੇ ਦੇਵੇਗੀ ਉਨਾਂ ਨਾਲ ਕਰਜ ਉਤਾਰ ਦੇਵੇਗਾ, ਪਹਿਲਾਂ ਤਾਂ ਬਾਜ ਦੀ ਤਨਖਾਹ ’ਤੇ ਚਲਦਾ ਸੀ ਪਰ ਸਮਾਂ ਬੀਤਣ ਨਾਲ ਸਰਕਾਰ ਦੇ ਵਾਅਦਿਆਂ ਦੀ ਵੀ ਫੂਕ ਨਿਕਲਦੀ ਨਜ਼ਰ ਆਉਣ ਲੱਗ ਜਾਂਦੀ ਹੈ। ਪਿੰਡ ਵਾਲਿਆਂ ਨੇ ਥੋੜੀ ਬਹੁਤੀ ਮਦਦ ਕੀਤੀ ਪਰ ਰਾਜਨੀਤਿਕ ਦਲ ਸਰਕਾਰ ਕਿਧਰੇ ਨਜ਼ਰ ਨਹੀਂ ਆਏ। ਹੁਣ ਬਾਜ ਨੂੰ ਪੂਰੇ ਹੋਏ ਤਿੰਨ ਮਹੀਨੇ ਹੋਣ ਵਾਲੇ ਸੀ । ਮਾਂ ਜਦ ਬੈਠਕ ’ਚ ਟੰਗੇ ਬਾਜ ਦੇ ਮੈਡਲ ਨੂੰ ਦੇਖਦੀ ਤਾਂ ਰੋਣ ਲਗ ਜਾਂਦੀ, ਕਿੰਨੇ ਚਾਵਾਂ ਨਾਲ ਲੈ ਕੇ ਆਉਂਦਾ ਸੀ ਪੁੱਤ, ਪਰ ਅੱਜ ਸਾਡੇ ਕਿਸੇ ਕੰਮ ਦੇ ਨਹੀਂ ਰਹੇ, ਮੈਡਲਾਂ ਨਾਲ ਜ਼ਿੰਦਗੀ ਨਹੀਂ ਲੱਗਣੀ ਪੁੱਤ ਤੂੰ ਆਜਾ ਤੂੰ। ਬਾਜ ਦੇ ਲਾਏ ਗਮਲਿਆਂ ਵਿੱਚਲੇ ਪੌਦਿਆਂ ਦਾ ਰੰਗ ਵੀ ਬਦਲ਼ ਗਿਆ ਸੀ, ਬਾਜ ਜਦ ਬਾਹਰ ਹੁੰਦਾ, ਮਾਂ ਨੂੰ ਯਾਦ ਕਰਵਾਉਂਦਾ ਰਹਿੰਦਾ ਸੀ, ਫੁੱਲ ਸੁੱਕਣ ਨਾ ਦੇਈਂ ਮਾਂ, ਇਨਾਂ ਨੂੰ ਸਮੇਂ ਸਿਰ ਪਾਣੀ ਪਾਉਂਦੇ ਰਹਿਣਾ, ਜੇ ਤੁਹਾਡਾ ਪੁੱਤ ਤਾਂ ਮੈਂ ਹਾਂ ਪਰ ਮੇਰੇ ਪੁੱਤ ਏਹੀ ਨੇ ਬਾਜ ਜਾਣ ਲੱਗਾ ਕਹਿ ਕੇ ਗਿਆ ਸੀ ਸੰਭਾਲ ਕੇ ਰੱਖਿਓ, ਹੁਣ ਜਿਸ ਦਿਨ ਦਾ ਬਾਜ ਮੁੱਕ ਗਿਆ ਸੀ, ਮਾਂ ਖੁਦ ਠੀਕ ਨਹੀਂ ਸੀ ਤੇ ਫੁੱਲ ਵੀ ਹੁਣ ਬਾਜ ਨੂੰ ਯਾਦ ਕਰਦੇ ਸੀ, ਬਾਜ ਨਾਲ ਇਹ ਵੀ ਬਹੁਤ ਖੁਸ਼ ਰਹਿੰਦੇ ਸੀ, ਭੈਣ ਆਉਂਦੀ ਤਾਂ ਕਈ ਦਿਨ ਚੰਗੀ ਸਾਂਭ ਕਰ ਜਾਂਦੀ ਤੇ ਕਈ ਦਿਨ ਹਰਿਆਵਲ ਮਾਰ ਜਾਂਦੇ ਹੁਣ ਜਦ ਕੁਲਬੀਰ ਆਈ ਪੌਦਿਆਂ ਨੂੰ ਵੇਖ ਕਹਿੰਦੀ, ਮਾਂ ਇਨਾਂ ਪੌਦਿਆਂ ਵਿਚ ਪਹਿਲਾਂ ਵਾਲੀ ਖਿੱਚ ਨਹੀਂ ਰਹੀ, ਮੈਨੂੰ ਲੱਗਦਾ ਫੁੱਲ ਵੀ ਬਾਜ ਨੂੰ ਵੇਖਣ ਨੂੰ ਤਰਸ ਗਏ ਨੇ, ਸੋਚਦੇ ਹੋਣੇ ਜਿਸ ਦਿਨ ਬਾਜ ਆਇਆ ਅਸੀਂ ਫਿਰ ਬਾਗੋਬਾਗ ਹੋ ਜਾਣਾ। ਮਾਂ ਪਰ ਇਨਾਂ ਨੂੰ ਕੀ ਪਤਾ ਕਿ ਤੁਸੀਂ ਵੀ ਹੁਣ ਸਾਡੇ ਤਰਾਂ ਪਹਿਲੀ ਹਰਿਆਲੀ ਨੂੰ ਤਰਸ ਜਾਓਗੇ, ਜਿਸ ਬਾਗ਼ ਦਾ ਮਾਲੀ ਨਾ ਰਹੇ ਉਹ ਬਾਗ਼ ਕਿਵੇਂ ਹਰੇ ਰਹਿ ਸਕਦੇ ਨੇ।

ਓਧਰ ਅਜੈਬ ਸਿੰਘ ਨੂੰ ਟਰੈਕਟਰ ਦੀ ਕਿਸ਼ਤ ਦੀ ਫ਼ਿਕਰ ਹੋਣ ਲੱਗੀ ਸੀ, ਅਜੈਬ ਸਿੰਘ ਪ੍ਰਸ਼ਾਸਨ ਅਧਿਕਾਰੀ, ਜ਼ਿਲਾ ਅਧਿਕਾਰੀ ਨੂੰ ਮਿਲ ਬਾਜ ਨੂੰ ਮਿਲਣ ਵਾਲੇ ਪੈਸਿਆਂ ਦੀ ਗੱਲ ਕਰਦਾ ਪਰ ਸਾਰੇ ਅੱਗੇ ਤੋਂ ਅੱਗੇ ਤੋਰ ਦਿੰਦੇ ਕਿ ਸਾਡੇ ਵੱਸ ਨਹੀਂ। ਤੁਸੀਂ ਉਥੇ ਗੱਲ ਕਰੋ, ਤੁਸੀਂ ਇੱਥੇ ਗੱਲ ਕਰੋ, ਕਾਫੀ ਦਿਨ ਧੱਕੇ ਖਾਣ ਤੋਂ ਬਾਅਦ ਪੱਲੇ ਕੁੱਝ ਨਹੀਂ ਪੈਂਦਾ ਤਾਂ ਥੱਕ ਹਾਰ ਕੇ ਬੈਠ ਜਾਂਦਾ। ਖਿਆਲ ਸਤਾਉਣ ਲੱਗਦੇ ਨੇ ਕਿਸ਼ਤ ਨਾ ਭਰੀ ਤਾਂ ਟਰੈਕਟਰ ਚਲਾ ਜਾਣਾ, ਫਿਰ ਖੇਤੀ ਦਾ ਕੀ ਬਣੇਗਾ ? ਰਾਤ ਨੂੰ ਵੀ ਬੇਚੈਨ ਰਹਿਣ ਲੱਗਾ ਸੋਚਦਾ ਕਰਾਂ ਤਾ ਕੀ ਕਰਾਂ, ਸਵੇਰ ਹੁੰਦੀ ਤਾਂ ਬਾਜ ਦੇ ਮਾਮੇ ਨੂੰ ਫੋਨ ਕਰਨ ਬਾਰੇ ਸੋਚਦਾ, ਪਤਨੀ ਕਹਿੰਦੀ ਕਰ ਲਓ ਕੀ ਪਤਾ ਕੁੱਝ ਹੱਲ ਹੋ ਜੇ। ਫ਼ੋਨ ਕਰਦੇ ਤਾਂ ਨਿਰਾਸ਼ਾ ਤੋਂ ਬਿਨਾਂ ਕੁਝ ਨਹੀਂ ਮਿਲਦਾ। ਮੁਖਤਿਆਰ ਸਿੰਘ ਕਹਿੰਦਾ ਏਨੇ ਪੈਸੇ ਤਾਂ ਨਹੀਂ ਹੋਣੇ ਭਾਵੇ ਮੁਖ਼ਤਿਆਰ ਸਿੰਘ ਸਰਦਾ ਪੁੱਜਦਾ ਸੀ ਫਿਰ ਵੀ....। ਧੀ ਕੁਲਬੀਰ ਨੂੰ ਪਤਾ ਸੀ ਕਿ ਕਿਸ਼ਤ ਨੇੜੇ ਆਈ ਹੋਈ ਹੈ। ਕੁਲਬੀਰ ਪਿਤਾ ਨੂੰ ਕਹਿੰਦੀ ਆ ਕੁੱਝ ਪੈਸੇ ਮੈਂ ਜੋੜੇ ਸੀ ਤੁਸੀਂ ਇਹ ਰੱਖ ਲਓ ਬਾਕੀ ਮੈਂ ਉਨਾਂ ਤੋਂ ਲੈ ਕੇ ਦੇਵਾਂਗੀ। ਇਹ ਗੱਲ ਸੁਣ ਅਜੈਬ ਸਿੰਘ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਤੇ ਬੋਲਦਾ ਧੀਏ ਕੋਈ ਧੀਆਂ ਤੋਂ ਵੀ ਪੈਸੇ ਲੈਂਦਾ, ਲੋਕ ਕੀ ਕਹਿਣਗੇ, ਤੇਰੇ ਸਹੁਰੇ ਕੀ ਸੋਚਣਗੇ। ਜੇ ਉਨਾਂ ਨੂੰ ਪਤਾ ਲਗ ਗਿਆ, ਤੂੰ ਇਹ ਆਪਣੇ ਕੋਲ ਰੱਖ, ਅਜੈਬ ਸਿੰਘ ਨੇ ਬੜਾ ਵੱਡਾ ਦਿਲ ਕਰਕੇ ਪੈਸੇ ਮੋੜ ਦਿੱਤੇ। ਕਿਹੜਾ ਮੇਰੇ ਕੋਲ ਪੈਸੇ ਪਏ ਨੇ ਤੇ ਅੰਦਰ ਵੜ ਸੋਚਾਂ ਡੁੱਬ ਜਾਂਦਾ, ਕਰੇ ਤਾਂ ਕਰੇ ਕੀ, ਬਾਜ ਨੂੰ ਯਾਦ ਕਰ ਰੋਣ ਲੱਗਦਾ, ਕਾਸ਼, ਪੁੱਤ ਅੱਜ ਹੁੰਦਾ ਤਾਂ ਮੈਨੂੰ ਦਰ ਦਰ ਭਟਕਣਾ ਨਾ ਪੈਂਦਾ, ਪਤਨੀ ਵੀ ਸੋਚ ਵਿਚ ਡੁੱਬੀ ਕਿਸ਼ਤ ਦੀ ਫਿਕਰ ਕਰ ਮਾਯੂਸ ਹੋਈ ਬੈਠੀ। ਮਹੀਨਾ ਪੂਰਾ ਹੋਣ ਵਾਲਾ ਸੀ, ਪਰ ਪੈਸੇ ਦਾ ਪ੍ਰਬੰਧ ਨਹੀਂ ਹੋਇਆ। ਅੱਜ ਸਵੇਰੇ ਦਾ ਮੌਸਮ ਕਾਫੀ ਖਰਾਬ ਹੋਇਆ ਪਿਆ ਸੀ। ਹਨੇਰੀ ਕਾਫੀ ਚਲ ਰਹੀ ਸੀ, ਮੀਂਹ ਪੈਣ ਦੀ ਸੰਭਾਵਨਾ ਸੀ। ਦੁਪਹਿਰ ਤੋਂ ਬਾਅਦ ਕਾਫੀ ਬਾਰਿਸ਼ ਸ਼ੁਰੂ ਹੋ ਗਈ। ਅਜੈਬ ਨੂੰ ਚਿੰਤਾ ਕਿ ਜਮੀਨ ਠੇਕੇ ਤੇ ਲਈ ਫਸਲ ਖ਼ਰਾਬ ਹੋਈ ਤਾਂ ਕਿਥੋਂ ਭਰਪਾਈ ਕਰੇਗਾ। ਅਜੈਬ ਨੇ ਪਹਿਲੀ ਵਾਰ ਠੇਕੇ ’ਤੇ ਵਾਹੀ ਕੀਤੀ ਸੀ ਤਾਂ ਉਹ ਡਰ ਗਿਆ ਸੀ, ਚਲਦੇ ਮੀਂਹ ਵਿਚ ਗੜੇਮਾਰੀ ਸ਼ੁਰੂ ਹੋ ਜਾਂਦੀ ਹੈ। ਅਜੈਬ ਤੇ ਪਤਨੀ ਦੇ ਸਾਹ ਸੁਕਣੇ ਪੈ ਜਾਂਦੇ ਹਨ। ਲਗਭਗ ਵੀਹ ਪੱਚੀ ਮਿੰਟ ਪਏ ਗੜੇ ਛੇ ਮਹੀਨਿਆਂ ਦੀ ਮਿਹਨਤ ਤੇ ਪਾਣੀ ਫੇਰ ਦਿੰਦੇ ਹਨ। ਦੋਵਾਂ ਦੀ ਚਿੰਤਾ ਹੋਰ ਵੀ ਵੱਧ ਗਈ ਸੀ, ਕਣਕ ਹੁਣ ਗੁਜ਼ਾਰੇ ਖਾਤਰ ਬਚੀ ਸੀ। ਠੇਕਾ ਕਿਥੋਂ ਦੇਣਾ ਤੇ ਕਿਸ਼ਤ ? ਬੜੇ ਵੱਡੇ ਦੋ ਸਵਾਲਾਂ ਦਾ ਹੱਲ ਅਜੈਬ ਨੂੰ ਨਜ਼ਰ ਨਹੀਂ ਆ ਰਿਹਾ ਸੀ। ਦਿਨ ਰਾਤ ਹੀ ਚਿੰਤਾ ਖਾ ਰਹੀ ਸੀ। ਕਰੇ ਤੇ ਕਰੇ ਕੀ। ਅਗਲੀ ਸਵੇਰ ਕੰਪਨੀ ਵਾਲੇ ਆਉਂਦੇ ਨੇ, ਟਰੈਕਟਰ ਲੈ ਜਾਂਦੇ, ਅਜੈਬ ਉਨਾਂ ਦੇ ਤਰਲੇ ਪਾਉਂਦਾ, ਪੈਰੀਂ ਹੱਥ ਲਾਉਂਦਾ, ਕਰਲਾਉਂਦਾ ਕਿ ਮੈਨੂੰ ਥੋੜਾ ਸਮਾਂ ਦਿਓ, ਮੇਰੇ ਪੁੱਤ ਦੀ ਨਿਸ਼ਾਨੀ ਸੀ ਨਾ ਲੈ ਕੇ ਜਾਓ। ਮੈਂ ਕਿਸ਼ਤ ਅਗਲੇ ਮਹੀਨੇ ਦੇ ਦੇਵਾਂਗਾ। ਅੱਗੋਂ ਆਵਾਜ਼ ਆਉਂਦੀ ਅਗਲੇ ਮਹੀਨੇ ਕਿਥੋਂ ਆ ਜਾਵੇਗੀ ? ਅਜੈਬ ਸੋਚਦਾ ਅਗਲੇ ਮਹੀਨੇ ਵੀ ਕਿਥੋਂ ਕਣਕ ਤਾਂ ਮੌਸਮ ਨੇ ਮਾਰਤੀ, ਤੂੰ ਅਗਲੇ ਮਹੀਨੇ ਕਿਥੋਂ ਦੇਏਂਗਾ। ਅਜੇ ਠੇਕੇ ਵਾਲੇ ਦੇ ਪੈਸੇ ਦੇਣੇ ਨੇ, ਕਿਸ਼ਤ ਦਾ ਖਹਿੜਾ ਟਰੈਕਟਰ ਦੇ ਕੇ ਛੁੱਟ ਗਿਆ, ਠੇਕੇ ਦੇ ਪੈਸੇ ਕਿਥੋਂ ਦਿਆਂਗੇ, ਅਜੈਬ ਆਪਣੇ ਆਪ ਨਾਲ ਗੱਲਾਂ ਕਰਨ ਲੱਗਦਾ, ਹਾਰ ਗਿਆ ਅਜੈਬ ਸਿਆਂ ‘ਅਜੈਬ ਸਿਆਂ ਨਹੀਂ ਜੈਬਾ ਕਹਿ ਤੂੰ ਸਰਦਾਰ ਨੀਂ, ਤੇਰੀ ਔਕਾਤ ਨਹੀਂ ਤੂੰ ਪੰਗਾ ਵੱਡਾ ਲਿਆ, ਕੀ ਲੋੜ ਸੀ ਜਮੀਨ ਠੇਕੇ ’ਤੇ ਲੈਣ ਦੀ, ਟਰੈਕਟਰ ਲੈਣ ਦੀ, ਤੇਰੇ ਤੋਂ ਵੱਡੇ ਸਰਦਾਰਾਂ ਕੋਲ ਟਰੈਕਟਰ ਨਹੀਂ, ਕਿਰਾਏ ’ਤੇ ਕਰਾਉਂਦੇ ਨੇ। ਤੈਨੂੰ ਕੀ ਲੋੜ ਸੀ, ਹਾਰ ਗਿਆ ਤੂੰ, ਹਰ ਗਿਆ ਏਂ ਜੈਬ ਤੂੰ ਹਰ ਗਿਆ। ਤੈਨੂੰ ਜਿਉਣ ਦਾ ਕੋਈ ਹੱਕ ਨਹੀਂ, ਕੋਈ ਹੱਕ ਨਹੀਂ ਤੈਨੂੰ .....

ਅਜੈਬ ਤੇਜ਼ ਤੇਜ਼ ਤੂੜੀ ਵਾਲੇ ਕੋਠੇ ਨੂੰ ਭੱਜਦਾ ਹੈ ਤੇ ਸਪਰੇ ਵਾਲੇ ਲੀਟਰ ਚੱਕ ਮੂੰਹ ਨੂੰ ਲਾ ਸਮਾਜਿਕ ਹਲਾਤਾਂ ਅੱਗੇ ਜ਼ਿੰਦਗੀ ਦੀ ਜੰਗ ਹਾਰ ਜਾਂਦਾ।

# ਧਰਮ ਕੀ ਗਤਿ ਰਹੀ

## ਗਿਆਨੀ ਸੰਤ ਸਿੰਘ ਮਸਕੀਨ ਜੀ

ਧਰਮ ਤੋਂ ਮੁਰਾਦ-ਜਿਸ ਨੇ ਸਭ ਕੁਛ ਨੂੰ ਧਾਰਨ ਕੀਤਾ ਹੋਇਆ ਹੈ, ਜਿਸ ਦੇ ਆਸਰੇ 'ਤੇ ਸਭ ਕੁਛ ਖੜਾ ਹੈ, 'ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥' (ਗਉੜੀ ਸੁਖਮਨੀ, ਮ: ੫, ਪੰਨਾ ੨੮੪) ਉਹ ਜਿਸ ਨੇ ਖੰਡ ਬ੍ਰਹਿਮੰਡ ਨੂੰ ਧਾਰਨ ਕੀਤਾ ਹੋਇਆ ਹੈ, ਐਸੇ ਪਰਮਾਤਮਾ ਦੇ ਨਾਮ ਨੂੰ, ਸਿਮਰਨ ਨੂੰ, ਬੰਦਗੀ ਨੂੰ, ਧਰਮ ਕਹਿੰਦੇ ਹਨ। ਧਰਮ ਨੂੰ ਮੰਨਣਾ ਈਸ਼ਵਰ ਨੂੰ ਮੰਨਣਾ ਹੈ ਔਰ ਈਸ਼ਵਰ ਨੂੰ ਮੰਨਣਾ ਧਰਮ ਨੂੰ ਮੰਨਣਾ ਹੈ, ਪਰ ਲੁਕਾਈ ਦੀ ਮਾਨਸਿਕਤਾ ਦਾ ਮੁਲੰਕਣ ਕਰਦਿਆਂ ਗੁਰੂ ਜੀ ਨੇ ਵਾਕ ਉਚਾਰੇ : ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ (ਧਨਾਸਰੀ, ਮ: ੧, ਪੰਨਾ ੬੬੩)

ਪ੍ਰਾਚੀਨ ਵੇਦਾਂ ਮੁਤਾਬਕ ਚਾਰ ਵਰਣ ਬਣਾਏ ਗਏ : (1). ਬ੍ਰਾਹਮਣ, (2). ਖੱਤਰੀ, (3) ਸ਼ੂਦਰ, (4) ਵੈਸ਼।

ਔਰ ਚਾਰ ਹੀ ਆਸ਼੍ਰਮ ਨੇ (1). ਬ੍ਰਹਮਚਾਰੀ, (2). ਗ੍ਰਹਿਸਥ, (3). ਬਾਨਪ੍ਰਸਤੀ, (4). ਸੰਨਿਆਸੀ।

ਚਾਰ ਵਰਣ : ਇਨਾਂ ਚਾਰ ਰੁਚੀਆਂ ਦੇ ਆਧਾਰ 'ਤੇ ਬਣਾਏ ਗਏ ਸਨ :

(1). ਜੋ ਹਰ ਕੰਮ ਲਈ ਆਪਣਾ ਸਿਰ ਅੱਗੇ ਰੱਖਦਾ ਹੈ। ਜੋ ਸੋਚਦਾ ਪਹਿਲੇ ਹੈ, ਬੋਲਦਾ ਪਹਿਲੇ ਹੈ, ਕਰਦਾ ਪਹਿਲੇ ਹੈ। ਜੋ ਹਰ ਕੰਮ ਲਈ ਸਿਰ ਨੂੰ ਅੱਗੇ ਰੱਖੇ, ਸੋਚ-ਵਿਚਾਰ ਅੱਗੇ ਰੱਖੇ, ਐਸੇ ਨੂੰ ਆਖਿਆ ਗਿਆ ਹੈ ਕਿ ਇਹ 'ਬ੍ਰਾਹਮਣ' ਹੈ, ਸਿਰਮੌਰ ਹੈ।

(2). ਜੋ ਹੱਥ ਨੂੰ ਅੱਗੇ ਕਰਦਾ ਹੈ, ਹੱਥਾਂ ਨੂੰ ਮਜ਼ਬੂਤ ਕਰਦਾ ਹੈ, ਹੱਥਾਂ ਨੂੰ ਸ਼ਕਤੀਸ਼ਾਲੀ ਕਰਦਾ ਹੈ, ਸਭ ਕੁਛ ਨੂੰ ਹੱਥਾਂ ਵਿੱਚ ਲਿਆਉਣਾ ਚਾਹੁੰਦਾ ਹੈ, ਸਭ ਕੁਛ ਨੂੰ ਹੱਥਾਂ ਵਿੱਚ ਰੱਖਣਾ ਚਾਹੁੰਦਾ ਹੈ, ਉਸ ਨੂੰ ਖੱਤਰੀ ਕਿਹਾ ਗਿਆ ਹੈ।

(3). ਜੋ ਹਰ ਤਰਾਂ ਦੇ ਭਾਰ ਚੁੱਕਣ ਵਿੱਚ ਸਮਰੱਥ ਹੈ, ਭਾਰੀ ਭਰਕਮ ਕੰਮ ਕਰਨ ਲਈ ਜਿਸ ਦੀ ਰੁਚੀ ਹੈ, ਜਿਸ ਨੂੰ ਬੋਝ ਪ੍ਰਤੀਤ ਨਹੀਂ ਹੁੰਦਾ, ਉਸ ਨੂੰ ਸ਼ੂਦਰ ਆਖਿਆ ਗਿਆ ਹੈ।

(4). ਜੋ ਹਰ ਵਕਤ ਪੇਟ ਨੂੰ ਹੀ ਅੱਗੇ ਰੱਖਦਾ ਹੈ, ਉਦਰ ਪੂਰਤੀ ਨੂੰ ਹੀ ਅੱਗੇ ਰੱਖਦਾ ਹੈ, ਹਰ ਵਕਤ ਜਿਸ ਨੂੰ ਆਪਣੇ ਪੇਟ ਦਾ ਹੀ ਖ਼ਿਆਲ ਆਉਂਦਾ ਹੈ, ਉਸ ਨੂੰ ਆਖਿਆ ਗਿਆ ਹੈ-ਵੈਸ਼।

ਬ੍ਰਾਹਮਣ-ਸਿਰ ਹੈ।

ਖੱਤਰੀ-ਬਾਂਹਵਾਂ ਹੈ।

ਸ਼ੂਦਰ-ਪੈਰ ਹੈ।

ਵੈਸ਼-ਪੇਟ ਹੈ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਐਸਾ ਫ਼ੁਰਮਾਨ ਕਰਦੇ ਹਨ : ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ (ਧਨਾਸਰੀ, ਮ: ੧, ਪੰਨਾ ੬੬੩) ਮਹਾਰਾਜ ਕਹਿੰਦੇ ਹਨ ਭਾਵੇਂ ਚਾਰ ਰੁਚੀਆਂ ਦੇ ਹਿਸਾਬ ਨਾਲ ਮਨੁੱਖਾਂ ਦੀ ਵੰਡ ਕੀਤੀ ਗਈ, ਲੇਕਿਨ ਇਸ ਵਕਤ ਤਾਂ ਵਰਣ ਸਿਰਫ਼ ਇੱਕੋ ਹੈ, ਚਾਰ ਵਰਣ ਨਹੀਂ ਹਨ, ਇੱਕੋ ਹੈ। ਸਾਰੀ ਸ੍ਰਿਸ਼ਟੀ ਦੇ ਮਨੁੱਖ ਇੱਕੋ ਹੀ ਲਪੇਟ ਵਿੱਚ ਆ ਗਏ ਨੇ ਔਰ ਇੱਕ ਐਸੇ ਵਰਣ ਦੀ ਲਪੇਟ ਵਿੱਚ ਆ ਗਏ ਨੇ, ਜਿਸ ਨਾਲ ਧਰਮ ਨਹੀਂ ਚਲਦਾ- 'ਧਰਮ ਕੀ ਗਤਿ ਰਹੀ'।-

ਧਰਮ ਕੀ ਗਤਿ ਰੁਕ ਗਈ; ਧਰਮ ਦਾ ਚੱਲਣਾ ਰੁਕ ਗਿਆ



ਕਿਉਂਕਿ ਸ੍ਰਿਸ਼ਟੀ ਸਾਰੀ ਇੱਕ ਵਰਣ ਹੋ ਗਈ ਹੈ। ਤਾਂ ਕੀ ਸਾਰੀ ਸ੍ਰਿਸ਼ਟੀ ਬ੍ਰਾਹਮਣ ਹੋ ਗਈ ਹੈ ? ਕਤਈ ਨਹੀਂ, ਬਿਲਕੁਲ ਨਹੀਂ। ਬ੍ਰਾਹਮਣ ਨਾਲ ਧਰਮ ਚੱਲਦਾ ਹੈ ਔਰ ਬ੍ਰਾਹਮਣ; ਉਸ ਨੂੰ ਕਹਿੰਦੇ ਨੇ, ਜੋ ਬ੍ਰਹਮ ਬਾਰੇ ਸੋਚਦਾ ਹੈ, ਜੋ ਬ੍ਰਹਮ ਦਾ ਵਿਚਾਰ ਕਰਦਾ ਹੈ, ਜੋ ਬ੍ਰਹਮ ਦਾ ਚਿੰਤਨ ਕਰਦਾ ਹੈ : ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ.. ॥ (ਗੂਜਰੀ ਕੀ ਵਾਰ, ਮ: ੩, ਪੰਨਾ ੫੧੨), ਭਗਤ ਕਬੀਰ ਜੀ ਵੀ ਕਹਿੰਦੇ ਨੇ : ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥ (ਗਉੜੀ, ਬਾਬਾ ਕਬੀਰ, ਪੰਨਾ ੩੨੪)

ਵਰਣ ਵੰਡ ਦੇ ਮੂਲ ਯੁਗ ਵਿੱਚ, ਸ਼ੁਰੂਆਤ ਵਿੱਚ ਬ੍ਰਾਹਮਣ ਉਸੇ ਨੂੰ ਆਖਿਆ ਗਿਆ ਹੈ, ਜੋ ਬ੍ਰਹਮ ਦਾ ਚਿੰਤਨ ਕਰਦਾ ਹੈ; ਬ੍ਰਹਮ ਨੂੰ ਸੋਚਦਾ ਹੈ, ਬ੍ਰਹਮ ਨੂੰ ਵਿਚਾਰਦਾ ਹੈ, ਬ੍ਰਹਮ ਦੇ ਅਨੁਕੂਲ ਵਿਵਹਾਰ ਕਰਦਾ ਹੈ ਔਰ ਸਿਰ ਨੂੰ ਹਰ ਵਕਤ ਅੱਗੇ ਰੱਖਦਾ ਹੈ, ਸੋਚਦਾ ਹੈ, ਵਿਚਾਰਦਾ ਹੈ ਕਿ ਕੋਈ ਐਸਾ ਵਿਵਹਾਰ ਮੈਥੋਂ ਨਾ ਹੋਵੇ, ਜੋ ਬ੍ਰਹਮ ਦੇ ਅਨੁਕੂਲ ਨਾ ਹੋਵੇ : ਬ੍ਰਹਮੁ ਬਿੰਦੇ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ॥ ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥ (ਸੋਰਠਿ ਕੀ ਵਾਰ (ਮ: ੩, ਪੰਨਾ ੬੪੯) ਉਸ ਦਾ ਸੋਚਣਾ, ਉਸ ਦਾ ਕਰਨਾ ਵੀ ਬ੍ਰਹਮਮਈ ਹੈ। ਬ੍ਰਹਮ ਉਸ ਦੇ ਵਿਚਾਰਾਂ ਵਿੱਚ ਹੈ, ਬ੍ਰਹਮ ਉਸ ਦੇ ਕਿਰਦਾਰ ਵਿੱਚ ਹੈ, ਬ੍ਰਹਮ ਉਸ ਦੀ ਸੋਚਣੀ ਵਿੱਚ ਹੈ, ਬ੍ਰਹਮ ਉਸ ਦੀ ਕਰਣੀ ਵਿਚ ਹੈ : ਬ੍ਰਹਮ ਉਸ ਦੀ ਯਾਦ (ਸਿਮਰਤੀ) ਵਿੱਚ ਹੈ ਔਰ ਬ੍ਰਹਮ ਹੀ ਉਸ ਦੀ ਕ੍ਰਿਆ ਵਿੱਚ ਹੈ। ਐਸੇ ਪੁਰਸ਼ ਨੂੰ ਬ੍ਰਾਹਮਣ ਆਖਿਆ ਗਿਆ ਹੈ। ਐਸੇ ਬ੍ਰਾਹਮਣ ਨਾਲ ਤਾਂ ਧਰਮ ਚੱਲਦਾ ਹੀ ਹੈ। ਇਸ ਨੂੰ ਸਿਰਮੌਰ ਆਖਿਆ ਗਿਆ ਹੈ ਔਰ ਠੀਕ ਸਿਰਮੌਰ ਹੈ। ਜਿਸ ਦਾ ਮਨ ਬ੍ਰਹਮ ਵਰਗਾ ਹੈ, ਜਿਸ ਦੇ ਵਿਚਾਰਾਂ ਵਿੱਚ ਬ੍ਰਹਮ, ਜਿਸ ਦੀ ਕਰਨੀ ਵਿੱਚ ਬ੍ਰਹਮ, ਜਿਸ ਦੀ ਵਿਚਾਰ ਵਿੱਚ ਬ੍ਰਹਮ, ਜੋ ਬ੍ਰਹਮ ਨੂੰ ਸੋਚੇਗਾ, ਬ੍ਰਹਮ ਨੂੰ ਯਾਦ ਕਰੇਗਾ, ਬ੍ਰਹਮ ਜੈਸਾ ਹੋ ਜਾਏਗਾ। ਇਸ ਹਿਸਾਬ ਨਾਲ ਇਹ ਮਨੁੱਖੀ ਜਗਤ ਵਿੱਚ ਬ੍ਰਾਹਮਣ ਸਿਰਮੌਰ ਸੀ, ਮਹਾਨ ਸੀ, ਇਸ ਨਾਲ ਧਰਮ ਚੱਲਦਾ ਹੈ।

ਦੂਸਰਾ ਵਰਣ ਛੱਤ੍ਰੀ ਦਾ ਹੈ, ਸੂਰਬੀਰ ਦਾ ਹੈ, ਜਿਸ ਦਾ ਸ਼ੌਕ ਹੈ ਕਿ ਹੱਥ ਮਜ਼ਬੂਤ ਹੋਵਣ ਔਰ ਮੇਰੇ ਹੱਥਾਂ ਵਿੱਚ ਸਭ ਕੁਛ ਹੋਵੇ। ਸਾਡੇ ਦੇਸ਼ ਦੇ ਇਤਿਹਾਸ ਵਿੱਚ ਇੱਕ ਮਹਾਨ ਸੂਰਬੀਰ ਦਾ ਜ਼ਿਕਰ ਹੈ-ਸਹੰਸਰਬਾਹੂ, ਹਜ਼ਾਰ ਬਾਂਹਵਾਂ ਵਾਲਾ ਰਿਸ਼ੀ। ਦਰਅਸਲ ਹਜ਼ਾਰ ਬਾਂਹਵਾਂ ਕਿਸੇ ਦੀਆਂ ਵੀ ਨਹੀਂ ਹੋ ਸਕਦੀਆਂ। ਪ੍ਰਭੂ ਨੇ ਐਸਾ ਮਨੁੱਖ ਬਣਾਇਆ ਵੀ ਨਹੀਂ। ਹਜ਼ਾਰ ਬਾਂਹਵਾਂ 500 ਮਨੁੱਖਾਂ ਦੀਆਂ ਹੀ ਹੋ ਸਕਦੀਆਂ ਹਨ ਅਤੇ ਜੇ 500 ਮਨੁੱਖਾਂ ਜਿਤਨਾ ਇੱਕ ਮਨੁੱਖ ਦਾ ਆਕਾਰ ਹੋਵੇ ਫਿਰ ਤਾਂ ਇੱਕੋ ਮਨੁੱਖ ਬਹੁਤ ਜਗਾ ਘੇਰੇਗਾ। ਸ਼ਾਇਦ ਉਸ ਦਾ ਕਿਤਿਓਂ ਲੰਘਣਾ ਵੀ ਮੁਸ਼ਕਲ ਹੋਵੇ ਤੇ ਜਿਸ ਦੀਆਂ ਦੋ ਬਾਂਹਵਾਂ ਵਿੱਚ ਹਜ਼ਾਰਾਂ ਬਾਂਹਵਾਂ ਜਿਤਨੀ ਤਾਕਤ ਹੋਵੇ; ਜਿਸ ਦੇ ਦੋ ਹੱਥ ਸੈਂਕੜੇ ਹੱਥਾਂ ਨੂੰ ਕਾਬੂ ਕਰ ਸਕਣ ਔਰ ਸੈਂਕੜੇ ਜਿਸ ਦੇ ਅੱਗੇ ਹੱਥ ਜੋੜ ਕੇ ਖੜੇ ਹੋਵਣ, ਉਸ ਦੀ ਜ਼ੁਬਾਨ ਵਿੱਚੋਂ ਇੱਕ ਬੋਲ ਨਿਕਲੇ ਔਰ ਹਜ਼ਾਰਾਂ ਮਨੁੱਖ ਸਿਰ ਝੁਕਾ ਕੇ ਮੰਨਣ, ਕਬੂਲ ਕਰਨ, ਐਸਾ ਮਨੁੱਖ ਵਾਕਈ ਸਹੰਸਰਬਾਹੂ ਹੁੰਦਾ ਹੈ। ਐਸਾ ਮਨੁੱਖ ਸੂਰਬੀਰ ਹੁੰਦਾ ਹੈ, ਸ਼ਕਤੀਸ਼ਾਲੀ ਹੁੰਦਾ ਹੈ। ਜਗਤ ਦੇ ਵਿੱਚ ਇਹ ਦੂਜੀ ਸ਼੍ਰੇਣੀ ਦੇ ਮਨੁੱਖ ਹਨ, ਜੋ ਸ਼ਕਤੀ ਵਿੱਚ ਸ਼ੌਕ ਰੱਖਦਿਆਂ ਆਪਣੇ ਹੱਥਾਂ ਨੂੰ ਮਜ਼ਬੂਤ ਰੱਖਦੇ ਹਨ ਔਰ ਸੂਰਬੀਰ ਉਸ ਨੂੰ ਕਹਿੰਦੇ ਨੇ, ਜੋ ਕਮਜ਼ੋਰ ਦੀ ਖ਼ਾਤਰ ਲੜੇ, ਜੋ ਕਮਜ਼ੋਰ ਦੀਆਂ ਬਾਂਹਵਾਂ ਦਾ ਸਹਾਰਾ ਬਣੇ : ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਮਾਰੂ, ਬਾਬਾ ਕਬੀਰ, ਪੰਨਾ ੧੧੦੫)

ਦੀਨ ਤੋਂ ਮੁਰਾਦ-ਨਿਮਾਣਾ, ਨਿਤਾਣਾ, ਕਮਜ਼ੋਰ, ਮੁਫ਼ਲਿਸ (ਕੰਗਾਲ), ਲਾਵਾਰਿਸ। ਜਿਹੜਾ ਆਪਣੀ ਸੂਰਬੀਰਤਾ ਕਮਜ਼ੋਰ ਨਾਲ ਜੋੜ ਦੇਵੇ, ਜਿਸ ਦੀਆਂ ਮਜ਼ਬੂਤ ਬਾਂਹਵਾਂ ਕਿਸੇ ਕਮਜ਼ੋਰ ਦੀਆਂ ਬਾਂਹਵਾਂ ਨੂੰ ਪਕੜ ਲੈਣ : ਭਾਵੇਂ ਖ਼ੁਦ ਟੁਕੜੇ-ਟੁਕੜੇ ਹੋ ਜਾਵੇ, ਲੇਕਿਨ ਦੂਸਰੇ ਨੂੰ ਟੁਕੜੇ-ਟੁਕੜੇ ਹੋਣ ਤੋਂ ਬਚਾ ਦੇਵੇ। ਬਸ ਉਹ ਖੱਤਰੀ, ਸਹੀ ਮਾਨਿਆਂ ਵਿੱਚ ਛੱਤ੍ਰੀ ਹੈ। ਜੈਸੇ ਕਸ਼ਮੀਰ ਦੇ ਬ੍ਰਾਹਮਣ ਕਮਜ਼ੋਰ ਸਨ। ਇਹ ਕਮਜ਼ੋਰ ਬਾਂਹਵਾਂ ਧੰਨ ਸ੍ਰੀ ਗੁਰੂ ਤੇਗ ਬਹਾਦਰ (ਨੌਵੀਂ ਜੋਤਿ) ਜੀ ਦੇ ਦਰਬਾਰ ਵਿੱਚ ਆਈਆਂ। ਇਨਾਂ ਬਾਂਹਵਾਂ ਨੇ ਖੜੇ ਹੋ ਕੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਦਰਬਾਰ ਵਿੱਚ ਪੁਕਾਰ ਕੀਤੀ ਕਮਜ਼ੋਰ ਬਾਂਹਵਾਂ ਨੇ। ਇਨਾਂ ਕਮਜ਼ੋਰ ਬਾਂਹਵਾਂ ਨੂੰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਕੜ ਲਿਆ, ਬੋਲ ਜੁੜ ਗਏ : ਬਾਂਹ ਜਿਨਾਹ ਦੀ ਪਕੜੀਏ ਸਿਰ ਦੀਜੈ ਬਾਂਹ ਨ ਛੋਡੀਏ। ਗੁਰ ਤੇਗ ਬਹਾਦਰ ਬੋਲਿਆ ਧਰਿ ਪਈਏ ਧਰਮ ਨ ਛੋਡੀਏ।

ਮੈਂ ਟੁਕੜੇ-ਟੁਕੜੇ ਹੋ ਜਾਵਾਂਗਾ, ਲੇਕਿਨ ਇਹ ਬਾਂਹਵਾਂ ਨਹੀਂ ਛੱਡਾਂਗਾ। ਦਿੱਲੀ ਦੇ ਚਾਂਦਨੀ ਚੌਕ ਵਿੱਚ ਸਤਿਗੁਰਾਂ ਆਪਣੇ ਤਨ ਨੂੰ ਟੁਕੜੇ-ਟੁਕੜੇ ਕਰਵਾ ਲਿਆ, ਲੇਕਿਨ ਕਮਜ਼ੋਰਾਂ ਦੀਆਂ ਬਾਂਹਵਾਂ ਨੂੰ ਟੁਕੜੇ-ਟੁਕੜੇ ਨਹੀਂ ਹੋਣ ਦਿੱਤਾ। ਇਹ ਗੱਲ ਵੱਖਰੀ ਹੈ ਕਿ ਦੇਸ਼ਵਾਸੀਆਂ ਨੂੰ ਪੂਰਨ ਤੌਰ 'ਤੇ ਇਹ ਬੋਧ ਨਹੀਂ ਕਿ ਕਿਸੇ ਦਾ ਖ਼ੂਨ ਦਿੱਲੀ ਦੇ ਚਾਂਦਨੀ ਚੌਕ ਵਿੱਚ ਡੁੱਲਿਆ ਤੇ ਭਾਰਤ ਦੇ ਮਸਤਕ ਦਾ ਤਿਲਕ ਬਣ ਗਿਆ, ਹਿੰਦੂ ਧਰਮ ਦੇ ਮੱਥੇ ਦਾ ਤਿਲਕ ਬਣ ਗਿਆ। ਕਿਸੇ ਦੇ ਸਵਾਸਾਂ ਦੀ ਡੋਰੀ ਟੁੱਟ ਗਈ ਤੇ ਜਨੇਊ ਦੀ ਡੋਰੀ ਬਚ ਗਈ : ਕਿਸੇ ਨੇ ਆਪਣਾ ਸਿਰ ਕਟਵਾਇਆ ਤੇ ਦੇਸ਼ ਵਾਸੀਆਂ ਦੇ ਸਿਰ ਦੀ ਚੋਟੀ ਬਚ ਗਈ : ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥

ਆਤਮ-ਚਿੰਤਨ ਕਰਨ ਵਾਲੇ, ਰੱਬੀ ਗੁਣਾਂ ਵਿੱਚ ਲੀਨ ਰਹਿਣ ਵਾਲੇ, ਹਰ ਵਕਤ ਬ੍ਰਹਮ ਦਾ ਚਿੰਤਨ ਕਰਨ ਵਾਲੇ ਗੁਰੂ ਜੀ ਬ੍ਰਾਹਮਣ ਵੀ ਸਨ, ਖੱਤਰੀ ਵੀ ਸਨ, ਸੂਰਬੀਰ ਵੀ ਸਨ, ਬਹਾਦਰ ਵੀ ਸਨ ਤਦੇ ਤਾਂ ਆਪ ਜੀ ਨੂੰ ਤੇਗ ਬਹਾਦਰ ਕਿਹਾ ਗਿਆ। ਤੇ ਖੱਤਰੀ ਨਾਲ ਧਰਮ ਚੱਲਦੈ। ਉਹ ਆਪਣੀ ਸੂਰੀਰਤਾ ਨਾਲ ਕਿਸੇ ਕਮਜ਼ੋਰ ਦੀਆਂ ਬਾਂਹਵਾਂ ਨੂੰ ਮਜ਼ਬੂਤ ਬਣਾਉਣ ਵਾਸਤੇ ਆਪਣੇ ਜੀਵਨ ਦੀ ਅਹੂਤੀ ਦੇ ਦਿੰਦਾ ਹੈ, ਉਨਾਂ ਦਾ ਸਹਾਰਾ ਬਣਦਾ ਹੈ।

ਤੀਸਰੇ ਵਰਣ- ਸ਼ੂਦਰ; ਜੋ ਬਰੀਕੀਆਂ ਵਿੱਚ ਨਹੀਂ ਪੈਂਦਾ, ਚਿੰਤਨ ਦੀਆਂ ਡੂੰਘਾਈਆਂ ਵਿੱਚ ਨਹੀਂ ਪੈਂਦਾ, ਸੋਚ-ਵਿਚਾਰ ਦੀ ਪਰਵਾਜ਼ (ਉਡਾਰੀ) ਵਿੱਚ ਵੀ ਨਹੀਂ ਪੈਂਦਾ, ਉਸ ਨੂੰ ਭਾਰੀ ਭਰਕਮ ਸੇਵਾ ਕਰ ਕੇ ਖ਼ੁਸ਼ੀ ਮਿਲਦੀ ਹੈ। ਕਿਸੇ ਬੀਮਾਰ ਦੀ ਤੀਮਾਰਦਾਰੀ (ਸੇਵਾ) ਵਿੱਚ, ਕਿਸੇ ਪਿਆਸੇ ਨੂੰ ਪਾਣੀ ਪਿਲਾ ਦੇਣ ਵਿੱਚ, ਉਸ ਨੂੰ ਬਹੁਤ ਖ਼ੁਸ਼ੀ ਮਿਲਦੀ ਹੈ। ਲੰਗਰ ਬਣਾਉਣਾ, ਭੋਜਨ ਤਿਆਰ ਕਰਨਾ, ਬਸਤਰ ਧੋ ਦੇਣੇ, ਰਸਤੇ ਬਣਾਉਣੇ, ਰਸਤੇ ਸਜਾਉਣੇ ਇਤਿਆਦਿਕ ਕੰਮ ਨੂੰ ਜੋ ਸੇਵਾ-ਭਾਵ ਨਾਲ ਕਰੇ, ਉਸ ਨੂੰ ਸ਼ੂਦਰ ਕਹਿੰਦੇ ਨੇ। ਜੋ ਸੋਚੇ ਕਿ ਮੈਂ ਪ੍ਰਭੂ ਦੇ ਜੀਵਾਂ ਲਈ ਰਸਤਾ ਬਣਾ ਰਿਹਾ ਹਾਂ, ਭੋਜਨ ਬਣਾ ਰਿਹਾ ਹਾਂ, ਬਸਤਰ ਧੋ ਰਿਹਾ ਹਾਂ, ਐਸੀ ਅੰਤਰ-ਭਾਵਨਾ ਨਾਲ ਪ੍ਰਭੂ ਦੀ ਸੇਵਾ ਕਰੇ। ਤੇ ਸ਼ੂਦਰ ਨਾਲ ਵੀ ਧਰਮ ਚਲਦਾ ਹੈ। ਉਸ ਦੀ ਸੇਵਾ ਵਿੱਚ ਭਗਵਾਨ ਪ੍ਰਗਟ ਹੁੰਦਾ ਹੈ। ਸੇਵਾ-ਭਗਤੀ ਦੁਆਰਾ ਉਹ ਸਿਰਮੌਰ ਹੋ ਜਾਂਦਾ ਹੈ, ਮਹਾਨ ਹੋ ਜਾਂਦਾ ਹੈ। ਹੋਰ ਐਸਾ ਕਿਹੜਾ ਵਰਣ ਹੈ, ਜਿਸ ਦਾ ਜ਼ਿਕਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਗੁਰਬਾਣੀ ਵਿੱਚ ਕਰ ਰਹੇ ਨੇ ਤੇ ਉਸ ਵਰਣ ਨਾਲ ਧਰਮ ਨਹੀਂ ਚਲਦਾ ? : ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ (ਧਨਾਸਰੀ, ਮ: ੧, ਪੰਨਾ ੬੬੩)

ਸਾਰੀ ਸ੍ਰਿਸ਼ਟੀ ਇੱਕੋ ਹੀ ਵਰਣ ਹੋ ਗਈ, ਲਿਹਾਜ਼ਾ ਧਰਮ ਦੀ ਗਤੀ ਰੁਕ ਗਈ। ਅਸੀਂ ਦੇਖ ਰਹੇ ਹਾਂ, ਮਨੁੱਖ ਨਾਲ ਪਰਿਵਾਰ ਚੱਲ ਰਿਹਾ ਹੈ, ਮਨੁੱਖ ਨਾਲ ਕਾਰੋਬਾਰ ਵੀ ਚੱਲ ਰਿਹਾ ਹੈ, ਮਨੁੱਖ ਨਾਲ ਰਾਜਨੀਤੀ ਵੀ ਚੱਲ ਰਹੀ ਹੈ ਔਰ ਮਨੁੱਖ ਦੇ ਨਾਲ ਸੰਸਾਰਕ ਗਿਆਨ ਵੀ ਚੱਲ ਰਿਹਾ ਹੈ, ਪਰ ਮਨੁੱਖ ਦੇ ਨਾਲ ਧਰਮ ਨਹੀਂ ਚੱਲ ਰਿਹਾ। ਇਸ ਦਾ ਕਾਰਨ ਕੀ ਹੈ ਕਿ ਮਨੁੱਖ ਨਾਲ ਸਭ ਕੁਛ ਚੱਲ ਰਿਹਾ ਹੈ, ਪਰ ਧਰਮ ਨਹੀਂ ਚੱਲ ਰਿਹਾ ? ਕਿਉਂਕਿ ਪ੍ਰਿਥਵੀ ਦੀ ਸਾਰੀ ਮਨੁੱਖਤਾ ਇੱਕੋ ਹੀ ਵਰਣ ਦੀ ਲਪੇਟ ਵਿੱਚ ਆ ਗਈ ਹੈ ਔਰ ਉਹ ਵਰਣ ਹੈ-ਵੈਸ਼।

ਵੈਸ਼ ਨਾਲ ਧਰਮ ਨਹੀਂ ਚੱਲਦਾ। ਹੁਣ ਵੈਸ਼ ਕੋਈ ਛੋਟਾ-ਮੋਟਾ ਟੋਲਾ ਨਹੀਂ ਰਹਿ ਗਿਆ। ਪ੍ਰਿਥਵੀ ਦੇ ਸਾਰੇ ਹੀ ਮਨੁੱਖ ਵੈਸ਼ ਨੇ। ਬਸ ਧਨ ਹੀ ਇਸ ਲਈ ਪਰਮਾਤਮਾ ਹੈ, ਧਨ ਹੀ ਜਿਸ ਦੀ ਜ਼ਿੰਦਗੀ ਦਾ ਲਕਸ਼ ਹੈ, ਜਿਸ ਨੇ ਹਰ ਜਗਾ ਤਜੌਰੀ ਨੂੰ, ਪੇਟ ਨੂੰ ਅੱਗੇ ਕੀਤਾ ਹੋਇਆ ਹੈ। ਵੈਸ਼ ਉਸ ਨੂੰ ਨਹੀਂ ਕਹਿੰਦੇ, ਜੋ ਛੋਟੀ-ਮੋਟੀ ਦੁਕਾਨ ਖੋਲ ਕੇ ਬੈਠਾ ਹੋਇਆ ਹੈ, ਸਾਜ਼ੋ-ਸਾਮਾਨ ਵੇਚਦਾ ਹੈ। ਨਹੀਂ, ਇਹ ਤਾਂ ਕਿਰਤ ਹੈ-ਇਸ ਨੂੰ ਵੈਸ਼ ਨਹੀਂ ਕਹਿੰਦੇ। ਜੋ ਐਸੀ ਬਿਰਤੀ ਰੱਖਦਾ ਹੈ ਕਿ ਮੁੱਲ ਮਿਲਣਾ ਚਾਹੀਦਾ ਹੈ, ਉਹ ਆਪਣਾ ਈਮਾਨ ਵੀ ਵੇਚ ਸਕਦਾ ਹੈ। ਮੁੱਲ ਮਿਲਣਾ ਚਾਹੀਦਾ ਹੈ, ਐਸਾ ਮਨੁੱਖ ਆਪਣੀ ਇੱਜ਼ਤ ਵੇਚ ਸਕਦਾ ਹੈ, ਆਪਣੀ ਅਸਮਤ ਵੇਚ ਸਕਦਾ ਹੈ। ਇੱਜ਼ਤ ਦੀ, ਅਸਮਤ ਦੀ ਗੱਲ ਤਾਂ ਦੂਰ ਰਹੀ, ਮਾਇਆ ਦੀ ਖ਼ਾਤਰ ਆਪਣਾ ਦੇਸ਼ ਵੀ ਵੇਚ ਸਕਦਾ ਹੈ, ਆਪਣੀ ਕਲਾ ਨੂੰ, ਗਿਆਨ ਨੂੰ, ਕੌਮ ਨੂੰ ਵੇਚ ਸਕਦਾ ਹੈ ਅਤੇ ਸਭ ਕੁਝ ਵੇਚੇਗਾ। ਅਜਿਹੇ ਨੂੰ ਕਹਿੰਦੇ ਨੇ-ਵੈਸ਼।

(ਚਲਦਾ...)



# ਵਰੀਹਣਾ

**ਗੁਰਸ਼ਰਨ ਸਿੰਘ ਕਸੇਲ**

ਸਾਡੇ ਲਾਗਲੇ ਪਿੰਡ ਦੇ ਰਹਿਣ ਵਾਲੇ ਇੱਕ ਪਰਿਵਾਰ ਵੱਲ ਚੰਗਾ ਆਉਣ ਜਾਣ ਸੀ। ਮੈਂ ਵੀ ਕਦੀ ਕਦਾਈਂ ਸਕੂਲੋਂ ਆਉਂਦਿਆਂ ਉਨ੍ਹਾਂ ਦੇ ਘਰ ਚਲਾ ਜਾਂਦਾ ਸੀ। ਉਨ੍ਹਾਂ ਦਾ ਇੱਕ ਲੜਕਾ ਲਖਬੀਰ ਸਿੰਘ ਹੈਗਾ ਤਾਂ ਮੇਰੇ ਨਾਲੋਂ ਕੁਝ ਵੱਡਾ ਸੀ, ਪਰ ਸਾਡੀ ਆਪਸ ਵਿੱਚ ਕਾਫੀ ਬਣਦੀ ਸੀ, ਇਸ ਕਰਕੇ ਸਾਡੀ ਲੰਮੀ ਸਾਂਝ ਰਹੀ ਜੋ ਹੁਣ ਤੱਕ ਬਣੀ ਹੋਈ ਹੈ।

ਜਦੋਂ ਮੈਂ ਕੈਨੇਡਾ ਆ ਗਿਆ ਤਾਂ ਕੁਝ ਸਾਲਾਂ ਬਾਅਦ ਉਹ ਵੀ ਅਮਰੀਕਾ ਕੋਈ ਜੁਗਾੜ ਲਾ ਲੂ ਕੇ ਆ ਗਿਆ। ਉਹ ਪੰਜਾਬ ਵਿੱਚ ਉੱਝ ਵੀ ਚਲਦਾ ਪੁਰਜਾ ਸੀ। ਕੁਝ ਸਾਲਾਂ ਪਿੱਛੋਂ ਅਸੀਂ ਫਿਰ ਇੱਕ ਦੂਜੇ ਦੇ ਸੰਪਰਕ ਵਿੱਚ ਹੋ ਗਏ। ਪਿੱਛੇ ਜਿਹੇ ਮੈਂ ਉਸਨੂੰ ਫੋਨ ਕੀਤਾ ਕਿ ਜਦੋਂ ਕੋਰੋਨਾ ਬੀਮਾਰੀ ਠੀਕ ਹੋ ਜਾਵੇਗੀ ਫਿਰ ਤੇਰੇ ਕੋਲ ਆਵਾਂਗਾ। ਉਹ ਅੱਗੋਂ ਆਖਦਾ, ਤੈਨੂੰ ਪਤਾ ਹੈ ਕਿ ਬਾਪੂ ਜੀ ਦੀ ਮੌਤ ਹੋਈ ਨੂੰ ਕੁਝ ਮਹੀਨੇ ਹੋਏ ਹਨ। ਉਨ੍ਹਾਂ ਦਾ 'ਵਰੀਹਣਾ' ਘਰ ਦੇ ਕਹਿੰਦੇ ਹਨ ਕਰਾਉਣਾ ਹੈ, ਤੂੰ ਉਦੋਂ ਆਵੀਂ, ਨਾਲੇ ਆਪਣੇ ਪਿੰਡ ਤੇ ਲਾਗੇ ਬੰਨੇ ਦੇ ਵਾਕਫਾਂ ਨੂੰ ਵੀ ਇੰਝ ਮਿਲ ਹੋ ਜਾਵੇਗਾ'।

ਮੈਂ ਆਖਿਆ, ਉਹ ਕਦੋਂ ਹੈ ? ਉਹ ਆਖਦਾ, 'ਬੀਬੀਆਂ ਤੇ ਕੁਝ ਸਿਆਣੇ ਆਖਦੇ ਹਨ ਕਿ ਇਹ ਮੌਤ ਹੋਣ ਤੋਂ ਸਾਲ ਦੇ ਅੰਦਰ-ਅੰਦਰ ਜਾਂ ਗਿਆਰਾਂ ਮਹੀਨਿਆਂ ਤੋਂ ਪਹਿਲਾਂ-ਪਹਿਲਾਂ ਹੋਣਾ ਚਾਹੀਦਾ ਹੈ, ਪਰ ਹੁਣ ਨਾਲ ਇਹ ਵੀ ਸੋਚਦੇ ਹਨ ਕਿ ਛੋਟੀ ਬੇਟੀ ਦਾ ਵਿਆਹ ਜੇ ਪਹਿਲਾਂ ਕਰਨਾ ਪਿਆ ਤਾਂ ਫਿਰ 'ਵਰੀਹਣਾ' ਹੋਰ ਛੇਤੀ ਕਰਨਾ ਪਊ'।

ਮੈਂ ਉਸਨੂੰ ਮੋੜ ਕੇ ਪੁੱਛਿਆ ਕਿ ਲਖਬੀਰ ਸਿਆਂ, ਇਹ 'ਵਰੀਹਣਾ' ਕਰਨ ਦਾ ਆਪਣੇ ਧਰਮ ਅਨੁਸਾਰ ਕੋਈ ਵਿਧੀ ਵਿਧਾਨ ਵੀ ਹੈ ? ਉਹ ਅੱਗੋਂ ਆਖਦਾ, 'ਇਹ ਮੈਨੂੰ ਪਤਾ ਨਹੀਂ, ਪਰ ਸਾਰੇ ਆਖਦੇ ਹਨ ਕਿ ਕਰੀਦਾ ਹੈ, ਸੋ ਜੇਕਰ ਸਾਰੇ ਆਖਦੇ ਹਨ ਤਾਂ ਜ਼ਰੂਰ ਆਪਣੇ ਧਰਮ ਤੇ ਗੁਰਮਤਿ ਅਨੁਸਾਰ ਹੀ ਹੋਵੇਗਾ ? ਨਾਲੇ ਉੱਝ ਵੀ ਤਾਂ ਅਖੰਡ ਪਾਠ ਹੀ ਕਰਵਾਉਣਾ ਹੈ, ਇਹ ਕਿਹੜੀ ਮਾੜੀ ਗੱਲ ਹੈ' ?

ਮੈਂ ਉਸਨੂੰ ਕਿਹਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਜਾਂ ਕਰਵਾਉਣਾ ਤਾਂ ਮਾੜੀ ਗੱਲ ਨਹੀਂ, ਪਰ ਹਰ ਧਰਮ ਦਾ ਕੋਈ ਵਿਧੀ ਵਿਧਾਨ ਵੀ ਤਾਂ ਹੁੰਦਾ ਹੈ ? ਇਥੇ ਕੁਝ ਦਿਨ ਪਹਿਲਾਂ ਅਸੀਂ ਕਿਸੇ ਦੇ ਘਰ ਕੁਝ ਸੱਜਣ ਇਸ ਵਿਸ਼ੇ ਬਾਰੇ ਹੀ ਗੱਲਾਂ ਕਰ ਰਹੇ ਸਾਂ ਕਿ ਕੀ ਇਹ ਸਿੱਖ ਧਰਮ ਵਿੱਚ 'ਵਰੀਹਣਾ' ਕਰਨਾ ਕਿਤੇ ਦਰਜ ਹੈ ? ਵੀਰ, ਮੈਨੂੰ ਤਾਂ ਇਹ ਲੱਭ ਨਹੀਂ ਸਕਿਆ ਕਿ ਸਿੱਖ ਧਰਮ ਵਿੱਚ ਇਸਨੂੰ ਕਰਨ ਦੀ ਕੋਈ ਮਰਯਾਦਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਕੋਸ਼ਿਸ਼ ਕਰਨ ਤੇ 'ਵਰੀਹਣਾ' ਸ਼ਬਦ ਨਹੀਂ ਲੱਭਿਆ ਤੇ ਸਿੱਖ ਰਹਿਤ ਮਰਯਾਦਾ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਹੈ ਉਸ ਵਿੱਚ ਤਾਂ ਮ੍ਰਿਤਕ ਸੰਸਕਾਰ ਸਿਰਲੇਖ ਹੇਠ ਇਹ ਲਿਖਿਆ ਹੈ :

(ਹ) ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ।

'ਦੁਸਿਹਰੇ' ਦੇ ਪਿਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

ਕ) ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨਾ ਹੈ।

ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ,ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ।

ਇਸ ਬਾਰੇ ਹੋਰ ਜਾਨਣ ਲਈ ਮੈਂ ਤਾਂ ਹਿੰਦੂ ਮਿਥਿਹਾਸ ਕੋਸ਼ ਜਿਹੜਾ ਭਾਸ਼ਾ ਵਿਭਾਗ, ਪੰਜਾਬ ਨੇ ਛਾਪਿਆ ਹੈ ਇਹਨੂੰ ਤੇ ਹਿੰਦੂ ਧਰਮ ਦਾ ਗ੍ਰੰਥ 'ਗਰੁੜ ਪੁਰਾਣ' ਜਿਸ ਵਿੱਚ ਪੁਜਾਰੀ ਨੇ ਮੁਕਤੀ ਲਈ ਪੁੰਨ ਦਾਨ ਕਰਨ ਬਾਰੇ ਬਹੁਤ ਕੁਝ ਲਿਖਿਆ ਹੈ, ਉਹ ਵੀ ਘੋਖਣ ਦੀ ਕੋਸ਼ਿਸ਼ ਕੀਤੀ ਹੈ : ਪਰ ਉਸ ਵਿੱਚੋਂ ਵੀ ਇਸ ਬਾਰੇ ਕੁਝ ਨਹੀਂ ਲੱਭਾ।

ਜਿਵੇਂ ਮੈਂ ਤੁਹਾਨੂੰ ਦੱਸਿਆ ਹੈ ਕਿ ਨਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਵਰੀਹਣਾ' ਸ਼ਬਦ ਹੀ ਲੱਭਾ ਹੈ। ਪਤਾ ਨਹੀਂ ਇਹ ਏਡੀ ਜ਼ਰੂਰੀ ਮਰਯਾਦਾ ਕਿਥੋਂ ਸਾਡੇ ਵਿੱਚ ਆਈ ਹੈ। ਸੋ, ਮੇਰੀ ਤਾਂ ਸੋਚ ਹੈ ਕਿ ਜੇਕਰ ਕਿਸੇ ਨੇ ਆਪਣੇ ਪਿਆਰੇ ਨੂੰ ਯਾਦ ਕਰਨਾ ਹੈ ਤਾਂ ਜਿਸ ਦਿਨ ਉਹ ਇਸ ਦੁਨੀਆ ਤੋਂ ਸਰੀਰਕ ਤੌਰ 'ਤੇ ਗਿਆ ਹੈ, ਉਸ ਦਿਨ ਜਾਂ ਉਸ ਦੇ ਲਾਗੇ ਭਾਵੇਂ ਕੋਈ ਹਰ ਸਾਲ ਹੀ ਉਹਨਾਂ ਦੀ ਯਾਦ ਮਨਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਜਾਂ ਕਰਵਾ ਲਵੇ : ਪਰ ਸਾਲ ਤੋਂ ਪਹਿਲਾਂ-ਪਹਿਲਾਂ ਵਾਲਾ 'ਵਰੀਹਣੇ' ਦੇ ਨਾਂਅ ਤੇ ਵਹਿਮ ਭਰਮ ਕਰਨਾ ਗੁਰਮਤਿ ਅਨੁਸਾਰ ਤਾਂ ਨਹੀਂ ਜਾਪਦਾ।

ਸੋ, ਵੀਰ ਜਿਹੜਾ ਕੋਈ ਤੁਹਾਨੂੰ 'ਵਰੀਹਣਾ' ਕਰਵਾਉਣ ਬਾਰੇ ਆਖਦਾ ਹੈ, ਉਸਨੂੰ ਇਹ ਜ਼ਰੂਰ ਪੁੱਛਣਾ ਕਿ ਇਹ ਮਰਯਾਦਾ ਕਿਸ ਗ੍ਰੰਥ ਜਾਂ ਕਿਤਾਬ ਵਿੱਚ ਦਰਜ ਹੈ। ਜੇ ਮਿਲ ਜਾਵੇ ਤਾਂ ਮੇਰੇ ਨਾਲ ਵੀ ਉਹ ਜ਼ਰੂਰ ਜਾਣਕਾਰੀ ਸਾਂਝੀ ਕਰਨੀ। ਲਖਬੀਰ ਸਿਆਂ, ਵੀਰ ਹੁਣ ਇਹ ਨਾਂ ਆਖੀ ਕਿ ਬੀਬੀਆਂ ਨਹੀਂ ਮੰਨਦੀਆਂ। ਚੰਗਾ ਫਿਰ ਮਿਲਦੇ ਹਾਂ ਕਦੀ, ਪਰ ਵੀਰਾ, ਮੈਂ ਤੇ ਇਸ ਵਿੱਚ ਸ਼ਾਮਿਲ ਨਹੀਂ ਹੋਣਾ ਜਿਸਨੂੰ ਸਿੱਖ ਬਿਨਾਂ ਕਿਸੇ ਮਰਯਾਦਾ ਦੇ ਸਮਝਦੇ ਹੋਏ ਸਿਰਫ ਵੇਖੋ-ਵੇਖੀ ਹੀ ਕਰਦੇ ਹੋਣ। ਭਾਵੇਂ ਤੂੰ ਮੇਰੀ ਇਸ ਗੱਲ ਦਾ ਗੁੱਸਾ ਹੀ ਕਰੇ, ਉੱਝ ਵੀ ਜੇ 'ਵਰੀਹਣਾ' ਹਿੰਦੂ ਧਰਮ ਅਨੁਸਾਰ ਹੈ ਤਾਂ ਫਿਰ ਇਸਨੂੰ ਹਿੰਦੂ ਧਰਮ ਦੀ ਮਨਾਉਤ ਅਨੁਸਾਰ ਹੀ ਉਹ ਲੋਕ ਮਨਾਉਣ ?

ਨੋਟ : 'ਵਰੀਹਣਾ' ਲਫਜ਼ ਅੰਮ੍ਰਿਤਸਰ ਦੇ ਇਲਾਕੇ ਵਿੱਚ ਤਾਂ ਕਹਿੰਦੇ ਹਨ, ਹੋ ਸਕਦਾ ਹੈ ਪੰਜਾਬ ਦੇ ਕਿਸੇ ਹੋਰ ਇਲਾਕੇ ਵਿੱਚ ਇਸ ਦਾ ਨਾਂ ਕੋਈ ਹੋਰ ਹੋਵੇ। ਇਸ ਨੂੰ ਕਿਸੇ ਦੀ ਮੌਤ ਹੋਣ ਦੇ ਬਾਅਦ ਸਾਲ ਦੇ ਅੰਦਰ-ਅੰਦਰ ਕਰਵਾਉਣ ਬਾਰੇ ਕਿਸੇ ਕਿਤਾਬ ਜਾਂ ਗ੍ਰੰਥ ਵਿੱਚ ਕੋਈ ਜਾਣਕਾਰੀ ਹੋਵੇ ਤਾਂ ਦੱਸਣ ਦੀ ਖੇਚਲ ਕਰਨ ਲਈ ਧੰਨਵਾਦੀ ਹੋਵਾਂਗਾ।

**ਹਰਫਾਂ ਦੇ ਨੂਰ**

## ਖ਼ੁਸ਼-ਆਮਦੀਦ



ਸਿੱਖ ਕੌਮ ਦੀ ਚੜ੍ਹਦੀ ਕਲਾ ਲੋੜਦੇ ਪੰਥ-ਦਰਦੀ ਲੰਮੇ ਸਮੇਂ ਤੋਂ ਭਾਈ ਦਲਜੀਤ ਸਿੰਘ (ਬਿੱਟੂ) ਵੱਲੋਂ ਖਾੜਕੂ ਸੰਘਰਸ਼ ਬਾਰੇ ਕਿਸੇ ਲਿਖਤ ਦੀ ਉਤਸੁਕਤਾ ਨਾਲ ਉਡੀਕ ਕਰ ਰਹੇ ਸਨ। ਕਾਰਨ ਇਹ ਕਿ ਇਕ ਤਾਂ ਸਿੱਖ ਵੈਸੇ ਹੀ ਆਪਣੇ ਸ਼ਹੀਦਾਂ ਤੇ ਸੂਰਮਿਆਂ ਨੂੰ ਸ਼ਿੱਦਤ ਨਾਲ ਪਿਆਰ ਕਰਦੇ ਹਨ। ਧਰਮ ਹੇਤ ਕੁਰਬਾਨ ਹੋਏ ਸ਼ਹੀਦ ਸਿੱਖ ਕੌਮ ਦੇ ਸੱਭਿਆਚਾਰਕ ਆਦਰਸ਼ ਹਨ। ਸ਼ਹੀਦ ਸੂਰਮੇ ਸਿੱਖ ਇਤਿਹਾਸ ਦਾ ਗੌਰਵ ਹਨ, ਵਿਰਸੇ ਦੀ ਸ਼ੋਭਾ ਹਨ।

ਖਾੜਕੂ ਸੰਘਰਸ਼ ਦੌਰਾਨ ਸ਼ਹੀਦ ਹੋਏ ਜੁਝਾਰੂਆਂ ਨੇ ਇਤਿਹਾਸ ਸਿਰਜਿਆ ਹੀ ਨਹੀਂ, ਉਨ੍ਹਾਂ ਇਸ ਦਾ ਵਹਿਣ ਹੀ ਬਦਲ ਦਿੱਤਾ ਸੀ। ਇਸ ਲਿਖਤ ਦੀ ਬੇਸਬਰੀ ਨਾਲ ਉਡੀਕ ਕਰਨ ਦਾ ਇਕ ਹੋਰ ਕਾਰਨ ਇਹ ਸੀ ਕਿ ਪਿਛਲੇ ਕੁੱਝ ਸਾਲਾਂ ਤੋਂ ਖਾੜਕੂ ਸੰਘਰਸ਼ ਤੇ ਇਸ ਦੇ ਨਾਇਕਾਂ ਦੇ ਖਿਲਾਫ ਭੰਡੀ ਪ੍ਰਚਾਰ ਦੀ ਵਿਉਂਤਬੱਧ ਮੁਹਿੰਮ ਚਲਾਈ ਜਾ ਰਹੀ ਹੈ। ਸਿੱਖ ਕੌਮ ਦੇ ਦੁਸ਼ਮਣਾਂ ਵੱਲੋਂ ਤਾਂ ਇਹ ਕੂੜ ਪ੍ਰਚਾਰ ਮੁੱਢ ਤੋਂ ਹੀ ਕੀਤਾ ਜਾਂਦਾ ਰਿਹਾ ਹੈ ਪਰ ਹੁਣ ਇਸ ਕਪਟ ਵਿਹਾਰ ਵਿੱਚ ਕੁੱਝ ਅਜਿਹੇ ਪੰਥਕ ਚਿਹਰੇ ਵੀ ਸ਼ਾਮਲ ਹੋ ਗਏ ਹਨ ਜਿਹੜੇ ਸ਼ੁਰੂ ਤੋਂ ਹੀ ਸ਼ਹੀਦਾਂ ਦੀਆਂ ਲਾਸ਼ਾਂ ਉਤੇ ਪੈਰ ਰੱਖਕੇ ਹਕੂਮਤੀ ਕੁਰਸੀਆਂ ਉਤੇ ਬਿਰਾਜਮਾਨ ਹੋਣ ਦੀਆਂ ਲਾਲਸਾਵਾਂ ਪਾਲ ਰਹੇ ਸਨ। ਇਨ੍ਹਾਂ ਹਿਰਸੀ ਲੋਕਾਂ ਵੱਲੋਂ ਭਾਈ ਦਲਜੀਤ ਸਿੰਘ ਦੀ ਕਿਰਦਾਰ ਕੁਸ਼ੀ ਕਰਨ ਦੇ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਇਸ ਦੇ ਮੱਦੇ ਨਜ਼ਰ ਭਾਈ ਦਲਜੀਤ ਸਿੰਘ ਦੀ ਇਹ ਪਲੇਠੀ ਪੁਸਤਕ ਉਚੇਰੀ ਅਹਿਮੀਅਤ ਰੱਖਦੀ ਹੈ। ਉਮੀਦ ਹੈ, ਤੇ ਸਾਡੀ ਇਹ ਕਾਮਨਾ ਹੈ ਕਿ ਭਾਈ ਦਲਜੀਤ ਸਿੰਘ ਖਾੜਕੂ ਸੰਘਰਸ਼ ਬਾਰੇ ਪੈਦਾ ਕੀਤੇ, ਤੇ ਨਿਰੰਤਰ ਕੀਤੇ ਜਾ ਰਹੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਇਸ ਨੇਕ ਕਾਰਜ ਨੂੰ ਨਿਰੰਤਰ ਜਾਰੀ ਰੱਖਣਗੇ। ਆਮੀਨ..!

**ਕਲਮਾਂ ਦੇ ਜਜ਼ਬਾਤ**



ਅਜਮੇਰ ਸਿੰਘ

# ਵਿਸ਼ਵ ਤੰਬਾਕੂ ਵਿਰੋਧੀ ਦਿਵਸ

**31 ਮਈ, 2022**

**ਮਾਸਟਰ ਪ੍ਰੇਮ ਸਰੂਪ ਛਾਜਲੀ**
**ਮੋ. ੯੪੧੭੧੩੪੯੮੨**

ਹਰ ਸਾਲ 31 ਮਈ ਨੂੰ ਕੌਮਾਂਤਰੀ ਪੱਧਰ 'ਤੇ ਤੰਬਾਕੂ ਵਿਰੋਧੀ ਦਿਵਸ ਵਿਸ਼ਵ ਸਿਹਤ ਸੰਸਥਾ ਅਤੇ ਹੋਰ ਸਮਾਜਿਕ, ਧਾਰਮਿਕ ਅਤੇ ਸਿਹਤ ਨਾਲ ਸਬੰਧਤ ਸੰਸਥਾਵਾਂ ਵੱਲੋਂ ਮਨਾਇਆ ਜਾਂਦਾ ਹੈ। ਇਸ ਦਿਹਾੜੇ ਨੂੰ ਮਨਾਉਣ ਦੀ ਸ਼ੁਰੂਆਤ 31 ਮਈ, 1988 ਤੋਂ ਵਿਸ਼ਵ ਸਿਹਤ ਸੰਸਥਾ ਵੱਲੋਂ ਤੰਬਾਕੂ ਦੀ ਵਿਸ਼ਵ ਪੱਧਰ 'ਤੇ ਵਧ ਰਹੀ ਵਰਤੋਂ ਨੂੰ ਮਹਿਸੂਸ ਕਰਦਿਆਂ ਕੀਤੀ ਗਈ। ਤੰਬਾਕੂ ਵਿਸ਼ਵ ਪੱਧਰ 'ਤੇ ਭਿਆਨਕ ਬਿਮਾਰੀਆਂ ਅਤੇ ਸਮੇਂ ਤੋਂ ਪਹਿਲਾਂ ਮੌਤ ਦਾ ਮੁੱਖ ਕਾਰਨ ਹੈ।

ਤੰਬਾਕੂ ਇੱਕ ਮਿੱਠਾ ਜ਼ਹਿਰ ਹੈ, ਜੋ ਹੌਲੀ-ਹੌਲੀ ਮਨੁੱਖ ਨੂੰ ਆਪਣਾ ਗੁਲਾਮ ਬਣਾਉਂਦਾ ਹੈ ਅਤੇ ਅੰਤ ਵਿਚ ਉਸ ਦੀ ਜਾਨ ਲੈ ਲੈਂਦਾ ਹੈ। ਨਿਕੋਟਿਆਨਾ ਪ੍ਰਜਾਤੀ ਦਾ ਅਜਿਹਾ ਪੌਦਾ, ਜਿਸ ਦੇ ਪੱਤਿਆਂ ਨੂੰ ਸੁਕਾ ਕੇ ਨਸ਼ਾ ਬਣਾਇਆ ਜਾਂਦਾ ਹੈ। ਤੰਬਾਕੂ ਦਾ ਪ੍ਰਯੋਗ ਸਿਗਰਟ, ਬੀੜੀ, ਗੁਟਖਾ, ਜਰਦਾ, ਖੈਣੀ ਆਦਿ ਦੇ ਰੂਪ ਵਿੱਚ ਕੀਤਾ ਜਾਂਦਾ ਹੈ।

ਤੰਬਾਕੂ ਦਾ ਸੇਵਨ ਕਰਨ ਨਾਲ ਸੁਆਦ ਅਤੇ ਸੁੰਘਣ ਸ਼ਕਤੀ ਘਟ ਜਾਂਦੀ ਹੈ। ਖਾਂਸੀ ਅਤੇ ਬੁਖਾਰ ਆਮ ਹੁੰਦਾ ਰਹਿੰਦਾ ਹੈ। ਚਿਹਰੇ 'ਤੇ ਉਮਰ ਤੋਂ ਪਹਿਲਾਂ ਹੀ ਝੁਰੜੀਆਂ ਪੈ ਜਾਂਦੀਆਂ ਹਨ। ਦੰਦਾਂ ਦੀਆਂ ਕਈ ਬਿਮਾਰੀਆਂ ਲੱਗ ਜਾਂਦੀਆਂ ਹਨ। ਬਲੱਡ ਪ੍ਰੈਸ਼ਰ ਵਧ ਜਾਂਦਾ ਹੈ। ਦਿਲ ਦੀਆਂ ਬਿਮਾਰੀਆਂ ਵਧ ਜਾਂਦੀਆਂ ਹਨ। ਸਾਹ ਦੀਆਂ ਸਮੱਸਿਆਵਾਂ, ਦਮਾ, ਮੂੰਹ, ਜੀਭ, ਗਲੇ ਦਾ ਕੈਂਸਰ, ਹੱਡੀਆਂ ਦੀ ਕਮਜ਼ੋਰੀ ਅਤੇ ਅੱਖਾਂ ਦੀ ਨਿਗਾ ਦਾ ਘਟਣਾ ਜਿਹੀਆਂ ਅਨੇਕਾਂ ਬਿਮਾਰੀਆਂ ਹੋ ਜਾਂਦੀਆਂ ਹਨ। ਤੰਬਾਕੂ ਨੂੰ 'ਗੇਟਵੇਅ ਆਫ ਡਰੱਗ' ਕਿਹਾ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਜੋ ਵਿਅਕਤੀ ਤੰਬਾਕੂ ਦੀ ਵਰਤੋਂ ਕਰਦਾ ਹੈ ਉਸ ਦੇ ਬਾਕੀ ਨਸ਼ਿਆਂ ਦੀ ਵਰਤੋਂ ਕਰਨ ਦੀ ਸੰਭਾਵਨਾ ਬਹੁਤ ਵੱਧ ਜਾਂਦੀ ਹੈ। ਤੰਬਾਕੂ ਦੀ ਕਿਸੇ ਵੀ ਰੂਪ ਵਿੱਚ ਵਰਤੋਂ ਚਾਹੇ ਉਹ ਸਿਗਰਟ ਤੇ ਬੀੜੀ ਹੋਵੇ ਜਾਂ ਜਰਦਾ ਤੇ ਪਾਨ ਮਸਾਲਾ ਹੋਵੇ, ਹਰ ਤਰਾਂ ਖ਼ਤਰਨਾਕ ਹੈ। ਸਿਗਰਟ ਤੇ ਬੀੜੀ ਦੇ ਧੂੰਏਂ ਦਾ ਤੰਬਾਕੂ ਨਾ ਵਰਤਣ ਵਾਲਿਆਂ 'ਤੇ ਵੀ ਬਹੁਤ ਮਾੜਾ ਪ੍ਰਭਾਵ ਹੈ।

ਤਮਾਕੂ ਦੇ ਪ੍ਰਯੋਗ ਤੋਂ ਰੋਕਣ ਲਈ ਵਿਅਕਤੀਗਤ ਤੌਰ 'ਤੇ ਮਨੁੱਖਾਂ ਅਤੇ ਸਰਕਾਰ ਦਾ ਸਾਂਝਾ ਉਪਰਾਲਾ ਹੋਣਾ ਚਾਹੀਦਾ ਹੈ। ਵਿਅਕਤੀਗਤ ਤੌਰ 'ਤੇ ਆਪਣੀ ਜ਼ਿੰਮੇਦਾਰੀ ਬਣਦੀ ਹੈ ਕਿ ਉਹ ਖੁਦ ਪੜਚੋਲ ਕਰੇ ਕਿ ਉਹ ਰੋਜ਼ ਕਿੰਨੀਆਂ ਸਿਗਰੇਟ ਪੀਂਦਾ ਹੈ। ਇਕ ਵਾਰ ਜਦੋਂ ਉਹ ਆਪ ਕੋਸ਼ਿਸ਼ ਕਰੇਗਾ ਕਿ ਉਸ ਨੂੰ ਇਸ ਤੋਂ ਛੁਟਕਾਰਾ ਪਾਉਣਾ ਹੈ ਤਾਂ ਇਹ ਨਸ਼ਾ ਛੁਡਾਊ ਕੇਂਦਰ ਜਾਂ ਮਨੋਵਿਗਿਆਨਕ ਦੀ ਮਦਦ ਨਾਲ ਹੀ ਸੰਭਵ ਹੋ ਸਕਦਾ ਹੈ। ਸਰਕਾਰ ਦਾ ਫਰਜ਼ ਹੈ ਕਿ ਉਹ ਨੌਜਵਾਨ ਵਿਅਕਤੀਆਂ ਨੂੰ ਇਸ ਦੇ ਪ੍ਰਯੋਗ ਦੇ ਨਾਲ ਹੋਣ ਵਾਲੀਆਂ ਬੀਮਾਰੀਆਂ ਬਾਰੇ ਜ਼ਿਆਦਾ ਤੋਂ ਜ਼ਿਆਦਾ ਜਾਗਰੂਕ ਕਰੇ।

ਇਸ ਦੇ ਲਈ ਕਈ ਪ੍ਰੋਗਰਾਮ, ਗਤੀਵਿਧੀਆਂ ਅਤੇ ਅਭਿਆਨ ਉਲੀਕੇ ਜਾਣੇ ਚਾਹੀਦੇ ਹਨ ਤਾਂ ਜੋ ਨੌਜਵਾਨਾਂ ਨੂੰ ਜਾਗਰੂਕ ਕੀਤਾ ਜਾਵੇ। ਭਾਵੇਂ ਸ਼ੁਰੂ ਵਿਚ ਇਹ ਨਸ਼ਾ ਖੁਸ਼ੀ ਦੇ ਸਕਦਾ ਹੈ ਜਾਂ ਪਰ ਜਦੋਂ ਇਸ ਦੀ ਆਦਤ ਪੈ ਜਾਂਦੀ ਹੈ ਤਾਂ ਇਹ ਉਸ ਨੂੰ ਜਕੜ ਲੈਂਦਾ ਹੈ ਅਤੇ ਫਿਰ ਇਸ ਦੇ ਪ੍ਰਭਾਵ ਤੋਂ ਬਚਣਾ ਮੁਸ਼ਕਲ ਹੋ ਜਾਂਦਾ ਹੈ। ਤਮਾਕੂ ਦਾ ਸੇਵਨ ਦੋ ਤਰਾਂ ਨਾਲ ਕੀਤਾ ਜਾਂਦਾ ਹੈ। ਪਹਿਲਾਂ ਇਸ ਨੂੰ ਚਬਾ ਕੇ ਅਤੇ ਦੂਸਰਾ ਸਿਗਰਟ, ਬੀੜੀ ਦੇ ਤੌਰ 'ਤੇ। ਸਿਗਰਟ ਦਾ ਧੂੰਆਂ ਸਿਰਫ ਸਿਗਰਟ ਪੀਣ ਵਾਲੇ ਵਿਅਕਤੀ ਨੂੰ ਹੀ ਨੁਕਸਾਨ ਨਹੀਂ ਪਹੁੰਚਾਉਂਦਾ ਹੈ ਬਲਕਿ ਉਸ ਦੇ ਆਲੇ-ਦੁਆਲੇ ਬੈਠੇ ਲੋਕਾਂ ਦੀ ਸਿਹਤ 'ਤੇ ਬੁਰਾ ਅਸਰ ਪਾਉਂਦਾ ਹੈ।

ਤੰਬਾਕੂ ਦੀ ਵਰਤੋਂ ਇੱਕ ਜਾਨਲੇਵਾ ਆਦਤ ਹੈ ਤੇ ਜਦੋਂ ਵਿਅਕਤੀ ਤੰਬਾਕੂ ਦੀ ਵਰਤੋਂ ਛੱਡਦਾ ਹੈ ਤਾਂ ਕਈ ਤਰਾਂ ਦੀਆਂ ਸਰੀਰਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਕਿਸੇ ਵੀ ਵਿੱਦਿਅਕ ਅਦਾਰੇ ਦੀ ਬਾਹਰੀ ਦੀਵਾਰ ਦੇ 100 ਗਜ਼ ਦੇ ਅੰਦਰ ਤੰਬਾਕੂ ਵੇਚਣਾ ਮਨਾ ਹੈ ਤੇ ਇਸ ਨੂੰ ਲਾਗੂ ਕਰਵਾਉਣਾ ਵਿੱਦਿਅਕ ਅਦਾਰੇ ਦੇ ਮੁਖੀ ਦੀ ਜ਼ਿੰਮੇਵਾਰੀ ਹੈ। ਇਸ ਤੋਂ ਇਲਾਵਾ ਤੰਬਾਕੂ ਦੀਆਂ ਸਾਰੀਆਂ ਵਸਤਾਂ ਤੇ ਤੰਬਾਕੂ ਦੇ ਸਿਹਤ 'ਤੇ ਨੁਕਸਾਨ ਨਾਲ ਸਬੰਧਤ ਚਿੱਤਰ ਛਾਪਣੇ ਵੀ ਜ਼ਰੂਰੀ ਕਰ ਦਿੱਤੇ ਗਏ ਹਨ। ਇਨ੍ਹਾਂ ਕਾਨੂੰਨਾਂ ਦੀ ਉਲੰਘਣਾ ਕਰਨ ਲਈ ਕੈਦ ਅਤੇ ਜੁਰਮਾਨਿਆਂ ਦੀ ਵਿਵਸਥਾ ਵੀ ਕੀਤੀ ਗਈ ਹੈ। ਆਮ ਤੌਰ 'ਤੇ ਇਨ੍ਹਾਂ ਕਾਨੂੰਨਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤੇ ਇਨ੍ਹਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਆਮ ਲੋਕਾਂ ਨੂੰ ਪ੍ਰਸ਼ਾਸਨ ਦਾ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਤੰਬਾਕੂ ਦੇ ਮਾੜੇ ਪ੍ਰਭਾਵਾਂ ਤੋਂ ਬਚ ਕੇ ਸਿਹਤਮੰਦ ਸਮਾਜ ਦੀ ਸਿਰਜਣਾ ਕਰ ਸਕੇ।

ਸਰਕਾਰ ਨੂੰ ਤੰਬਾਕੂ ਦੇ ਪ੍ਰਚਾਰ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਉਦਯੋਗਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਮਨੁੱਖੀ ਜ਼ਿੰਦਗੀ ਬਹੁਤ ਅਨਮੋਲ ਹੈ। ਇਸ ਨੂੰ ਗਲਤ ਆਦਤਾਂ ਵੱਸ ਗੁਆਉਣਾ ਨਿਰੀ ਮੂਰਖਤਾ ਹੈ। ਆਓ ਅਸੀਂ ਸਾਰੇ ਮਿਲ ਕੇ ਇਹ ਪ੍ਰਣ ਲਈਏ ਕਿ ਅਸੀਂ ਖ਼ੁਦ ਇਸ ਤੰਬਾਕੂ ਜ਼ਹਿਰ ਦਾ ਸੇਵਨ ਨਹੀਂ ਕਰਾਂਗੇ ਅਤੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਇਸ ਦੇ ਜੰਜਾਲ ਤੋਂ ਬਚਾਉਣ ਦੀ ਪੂਰੀ ਕੋਸ਼ਿਸ਼ ਕਰਾਂਗੇ। ਇਸ ਤਰਾਂ ਨਾਲ ਸਿਰਫ ਮਨੁੱਖੀ ਜੀਵਨ ਨਹੀਂ ਬਲਕਿ ਵਾਤਾਵਰਣ ਦੀ ਸਾਂਭ-ਸੰਭਾਲ ਹੋਵੇਗੀ, ਕਿਉਂਕਿ ਸਿਗਰੇਟ ਬੀੜੀ ਦਾ ਧੂੰਆਂ ਵਾਤਾਵਰਣ ਨੂੰ ਬਹੁਤ ਪ੍ਰਦੂਸ਼ਿਤ ਕਰਦਾ ਹੈ। ਆਓ ਸਾਰੇ ਮਿਲ ਕੇ ਅੱਜ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਦੇ ਮੌਕੇ 'ਤੇ ਇਕ ਸੁੰਦਰ ਤੇ ਸਿਹਤਮੰਦ ਵਾਤਾਵਰਣ ਦੀ ਕਲਪਨਾ ਨੂੰ ਸਾਕਾਰ ਕਰਨ ਵੱਲ ਇੱਕ ਕਦਮ ਵਧਾਈਏ।

## ਜਲਿਆਂਵਾਲਾ ਬਾਗ ਹੱਤਿਆ ਕਾਂਡ ਦੇ ਵਿਰੋਧ 'ਚ ਅੰਗਰੇਜ਼ਾਂ ਨੂੰ ਨਾਈਟਹੁੱਡ (ਸਰ) ਦੀ ਉਪਾਧੀ ਵਾਪਸ ਕਰਨ ਵਾਲਾ ਮਹਾਨ ਕਵੀਰਾਜ ਡਾ. ਰਵਿੰਦਰ ਨਾਥ ਟੈਗੋਰ (30 ਮਈ 1919)



ਡਾ.ਰਵਿੰਦਰ ਨਾਥ ਟੈਗੋਰ ਇੱਕ ਪ੍ਰਭਾਵਸ਼ਾਲੀ ਵਿਅਕਤੀ ਸਨ। ਰਵਿੰਦਰ ਨਾਥ ਟੈਗੋਰ ਇੱਕ ਮਹਾਨ ਦੇਸ਼ ਭਗਤ ਸਨ। ਉਨ੍ਹਾਂ ਨੂੰ ਮਾਤ -ਭੂਮੀ ਨਾਲ ਬਹੁਤ ਪਿਆਰ ਸੀ। ਉਨ੍ਹਾਂ 'ਜਨ ਗਣ ਮਨ' ਕੌਮੀ ਗੀਤ ਰਵਿੰਦਰ ਨਾਥ ਟੈਗੋਰ ਦੀ ਅਦੁੱਤੀ ਰਚਨਾ ਕੀਤੀ। ਨੂੰ ਭਾਰਤ ਦਾ ਕਵੀਰਾਜ ਕਿਹਾ ਜਾਂਦਾ ਹੈ।ਉਹ ਉੱਘੇ ਨਾਵਲਕਾਰ ਵੀ ਸਨ। ਭਾਰਤ ਦੇ ਸੱਚੇ ਦੇਸ਼ ਭਗਤ ਹੋਣ ਦਾ ਮਾਣ ਪ੍ਰਾਪਤ ਹੈ। ਡਾ. ਰਵਿੰਦਰ ਨਾਥ ਟੈਗੋਰ ਮਹਾਂਰਿਸ਼ੀ ਦਵਿੰਦਰ ਨਾਥ ਦੇ ਪੁੱਤਰ ਸਨ। ਉਨ੍ਹਾਂ ਦਾ ਜਨਮ 1861 ਈ. ਨੂੰ ਹੋਇਆ। ਉਨ੍ਹਾਂ ਨੇ 12 ਕੁ ਸਾਲ ਦੀ ਉਮਰ ਵਿੱਚ 'ਪ੍ਰਿਥਵੀਰਾਜ ਪਰਾਜਯ' ਨਾਮੀ ਨਾਟਕ ਲਿਖਿਆ ਸੀ। ਅੰਮ੍ਰਿਤ ਬਜ਼ਾਰ ਪੱਤ੍ਰਿਕਾ ਨੇ ਉਨ੍ਹਾਂ ਦੀ ਕਵਿਤਾ ਨੂੰ 1875 ਈ. ਵਿੱਚ ਛਾਪਿਆ। ਉਨ੍ਹਾਂ ਰਾਹੀਂ ਰਚਿਤ 'ਗੀਤਾਂਜਲੀ 'ਇੱਕ ਅਦਭੁੱਤ ਰਚਨਾ ਹੈ। ਇਸ ਵਾਸਤੇ ਉਸ ਨੂੰ 1880 ਈ. ਵਿੱਚ ਨੋਬਲ ਪ੍ਰਾਇਜ਼ ਦਿੱਤਾ ਗਿਆ।

ਡਾ. ਰਵਿੰਦਰ ਨਾਥ ਟੈਗੋਰ ਨੇ 'ਬੰਗਾਲ ਦੀ ਵੰਡ' ਦਾ ਕੱਟੜ ਵਿਰੋਧ ਕੀਤਾ, 13 ਅਪ੍ਰੈਲ 1919 ਨੂੰ ਜਲਿਆਂ ਵਾਲੇ ਬਾਗ ਦਾ ਹੱਤਿਆ ਕਾਂਡ ਹੋਇਆ ਸੀ। ਜਦ ਪੰਜਾਬ ਵਿੱਚ ਹੋਏ ਅੱਤਿਚਾਰਾਂ ਦੀ ਖ਼ਬਰ ਦੂਸਰੇ ਹਿੱਸਿਆਂ ਵਿੱਚ ਪੁੱਜੀ ਤਾਂ ਸਾਰੇ ਭਾਰਤਵਰਸ਼ ਵਿੱਚ ਅਸਾਧਾਰਨ ਜੋਸ਼ ਫੈਲ ਗਿਆ, ਜਿਸ ਵਿੱਚ ਅਨੇਕਾਂ ਹੀ ਮਾਸੂਮ ਲੋਕ ਮਾਰੇ ਗਏ ਸਨ। ਡਾ. ਰਵਿੰਦਰ ਨਾਥ ਟੈਗੋਰ ਨੇ ਸਰਕਾਰ ਦੀ ਨੀਤੀ ਸੰਬੰਧੀ ਰੋਸ ਪ੍ਰਗਟ ਕਰਦਿਆਂ ਹੋਇਆ ਜਲਿਆਂ ਵਾਲਾ ਬਾਗ ਹੱਤਿਆ ਕਾਂਡ ਦੇ ਸਮੇਂ ਆਪਣਾ ਨਾਈਟਹੁੱਡ 'ਸਰ' ਦਾ ਖਿਤਾਬ (30 ਮਈ 1919 ਈ.) ਤਿਆਗ ਕਰ ਦਿੱਤਾ। ਉਨ੍ਹਾਂ ਨੇ ਵਾਇਸਰਾਏ ਦੇ ਨਾਮ ਇੱਕ ਚਿੱਠੀ ਲਿਖੀ ਜਿਸ ਵਿੱਚ ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਉੱਤੇ ਸਰਕਾਰ ਦੇ ਅਤਿਆਚਾਰਾਂ ਦੀ ਸਖ਼ਤ ਨਿੰਦਾ ਕੀਤੀ।

**ਪ੍ਰੋ.ਗਗਨਦੀਪ ਕੌਰ ਧਾਲੀਵਾਲ**

# ਕਾਵਿ ਸੰਸਾਰ



### 1. ਤਪਸ਼

ਸੂਰਜ ਜਾਪੇ ਅੱਗ ਬਰਾਬਰ,
ਧਰਤੀ ਤਪਦੀ ਲਾਟ ਬਰਾਬਰ।
ਗਰਮੀ ਤੇ ਗਰਮੀ ਏ ਸੱਜਣਾ,
ਛੋਟੇ ਵੱਡੇ ਸੜਨ ਬਰਾਬਰ।
ਸੁੰਨੀਆਂ ਸੜਕਾਂ ਸਿਖਰ ਦੁਪਹਿਰੇ,
ਵਸਿਆ ਉੱਜੜਿਆ ਇਕ ਬਰਾਬਰ,
ਅਸਮਾਨੀ ਉੱਡਦੇ ਕੁਝ ਨਜ਼ਰ ਨਾ ਆਵੇ,
ਲੱਭਦੇ ਫਿਰਦੇ ਛਾਂ ਬਰਾਬਰ।
ਕੰਧਾਂ, ਛੱਤਾਂ ਇੰਜ ਮਾਰਨ ਸੇਕਾ,
ਚੈਨ ਨਾ ਆਵੇ, ਰਾਤ ਦਿਨ ਬਰਾਬਰ।
ਝੁੱਗੀਆਂ ਵਿਚ ਬੱਚੇ ਪਏ ਵਿਲਕਣ,
ਚਲਦੇ ਏ ਸੀ ਨਾਲ ਬਰਾਬਰ।
ਜੰਗਲਾਂ ਨੂੰ ਅਸੀਂ ਇੰਜ ਕੱਟਿਆ ਏ,
ਕੱਟਿਆ ਹੋਵੇ ਜਿਵੇਂ ਘਾਹ ਬਰਾਬਰ।
ਮੀਹ ਲਈ ਅਸੀਂ ਫੂਕੀਆਂ ਗੁੱਡੀਆਂ,
ਦਲੀਆ ਵੰਡਿਆ ਨਾਲ ਬਰਾਬਰ।
ਆਓ ਰਲ ਕਿ ਕਸਮ ਇਹ ਖਾਈਏ,
ਰੁੱਖ ਲਗਾਈਏ ਪਰਿਵਾਰ ਬਰਾਬਰ।
ਰੁੱਖਾਂ ਨੂੰ ਅਸੀਂ ਇੰਜ ਪਾਲੀਏ,
ਧੀਆਂ, ਪੁੱਤਰ ਸਤਿਕਾਰ ਬਰਾਬਰ।।
ਠੰਡੀਆਂ ਛਾਵਾਂ ਫੇਰ ਮੁੜ ਆਵਣ,
ਸੱਥਾਂ ਜੁੜ ਜਾਵਣ ਪਿਆਰ ਬਰਾਬਰ,
ਪੰਛੀ ਵੀ ਆਵਣ ਘਰ ਆਪਣੇ,
ਖਟਕੜ ਲੱਗੇ ਸਵਰਗ ਬਰਾਬਰ।

**ਅਮਰਜੀਤ ਖਟਕੜ**

### 2. ਖੋ ਗਏ ਗਰਾਂ

ਖੋਏ ਜਿਨਾਂ ਦੇ ਮਹਾਂਨਗਰਾਂ 'ਚ ਖ਼ੁਦ ਦੇ ਗਰਾਂ ਭਾਲਦੇ,
ਨੀਝ ਲਾ ਵੇਂਹਦਿਆਂ ਸ਼ਹਿਰੀ ਕੀ ਬੁੱਝਣ ਕਿਆ ਭਾਲਦੇ।
ਦੇਰ ਬਾਅਦ ਪਰਤੇ ਜੋ ਆਪਣੇ ਗਰਾਂ 'ਚ ਘਰ ਭਾਲਦੇ,
ਮੁਰੱਬੇਬੰਦੀਆਂ ਖਾ ਲਏ ਪਗਡੰਡੀਆਂ ਤੇ ਰਾਹ ਭਾਲਦੇ।
ਲੰਘਦੇ ਜਦੋਂ ਸ਼ਹਿਰ ਕਸਬੇ ਮਿੱਤਰਾਂ ਪਿਆਰਿਆਂ ਦੇ,
ਫਲਾਈਓਵਰਾਂ ਛੁਪਾ ਲਏ ਉਹ ਸ਼ਹਿਰ ਗਰਾਂ ਭਾਲਦੇ।
ਸ਼ਹਿਰਾਂ ਦੇ ਬਾਈਪਾਸ ਵਾਂਗ ਦਿਲਾਂ ਦੇ ਬਾਈਪਾਸ ਹੋਣ,
ਉਨਾਂ ਦਿਆਂ ਦਿਲਾਂ ਵਿੱਚ ਕਿਥੋਂ ਮਹਿਫੂਜ਼ ਥਾਂ ਭਾਲਦੇ।
ਫੇਸਬੁੱਕ ਚੈਟ ਦੀ ਦੋਸਤੀ 'ਚ ਲੁੱਟ ਗਏ ਭੋਲੇ ਜੋ ਪੰਛੀ,
ਜਾਅਲੀ ਆਈ ਡੀ ਵਾਲੇ ਠੱਗਾਂ ਦੇ ਪਤੇ ਨਾਂ ਭਾਲਦੇ।
ਕਿਥੇ ਵੱਸਦਾ ਤੁਰ ਗਿਆ ਕੱਲ ਵੱਸਦਾ ਸੀ ਜੋ ਗਰਾਂ 'ਚ,
ਹਵੇਲੀ ਢਾਹ ਕੇ ਕੋਠੀ ਬਣਾ ਤੁਰਿਆਂ ਦੀ ਥਾਹ ਭਾਲਦੇ।
ਸਿਆਸਤ ਦੇ ਮਾਰਿਆਂ ਦਾ ਜੇ ਜ਼ਮਾਨਾ ਦਰਦ ਜਾਣੇ,
ਪੰਜਾਬੀ ਲਹਿੰਦੇ ਚੜਦੇ ਦੇ ਸਾਂਝੇ ਸਤਲੁਜ ਝਨਾ ਭਾਲਦੇ।
ਪਲ ਪਲ ਬਦਲਦੇ ਚੁਫੇਰਿਆਂ ਭੁਚਲਾਏ ਪਏ ਜਿਹੜੇ,
ਰਿਸ਼ਤਿਆਂ ਦੇ ਸਿਵੇ ਦੀ ਸੁਆਹ ਫਰੋਲ ਕਿਆ ਭਾਲਦੇ।

**ਸੱਜਣ ਸਿੰਘ ਹੰਸਰਾ**

### 3. ਔਹ ਵੇਖੋ ਢਾਰੇ ਥੱਲੇ

ਔਹ ਵੇਖੋ ਢਾਰੇ ਥੱਲੇ ਕੈਸਾ ਅਸਚਰਜ਼ ਨਜ਼ਾਰਾ ਹੈ
ਉਸ ਢਾਰੇ ਥੱਲੇ ਬੈਠਾ ਇਕ ਬੁੱਢੜਾ ਬੜਾ ਵਿਚਾਰਾ ਹੈ
ਬੈਠਾ ਹੈ ਝਿੱਖੀ ਮੰਜੀ ਤੇ ਇੱਕ ਖੁੱਥੜ ਜਿਹਾ ਸਿਰਾਣਾ ਹੈ
ਇੱਕ ਗਾਰੇ ਵਰਗਾ ਪਰਨਾ ਹੈ ਇੱਕ ਭੂਰਾ ਬੜਾ ਪੁਰਾਣਾ ਹੈ
ਸਨ ਕਦੇ ਦਿਹਾੜੇ ਇਸ ਤੇ ਵੀ ਯੂਸਫ਼ ਦਾ ਇਹ ਵੀ ਸਾਨੀ ਸੀ
ਬਣ-ਠਣ ਕੇ ਇਹ ਵੀ ਬਹਿੰਦਾ ਸੀ ਇਹਦੇ ਤੇ ਕਦੇ ਜਵਾਨੀ ਸੀ
ਵਰਿਆਮ ਕਦੇ ਇਹ ਸੋਹਣਾ ਸੀ ਕਰ ਸਕਦਾ ਸੀ ਜੋ ਕਹਿੰਦਾ ਸੀ
ਪੁੱਤ ਹੱਥੀਂ ਛਾਵਾਂ ਕਰਦੇ ਸੀ ਇਹ ਜਿੱਥੇ ਵੀ ਜਾ ਕੇ ਬਹਿੰਦਾ ਸੀ
ਅੱਜ ਇਨਾਂ 'ਚੋਂ ਇਸ ਬੁੱਢੜੇ ਦਾ ਕੋਈ ਨਾ ਦਰਦ ਵੰਡਾਂਦਾ ਹੈ
ਜੇ ਆਖੇ ਤਾਂ ਸਭ ਕਹਿੰਦੇ ਨੇ ਇਹ ਐਂਵੇਂ ਹੀ ਕੰਨ ਖਾਂਦਾ ਹੈ
ਹੁਣ ਮੰਜਿਓਂ ਹਿਲਣ ਜੋਗਾ ਨਹੀਂ ਬੈਠਾ ਹੀ ਬੁੜ-ਬੁੜ ਕਰਦਾ ਹੈ
ਤਦ ਨੂੰਹਾਂ ਪੁੱਤਰ ਕਹਿੰਦੇ ਨੇ ਇਹ ਬੁੱਢੜਾ ਅਜੇ ਨਾ ਮਰਦਾ ਹੈ

**ਸੁਖਵਿੰਦਰ ਸਿੰਘ, ਖੇਮਕਰਨ**

### 4. ਕਿੱਧਰ ਨੂੰ... ?

ਉਨਾਂ ਨੇ ਕਈ ਵਾਰ ਰਵੱਈਏ ਬਦਲ ਲਏ
ਖੋਹ ਕੇ ਸਾਡੇ ਹੱਥੋਂ ਰੁਪਈਏ ਬਦਲ ਲਏ
ਖ਼ੁਦ ਨੂੰ ਕੋਈ ਸਾਰ ਨਹੀਂ ਸੁਰਤਾਲਾਂ ਦੀ
ਹਰ ਵਾਰੀ ਮਹਿਫਲ 'ਚ ਗਵੱਈਏ ਬਦਲ ਲਏ।
ਕੋਹਾਂ ਹੀ ਕੋਹਾਂ ਉਹ ਤੁਰਕੇ ਲੰਘੇ ਨੇ
ਅੱਜ ਵੀ ਫਿਰਦੇ ਉਹ ਪੈਰਾਂ ਤੋਂ ਨੰਗੇ ਨੇ
ਜਾਂ ਤਾਂ ਯਤਨ ਨੀ ਕਰਿਆ ਕੋਈ ਨੰਗ ਕੱਜਣੇ ਦਾ
ਜਾਂ ਫਿਰ ਅਸਲੋਂ ਹੀ ਉਹ ਮਸਤ ਮਲੰਗੇ ਨੇ।
ਝੁਰਦੇ ਰਹੇ ਉਹ ਉੱਡਦੇ ਵੇਖ ਜਨੌਰਾਂ ਨੂੰ
ਛੱਡਿਆ ਨਾ ਪਰ ਆਪਣੀਆਂ ਕਦੇ ਕਨੌੜਾ ਨੂੰ
ਸਿੱਖਦੇ ਜੇ ਕਰ ਮੂਧੇ-ਮੂੰਹ ਵੀ ਡਿੱਗਿਆਂ ਤੋਂ
ਪੂਰੀਆਂ ਕਰ ਲੈਂਦੇ ਉਹ ਸਾਰੀਆਂ ਥੋੜਾਂ ਨੂੰ।
ਗੱਲ ਗੱਲ ਉਤੇ ਦੂਜਿਆਂ ਨੂੰ ਹੀ ਭੰਡੀ ਗਏ
ਕੱਚੇ ਰੰਗਾਂ ਦੇ ਵਿੱਚ ਖ਼ੁਦ ਨੂੰ ਰੰਗੀ ਗਏ
ਹੁਣ ਉਹਨਾਂ ਦਾ ਵਾਪਿਸ ਆਉਣਾ ਸੌਖਾ ਨਹੀ
ਚਾਅ-ਚਾਅ ਵਿੱਚ ਜੋ ਲਛਮਣ ਰੇਖਾ ਲੰਘੀ ਗਏ।

**ਹਰਜੀਤ ਸਿੰਘ ਖੇੜੀ**

### 5. ਰੁੱਖ

ਨਾ ਵੱਢੋ ਰੁੱਖਾਂ ਨੂੰ ਨਾ ਦੂਰ ਕਰੋ ਠੰਡੀਆਂ ਛਾਵਾਂ ਨੂੰ
ਏਨਾ ਠੰਡ ਪਾਣ ਵਾਲੀਆਂ ਮਾਵਾਂ ਵਰਗੀਆਂ ਬਾਹਾਂ ਨੂੰ
ਮਨੁੱਖ ਦੂਰ ਹੋਇਆ ਰੁੱਖਾਂ ਤੋਂ ਕੰਕਰੀਟ ਦੇ ਮੋਹ ਵਿੱਚ
ਫੇਰ ਸਾਹ ਕਿੱਥੋਂ ਆਵੇ ਰੇਤਾ ਸੀਮੈਂਟ ਦੇ ਢੇਰ ਵਿੱਚ
ਖੌਰੇ ਕਦੋਂ ਮਨੁੱਖ ਨੂੰ ਆਵੇਗੀ ਚੇਤੰਨਤਾ
ਜੀਣਾ ਹੋਣਾ ਮੁਸ਼ਕਿਲ ਤੇ ਵਧੀ ਜਾਵੇ ਖਿੰਨਤਾ
ਹਾਲੇ ਵੀ ਕੁੱਝ ਤਾਂ ਅਕਲਾਂ ਦੇ ਪੌਦੇ ਲਾ ਲਓ
ਪੈਜੂਗੀ ਠੰਡ ਤੇ ਫੇਫੜੇ ਵੀ ਤੰਦਰੁਸਤ ਕਰਾ ਲਓ

**ਗੁਰਮੀਤ ਸਚਦੇਵਾ**

### 6. ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

ਬੇਸਿਦਕਾਂ ਦਾਅ 'ਤੇ ਲਾ ਦਿਤੀ
ਜਦ ਕੌਮਾਂ ਦੀ ਤਕਦੀਰ।
ਕੋਈ ਅੰਬਰੋਂ ਪੰਛੀ ਲਹਿ ਪਿਆ
ਤੇਰੇ ਨਾਂ 'ਤੇ ਆਣ ਅਖੀਰ।
ਤੂੰ ਸੰਗਤ ਸਿੰਘ ਦੀ ਸੰਗਤ ਵਿਚੋਂ
ਤੂੰ ਬੰਦਾ ਸਿੰਘ ਦੀਆਂ ਕਸਮਾਂ।
ਤੂੰ ਦੀਪ ਸਿੰਘ ਦਾ ਚਾਨਣ ਵੇ
ਤੂੰ ਮਨੀ ਸਿੰਘ ਦੀਆਂ ਰਿਸ਼ਮਾਂ।
ਕੁਲ ਪਾਣੀ ਸਰਸਾ ਹੋ ਗਏ
ਅਸੀਂ ਮੁਦਤਾਂ ਤੋਂ ਦਿਲਗੀਰ।
ਤੂੰ ਟੁੱਟੀ ਆਣ ਗੰਡਾਈ ਵੇ
ਸਾਡਾ ਮੁਕ ਚਲਿਆ ਸੀ ਸੀਰ।
ਮੁੜ ਦੇਸ ਮੇਰੇ 'ਚੋਂ ਉਠਿਆ
ਕੁਲ ਕੌਮ ਦਾ ਓਹ ਸੁਲਤਾਨ।
ਜਿਨੇ ਮੂੰਹ ਵੈਰੀ ਦੇ ਮੋੜਤੇ
ਕੀਤੀ ਪੰਥ ਦੀ ਉੱਚੀ ਸ਼ਾਨ।
ਸੀ ਓ ਨਾਲ ਅਕੀਦਿਆਂ ਖੇਡਦੇ
ਕੀਤੀ ਕੂੜ ਨੇ ਆਣ ਅਖ਼ੀਰ।
ਜੇ ਨਾ ਬਲਦੇ ਰੱਥ ਨੂੰ ਥੰਮਦਾ
ਛੱਡ ਜਾਂਦੇ ਸਿਦਕ ਫ਼ਕੀਰ।
ਤੇਰਾ ਜਲਵਾ ਵੇਖ ਟਕਸਾਲੀਆ
ਚੱਬੇ ਉਂਗਲਾਂ ਰੂਮ ਸਿਆਮ।
ਜਿਵੇਂ ਨਲਵਾ ਖ਼ੈਬਰ ਗੂੰਜਦਾ
ਸਿੰਘ ਲੜੇ ਅਟਾਰੀ ਸ਼ਾਮ।
ਤੂੰ ਪੂਰਨ ਸਿੰਘ ਦਾ ਪੂਰਨ ਵੇ
ਤੂੰ ਵੀਰ ਸਿੰਘ ਦਾ ਵੀਰ।
ਤੂੰ ਖਾਲਸੇ ਦਾ ਜਰਨੈਲ ਸਿੰਘ
ਗੁਰੂ ਗੋਬਿੰਦ ਸਿੰਘ ਦਾ ਤੀਰ।

**ਹਰਦੇਵ ਸਿੰਘ**

---

# ਬੁਲੰਦ ਹੌਂਸਲੇ ਦੀ ਕਹਾਣੀ ਪੇਸ਼ ਕਰਦੀ ਫ਼ਿਲਮ 'ਗੂੰਗਾ ਪਹਿਲਵਾਨ'

**ਸੁਰਜੀਤ ਜੱਸਲ,**
**ਮੋ. ੯੮੧੪੬੦੭੭੩੭**

ਸੁਖਪਾਲ ਸਿੱਧੂ ਸਮਾਜ ਨਾਲ ਜੁੜਿਆ ਲੇਖਕ ਨਿਰਮਾਤਾ ਨਿਰਦੇਸ਼ਕ ਹੈ ਜਿਸਨੇ ਆਪਣੀਆਂ ਫ਼ਿਲਮਾਂ ਰਾਹੀਂ ਹਮੇਸ਼ਾ ਹੀ ਸਮਾਜਿਕ ਮੁੱਦਿਆਂ ਦੀ ਗੱਲ ਕੀਤੀ ਹੈ ਜੋ ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਚੰਗੀ ਸੇਧ ਦਿੰਦੀਆਂ ਹਨ। ਅਨੇਕਾਂ ਫ਼ੀਚਰ ਅਤੇ ਟੈਲੀਫ਼ਿਲਮਾਂ ਦਾ ਨਿਰਮਾਣ ਕਰ ਚੁੱਕੇ ਸੁਖਪਾਲ ਸਿੱਧੂ ਇੰਨੀ ਦਿਨੀਂ ਆਪਣੀ ਨਵੀਂ ਫ਼ਿਲਮ 'ਗੂੰਗਾ ਪਹਿਲਵਾਨ' ਲੈ ਕੇ ਆਇਆ ਹੈ। ਇਹ ਫ਼ਿਲਮ ਅਜੋਕੇ ਸਮਾਜ ਵਿੱਚ ਇੱਕ ਗੂੰਗੇ ਵਿਅਕਤੀ ਦੇ ਹੌਂਸਲੇ ਤੇ ਲਗਨ ਦੀ ਕਹਾਣੀ ਹੈ। ਪਰਮਜੀਤ ਫ਼ਿਲਮਜ਼ ਦੇ ਬੈਨਰ ਹੇਠ ਲੇਖਕ ਨੀਰਜ ਕਾਂਤ ਦੀ ਕਹਾਣੀ ਆਧਾਰਤ ਬਣੀ ਇਸ ਫ਼ਿਲਮ ਦਾ ਨਿਰਮਾਤਾ ਨਿਰਦੇਸ਼ਕ ਸੁਖਪਾਲ ਸਿੱਧੂ ਹੈ। ਫ਼ਿਲਮ ਬਾਰੇ ਜਾਣਕਾਰੀ ਦਿੰਦੇ ਸੁਖਪਾਲ ਸਿੱਧੂ ਨੇ ਦੱਸਿਆ ਕਿ ਪੁਰਾਣੇ ਸਮਿਆਂ ਵਿੱਚ ਸਿਹਤ ਸੰਭਾਲ ਅਤੇ ਜੋਰ ਅਜ਼ਮਾਇਸ਼ ਲਈ ਭਲਵਾਨਾਂ ਦੇ ਅਖਾੜੇ ਹੁੰਦੇ ਸੀ ਜਿੱਥੇ ਪਿੰਡ ਤੇ ਗੱਭਰੂ ਮੁੰਡੇ ਪਹਿਲਵਾਨੀ ਦੇ ਗੁਰ ਸਿੱਖ ਕੇ ਛਿੰਝ ਵਿਚ ਘੁਲਦੇ ਹੁੰਦੇ ਸੀ ਜਿੱਥੇ ਖਾਧੀਆਂ ਖੁਰਾਕਾਂ ਅਤੇ ਪੱਠਿਆਂ ਦੇ ਜ਼ੋਰ ਦਾ ਪਤਾ ਲੱਗਦਾ ਸੀ। ਇਹ ਕਹਾਣੀ ਇੱਕ ਅਜਿਹੇ ਗੂੰਗੇ ਨੌਜਵਾਨ ਦੀ ਹੈ ਜਿਸ ਨੂੰ ਭਲਵਾਨੀ ਦਾ ਸ਼ੌਂਕ ਹੈ ਪ੍ਰੰਤੂ ਉਸਦਾ ਗੂੰਗਾਪਣ ਉਸਦੀ ਕਮਜ਼ੋਰੀ ਹੈ। ਪਰ ਉਹ ਹਿੰਮਤ ਨਹੀਂ ਹਾਰਦਾ ਤੇ ਅਖ਼ੀਰ ਇੱਕ ਦਿਨ ਅਖਾੜੇ ਵਿੱਚ ਝੰਡੀ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੰਦਾ ਹੈ। ਇਹ ਫ਼ਿਲਮ ਜਿੱਥੇ ਨੌਜਵਾਨਾਂ ਨੂੰ ਪੁਰਾਣੇ ਕਲਚਰ ਅਤੇ ਵਿਰਾਸਤ ਬਾਰੇ ਅਨਮੋਲ ਜਾਣਕਾਰੀ ਦਿੰਦੀ ਹੈ, ਉੱਥੇ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੀ, ਨਰੋਈ ਸਿਹਤ ਬਣਾਉਣ ਦਾ ਜ਼ਜਬਾ ਪੈਦਾ ਕਰਦੀ ਹੈ। ਇਸ ਫ਼ਿਲਮ ਵਿੱਚ ਮਲਕੀਤ ਰੌਣੀ, ਸੁਖਪਾਲ ਸਿੱਧੂ, ਨੀਰਜ ਕਾਂਤ, ਅੰਮ੍ਰਿਤਪਾਲ ਸਿੰਘ ਬਿੱਲਾ, ਰਣਜੀਤ ਮਣੀ, ਸੰਜੀਵ ਕਲੇਰ, ਪਰਮਜੀਤ ਸਿੱਧੂ, ਮੰਜੂ ਸੇਠੀ, ਅਮਨ ਸਿੱਧੂ, ਮਿਸ਼ ਗਜ਼ਲ ਜੀਤਾ ਧੂਰੀ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। 10 ਜੂਨ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦੇ ਗੀਤ ਰਣਜੀਤ ਮਣੀ, ਸਾਲਮ ਖ਼ਾਨ, ਰਵੀ ਹਲਵਾਰਾ ਨੇ ਪਲੇਅ ਬੈਕ ਗਾਏ ਹਨ। ਗੀਤ ਕੁਲਦੀਪ ਦੁੱਗਲ, ਸਵ ਅਜੀਤ ਸਿੰਘ ਤੇ ਜਸਦੀਪ ਸਿੱਧੂ ਨੇ ਲਿਖੇ ਹਨ।



ਲੁਧਿਆਣਾ ਜਿਲਾ ਦੇ ਮੁੱਲਾਂਪੁਰ ਨੇੜਲੇ ਪਿੰਡ ਰਕਬਾ ਵਿਖੇ ਪਿਤਾ ਜੋਰਾ ਸਿੰਘ ਤੇ ਮਾਤਾ ਹਰਭਜਨ ਕੌਰ ਦੇ ਘਰ ਜਨਮਿਆ ਸੁਖਪਾਲ ਸਿੱਧੂ ਪਿਛਲੇ 30 ਸਾਲਾਂ ਤੋਂ ਫ਼ਿਲਮ ਅਤੇ ਕਲਾ ਸੰਸਾਰ ਨਾਲ ਜੁੜਿਆ ਹੋਇਆ ਹੈ। 1998 ਵਿੱਚ ਉਸਨੇ ਆਪਣੀ ਲਿਖੀ ਫ਼ਿਲਮ ਸ਼ਿਕਾਰੀ ਬਣਾਈ ਜਿਸਨੂੰ ਦਰਸ਼ਕਾਂ ਨੇ ਕਾਫ਼ੀ ਪਸੰਦ ਕੀਤਾ। ਫਿਰ ਇੱਕ ਹੋਰ ਫ਼ਿਲਮ ਦੇਸ਼ਧ੍ਰੋਹੀ ਵੀ ਬਣਾਈ। ਸੁਖਪਾਲ ਸਿੱਧੂ ਨੇ ਹੁਣ ਤੱਕ ਦੋ ਦਰਜਨ ਦੇ ਕਰੀਬ ਟੈਲੀ ਫ਼ਿਲਮਾਂ ਤੇ ਅੱਧੀ ਦਰਜਨ ਦੇ ਕਰੀਬ ਫ਼ੀਚਰ ਫ਼ਿਲਮਾਂ ਬਤੌਰ ਲੇਖਕ ਨਿਰਮਾਤਾ ਨਿਰਦੇਸ਼ਕ ਬਣਾ ਚੁੱਕਾ ਹੈ। 'ਚੰਨੋ, ਵਲੈਤਣ ਜੱਟੀ, 'ਜੱਟ ਜਿਊਣਾ ਮੌੜ ਇੱਕ ਸੱਚੀ ਗਾਥਾ', ਕਾਰੇ ਏਜੰਟਾਂ ਦੇ, ਚਾਅ ਮੁਲਕ ਬੇਗਾਨੇ ਦਾ, ਪੰਗੇ ਸਰਪੰਚੀ ਦੇ, ਅੱਜ ਦਾ ਦਾਰਾ' ਅਤੇ ਦਰਜਨਾਂ ਲਘੂ ਫ਼ਿਲਮਾਂ ਦਾ ਨਿਰਮਾਣ ਕਰ ਚੁੱਕੇ ਸੁਖਪਾਲ ਸਿੱਧੂ ਨੇ ਮੁੰਬਈ ਰਹਿੰਦਿਆਂ ਕਈ ਹਿੰਦੀ ਫ਼ਿਲਮਾਂ ਵਿੱਚ ਵੀ ਯਾਦਗਰੀ ਕਿਰਦਾਰ ਨਿਭਾਏ। 'ਗੂੰਗਾ ਪਹਿਲਵਾਨ' ਬਾਰੇ ਸੁਖਪਾਲ ਸਿੱਧੂ ਦਾ ਕਹਿਣਾ ਹੈ ਕਿ ਇਹ ਮਨੋਰੰਜਨ ਭਰਪੂਰ ਪਰਿਵਾਰਕ ਫ਼ਿਲਮ ਹੈ ਜੋ ਇੱਕ ਅਪਾਹਜ ਬੰਦੇ ਦੀ ਤੰਦਰੁਸਤ ਤਕੜੀ ਸੋਚ ਅਤੇ ਦਲੇਰੀ ਦੀ ਨਵੀਂ ਮਿਸਾਲ ਪੇਸ਼ ਕਰਦੀ ਹੈ।

# ਵਿਦਿਆ ਮਾਰਤੰਡ : ਪ੍ਰੋ. ਹਰਭਜਨ ਸਿੰਘ



## ਡਾ. ਦਿਲਬਰ ਸਿੰਘ

ਧਰਮ ਸਾਡੇ ਜੀਵਨ ਵਿਚ ਅਹਿਮ ਸਥਾਨ ਰਖਦਾ ਹੈ।ਆਦਿ ਕਾਲ ਤੋਂ ਹੀ ਮਨੁਖ ਧਰਮ ਬਾਰੇ ਸੋਚਦਾ ਆ ਰਿਹਾ ਹੈ।ਮਨੁਖਤਾ ਦੇ ਵਿਕਾਸ ਦੇ ਨਾਲ-ਨਾਲ ਧਰਮ ਦਾ ਵੀ ਵਿਕਾਸ ਹੋਇਆ ਹੈ। ਜਦੋਂ ਤੋਂ ਧਰਮ ਅਕਾਦਮਿਕਤਾ ਵਿਚ ਸ਼ਾਮਿਲ ਹੋਇਆ ਹੈ ਉਦੋਂ ਤੋਂ ਇਸ ਦੇ ਅਧਿਐਨ ਅਤੇ ਅਧਿਆਪਨ ਦਾ ਸਿਲਸਿਲਾ ਵੀ ਜ਼ੋਰਾਂ 'ਤੇ ਹੈ। ਆਧੁਨਿਕ ਸਮੇਂ ਵਿਚ ਸੰਸਾਰ ਦੀਆਂ ਯੂਨੀਵਰਸਿਟੀਆਂ ਵਿਚ ਧਰਮ ਅਧਿਐਨ ਅਤੇ ਅਧਿਆਪਨ ਦੇ ਵਖਰੇ-ਵਖਰੇ ਵਿਭਾਗ ਸਥਾਪਤ ਹੋ ਚੁਕੇ ਹਨ।ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਸ਼ਵ ਦੀ ਸੁਵਿਖਿਆਤ ਯੂਨੀਵਰਸਿਟੀ ਹੈ। ਇਸ ਯੂਨੀਵਰਸਿਟੀ ਦੇ ਵਿਹੜੇ ਵਿਚ ਧਰਮ ਅਧਿਐਨ ਅਤੇ ਅਧਿਆਪਨ ਦੇ ਤਿੰਨ ਵਿਭਾਗ ਸਥਾਪਤ ਹਨ। ਚੌਥਾ ਵਿਭਾਗ ਜੋ ਵਿਸ਼ੇਸ਼ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰੁਕਤ ਤਿਆਰ ਕਰਨ ਹਿਤ ਡਾ.ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ (ਉਤਰਾਖੰਡ) ਵਿਚ ਸਥਾਪਿਤ ਕੀਤਾ ਗਿਆ ਹੈ : ਵਿਸ਼ਵ ਵਿਖਿਆਤ ਹੈ। ਇਸ ਕੇਂਦਰ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਬੜੀਆਂ ਨਾਮਵਰ ਸ਼ਖ਼ਸੀਅਤਾਂ ਨੇ ਸੇਵਾਵਾਂ ਨਿਭਾਈਆਂ ਹਨ। ਉਨਾਂ ਵਿਦਵਾਨ ਸ਼ਖ਼ਸੀਅਤਾਂ ਵਿਚ ਧਰਮ ਅਧਿਐਨ ਦੇ ਪ੍ਰਬੁਧ ਵਿਦਵਾਨ ਪ੍ਰੋ. ਹਰਭਜਨ ਸਿੰਘ ਵੀ ਸ਼ਾਮਲ ਹਨ। ਪ੍ਰੋ. ਹਰਭਜਨ ਸਿੰਘ ਜੀ ਨੇ ਹਰ ਵਿਸ਼ੇ ਤੇ ਨਿਠ ਕੇ ਅਧਿਐਨ ਕੀਤਾ ਹੈ। ਉਨਾਂ ਦੇ ਅਧਿਐਨ ਅਤੇ ਅਧਿਆਪਨ ਦਾ ਆਪਣਾ ਹੀ ਢੰਗ ਹੈ। ਉਹ ਹਰ ਵਿਸ਼ੇ ਦੀ ਤਹਿ ਤੱਕ ਜਾਂਦੇ ਹਨ। ਤੁਲਨਾਤਮਿਕ ਧਰਮ ਅਧਿਐਨ ਦੇ ਵਿਸ਼ੇ ਵਿਚ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਉਨਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀਐਚ.ਡੀ.ਦੀ ਡਿਗਰੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਲਗਭਗ ਡੇਢ ਦਹਾਕੇ ਤੱਕ ਉਨਾਂ ਨੇ ਭੋਪਾਲ (ਮਧ ਪ੍ਰਦੇਸ਼) ਵਿਖੇ ਲੈਕਚਰਾਰ-ਇਨ- ਗੁਰਮਤਿ ਵਜੋਂ ਸੇਵਾਵਾਂ ਨਿਭਾਉਂਦਿਆਂ ਸਿਖ ਸਿਧਾਂਤਾਂ ਦਾ ਪ੍ਰਚਾਰ-ਪ੍ਰਸਾਰ ਕੀਤਾ। ਨੌਜਵਾਨ ਪੀੜੀ ਨੂੰ ਗੁਰਮਤਿ ਸਿਧਾਂਤਾਂ ਨਾਲ ਜੋੜਨ ਹਿਤ ਉਨਾਂ ਨੇ ਵਖ-ਵਖ ਥਾਵਾਂ ਤੇ ਲਗਭਗ ਤਿੰਨ ਦਰਜਨ ਗੁਰਮਤਿ ਸਿਖਿਆ ਕੈਂਪਾਂ ਦਾ ਆਯੋਜਨ ਕੀਤਾ ਅਤੇ ਬਤੌਰ ਕੈਂਪ ਪ੍ਰਿੰਸੀਪਲ ਸੇਵਾਵਾਂ ਨਿਭਾਈਆਂ। ਉਨਾਂ ਨੇ ਲੰਮਾ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਬਤੌਰ ਵਿਜਿਟਿੰਗ ਪ੍ਰੋਫ਼ੈਸਰ ਵੀ ਸੇਵਾਵਾਂ ਨਿਭਾਈਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸੇਵਾਵਾਂ ਨਿਭਾਉਂਦਿਆਂ ਉਨਾਂ ਨੇ ਲਗਭਗ ਵੀਹ ਸਾਲ ਖੋਜ ਅਤੇ ਅਧਿਆਪਨ ਦੇ ਕਾਰਜ ਕੀਤੇ ਹਨ। ਡਾ.ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ ਵਿਖੇ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾਵਾਂ ਕਰਦਿਆਂ ਪ੍ਰੋ. ਹਰਭਜਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰੁਕਤ ਤੇ ਬੜੀ ਮਿਹਨਤ ਅਤੇ ਲਗਨ ਨਾਲ ਖੋਜ ਕਾਰਜ ਕੀਤਾ ਹੈ ਅਤੇ ਉਨਾਂ ਦੀ ਦੇਖ-ਰੇਖ ਵਿਚ ਤਿਆਰ ਕੀਤੇ ਗਏ ਤੀਜਾ, ਚੌਥਾ, ਪੰਜਵਾਂ ਅਤੇ ਛੇਵਾਂ ਭਾਗ ਪ੍ਰਕਾਸ਼ਿਤ ਹੋਏ ਹਨ। ਪ੍ਰੋ. ਹਰਭਜਨ ਸਿੰਘ ਜਿਥੇ ਪੰਜਾਬੀ, ਹਿੰਦੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਮਾਹਿਰ ਹਨ ਉਥੇ ਉਹ ਸੰਸਕ੍ਰਿਤ ਦੇ ਵੀ ਪ੍ਰਬੁਧ ਵਿਦਵਾਨ ਹਨ। ਉਨਾਂ ਨੇ ਭਾਸ਼ਾਈ ਪੱਧਰ ਤੇ ਸੰਸਕ੍ਰਿਤ-ਪੰਜਾਬੀ ਦੇ ਆਪਸੀ ਸਬੰਧਾਂ ਦਾ ਸਮਰਥਨ ਕੀਤਾ ਹੈ। ਉਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰੁਕਤ ਤਿਆਰ ਕਰਦਿਆਂ ਹਰ ਸ਼ਬਦ ਦੇ ਧਾਤੂ ਨੂੰ ਪਛਾਣ ਕੇ ਉਸ ਦਾ ਬਾਖ਼ੂਬੀ ਜਿਕਰ ਕੀਤਾ ਹੈ। ਜਬਰਦਸਤ ਭਾਸ਼ਾਈ ਪਕੜ ਹੋਣ ਕਰਕੇ ਉਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰੁਕਤ ਦਾ ਖੋਜ ਕਾਰਜ ਨਿਵੇਕਲੇ ਢੰਗ ਨਾਲ ਕੀਤਾ ਹੈ। ਉਨਾਂ ਵਲੋਂ ਕੀਤੇ ਖੋਜ ਕਾਰਜਾਂ ਦੀ ਦਾਦ ਦੇਣੀ ਬਣਦੀ ਹੈ। ਉਨਾਂ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਸਬੰਧੀ ਸ਼ਰਾਰਤੀ ਅਨਸਰਾਂ ਵਲੋਂ ਛੇੜੇ ਗਏ ਵਿਵਾਦਾਂ ਦਾ ਬਾਖ਼ੂਬੀ ਜਵਾਬ ਦਿੰਦਿਆਂ ਖੋਜ ਕਾਰਜ ਕਰਕੇ ਪੁਸਤਕਾਂ ਦੀ ਰਚਨਾ ਕੀਤੀ ਹੈ। ਹੁਣ ਤਕ ਉਨਾਂ ਦੀਆਂ ਅਨੇਕਾਂ ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ ਅਤੇ ਉਨਾਂ ਵਲੋਂ ਲਿਖੇ ਗਏ ਸੈਂਕੜੇ ਖੋਜ ਪਤਰ ਵੀ ਪ੍ਰਕਾਸ਼ਿਤ ਹੋ ਚੁਕੇ ਹਨ। ਡਾ. ਹਰਭਜਨ ਸਿੰਘ ਨੇ ਸਿਖ ਦਰਸ਼ਨ ਦੀਆਂ ਉੱਚੀਆਂ 'ਚ ਸਿਰਦਾਰ ਕਪੂਰ ਸਿੰਘ ਤੋਂ ਬਾਅਦ ਇਕ ਨਵੀਂ ਦਿਸ਼ਾ ਵਿਆਖਿਆਈ ਹੈ। ਉਨਾਂ ਨੇ ਗਿਆਨੀ ਹਜ਼ਾਰਾ ਸਿੰਘ ਕ੍ਰਿਤ ਸ੍ਰੀ ਗੁਰੂ ਗ੍ਰੰਥ ਕੋਸ਼ ਅਤੇ ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ ਗੁਰੂ ਗਿਰਾਰਥ ਕੋਸ਼, ਇਨਾਂ ਦੋਹਾਂ ਕੋਸ਼ਾਂ ਦੀ ਪੁਨਰ ਸੰਪਾਦਨਾ ਕਰਦਿਆਂ ਇਨਾਂ ਵਿਚ ਦਰਜ ਇੰਦਰਾਜਾਂ ਨੂੰ ਭਾਈ ਕਾਨ ਸਿੰਘ ਨਾਭਾ ਰਚਿਤ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਪੈਟਰਨ ਤੇ ਪੁਨਰ ਸੰਪਾਦਿਤ ਕੀਤਾ ਹੈ। ਇਨਾਂ ਦੇ ਲਿਖੇ ਹੋਏ ਲੇਖ ਅਕਾਲ ਤੋਂ ਖ਼ਾਲਸਾ, ਓਅੰਕਾਰ ਵਿਆਖਿਆ, ਸ੍ਰਿਸ਼ਟੀ ਸਾਜਨਾ, ਸਿਖ ਪੰਥ ਅਤੇ ਦੇਵੀ ਪੂਜਾ ਆਦਿ ਵਿਵੇਚਨ ਯੋਗ ਹਨ। ਪ੍ਰੋ. ਹਰਭਜਨ ਸਿੰਘ ਨੇ ਜਿਥੇ ਉਚ ਕੋਟੀ ਦੇ ਖੋਜ ਕਾਰਜ ਕੀਤੇ ਹਨ ਉਥੇ ਨਾਲ ਹੀ ਉਨਾਂ ਨੇ ਆਪਣੇ ਖੋਜ ਕਾਰਜਾਂ ਨੂੰ ਜਨ ਸਾਧਾਰਨ ਤਕ ਪਹੁੰਚਾਉਣ ਲਈ ਸੋਸ਼ਲ ਮੀਡੀਏ ਤੇ ਵੀ ਸਾਂਝਾ ਕੀਤਾ ਹੈ। ਹੁਣ ਤਕ ਉਨਾਂ ਦੇ ਵੀਹ ਤੋਂ ਵਧ ਟੀ.ਵੀ. ਪ੍ਰੋਗਰਾਮ ਪ੍ਰਸਾਰਿਤ ਹੋ ਚੁਕੇ ਹਨ ਅਤੇ ਲਗਭਗ 250 ਲੈਕਚਰ ਯੂ ਟਿਊਬ ਤੇ ਉਪਲਬਧ ਹਨ, ਜਿਨਾਂ ਨੂੰ ਸੁਣ ਕੇ ਖੋਜਾਰਥੀ, ਸੰਗਤ ਅਤੇ ਧਰਮ ਅਧਿਐਨ ਦੇ ਖੇਤਰ ਵਿਚ ਨਵੇਂ ਉਤਰ ਰਹੇ ਵਿਦਵਾਨ ਲਾਭ ਪ੍ਰਾਪਤ ਕਰਦੇ ਹਨ। ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ ਵਿਚ ਲੰਮਾ




ਸਮਾਂ ਅਧਿਐਨ ਅਤੇ ਅਧਿਆਪਨ ਕਰਨ ਅਤੇ ਕਰਾਉਣ ਦੇ ਨਾਲ-ਨਾਲ ਉਨਾਂ ਨੇ ਹੋਰ ਵੀ ਅਨੇਕਾਂ ਕਾਰਜ ਕੀਤੇ ਹਨ। ਉਹ ਭੋਪਾਲ ਤੋਂ ਪ੍ਰਕਾਸ਼ਿਤ ਹੋਣ ਵਾਲੇ 'ਨਿਊਜ਼ ਲੈਟਰ' ਦੇ ਗੈਸਟ ਐਡੀਟਰ ਵੀ ਰਹਿ ਚੁਕੇ ਹਨ। 'ਪੰਚਬਟੀ ਸੰਦੇਸ਼' ਪਤ੍ਰਿਕਾ ਦੇ ਮੁਖ ਸੰਪਾਦਕ ਵਜੋਂ ਵੀ ਇਨਾਂ ਨੇ ਲੰਮਾ ਸਮਾਂ ਸੇਵਾਵਾਂ ਨਿਭਾਈਆਂ ਹਨ। ਪ੍ਰੋ. ਹਰਭਜਨ ਸਿੰਘ ਬਹੁਪਖੀ ਸ਼ਖ਼ਸੀਅਤ ਦੇ ਮਾਲਕ ਹਨ। ਜਿੱਥੇ ਉਨਾਂ ਨੇ ਦੇਸ਼ ਵਿਚ ਸਿੱਖ ਸਿਧਾਂਤਾਂ ਦਾ ਪ੍ਰਚਾਰ-ਪ੍ਰਸਾਰ ਕੀਤਾ ਹੈ ਉਥੇ ਵਿਦੇਸ਼ਾਂ ਵਿਚ ਜਾ ਕੇ ਵੀ ਗੁਰਬਾਣੀ ਅਤੇ ਸਿਖ ਇਤਿਹਾਸ ਦੀ ਗਲ ਬੜੇ ਭਾਵਪੂਰਤ ਢੰਗ ਨਾਲ ਕੀਤੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸੇਵਾ ਕਰਦਿਆਂ ਉਹ ਹਰ ਰੋਜ ਹੀ ਸੈਮੀਨਾਰਾਂ, ਕਾਨਫਰੰਸਾਂ,ਵਿਚਾਰ ਗੋਸ਼ਟੀਆਂ ਆਦਿ ਵਿਚ ਹਿੱਸਾ ਲੈ ਕੇ ਆਪਣੇ ਵਿਚਾਰਾਂ ਦੀ ਸਾਂਝ ਕਰਦੇ ਰਹੇ ਹਨ ਪਰ ਉਨਾਂ ਨੇ ਸੰਸਾਰ ਭਰ ਵਿਚ ਵੱਖ-ਵੱਖ ਸਮੇਂ ਤੇ ਵੱਖ-ਵੱਖ ਥਾਵਾਂ, ਜਿਵੇਂ ਕਿ ਅਮਰੀਕਾ ਵਿਚ ਜਾ ਕੇ ਆਯੋਜਿਤ ਸੈਮੀਨਾਰਾਂ ਵਿਚ ਸ਼ਿਰਕਤ ਕਰਕੇ ਲਗਭਗ ਤੀਹ ਸੈਮੀਨਾਰਾਂ ਵਿਚ ਆਪਣੇ ਵਿਚਾਰ ਪੇਸ਼ ਕੀਤੇ ਹਨ। ਜਿੱਥੇ ਉਨਾਂ ਨੇ ਬਤੌਰ ਸੈਮੀਨਾਰ ਡਾਇਰੈਕਟਰ ਵੱਖ-ਵੱਖ ਵਿਸ਼ਿਆਂ ਤੇ ਸੈਮੀਨਾਰਾਂ ਦਾ ਆਯੋਜਨ ਕਰਵਾਇਆ ਹੈ ਉਥੇ ਖ਼ੁਦ ਮੁੱਖ ਵਕਤਾ ਵਜੋਂ ਅਨੇਕਾਂ ਸੈਮੀਨਾਰਾਂ ਵਿਚ ਕੁੰਜੀਵਤ ਭਾਸ਼ਣ ਵੀ ਸਾਂਝੇ ਕੀਤੇ ਹਨ। ਹੁਣ ਤਕ ਡੇਢ ਦਰਜਨ ਦੇ ਲਗਭਗ ਖੋਜਾਰਥੀ ਉਨਾਂ ਦੀ ਨਿਗਰਾਨੀ ਵਿਚ ਆਪਣੇ ਖੋਜ ਪ੍ਰਬੰਧ ਲਿਖ ਚੁਕੇ ਹਨ ਅਤੇ ਲਿਖ ਰਹੇ ਹਨ। ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਪ੍ਰੋ. ਹਰਭਜਨ ਸਿੰਘ ਸਿਖ ਪੰਥ ਦੇ ਚੋਟੀ ਦੇ ਵਿਦਵਾਨ ਹਨ ਅਤੇ ਉਨਾਂ ਨੇ ਅਕਾਦਮਿਕਤਾ ਦੇ ਸਿਖਰ ਨੂੰ ਛੋਹਿਆ ਹੈ ਪਰ ਨਾਲ ਹੀ ਉਹ ਸੰਗਤ ਵਿਚ ਵੀ ਵਿਚਰਦੇ ਹਨ। ਪਿਛਲੇ 45 ਸਾਲਾਂ ਤੋਂ ਉਹ ਨਿਰੰਤਰ ਸੰਗਤ ਵਿਚ ਗੁਰਬਾਣੀ ਵਿਆਖਿਆ, ਸਿਖ ਇਤਿਹਾਸ,ਸਿਖ ਸਿਧਾਂਤਾਂ, ਗੁਰਮਤਿ ਸੰਗੀਤ ਆਦਿ ਵਿਸ਼ਿਆਂ 'ਤੇ ਵਿਚਾਰ ਵੀ ਸਾਂਝੇ ਕਰ ਰਹੇ ਹਨ।ਉਹ ਗੁਰਬਾਣੀ ਦੇ ਕਥਾਵਾਚਕ ਵਜੋਂ ਕਈ ਵਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ ਨਾਂਦੇੜ ਵਿਖੇ ਹਾਜਰੀ ਭਰ ਚੁੱਕੇ ਹਨ ਅਤੇ ਗੈਰ-ਸਿਖ ਸੰਗਤਾਂ ਨੂੰ ਵੀ ਸੰਬੋਧਿਤ ਕਰ ਚੁਕੇ ਹਨ। ਹੁਣ ਵੀ ਜਿਥੇ ਉਹ ਨਿਰੰਤਰ ਖੋਜ ਕਾਰਜਾਂ ਵਿਚ ਰੁਚਿਤ ਹਨ ਉਥੇ ਸੰਗਤ ਨਾਲ ਵੀ ਜੁੜੇ ਹੋਏ ਹਨ ਅਤੇ ਗੁਰ ਸ਼ਬਦ ਦੀ ਵਿਚਾਰ ਉਨਾਂ ਦੀ ਰੁਚੀ ਹੈ। ਉਨਾਂ ਦੇ ਅਧਿਐਨ ਅਤੇ ਅਧਿਆਪਨ ਦੇ ਲੰਮੇ ਤਜਰਬੇ ਦਾ ਲਾਭ ਲੈਣ ਲਈ ਕਈ ਸੰਸਥਾਵਾਂ ਨੇ ਉਨਾਂ ਨੂੰ ਆਪਣਾ ਮੈਂਬਰ ਨਿਯੁਕਤ ਕੀਤਾ ਹੋਇਆ ਹੈ। ਮੌਜੂਦਾ ਸਮੇਂ ਉਹ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ, ਫਤਿਹਪੁਰ(ਪਟਿਆਲਾ) ਦੇ ਜਨਰਲ ਸਕਤਰ ਵਜੋਂ ਸੇਵਾ ਕਰ ਰਹੇ ਹਨ। ਉਹ ਮੱਧ ਪ੍ਰਦੇਸ਼ ਪੰਜਾਬੀ ਅਕੈਡਮੀ ਭੋਪਾਲ ਦੇ ਆਨਰੇਰੀ ਮੈਂਬਰ ਵੀ ਰਹਿ ਚੁਕੇ ਹਨ ਅਤੇ ਉਤਰਾਖੰਡ ਪੰਜਾਬੀ ਮਹਾਂਸਭਾ ਦੇਹਰਾਦੂਨ ਦੇ ਸੀਨੀਅਰ ਵਾਈਸ-ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾ ਚੁਕੇ ਹਨ। ਉਨਾਂ ਦੀਆਂ ਇਨਾਂ ਸਾਰੀਆਂ ਅਕਾਦਮਿਕ ਖ਼ੂਬੀਆਂ ਨੂੰ ਵੇਖਦਿਆਂ ਹੋਇਆਂ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਾਣਯੋਗ ਵਾਈਸ-ਚਾਂਸਲਰ ਸਾਹਿਬ ਨੇ ਉਨਾਂ ਨੂੰ ਸੇਵਾਮੁਕਤ ਹੋਣ ਉਪਰੰਤ ਵੀ ਮੁੜ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ ਦੇ ਡਾਇਰੈਕਟਰ ਦੇ ਪਦ ਉਤੇ ਨਿਯੁਕਤ ਕਰ ਦਿੱਤਾ ਸੀ। ਪ੍ਰੋ. ਹਰਭਜਨ ਸਿੰਘ ਗੁਰੂ ਗ੍ਰੰਥ-ਗੁਰੂ ਪੰਥ ਨੂੰ ਸਮਰਪਿਤ ਸ਼ਖ਼ਸੀਅਤ ਹਨ। ਇਸ ਕਰਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਲੋਂ ਆਪ ਜੀ ਨੂੰ 'ਵਿਦਿਆ ਮਾਰਤੰਡ' ਦੀ ਉਪਾਧੀ ਨਾਲ ਨਿਵਾਜਿਆ ਗਿਆ ਹੈ।ਸੰਤ ਆਸ਼ਰਮ ਬਧਨੀ ਕਲਾਂ (ਮੋਗਾ) ਵਲੋਂ ਆਪ ਜੀ ਨੂੰ 'ਸਾਹਿਤਕਾਰ' ਦੀ ਉਪਾਧੀ ਪ੍ਰਦਾਨ ਕੀਤੀ ਗਈ ਹੈ। ਆਪ ਗੁਰਮਤਿ ਸੰਗੀਤ ਦੇ ਵੀ ਮਾਹਿਰ ਕੀਰਤਨਕਾਰ ਹੋ ਅਤੇ ਆਪ ਜੀ ਦੀ ਰਾਗਾਂ ਪ੍ਰਤੀ ਪਕੜ ਵੀ ਬਾ-ਕਮਾਲ ਹੈ।

**ਬਾਕੀ ਸਫ਼ਾ 30 'ਤੇ**

---

# ਪੱਖੀ ਘੁੰਗਰੂਆਂ ਵਾਲੀ...

## ਬਹਾਦਰ ਸਿੰਘ ਗੋਸਲ

ਸਭਿਆਚਾਰ

ਜਦੋਂ ਪੰਜਾਬ ਦੇ ਪਿੰਡਾਂ ਵਿੱਚ ਅਜੇ ਬਿਜਲੀ ਨਹੀਂ ਸੀ ਆਈ ਤਾਂ ਘਰਾਂ ਵਿੱਚ ਬਿਜਲੀ ਦੇ ਪੱਖੇ, ਕੂਲਰ ਜਾਂ ਏਸੀ ਨਹੀਂ ਹੁੰਦੇ ਸਨ, ਪਰ ਅੰਤਾਂ ਦੀ ਗਰਮੀ ਦੇ ਕਾਰਨ ਪਿੰਡਾਂ ਦੀਆਂ ਕੁੜੀਆਂ ਆਪਸੀ ਮੁਕਾਬਲੇ ਕਰਨ ਲੱਗੀਆਂ। ਉਹ ਵਧੀਆ ਤੋਂ ਵਧੀਆ ਰੰਗਦਾਰ ਧਾਗਿਆਂ ਦੀ ਬੁਣਤੀ ਕਰਕੇ ਨਵੇਂ-ਨਵੇਂ ਡਿਜ਼ਾਇਨ ਦੀਆਂ ਪੱਖੀਆਂ ਤਿਆਰ ਕਰਦੀਆਂ। ਫਿਰ ਇਨਾਂ ਨੂੰ ਗਰਮੀ ਦੇ ਦਿਨਾਂ ਵਿੱਚ ਆਏ ਮਹਿਮਾਨਾਂ ਨੂੰ ਗਰਮੀ ਤੋਂ ਬਚਣ ਲਈ ਹਵਾ ਲੈਣ ਲਈ ਦਿੱਤੀਆਂ ਜਾਂਦੀਆਂ। ਕਈ ਮੁਟਿਆਰਾਂ ਵੱਲੋਂ ਤਿਆਰ ਪੱਖੀਆਂ ਤਾਂ ਮਹਿਮਾਨਾਂ ਦਾ ਦਿਲ ਮੋਹ ਲੈਂਦੀਆਂ।

ਜਦੋਂ ਲੋਕਾਂ ਵਿੱਚ ਨਵੀਆਂ-ਨਵੀਆਂ ਸੁੰਦਰ ਪੱਖੀਆਂ ਦੀ ਮੰਗ ਹੋਰ ਵਧਦੀ ਗਈ ਤਾਂ ਮੁਟਿਆਰਾਂ ਦੀ ਕਲਾਂ ਵੀ ਹੋਰ ਨਵੇਂ ਰੰਗ ਬਿਖੇਰਨ ਲੱਗੀ। ਉਹ ਪੱਖੀਆਂ ਨੂੰ ਨਵੇਂ-ਨਵੇਂ ਢੰਗ ਨਾਲ ਝਾਲਰਾਂ ਲਗਵਾ ਕੇ, ਨਾਲ ਛੋਟੇ-ਛੋਟੇ ਘੁੰਗਰੂ ਵੀ ਲਗਾਉਣ ਲੱਗੀਆਂ ਜੋ ਹਵਾ ਦੇਣ ਦੇ ਨਾਲ-ਨਾਲ ਮਹਿਮਾਨਾਂ ਨੂੰ ਸੰਗੀਤਕ ਲੋਰ ਵੀ ਪ੍ਰਦਾਨ ਕਰ ਦਿੰਦੀਆਂ। ਇਸ ਤਰਾਂ ਇਨਾਂ ਪੱਖੀਆਂ ਨੇ ਪੰਜਾਬੀ ਸੱਭਿਆਚਾਰ ਨੂੰ ਇੱਕ ਨਿਵੇਕਲਾ ਹੀ ਰੰਗ ਦੇ ਦਿੱਤਾ ਅਤੇ ਪੰਜਾਬ ਦੇ ਪਿੰਡਾਂ ਵਿੱਚ ਸੱਭਿਆਚਾਰਕ ਗੀਤ ਆਮ ਹੀ ਸੁਣਨ ਨੂੰ ਮਿਲਦੇ :-

ਵੇ ਲੈ ਦੇ ਮੈਨੂੰ ਮਖਮਲ ਦੀ
ਪੱਖੀ ਘੁੰਗਰੂਆਂ ਵਾਲੀ।

ਇਸ ਸੱਭਿਆਚਾਰਕ ਰੰਗ ਦੀ ਹੀ ਦੇਣ ਸੀ ਕਿ ਪੰਜਾਬੀ ਮੁਟਿਆਰਾਂ ਆਪਣੇ ਵਿਆਹ ਦੇ ਦਾਜ ਲਈ ਕਈ-ਕਈ ਕਿਸਮਾਂ ਦੀਆਂ ਪੱਖੀਆਂ ਤਿਆਰ ਕਰ ਲੈਂਦੀਆਂ। ਇਨਾਂ ਲਈ ਭਾਵੇਂ ਉਨਾਂ ਨੂੰ ਪੱਖੀ ਫਰੇਮ ਬਾਹਰ ਤੋਂ ਹੀ ਖਰੀਦਣੇ ਪੈਂਦੇ ਸਨ। ਦਾਜ ਵਿੱਚ ਲੈ ਕੇ ਗਈਆਂ ਪੱਖੀਆਂ ਮੁਟਿਆਰ ਦੇ ਸਹੁਰੇ ਘਰ ਦੋ ਕੰਮ ਕਰ ਦਿੰਦੀਆਂ। ਇੱਕ ਤਾਂ ਘਰ ਵਾਲਿਆਂ ਨੂੰ ਹਵਾ ਦੇਣ ਦਾ ਕੰਮ ਕਰਦੀਆਂ ਅਤੇ ਦੂਜਾ ਉਸ ਮੁਟਿਆਰ ਦੇ ਕਲਾਤਮਕ ਗੁਣ ਸਹੁਰੇ ਘਰ ਵਾਲਿਆਂ ਨੂੰ ਪਤਾ ਲੱਗ ਜਾਂਦੇ।

ਜਿਉਂ-ਜਿਉਂ ਪਿੰਡਾਂ ਵਿੱਚ ਬਿਜਲੀ ਪਹੁੰਚਦੀ ਗਈ, ਪੇਂਡੂ ਪੰਜਾਬੀ ਘਰਾਂ ਵਿੱਚ ਵੀ ਬਿਜਲੀ ਦੇ ਪੱਖੇ ਜਾਂ ਕੂਲਰ ਆਉਣ ਲੱਗੇ ਅਤੇ ਪੱਖੀਆਂ ਦਾ ਰਿਵਾਜ ਘਟਦਾ ਗਿਆ। ਸਮਾਂ ਅਜਿਹਾ ਵੀ ਆਇਆ ਕਿ ਘਰਾਂ ਵਿੱਚੋਂ ਉਹ ਸੁੰਦਰ ਪੱਖੀਆਂ ਅਲੋਪ ਹੀ ਹੋ ਗਈਆਂ। ਲੋਕ ਪੱਖੀਆਂ ਵਾਲੇ ਜ਼ਮਾਨੇ ਵਿੱਚ ਪਿਛੇ ਮੁੜਨ ਦੀ ਥਾਂ ਕੂਲਰਾਂ ਜਾਂ ਏਸੀ ਵੱਲ ਨੂੰ ਅੱਗੇ ਵਧਦੇ ਗਏ। ਜਦੋਂ ਏਸੀ ਵੱਲੋਂ ਖੁੱਲੀ ਠੰਢੀ ਹਵਾ ਦਾ ਸੁੱਖ ਮਿਲੇ ਤਾਂ ਕੌਣ ਯਾਦ ਕਰਦਾ ਹੈ ਉਨਾਂ ਘੁੰਗਰੂਆਂ ਵਾਲੀਆਂ ਪੱਖੀਆਂ ਨੂੰ ?

ਪਿਛਲੇ ਦਿਨੀਂ ਗਰਮੀ ਦੇ ਮੌਸਮ ਵਿੱਚ ਜਦੋਂ ਮੈਨੂੰ ਤਰਨ ਤਾਰਨ ਸਾਹਿਬ ਦੇ ਕੋਲ ਇੱਕ ਅਕਾਲ ਅਕੈਡਮੀ ਵਿੱਚ ਜਾਣ ਦਾ ਮੌਕਾ ਮਿਲਿਆ ਤਾਂ ਮੈਂ ਅਕੈਡਮੀ ਦੇ ਮੈਡੀਕਲ ਰੂਮ ਵਿੱਚ ਗਿਆ ਤਾਂ ਮੈਂ ਇੱਕ ਮੇਜ਼ 'ਤੇ ਦਵਾਈਆਂ, ਫਸਟ ਏਡ ਬਾਕਸ ਅਤੇ ਇੱਕ ਬਹੁਤ ਹੀ ਖ਼ੂਬਸੂਰਤ ਪੱਖੀ ਪਈ ਦੇਖ ਕੇ ਹੈਰਾਨ ਰਹਿ ਗਿਆ। ਮੈਂ ਉਸ ਰੰਗੀਨ ਪੱਖੀ ਨੂੰ ਚੁੱਕ ਕੇ ਬਹੁਤ ਚਾਅ ਨਾਲ ਦੇਖਣ ਲੱਗਿਆ। ਉਸ ਪੱਖੀ ਦੇ ਸੱਭਿਆਚਾਰਕ ਰੂਪ ਨੇ ਮੇਰਾ ਮਨ ਮੋਹ ਲਿਆ ਅਤੇ ਮੈਂ ਭੁੱਲ ਹੀ ਗਿਆ ਕਿ ਮੈਡੀਕਲ ਰੂਮ ਵਿੱਚ ਇਸ ਸੁੰਦਰ ਪੱਖੀ ਦਾ ਕੀ ਕੰਮ ਹੈ ? ਫਿਰ ਗੱਲ ਮੇਰੀ ਸਮਝ ਵਿੱਚ ਆਈ ਕਿ ਇਹ ਪੱਖੀ, ਬਿਜਲੀ ਦੇ ਕੱਟ ਲੱਗਣ ਕਾਰਨ ਕਿਸੇ ਬਿਮਾਰ ਬੱਚੇ ਦੀ ਸੇਵਾ ਲਈ ਰੱਖੀ ਗਈ ਹੈ। ਮੇਰੀਆਂ ਅੱਖਾਂ ਅੱਗੇ ਹੁਣ ਵੀ ਉਸ ਪੱਖੀਆਂ ਵਾਲੇ ਪੁਰਾਣੇ



ਪੰਜਾਬ ਦੇ ਦ੍ਰਿਸ਼ ਘੁੰਮਦੇ ਰਹਿੰਦੇ ਹਨ ਜਦੋਂ ਪਿੰਡਾਂ ਵਿੱਚ ਲਾਊਡ-ਸਪੀਕਰਾਂ 'ਤੇ ਗੀਤ ਵੱਜਦੇ ਹੁੰਦੇ ਸਨ :-

ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ
ਪੱਖੀ ਦੀ ਝੱਲ ਮਾਰੇ, ਮੁੰਡਾ ਪਟਿਆਲੇ ਦਾ।

ਇਸੇ ਤਰਾਂ ਇਹ ਪੱਖੀ ਪੰਜਾਬੀ ਘਰਾਂ ਵਿੱਚ ਮੁਟਿਆਰਾਂ ਦੀ ਕਲਾ ਦੀ ਆਨ ਅਤੇ ਮਹਿਮਾਨਾਂ ਦੀ ਸ਼ਾਨ ਰਹੀ ਹੈ। ਇਨਾਂ ਮੁਟਿਆਰਾਂ ਦੇ ਮਾਪੇ ਆਪਣੀਆਂ ਲਾਡਲੀਆਂ ਧੀਆਂ ਵੱਲੋਂ ਤਿਆਰ ਕੀਤੀਆਂ ਪੱਖੀਆਂ 'ਤੇ ਮਾਣ ਤਾਂ ਕਰਦੇ ਸਨ, ਪਰ ਉਨਾਂ ਦੇ ਦਿਲਾਂ ਵਿੱਚ ਮੋਹ ਦੀ ਇੱਕ ਚੰਗਿਆਰੀ ਜਿਹੀ ਲੱਗੀ ਰਹਿੰਦੀ ਸੀ ਕਿਉਂਕਿ ਉਹ ਜਾਣਦੇ ਸਨ ਕਿ ਧੀ ਨੇ ਇੱਕ ਦਿਨ ਆਪਣੇ ਸਹੁਰੇ ਤੁਰ ਜਾਣਾ ਏ ਅਤੇ ਨਾਲ ਹੀ ਤੁਰ ਜਾਣਗੀਆਂ ਇਹ ਪੱਖੀਆਂ ਤਾਂ ਉਹ ਬੇਟੀ ਦੀ ਕਲਾਂ ਦੀ ਤਾਰੀਫ਼ ਕਰਨ ਤੋਂ ਵੀ ਚੁੱਪ ਵੱਟ ਜਾਂਦੇ ਸਨ ਅਤੇ ਆਪਣੇ ਮਨਾਂ ਵਿੱਚ ਮੱਧਮ ਆਵਾਜ਼ ਵਿੱਚ ਗੁਣਗੁਣਾਉਂਦੇ ਸਨ :-

**ਪੱਖੀਆਂ**...
ਇੱਕ ਦਿਨ ਤੁਰ ਜਾਣੀਆਂ, ਧੀਆਂ,
ਜੋ ਵਾਂਗ ਪੁੱਤਾਂ ਪਾਲ ਕੇ ਰੱਖੀਆਂ।

ਪੁਰਾਣੇ ਸਮਿਆਂ ਵਿੱਚ ਤਾਂ ਦਾਜ ਵਿੱਚ ਪੱਖੀਆਂ ਲਿਆਉਣ ਦਾ ਬਹੁਤ ਰਿਵਾਜ ਸੀ। ਉਸ ਸਮੇਂ ਦੀਆਂ ਔਰਤਾਂ ਆਪਣੀਆਂ ਦਾਜ ਵਿੱਚ ਲਿਆਂਦੀਆਂ ਹੋਈਆਂ ਪੱਖੀਆਂ ਨੂੰ ਸੰਦੂਕਾਂ ਵਿੱਚ ਬਹੁਤ ਦੇਰ ਤੱਕ ਸਾਂਭ-ਸਾਂਭ ਰੱਖਦੀਆਂ ਸਨ ਕਿਉਂਕਿ ਉਨਾਂ ਨਾਲ ਜੁੜੀਆਂ ਹੁੰਦੀਆਂ ਸਨ ਉਨਾਂ ਦੇ ਪੇਕਿਆਂ ਦੀਆਂ ਯਾਦਾਂ। ਕਿਸੇ ਸੋਹਣੀ ਪੱਖੀ ਨੂੰ ਦੇਖਦੇ ਹੀ ਉਸ ਨੂੰ ਆਪਣੇ ਮਾਪਿਆਂ ਦੀ ਯਾਦ, ਪੇਕੇ ਘਰ ਦੇ ਵਿਹੜੇ ਦਾ ਵਾਤਾਵਰਨ ਅਤੇ ਤ੍ਰਿੰਝਣਾਂ ਦੇ ਪੂਰ ਵਿੱਚ ਮਿਲੀਆਂ ਉਸ ਦੀਆਂ ਸਹੇਲੀਆਂ ਸਭ ਯਾਦ ਆ ਜਾਂਦੀਆਂ। ਪਰ ਜਦੋਂ ਕਦੇ ਵੀ ਘਰ ਵਿੱਚ ਕੋਈ ਮਹਿਮਾਨ ਆਉਂਦਾ ਤਾਂ ਉਹ ਬੜੇ ਹੀ ਸਤਿਕਾਰ ਨਾਲ ਆਪਣੇ ਸੰਦੂਕ ਵਿੱਚੋਂ ਪੱਖੀ ਕੱਢ ਲਿਆਉਂਦੀ ਤਾਂ ਕਿ ਮਹਿਮਾਨ ਨੂੰ ਗਰਮੀ ਤੋਂ ਰਾਹਤ ਮਿਲ ਸਕੇ। ਉਨਾਂ ਦਿਨਾਂ ਵਿੱਚ ਵਿਹੜੇ ਵਿੱਚ ਲੱਗੀ ਨਿੰਮ ਦੀ ਛਾਂ, ਮੰਜੇ 'ਤੇ ਵਿਛੀ ਨਵੀਂ ਦਰੀ ਉੱਤੇ ਫੁੱਲਦਾਰ ਕੱਢਾਈ ਵਾਲੀ ਚਿੱਟੀ ਚਾਦਰ ਅਤੇ ਰੰਗਦਾਰ ਪੱਖੀ ਪੰਜਾਬੀ ਸੱਭਿਆਚਾਰ ਦੀ ਆਪਣੇ ਆਪ ਹੀ ਬਾਤ ਪਾ ਦਿੰਦੀਆਂ ਸਨ।

ਸਮੇਂ ਦੇ ਨਾਲ ਸਭ ਕੁਝ ਬਦਲਦਾ ਗਿਆ, ਪਿੰਡਾਂ ਵਿੱਚ ਘਰ-ਘਰ ਬਿਜਲੀ ਪਹੁੰਚ ਗਈ, ਕਿਤੇ ਛੱਤ ਵਾਲੇ ਪੱਖੇ, ਕਿਤੇ ਟੇਬਲ ਫੈਨ ਜਾਂ ਹਵਾ ਦੇ ਬੁੱਲੇ ਛੱਡਦੇ ਫਰਾਟੇ ਪੱਖਿਆਂ ਦੇ ਚੱਲਣ ਨੇ ਪੱਖੀਆਂ ਨੂੰ ਯਾਦ ਹੀ ਨਹੀਂ ਕਰਨ ਦਿੱਤਾ। ਸਾਰੇ ਪੰਜਾਬੀ ਪੱਖੀਆਂ

**ਬਾਕੀ ਸਫ਼ਾ 30 'ਤੇ**

# ਚੋਣ ਡਿਊਟੀ ਬਨਾਮ ਬੇਬੇ ਦੇ ਬੋਲ

ਹੱਡਬੀਤੀ

## ਜਸਵਿੰਦਰ ਸੁਰਗੀਤ

ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ। ਪੌਣੇ ਅੱਠ ਵੱਜੇ ਸਨ। ਬਾਹਰ ਲੰਬੀ ਲਾਈਨ ਲੱਗੀ ਹੋਈ ਸੀ। ਠੀਕ ਅੱਠ ਵਜੇ ਨਗਰ ਪੰਚਾਇਤ ਦੀਆਂ ਵੋਟਾਂ ਦੀ ਸ਼ੁਰੂਆਤ ਹੋ ਜਾਣੀ ਸੀ। ਮੈਂ ਇੱਕ ਵਾਰ ਫਿਰ ਆਪਣੇ ਬੂਥ ਦੀ ਸਥਿਤੀ ਦਾ ਜਾਇਜ਼ਾ ਲਿਆ। ਸਭ ਕੁਝ ਵਿਉਂਤਬੱਧ ਸੀ। ਪੋਲਿੰਗ ਅਫ਼ਸਰਾਂ ਨੇ ਆਪਣੀਆਂ ਪੁਜੀਸ਼ਨਾਂ ਸਾਂਭ ਲਈਆਂ ਸਨ। ਉਨਾਂ ਦੇ ਚਿਹਰਿਆਂ ’ਤੇ ਫ਼ਿਕਰ ਤੇ ਜ਼ਿੰਮੇਵਾਰੀ ਦੇ ਰਲਵੇਂ ਮਿਲਵੇਂ ਭਾਵ ਦਿਸਦੇ ਸਨ। ਉਨਾਂ ਦੇ ਖੱਬੇ ਪਾਸੇ ਪੋਲਿੰਗ ਏਜੰਟ ਬੈਠੇ ਸਨ ਜਿਨਾਂ ਹਰ ਵੋਟਰ ’ਤੇ ਬਾਜ਼ ਨਜ਼ਰ ਰੱਖਣੀ ਸੀ। ਅੱਠ ਵੱਜੇ। ਮੈਂ ਪਹਿਲੇ ਵੋਟਰ ਨੂੰ ਜੀ ਆਇਆਂ ਕਿਹਾ। ‘ਜਰਨੈਲ ਸਿੰਘ ਪੁੱਤਰ ਕਰਤਾਰ ਸਿੰਘ, ਵੋਟ ਨੰਬਰ ਪੈਂਤੀ,’ ਇੱਕ ਪੋਲਿੰਗ ਅਫ਼ਸਰ ਉੱਚੀ ਆਵਾਜ਼ ਵਿਚ ਬੋਲਿਆ। ਪੋਲਿੰਗ ਏਜੰਟਾਂ ਨੇ ਵੋਟਰ ’ਤੇ ਗਹੁ ਭਰੀ ਨਜ਼ਰ ਸੁੱਟੀ। ਫਿਰ ‘ਹਾਂ’ ਵਿੱਚ ਸਿਰ ਹਿਲਾਇਆ। ਪੋਲਿੰਗ ਅਫ਼ਸਰਾਂ ਲਿਖਾ ਪੜੀ ਕੀਤੀ ਤੇ ਫਿਰ ਬੀਪ ਦੀ ਲੰਬੀ ਆਵਾਜ਼ ਕਮਰੇ ਵਿੱਚ ਗੂੰਜੀ। ਜਿਵੇਂ ਕਹਿ ਰਹੀ ਹੋਵੇ, ‘ਪ੍ਰੀਜ਼ਾਇਡਿੰਗ ਸਰ, ਫ਼ਿਕਰ ਨਾ ਕਰਨਾ, ਪਹਿਲੀ ਵੋਟ ਸਹੀ ਭੁਗਤ ਗਈ ਹੈ, ਆਖ਼ਰੀ ਵੋਟ ਵੀ ਸਹੀ ਭੁਗਤੇਗੀ।’ ਮੈਂ ਪੋਲਿੰਗ ਅਫ਼ਸਰਾਂ ਸਾਹਮਣੇ ਪਈ ਕੁਰਸੀ ’ਤੇ ਬੈਠ ਗਿਆ। ਚਿਹਰੇ ਦੀਆਂ ਮਾਸਪੇਸ਼ੀਆਂ ਆਪਣੇ ਥਾਂ ਟਿਕਾਣੇ ਆ ਗਈਆਂ। ਸਕੂਨ ਭਰਿਆ ਇੱਕ ਲੰਬਾ ਸਾਹ ਲਿਆ। ਇੰਝ ਮੇਰੇ ਬੂਥ ’ਤੇ ਲੋਕਤੰਤਰ ਨੂੰ ਮੋਢਿਆਂ ’ਤੇ ਚੁੱਕੀ ਇਹ ‘ਵੋਟ ਗੱਡੀ’ ਆਪਣੀ ਮੰਜ਼ਿਲ ਵੱਲ ਵਧਣ ਲੱਗੀ। ਵੋਟਰ ਅੰਦਰ ਆਉਂਦੇ। ਆਪਣੇ ਹੱਕ ਦੀ ਵਰਤੋਂ ਕਰ ਕੇ ਦੂਜੇ ਦਰਵਾਜ਼ਿਓਂ ਨਿਕਲ ਜਾਂਦੇ।

ਵੋਟਾਂ ਸ਼ੁਰੂ ਹੋਇਆਂ ਦੋ ਘੰਟੇ ਦੇ ਕਰੀਬ ਹੋ ਚੁੱਕੇ ਸਨ। ਬੂਥ ਆਪਣੀ ਸੁਭਾਵਿਕ ਚਾਲੇ ਪੈ ਚੁੱਕਿਆ ਸੀ। ਅਸੀਂ ਆਪਣੇ ਪੂਰੇ ਰਉਂ ਵਿਚ ਆ ਗਏ ਸਾਂ। ਸਾਰਾ ਕੁਝ ਲੈਅਬੱਧ ਤਰੀਕੇ ਨਾਲ ਹੋ ਰਿਹਾ ਸੀ। ਜਿਵੇਂ ਕੋਈ ਕਵਿਤਾ ਰਚੀ ਜਾ ਰਹੀ ਹੋਵੇ। ... ਤੇ ਇਸ ਖ਼ੁਸ਼ਗਵਾਰ ਮਾਹੌਲ ਵਿਚ ਮੈਂ ਕਾਗਜ਼ ਪੱਤਰਾਂ ਦਾ ਕੰਮ ਸਮੇਟ ਕੇ, ਉਨਾਂ ਨੂੰ ਵੱਖ-ਵੱਖ ਲਿਫ਼ਾਫ਼ਿਆਂ ਵਿੱਚ ਪਾ ਕੇ ਅਜੇ ਬੈਠਾ ਹੀ ਸੀ ਕਿ ਮੇਰੇ ਮੋਬਾਈਲ ਫੋਨ ਦੀ ਘੰਟੀ ਖੜਕੀ। ... ‘ਪ੍ਰਜ਼ਾਇਡਿੰਗ ਸਾਬ ਬੋਲਦੇ ਓਂ?’ ‘ਹਾਂ ਜੀ, ਦੱਸੋ, ਤੁਸੀਂ ਕੌਣ?’ ‘ਇੱਕ ਮਿੰਟ ਸਾਬ ਨਾਲ ਗੱਲ ਕਰਿਓ।’ ‘ਕਰਾਓ।’ ‘ਹੋਰ ਸੁਣਾਓ ਪ੍ਰਜ਼ਾਇਡਿੰਗ ਸਾਬ ਕੀ ਹਾਲ ਐ... ਠੀਕ ਐ ਸਭ? ਕੋਈ ਦਿੱਕਤ ਤਾਂ ਨਹੀਂ ਨਾ! ਬਸ ਥੋੜਾ ਧਿਆਨ ਰੱਖਿਓ ਆਪਣੇ ਬੰਦੇ ਦਾ।’ ਮੈਨੂੰ ਇਨਾਂ ਬੋਲਾਂ ਵਿੱਚੋਂ ਦੁਰਗੰਧ ਆਈ। ਮੈਂ ‘ਕੋਈ ਨਾ, ਕੋਈ ਨਾ’ ਕਹਿ ਕੇ ਛੇਤੀ ਦੇਣੇ ਫੋਨ ਕੱਟ ਦਿੱਤਾ। ਇਹ ਤਤਕਾਲੀ ਸੱਤਾ ਦਾ ਹਾਰਿਆ ਹੋਇਆ ‘ਜੇਤੂ’ ਸੀ। ‘ਬੜਾ ਅਜੀਬ ਸਿਸਟਮ ਐ, ਇਹ ਹਾਰੇ ਹੋਏ ਵੀ ‘ਸਾਬ’ ਦੇ ਰੁਤਬੇ ਮਾਣੀ ਜਾਂਦੇ ਨੇ।’ ਮੈਂ ਮਨ ਹੀ ਮਨ ਸੋਚਿਆ। ‘...ਚਲੋ ਛੱਡੋ, ਆਪਾਂ ਆਪਣਾ ਕੰਮ ਕਰੀਏ।’ ...ਤੇ ਮੈਂ ਮਨ ਨੂੰ ਹੋਰ ਵਿਆਖਿਆ ਵਿੱਚ ਪੈਣ ਤੋਂ ਰੋਕਿਆ ਤੇ ਮੁੜ ਵੋਟਾਂ ਵੱਲ ਆ ਗਿਆ। ‘ਵੋਟ ਗੱਡੀ’ ਆਪਣੀ ਰਫ਼ਤਾਰੇ ਦੌੜੀ ਜਾ ਰਹੀ ਸੀ।

‘ਸਰ, ਬਾਹਰ ਤੁਹਾਨੂੰ ਕੋਈ ਬੁਲਾ ਰਿਹੈ।’ ਇੱਕ ਪੁਲੀਸ ਮੁਲਾਜ਼ਮ ਨੇ ਮੈਨੂੰ ਸੁਨੇਹਾ ਲਾਇਆ। ‘ਮੈਨੂੰ?’ ‘ਹਾਂ ਜੀ, ਤੁਹਾਨੂੰ।’ ਮੈਂ ਉੱਠ ਕੇ ਬਾਹਰ ਚਲਾ ਗਿਆ। ਬੂਥ ਤੋਂ ਕਾਫ਼ੀ ਦੂਰ ਪੰਜ ਸੱਤ ਜਣੇ ਖੜੇ ਸਨ। ਮੈਨੂੰ ਆਉਂਦਾ ਵੇਖ ਕੇ ਉਹ ਮੇਰੇ ਵੱਲ ਹੋ ਗਏ। ‘ਹਾਂ ਜੀ, ਦੱਸੋ।’ ਮੈਂ ਉਨਾਂ ਦੇ ਨੇੜੇ ਪਹੁੰਚਦਿਆਂ ਕਿਹਾ। ‘ਤੁਹਾਨੂੰ ਸਾਬ ਦਾ ਫ਼ੋਨ



ਆ ਗਿਆ ਹੋਣੈ।’ ਚਾਲ਼ੀ ਕੁ ਸਾਲ ਦਾ ਇੱਕ ਵਿਅਕਤੀ ਸਿੱਧਾ ਹੀ ਵਿਸ਼ੇ ’ਤੇ ਆ ਗਿਆ। ‘ਹਾਂ ਜੀ, ਅੱਗੇ ਦੱਸੋ।’ ਮੈਂ ਆਪਣੇ ਬੋਲਾਂ ਵਿੱਚੋਂ ਖਿਝ ਛੁਪਾਉਂਦਿਆਂ ਬੋਲਿਆ। ‘ਬੱਸ ਜੀ, ਦੱਸਣਾ ਕੀ ਐ, ਆਪਣੇ ਬੰਦੇ ਦਾ ਧਿਆਨ ਰੱਖਿਓ, ਸੇਵਾ ਪਾਣੀ ਦੀ ਪਰਵਾਹ ਨਾ ਕਰਿਓ।’ ਐਤਕੀਂ ਤੇਜ਼ ਤਰਾਰ ਅੱਖਾਂ ਵਾਲਾ ਨੌਜਵਾਨ ਬੋਲਿਆ। ਮੈਂ ਉਨਾਂ ਨਾਲ ਗੱਲ ਲਮਕਾਉਣੀ ਠੀਕ ਨਾ ਸਮਝੀ ਤੇ ‘ਹਾਂ ਹੂੰ’ ਕਰ ਕੇ ਵਾਪਸ ਬੂਥ ’ਤੇ ਆ ਗਿਆ।

ਅੱਧਾ ਵਕਤ ਬੀਤ ਚੁੱਕਿਆ ਸੀ ਤੇ ਅੱਧੀਆਂ ਕੁ ਹੀ ਵੋਟਾਂ ਭੁਗਤ ਚੁੱਕੀਆਂ ਸਨ। ਵੋਟਿੰਗ ਮਸ਼ੀਨ ਦੀ ਬੀਪ ਦੀ ਆਵਾਜ਼ ਨਿਰਵਿਘਨ ਜਾਰੀ ਸੀ। ਜਿੱਦਾਂ ਬੀਪ ਦੀ ਆਵਾਜ਼ ਆਉਂਦੀ, ਮੈਨੂੰ ਲੱਗਦਾ, ਜਿਵੇਂ ਇੱਕ ‘ਸਟੇਸ਼ਨ’ ਹੋਰ ਪਾਰ ਕਰ ਲਿਆ ਹੋਵੇ। ਉਂਝ ਇਨਾਂ ਆਉਂਦੇ ‘ਸਟੇਸ਼ਨਾਂ’ ਦੇ ਦਰਮਿਆਨ ਕਦੇ ਕਦਾਈਂ ਉਸ ਤੇਜ਼ ਤਰਾਰ ਅੱਖਾਂ ਵਾਲੇ ਦੇ ਬੋਲ ‘ਧਿਆਨ ਰੱਖਿਓ’, ‘ਸੇਵਾ ਪਾਣੀ’ ਯਾਦ ਆ ਜਾਂਦੇ ਤੇ ਮਨ ਭੈੜਾ ਜਿਹਾ ਹੋ ਜਾਂਦਾ।

‘ਸਰ, ਆਹ ਦੇਖਿਓ, ਇਨਾਂ ਕੋਲ ਕੋਈ ਸਬੂਤ ਨਹੀਂ।’ ਇੱਕ ਪੋਲਿੰਗ ਅਫ਼ਸਰ ਨੇ ਇੱਕ ਵੋਟਰ ਵੱਲ ਇਸ਼ਾਰਾ ਕਰਦੇ ਆਖਿਆ। ‘ਨਹੀਂ, ਨਹੀਂ, ਸਬੂਤ ਤੋਂ ਬਿਨਾਂ ਵੋਟ ਨੀ ਪੈਣੀ।’ ਤੇ ਨਾਲ ਦੀ ਨਾਲ ਮੈਂ ਏਜੰਟਾਂ ਵੱਲ ਵੇਖਿਆ। ਉਨਾਂ ਵੀ ਮੇਰੇ ਨਾਲ ਰਜ਼ਾਮੰਦੀ ਜ਼ਾਹਿਰ ਕੀਤੀ। ਵੋਟਰ ਖਾਹਮਖਾਹ ਜ਼ਿੱਦ ਕਰਨ ਲੱਗਾ। ਮੈਂ ਕਿਵੇਂ ਨਾ ਕਿਵੇਂ ਉਸ ਨੂੰ ਬਾਹਰ ਭੇਜ ਦਿੱਤਾ। ਫਿਰ ਪੰਜ ਸੱਤ ਵੋਟਰਾਂ ਬਾਅਦ ਕੋਈ ਨਾ ਕੋਈ ਵਿਘਨ ਪੈਣ ਲੱਗਿਆ। ਕਿਸੇ ਕੋਲ ਸਬੂਤ ਨਾ ਹੁੰਦਾ, ਕੋਈ ਘਰ ਬੈਠੇ ਆਪਣੇ ਦਾਦੇ, ਬਾਬੇ ਦੀ ਵੋਟ ਪਾਉਣ ਦੀ ਜ਼ਿੱਦ ਕਰਦਾ। ਇੱਕ ਉਂਝ ਹੀ ਸ਼ਰਾਰਤ ਕਰਨ ਦੇ ਇਰਾਦੇ ਨਾਲ ਬੂਥ ਅੰਦਰ ਆ ਵੜਿਆ। ਇੱਕ ਦੋ ਵੋਟਰ ਐਸੇ ਵੀ ਆਏ, ਜਿਨਾਂ ਉਂਗਲ ’ਤੇ ਲੱਗੀ ਸਿਆਹੀ ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਕੇ ਜਾਅਲੀ ਵੋਟ ਪਾਉਣ ਦੀ ਕੋਸ਼ਿਸ਼ ਕੀਤੀ। ਇਸ ਦਰਮਿਆਨ ਮੈਂ ਪੋਲਿੰਗ ਏਜੰਟਾਂ ਦਾ ਵੀ ਵਿਹਾਰ ਬਦਲਦਾ ਵੇਖਿਆ। ਉਨਾਂ ਵਿੱਚੋਂ ਇੱਕ ਤਾਂ ਆਪਣੀ ਡਿਊਟੀ ਹੀ ਵਿੱਚੇ ਛੱਡ ਗਿਆ। ਨਾ ਹੀ ਉਹਦਾ ਕੋਈ ਬਦਲ ਆਇਆ। ਬਾਕੀ ਜਿਹੜੇ ਦੋ ਰਹਿ ਗਏ, ਉਹ ਮੈਨੂੰ ‘ਮਿਲ ਕੇ ਖੇਡਦੇ’ ਲੱਗੇ। ਮੈਂ ਸਮਝ ਗਿਆ ਕਿ ਇਹ ਸਾਰਾ ਕੁਝ ਗਿਣੀ ਮਿਥੀ ਸਾਜ਼ਿਸ਼ ਤਹਿਤ ਹੋ ਰਿਹਾ ਹੈ। ਮੈਂ ਆਪਣੇ ਪੋਲਿੰਗ ਸਟਾਫ ਨੂੰ ਚੌਕੰਨੇ ਕਰ ਦਿੱਤਾ। ਪੁਲੀਸ ਮੁਲਾਜ਼ਮਾਂ ਨੂੰ ਕਹਿ ਦਿੱਤਾ ਕਿ ਇੱਕ ਤੋਂ ਵੱਧ ਵੋਟਰ ਨੂੰ ਅੰਦਰ ਨਾ ਆਉਣ ਦਿੱਤਾ ਜਾਵੇ। ਇਉਂ ਅਸਾਂ ਫਿਰ ਬੂਥ ’ਤੇ ਆਪਣੀ ਜਕੜ ਮਜ਼ਬੂਤ ਕਰ ਲਈ। ਮੁੜ ਮੋਬਾਈਲ ਫੋਨ ਦੀ ਘੰਟੀ ਖੜਕੀ। ਇੱਕ ਵੱਡਾ ਅਫ਼ਸਰਸ਼ਾਹ ਸੀ। ‘ਕੀ ਰੌਲੈ ਤੁਹਾਡੇ ਬੂਥ ’ਤੇ?’ ਉਹ ਪੈਂਦੀ ਸੱਟੇ ਬੋਲਿਆ। ‘ਨਾ ਸਰ, ਕੋਈ ਰੌਲ਼ਾ ਨਹੀਂ, ਸਭ ਕੁਝ ਠੀਕ ਚੱਲ ਰਿਹੈ।’ ਮੈਂ ਸਹਿਜ ਸੁਭਾਅ ਉੱਤਰ ਦਿੱਤਾ। ‘ਵੋਟਰਾਂ ਨੂੰ ਪ੍ਰੇਸ਼ਾਨ ਕਰਨ ਦੀ ਕੋਈ ਸ਼ਿਕਾਇਤ ਮਿਲੀ ਐ।’ ... ਤੇ ‘ਰੌਲ਼ਾ’ ਮੇਰੇ ਸਮਝ ਆ ਗਿਆ। ‘ਚਲੋ ਅੱਗੇ ਤੋਂ ਥੋੜਾ ਧਿਆਨ ਰੱਖਿਓ।’ ਉਹ ਬੋਲਿਆ। ‘ਕੀਹਦਾ ਧਿਆਨ ਰੱਖਾਂ... ਆਪਣਾ ਕਿ ‘ਉਨਾਂ’ ਦਾ?’ ਮੇਰਾ ਪੁੱਛਣ ਨੂੰ ਜੀਅ ਕੀਤਾ। ਏਨੇ ਨੂੰ ਫੋਨ ਬੰਦ ਹੋ ਗਿਆ। ‘ਕਮਾਲ ਐ... ਸਾਰੇ ਇੱਕੋ ਬੋਲੀ ਬੋਲੀ ਜਾਂਦੇ ਐ, ਲਾ ਉਪਰ ਤੋਂ ਲੈ ਕੇ ਹੇਠਾਂ ਤੱਕ, ਤੇ ਇਹ ਮੇਰੇ ਬੂਥ ਦੀਆਂ ‘ਬਾਜ਼ ਅੱਖਾਂ’, ਇਹ ਭਲੇਮਾਣਸ ਆਪਸ ਵਿੱਚ ਹੀ ਅੱਖ ਮਿਲਾਗੇ।’ ਸੋਚਦੇ ਸੋਚਦੇ ਮੇਰਾ ਮਨ ਖਰਾਬ ਹੋਣ ਲੱਗਿਆ। ਸਾਰਾ ਕੁਝ ਹੀ ਜਾਅਲੀ ਲੱਗਣ ਲੱਗਿਆ। ਇਸ ਤੋਂ ਪਹਿਲਾਂ ਕਿ ਮੇਰਾ ਮਨ ਹੋਰ ਖਰਾਬ ਹੁੰਦਾ, ਮੈਂ ਲੰਬੇ ਵਹਿਣਾਂ ’ਚ ਵਹਿਣ ਤੋਂ ਪਹਿਲਾਂ ਆਪਣੇ ਬੂਥ ’ਤੇ ‘ਹਾਜ਼ਰ’ ਹੋ ਗਿਆ। ਹੁਣ ਬੂਥ ਦਾ ਵਾਤਾਵਰਨ ਪਹਿਲਾਂ ਜਿਹਾ ਨਹੀਂ ਰਿਹਾ ਸੀ। ਜਿਵੇਂ ਤਣਾਅ ਦਾ ਪੋਚਾ ਫਿਰ ਗਿਆ ਹੋਵੇ। ਲੋੜੋਂ ਵੱਧ ਚੌਕੰਨੇ ਹੋਣ ਕਰਕੇ ਅਸਹਿਜ ਦਾ ਮਾਹੌਲ ਹੋ ਗਿਆ ਸੀ। ਹੁਣ ਜਦ ਬੀਪ ਦੀ ਆਵਾਜ਼ ਆਉਂਦੀ ਤਾਂ ਇਸ ਵਿਚਲਾ ਰਾਗ ਗੁਆਚ ਗਿਆ ਲੱਗਦਾ।

ਵੋਟਾਂ ਦੇ ਆਖ਼ਰੀ ਦੋ ਘੰਟੇ ਰਹਿ ਗਏ ਸਨ। ਮੈਂ ਉੱਠ ਕੇ ਬਾਹਰ ਗਿਆ। ਵੋਟਰਾਂ ਦੀ ਲਾਈਨ ਜ਼ਿਆਦਾ ਵੱਡੀ ਨਹੀਂ ਸੀ। ਉਂਝ ਵੀ ਬਾਹਰ ਚੁੱਪ-ਚਾਂ ਸੀ। ਵੋਟਾਂ ਨੇ ਬੱਝਵੀਂ ਚਾਲ ਦੁਬਾਰਾ ਫੜ ਲਈ ਸੀ। ਇੰਝ ਇੱਕ ਵਾਰ ਫਿਰ ਮਾਹੌਲ ਸਹਿਜ ਹੁੰਦਾ ਜਾ ਰਿਹਾ ਸੀ। ਸਾਡੇ ਮੱਥਿਓਂ ਚਿੰਤਾ ਦੀਆਂ ਲਕੀਰਾਂ ਮੱਧਮ ਪੈ ਰਹੀਆਂ ਸਨ। ਮਨ ਫਿਰ ਚੜਦੀ ਕਲਾ ਵਿੱਚ ਆ ਰਿਹਾ ਸੀ। ਮੈਂ ਭਰਵੀਂ ਨਜ਼ਰ ਨਾਲ ਆਪਣੇ ਪੋਲਿੰਗ ਅਫ਼ਸਰਾਂ ਨੂੰ ਨਿਹਾਰਿਆ। ਉਹ ਫਿਰ ਚੰਗੇ ਰਉਂ ਵਿੱਚ ਦਿਸ ਰਹੇ ਸਨ। ਬੀਪ ਦੀ ਆਵਾਜ਼ ਫਿਰ ਰਾਗਬੱਧ ਹੋ ਗਈ ਸੀ। ਇੱਕ ਵਾਰ ਫਿਰ ਸਵੇਰ ਵਾਲੀ ਕਲਪਨਾ ‘ਸਰ ਫ਼ਿਕਰ ਨਾ ਕਰਨਾ, ਪਹਿਲੀ ਵੋਟ ਸਹੀ ਭੁਗਤ ਗਈ ਹੈ, ਆਖ਼ਰੀ ਵੀ...’ ਲਤੇ ਇੱਕ ‘ਸ਼ੂਕਦਾ ਝੱਖੜ’ ਮੇਰੇ ਬੂਥ ਅੰਦਰ ਆ ਵੜਿਆ ਤੇ ਕਲਪਨਾ ਦਾ ਪਿਛਲਾ ਹਿੱਸਾ ਝੱਖੜ ਦੀ ਲਪੇਟ ’ਚ ਆ ਗਿਆ। ਗਿਣਤੀ ਵਿੱਚ ਉਹ ਪੰਜ ਛੇ ਜਣੇ ਸਨ। ਮੈਂ ਉੱਠ ਕੇ ਅਜੇ ਸੰਭਲਣ ਹੀ ਲੱਗਾ ਸੀ ਕਿ ਇੱਕ ਨੇ ਮੈਨੂੰ ਧੱਕਾ ਮਾਰ ਕੇ ਥੱਲੇ ਸੁੱਟ ਦਿੱਤਾ। ਬਾਕੀ ਪੋਲਿੰਗ ਸਟਾਫ ਵੱਲ ਹੋ ਗਏ। ਹੱਥੋਂ ਕਾਗਜ਼ ਪੱਤਰ ਖੋਹ ਕੇ ਪਾੜ ਦਿੱਤੇ। ਇੱਕ ਜਣਾ ਮਸ਼ੀਨ ਦੀਆਂ ‘ਚੀਕਾਂ’ ਕਢਾਉਣ ਲੱਗਿਆ। ਇੰਨੇ ਨੂੰ ਇੱਕ ਪੁਲਿਸ ਵਾਲਾ ਅੰਦਰ ਆ ਗਿਆ। ਉਹ ਉਹਦੇ ਨਾਲ ਉਲਝ ਗਏ। ਉਹ ਬੂਥ ਵਿਚ ਤਿੰਨ ਚਾਰ ਮਿੰਟ ਹੀ ਰਹੇ ਹੋਣਗੇ ਤੇ ਇੰਨੇ ਸਮੇਂ ਵਿੱਚ ਹੀ ਚੰਗੇ ਭਲੇ ਬੂਥ ਨੂੰ ਮੂਧਾ ਮਾਰ ਕੇ ਜਿਵੇਂ ਆਏ ਸੀ, ਉਵੇਂ ਚਲੇ ਗਏ। ਅਸੀਂ ਸਕਤੇ ਵਿੱਚ ਆ ਗਏ ਸਾਂ... ‘ਹੈਂ! ... ਪਲਾਂ ਵਿੱਚ ਇਹ ਕੀ ਭਾਣਾ ਵਰਤ ਗਿਆ!’ ਸਾਨੂੰ ਆਪਣੇ ਆਪ ਵਿੱਚ ਆਉਂਦਿਆਂ ਨੂੰ ਪੰਜ ਸੱਤ ਮਿੰਟ ਲੱਗੇ। ਬੂਥ ਦਾ ਘਾਣ ਕੀਤਾ ਪਿਆ ਸੀ। ਮੈਂ ਪੁਲੀਸ ਨੂੰ ਫੋਨ ਕੀਤਾ। ਲਗਭਗ ਪੌਣੇ ਘੰਟੇ ਬਾਅਦ ਇੱਕ ਪੁਲੀਸ ਅਫ਼ਸਰ ਆਪਣੀ ਪਾਰਟੀ ਨਾਲ ਆਇਆ। ‘ਚਲੋ, ਚਲੋ, ਕੁਝ ਨਹੀਂ ਹੋਇਆ, ਦੁਬਾਰਾ ਕੰਮ ਸ਼ੁਰੂ ਕਰੋ।’ ਉਹ ਆਉਂਦਿਆਂ ਹੀ ਬੋਲਿਆ। ਜਿਵੇਂ ਬਾਹਰੋਂ ਹੀ ਸਿੱਖਿਆ ਸਿਖਾਇਆ ਆਇਆ ਸੀ। ... ‘ਸਰ, ਕਮਾਲ ਕਰਦੇ ਓਂ, ਆਹ ਬੂਥ ਦਾ ਹਾਲ ਦੇਖੋ, ਤੁਸੀਂ ਕਹਿੰਦੇ ਓ ਹੋਇਆ ਕੁਝ ਨਹੀਂ।” ਮੇਰਾ ਜ਼ਾਬਤਾ ਟੁੱਟ ਚੁੱਕਾ ਸੀ। ਉਧਰੋਂ ਮੇਰੇ ਪੋਲਿੰਗ ਅਫ਼ਸਰ ਵੀ ਭੜਕ ਪਏ। ਸਾਡੇ ਤੇਵਰ ਦੇਖ ਕੇ ਉਹ ਨਰਮ ਪੈ ਗਿਆ। ਅਸੀਂ ਉਸ ਨੂੰ ਸਾਰੇ ਘਟਨਾਕ੍ਰਮ ਦੀ ਲਿਖਤੀ ਸ਼ਿਕਾਇਤ ਦਿੱਤੀ। ਰੁਕਿਆ ਹੋਇਆ ਚੋਣ ਅਮਲ ਥਾਏਂ ਦਾ ਥਾਏਂ ਰਹਿਣ ਦਿੱਤਾ।

ਅੱਠ ਵਜੇ ਦੇ ਕਰੀਬ ਅਸੀਂ ਇਕੱਤਰ ਕੇਂਦਰ ’ਤੇ ਪਹੁੰਚੇ। ਉੱਥੇ ਇੱਕ ਨਵੀਂ ਹੀ ਗੱਲ ਉੱਭਰ ਕੇ ਸਾਹਮਣੇ ਆਈ ਜਿਸ ਨੇ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ। ਅਖੇ, ‘ਬੂਥ ’ਤੇ ਕੁਝ ਵਾਪਰਿਆ ਹੀ ਨਹੀਂ, ਇਹੋ ਜਿਹੀਆਂ ਨਿੱਕੀਆਂ ਮੋਟੀਆਂ ਗੱਲਾਂ ਤਾਂ ਆਮ ਹੀ ਜਾਂਦੀਐਂ। ... ਸ਼ਿਕਾਇਤ ਵਾਪਸ ਲੈ ਲਓ...।’ ‘ਹੈਂ!. ਸ਼ਿਕਾਇਤ ਵਾਪਸ ਲੈ ਲਵਾਂ!. ਇਹ ਭਲਾ ਕਿਵੇਂ ਹੋ ਸਕਦੈ ...। ਉਹ ਆਏ, ਬੂਥ ਨੂੰ ਪਲਾਂ ਵਿੱਚ ਉਲਟਾ ਕੇ ਉਹ ਗਏ, ਤੇ ਤੁਸੀਂ ਕਹਿੰਦੇ ਹੋ ਕਿ ਸ਼ਿਕਾਇਤ ਵਾਪਸ ਲੈ ਲਵਾਂ।’ ਮੇਰੇ ਬੋਲਾਂ ਵਿੱਚ ਅਗਨ ਸੀ। ਦੋ ਘੰਟੇ ਦੇ ਕਰੀਬ ਕਸ਼ਮਕਸ਼ ਹੁੰਦੀ ਰਹੀ, ਪਤਾ ਨਹੀਂ ਕਿੱਥੋਂ ਕਿੱਥੋਂ ਤੇ ਕੀਹਦੇ ਕੀਹਦੇ ਫੋਨ ਆਏ। ਸਭ ਦੀ ਇੱਕੋ ‘ਨੇਕ ਸਲਾਹ’: ‘ਛੱਡੋ ਪਰਾਂ, ਮਾਮਲਾ ਰਫਾ ਦਫਾ ਕਰੋ ਤੇ ਸਾਮਾਨ ਜਮਾਂ ਕਰਾ ਕੇ ਆਪਣੇ ਘਰ ਆਓ, ਪਿੱਛੋਂ ਕਿਹੜਾ ਮੋਇਆ ਪੁੱਛਦੈ।’ ਪਰ ਸੱਚ ਜਾਣਨਾ ਦੋਸਤੋ... ਮੈਂ ਡਾਢਿਆਂ ਅੱਗੇ ਅੜ ਗਿਆ ਸੀ। ਖੱਜਲ ਖੁਆਰ ਤਾਂ ਬਥੇਰਾ ਹੋਇਆ ਪਰ ਧਰਮ ਨਹੀਂ ਹਾਰਿਆ।

ਅੱਧੀ ਰਾਤੇ ਘਰ ਆ ਰਿਹਾ ਸਾਂ। ਸੁਰਗਾਂ ਵਿੱਚ ਬੈਠੀ ਬੇਬੇ ਯਾਦ ਆ ਰਹੀ ਸੀ। ਉਹ ਅਕਸਰ ਹੀ ਗੱਲਾਂ ਕਰਦੀ ਕਿਹਾ ਕਰਦੀ ਸੀ : ਗੱਲ ਪੁੱਤ ਰਾਹ ਦੀ ਕਰੀਦੀ ਐ। ...‘ਹਾਂ, ਬੇਬੇ ਰਾਹ ਦੀ ਗੱਲ ਈ ਕਰ ਕੇ ਆਇਆਂ।’ ਮੇਰੇ ਬੁੱਲ ਫਰਕੇ। ... ਤੇ ਦਿਨ ਭਰ ਦੀ ਖੱਜਲ ਖ਼ੁਆਰੀ ਪਲਾਂ ਵਿੱਚ ਹੀ ਉੱਡ ਪੁੱਡ ਗਈ।

# 2023 ਦੇ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਲਈ ਹਾਕੀ ਖੇਡ ਨੂੰ ਉਤਸ਼ਾਹਿਤ ਕਰਨ ਦੀ ਲੋੜ

## ਪ੍ਰੋਫੈਸਰ ਪਰਮਜੀਤ ਸਿੰਘ

2023 ’ਚ ਵਿਸ਼ਵ ਕੱਪ ਹਾਕੀ ਦਾ 15ਵਾਂ ਐਡੀਸ਼ਨ ਭਾਰਤ ਦੇ ਦੋ ਸ਼ਹਿਰਾਂ ਰੁੜਕੇਲਾ ਅਤੇ ਭੁਵਨੇਸ਼ਵਰ ਵਿਚ ਹੋਣ ਜਾ ਰਿਹਾ ਹੈ। ਦੋ ਵੱਖ-ਵੱਖ ਸ਼ਹਿਰਾਂ ਦੇ ਹਾਕੀ ਸਟੇਡੀਅਮ ਕਲਿੰਗਾ ਅਤੇ ਬਿਰਸਾ ਮੁੰਡਾ 13 ਤੋਂ 29 ਜਨਵਰੀ ਤੱਕ ਵਿਸ਼ਵ ਭਰ ਦੇ ਹਾਕੀ ਪ੍ਰੇਮੀਆਂ ਨੂੰ ਵਿਸ਼ਵ ਪੱਧਰੀ ਹਾਕੀ ਰੁਮਾਂਚ ਦਿਖਾਉਣ ਲਈ ਵਚਨਬੱਧ ਰਹਿਣਗੇ। ਇਸ ਤੋਂ ਪਹਿਲਾਂ ਭਾਰਤ ਵਿਚ 1982 ਵਿਚ ਮੁੰਬਈ, 2010 ’ਚ ਦਿੱਲੀ ਅਤੇ 2018 ਵਿਚ ਓਡੀਸਾ ਇਸ ਦੀ ਮੇਜ਼ਬਾਨੀ ਕਰ ਚੁੱਕਾ ਹੈ। ਸਵਾਲ ਇਹ ਮਹੱਤਵਪੂਰਨ ਨਹੀਂ ਕਿ ਭਾਰਤ ਨੂੰ ਫਿਰ ਮੇਜ਼ਬਾਨੀ ਮਿਲੀ ਹੈ। ਲੋੜ ਤਾਂ ਸੰਜੀਦਗੀ ਨਾਲ ਇਹ ਸੋਚਣ ਦੀ ਹੈ ਕਿ ਭਾਰਤ ਕਿੰਨੀ ਕੁ ਸਫਲਤਾ ਨਾਲ ਮੇਜ਼ਬਾਨੀ ਨਿਭਾਉਂਦਾ ਆ ਰਿਹਾ ਹੈ। ਸਾਨੂੰ ਇਹ ਮਹਿਸੂਸ ਹੁੰਦਾ ਹੈ, ਏਨੀ ਵਾਰ ਮੇਜ਼ਬਾਨੀ ਮਿਲਣ ਦੇ ਬਾਵਜੂਦ ਸਾਡਾ ਦੇਸ਼, ਸਾਡਾ ਮੀਡੀਆ, ਸਾਡੇ ਹਾਕੀ ਦੇ ਚੌਧਰੀ, ਇਕ ਵਿਸ਼ਵ ਪੱਧਰੀ ਟੂਰਨਾਮੈਂਟ ਦੇ ਆਯੋਜਨ ਦੇ ਬਾਵਜੂਦ ਅਵਾਮ ’ਚ ਹਾਕੀ ਦੀ ਉਹ ਲੋਕਪ੍ਰਿਅਤਾ ਨਾ ਪੈਦਾ ਕਰ ਸਕੇ, ਜਿਸ ਦੀ ਹਾਕੀ ਜਾਦੂਗਰਾਂ ਦੇ ਇਸ ਦੇਸ਼ ਨੂੰ ਜ਼ਰੂਰਤ ਹੈ। ਸਾਡੀ ਜਾਤੀ ਰਾਏ ਹੈ ਕਿ ਦੇਸ਼ ’ਚ ਕਿਸੇ ਖੇਡ ਦਾ ਮਕਬੂਲ ਹੋਣਾ, ਉਸ ਦੇਸ਼ ਦੀ ਕੌਮੀ ਟੀਮ ਦੀਆਂ ਮਾਣਮੱਤੀਆਂ ਜਿੱਤਾਂ ’ਤੇ ਹੀ ਨਿਰਭਰ ਨਹੀਂ ਹੁੰਦਾ। ਕਹਿੰਦੇ ਸੀ ਕਿ ਜੇ ਭਾਰਤੀ ਟੀਮ ਨੇ ਉਲੰਪਿਕ ਹਾਕੀ ਵਿਚ ਤਮਗ਼ਾ ਜਿੱਤ ਲਿਆ ਤਾਂ ਦੇਸ਼ ਵਿਚ ਹਾਕੀ ਦੇ ਸੁਨਹਿਰੀ ਦਿਨ ਫਿਰ ਪਰਤ ਆਉਣਗੇ, ਕੁਝ ਸਮਾਂ ਪਹਿਲਾਂ ਅਸੀਂ ਉਲੰਪਿਕ ਹਾਕੀ ’ਚ ਤਮਗ਼ਾ ਜਿੱਤਿਆ, ਕੋਈ ਦੱਸੇ ਕਿ ਉਸ ਪ੍ਰਾਪਤੀ ਤੋਂ ਬਾਅਦ ਕਿੰਨੇ ਕੁ ਨੌਨਿਹਾਲ ਹਾਕੀ ਦੇ ਦੀਵਾਨੇ ਬਣ ਗਏ, ਕਿੰਨੇ ਕੁ ਹਾਕੀ ਦੇ ਨਾਮਲੇਵਾ ਪੈਦਾ ਹੋ ਗਏ। ਸਾਨੂੰ ਤਾਂ ਆਲਮ ਬਿਲਕੁਲ ਵੱਖਰਾ ਹੀ ਲੱਗ ਰਿਹਾ ਹੈ। ਲੋਕ ਕੇ.ਪੀ. ਐਸ. ਗਿੱਲ ਨੂੰ ਗਾਲਾਂ ਕੱਢਦੇ ਹੁੰਦੇ ਸਨ, ਪਰ ਉਸ ਜ਼ਮਾਨੇ ਵਿਚ ਹਾਕੀ ਫਿਰ ਵੀ ਭਾਰਤ ਵਿਚ ਲੋਕਪ੍ਰਿਯਾ ਸੀ, ਭਾਵੇਂ ਵੱਡੀਆਂ ਜਿੱਤਾਂ ਭਾਰਤ ਦੇ ਨਸੀਬ ਵਿਚ ਨਹੀਂ ਸਨ। ਅਸੀਂ ਹਾਕੀ ਵਿਸ਼ਵ ਕੱਪ ਦੇ ਆਯੋਜਨ ਨੂੰ ਵੀ ਹਾਕੀ ਦਾ ਮਹਾਂਭਾਰਤ ਬਣਾ ਕੇ ਬਹਿ ਜਾਂਦੇ ਹਾਂ। ਸਾਨੂੰ ਹਾਕੀ ਦੀ ਖੇਡ ਨਾਲ ਕੋਈ ਪਿਆਰ ਨਹੀਂ, ਜੇ ਭਾਰਤ ਹਰ ਮੈਚ ਜਿੱਤੇਗਾ ਤਾਂ ਅਗਲਾ ਮੈਚ ਵੇਖਣ ਜਾਵਾਂਗੇ, ਨਹੀਂ ਤਾਂ ਅਸੀਂ ਵਿਸ਼ਵ ਕੱਪ ਹਾਕੀ ਦੇ ਆਯੋਜਨ ਤੋਂ ਕੀ ਲੈਣਾ। ਅਸੀਂ ਆਸਟ੍ਰੇਲੀਆ, ਹਾਲੈਂਡ, ਬੈਲਜੀਅਮ ਵਰਗੀਆਂ ਤਾਕਤਵਰ ਟੀਮਾਂ ਨੂੰ ਭਿੜਦਿਆਂ ਨਹੀਂ ਵੇਖਣਾ ਚਾਹੁੰਦੇ, ਜੇ ਭਾਰਤ ਸੈਮੀਫਾਈਨਲ ਵਿਚ ਨਹੀਂ ਪਹੁੰਚ ਸਕਿਆ ਤਾਂ ਟੂਰਨਾਮੈਂਟ ਵਿਚ ਸਾਰੀ ਦਿਲਚਸਪੀ ਖਤਮ। ਇਹੀ ਕਾਰਨ ਹੈ ਕਿ ਅਸੀਂ ਵਿਸ਼ਵ ਕੱਪ ਹਾਕੀ ਦੇ ਸਫਲ ਆਯੋਜਕ ਨਹੀਂ ਬਣ ਪਾਉਂਦੇ। ਸਾਨੂੰ ਪਤਾ ਹੈ ਕਿ ਭਾਰਤ ਦੀਆਂ ਵਿਸ਼ਵ ਪੱਧਰੀ ਜਿੱਤਾਂ ਬਹੁਤ ਵਾਰੀ ਤੁੱਕਾ ਹੁੰਦੀਆਂ ਹਨ। ਇਕ ਟੂਰਨਾਮੈਂਟ ਜਿੱਤ ਲਿਆ ਦੋ ਮਹੀਨੇ ਬਾਅਦ ਦੂਜੇ ਟੂਰਨਾਮੈਂਟ ਵਿਚ ਟੀਮ ਫਾਡੀ ਰਹਿ ਗਈ। ਪਰ ਘੱਟੋ-ਘੱਟ ਦੇਸ਼ ’ਚ ਖੇਡ ਦਾ ਰੁਮਾਂਚ ਤਾਂ ਜ਼ਿੰਦਾ ਰਹਿਣਾ ਚਾਹੀਦਾ ਹੈ। ਜਿੱਤਾਂ ਨਾਲੋਂ ਅਸੀਂ ਆਪਣੀ ਚਹੇਤੀ ਖੇਡ ਨੂੰ ਪਿਆਰ ਕਰਨਾ ਸਿੱਖੀਏ। ਆਓ ਹਾਕੀ ਰੁਮਾਂਚ ਦਾ ਜਸ਼ਨ ਮਨਾਉਣਾ ਵੀ ਸਿੱਖੀਏ। 2023 ਵਿਸ਼ਵ ਕੱਪ ਨੂੰ ਇਸ ਨਜ਼ਰੀਏ ਨਾਲ ਵੇਖੀਏ। ਦੇਸ਼ ਵਿਚ ਵੱਡੇ ਪੱਧਰ ’ਤੇ ਉਸ ਟੂਰਨਾਮੈਂਟ ਦਾ ਪ੍ਰਚਾਰ ਹੋਵੇ। ਸਿਰਫ਼ ਭਾਰਤ ਦੀਆਂ ਹੀ ਨਹੀਂ, ਸਗੋਂ ਦੁਨੀਆ ਦੀਆਂ ਤਾਕਤਵਰ ਟੀਮਾਂ ਦਾ ਵੀ ਪ੍ਰਚਾਰ ਹੋਵੇ ਤਾਂ ਕਿ ਸਾਡੀ ਨੌਨਿਹਾਲ ਪੀੜੀ ਹਾਕੀ ਖੇਡ ਵੱਲ ਆਕਰਸ਼ਿਤ ਹੋਵੇ। ਜੇ ਸਾਡੇ ਕੌਮੀ ਖਿਡਾਰੀ ਸਾਡੇ ਨੌਜਵਾਨ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਬਣਨ ਵਿਚ ਅਸਫਲ ਰਹਿ ਜਾਣ ਤਾਂ ਘੱਟੋ-ਘੱਟ ਵਿਦੇਸ਼ੀ ਖਿਡਾਰੀ ਤਾਂ ਪ੍ਰੇਰਨਾ ਸਰੋਤ ਬਣਨ। 2023 ਦੇ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਲਈ ਹਾਕੀ ਖੇਡ ਨੂੰ ਮੁਹੱਬਤ ਕਰਨ ਵਾਲਾ ਰੁਝਾਨ ਪੈਦਾ ਕਰੀਏ।




# ਪਾਠਕਾਂ ਦਾ ਨਜ਼ਰੀਆ

## ਬਰਾਬਰ ਕੰਮ ਬਰਾਬਰ ਉਜਰਤ

ਸਾਡੇ ਸੰਵਿਧਾਨ ਵਿੱਚ ਇੱਕ ਬੁਨਿਆਦੀ ਵਿਵਸਥਾ ਹੈ ਕਿ ਬਰਾਬਰ ਕੰਮ ਬਰਾਬਰ ਉਜਰਤ। ਸਾਡੇ ਕੋਲ ਇੱਕ ਤਨਖਾਹ ਕਮਿਸ਼ਨ ਹੈ ਅਤੇ ਇਹ ਕਮਿਸ਼ਨ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਹਰੇਕ ਨੌਕਰੀ ਲਈ ਤਨਖਾਹ ਨਿਰਧਾਰਤ ਕਰਦਾ ਹੈ ਅਤੇ ਇੱਕ ਵਾਰ ਜਦੋਂ ਸਾਡੇ ਕੋਲ ਤਨਖਾਹ ਦਾ ਢਾਂਚਾ ਬਣ ਜਾਂਦਾ ਹੈ ਤਾਂ ਸਾਨੂੰ ਇਹ ਤਨਖਾਹ ਢਾਂਚਾ ਪੂਰੇ ਦੇਸ਼ ਵਿੱਚ ਲਾਗੂ ਕਰਨਾ ਚਾਹੀਦਾ ਹੈ ਅਤੇ ਇੱਥੋਂ ਤੱਕ ਕਿ ਇਹ ਤਨਖਾਹ ਸਕੇਲ ਪ੍ਰਾਈਵੇਟ ਸੈਕਟਰ ਵਿੱਚ ਵੀ ਲਾਗੂ ਹੋਣੇ ਚਾਹੀਦੇ ਹਨ। ਇਸ ਤਨਖਾਹ ਢਾਂਚੇ ਦੀ ਕੋਈ ਉਲੰਘਣਾ ਨਹੀਂ ਹੋਣੀ ਚਾਹੀਦੀ।

ਪਰ ਇੱਥੇ ਭਾਰਤ ਵਿੱਚ ਵੀ ਰਾਜ ਖੁਦ ਹੀ ਇਸ ਨਿਰਧਾਰਿਤ ਢਾਂਚੇ ਦੀ ਉਲੰਘਣਾ ਕਰ ਰਿਹਾ ਹੈ ਜਦੋਂ ਉਨਾਂ ਨੇ ਲੋਕਾਂ ਨੂੰ ਦਿਹਾੜੀ, ਮਹੀਨਾਵਾਰ ਉਜਰਤ, ਅਸਥਾਈ ਆਧਾਰ ’ਤੇ ਅਤੇ ਠੇਕੇ ਦੇ ਆਧਾਰ ’ਤੇ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਹੈ। ਰਾਜ ਨੂੰ ਇਹ ਸਾਬਤ ਕਰਨਾ ਚਾਹੀਦਾ ਹੈ ਕਿ ਉਹ ਸਭ ਤੋਂ ਵਧੀਆ ਰੁਜ਼ਗਾਰਦਾਤਾ ਹਨ ਅਤੇ ਜਦੋਂ ਅਜਿਹੀਆਂ ਉਲੰਘਣਾਵਾਂ ਹੁੰਦੀਆਂ ਹਨ, ਤਾਂ ਅਸੀਂ ਦੇਸ਼ ਵਿੱਚ ਇੱਕ ਸੱਚਾ ਲੋਕਤੰਤਰ ਸਥਾਪਤ ਨਹੀਂ ਕਰ ਸਕਦੇ ਅਤੇ ਅਸੀਂ ਕਦੇ ਵੀ ਦੇਸ਼ ਵਿੱਚ ਬਰਾਬਰੀ ਦਾ ਸਿਧਾਂਤ ਸਥਾਪਤ ਨਹੀਂ ਕਰ ਸਕਾਂਗੇ। ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਦਿਹਾੜੀਦਾਰਾਂ ਨੂੰ ਵੀ ਉਹੀ ਤਨਖਾਹ ਮਿਲਣੀ ਚਾਹੀਦੀ ਹੈ ਜੋ ਨਿਰਧਾਰਿਤ ਕੀਤੀ ਗਈ ਹੈ ਅਤੇ ਕਿਸੇ ਨਾ ਕਿਸੇ ਤਰਾਂ ਅਜਿਹੇ ਹਾਲਾਤ ਲਿਆਉਣੇ ਚਾਹੀਦੇ ਹਨ ਜਿਸ ਰਾਹੀਂ ਸਾਰੇ ਮਜ਼ਦੂਰ ਵਰਗ ਨੂੰ ਪੈਨਸ਼ਨ ਅਤੇ ਜੀਪੀਐਫ ਦੇ ਹੋਰ ਲਾਭ ਮਿਲਣੇ ਚਾਹੀਦੇ ਹਨ, ਗ੍ਰੈਚੁਟੀ ਅਤੇ ਬੀਮਾ ਵੀ।

**ਦਲੀਪ ਸਿੰਘ ਵਾਸਨ, ਐਡਵੋਕੇਟ**

## ਨਾਨਕ ਨਾਮਲੇਵਾ ਦਾ ਕੋਈ ਸਾਨੀ ਨਹੀਂ

ਸੰਗਤ ਅਤੇ ਪੰਗਤ ਸੰਸਥਾਵਾਂ ਵਿਚ ਲੰਗਰ ਪ੍ਰਥਾ ਸਿੱਖ ਭਾਈਚਾਰੇ ਦੇ ਮੁਕੱਦਸ ਗੁਰਦੁਆਰਿਆਂ ਦਾ ਅਟੁੱਟ ਅੰਗ ਹੈ ਜਿਸ ਨੂੰ ਨਿਰਸਵਾਰਥ ਅਤੇ ਧਾਰਮਿਕ ਲਗਨ ਨਾਲ ਸੇਵਾ ਰਾਹੀਂ ਨਿਭਾਉਣ ਲਈ ਹਰ ਸਿੱਖ ਹਮੇਸ਼ਾ ਤਤਪਰ ਰਹਿੰਦਾ ਹੈ।ਅਜੋਕੇ ਯੁੱਗ ਵਿਚ ਵਿਸ਼ਵ ਦੇ ਕਿਸੇ ਵੀ ਹਿੱਸੇ ਵਿਚ ਜਦੋਂ ਵੀ ਜੰਗ, ਹੜ, ਸੋਕੇ, ਮਹਾਂਮਾਰੀ ਅਤੇ ਕੁਦਰਤੀ ਪ੍ਰਕੋਪ ਕਾਰਨ ਲੋਕਾਈ ਪੀੜਤ ਨਜ਼ਰ ਆਉਂਦੀ ਹੈ ਸਿੱਖ ਸੰਸਥਾਵਾਂ ਉੱਥੇ ਪਹੁੰਚ ਕੇ ਬਚਾਅ ਕਾਰਜਾਂ, ਦਵਾ-ਦਾਰੂ, ਸਾਂਭ-ਸੰਭਾਲ, ਲੰਗਰ ਸੇਵਾ ਵਿਚ ਜਾ ਰੁੱਝਦੀਆਂ ਹਨ। ਵਿਸ਼ਵ ਦਾ ਕੋਈ ਕੋਨਾ ਅਜਿਹਾ ਨਹੀਂ ਜਿੱਥੇ ਖ਼ਾਲਸਾ ਏਡ ਅਤੇ ਹੋਰ ਸਿੱਖ ਸੰਸਥਾਵਾਂ ਨਾ ਪੁੱਜਦੀਆਂ ਹੋਣ। ਇਹ ਅਲੌਕਿਕ ਵਰਤਾਰਾ ਨਿਰੰਤਰ ਜਾਰੀ ਹੈ। ਅਸੀਂ ਸਭ ਜਾਣਦੇ ਹਾਂ ਕਿ ਯੂਕਰੇਨ ਦੇਸ਼ ਦੇ ਕਾਮੇਡੀਅਨ ਰਹੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਦੀ ਨਾਟੋ ਅਤੇ ਯੂਰਪੀਅਨ ਯੂਨੀਅਨ ਸੰਸਥਾਵਾਂ ਵਿਚ ਰਲਣ ਦੀ ਜ਼ਿੱਦ ਕਰ ਕੇ ਰੂਸ ਵੱਲੋਂ 24 ਫਰਵਰੀ ਨੂੰ ਉਸ ’ਤੇ ਕੀਤੇ ਗਏ ਹਮਲੇ ਤੋਂ ਬਾਅਦ ਲੱਖਾਂ ਦੀ ਤਾਦਾਦ ਵਿਚ ਯੂਕਰੇਨ ਵਾਸੀ ਦੇਸ਼ ਛੱਡ ਕੇ ਗੁਆਂਢੀ ਦੇਸ਼ਾਂ ਵਿਚ ਪਨਾਹ ਲੈ ਚੁੱਕੇ ਹਨ। ਇਨਾਂ ਵਿਚ ਕਰੀਬ ਇਕ ਲੱਖ ਭਾਰਤੀ, ਏਸ਼ੀਅਨ ਅਤੇ ਅਫ਼ਰੀਕੀ ਅਜਿਹੇ ਵਿਦਿਆਰਥੀ ਸਨ ਜੋ ਬਹੁਤਾ ਕਰ ਕੇ ਰਾਜਧਾਨੀ ਕੀਵ, ਸੁਮੀ ਅਤੇ ਖੇਰਸਨ ਆਦਿ ਸਥਿਤ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਐੱਮਬੀਬੀਐੱਸ, ਬੀਡੀਐੱਸ ਅਤੇ ਅਤੇ ਨਰਸਿੰਗ ਕੋਰਸਾਂ ਦੀ ਪੜਾਈ ਕਰ ਰਹੇ ਹਨ। ਕੁਝ ਇੱਕਾ-ਦੁੱਕਾ ਵਿਦਿਆਰਥੀ ਉੱਚ ਆਰਟਸ ਡਿਗਰੀਆਂ ਜਾਂ ਪੀਐੱਚਡੀ ਲਈ ਗਏ ਹੋਏ ਹਨ। ਜੰਗ ਦੇ ਝੰਬੇ ਯੂਕਰੇਨ ਵਿਚ ਲਗਭਗ 18000 ਭਾਰਤੀ ਵਿਦਿਆਰਥੀ ਡਾਕਟਰੀ, ਨਰਸਿੰਗ ਅਤੇ ਹੋਰ ਤਕਨੀਕੀ ਕੋਰਸ ਕਰ ਰਹੇ ਸਨ। ਲਗਭਗ 2000 ਹੋਰ ਭਾਰਤੀ ਨਾਗਰਿਕ ਵੀ ਉੱਥੇ ਰਹਿੰਦੇ ਸਨ। ਜੰਗ ਸ਼ੁਰੂ ਹੋਣ ਤਕ ਹਾਲਾਤ ਦੇ ਮੱਦੇਨਜ਼ਰ ਇਨਾਂ ’ਚੋਂ ਲਗਭਗ 4000 ਵਿਦਿਆਰਥੀ ਵਾਪਸ ਆ ਗਏ ਸਨ। ਪਰ ਪਿੱਛੇ ਜੋ ਰਹਿ ਗਏ, ਉਨਾਂ ਨੂੰ ਹੋਰ ਏਸ਼ੀਅਨ ਅਤੇ ਅਫ਼ਰੀਕੀ ਦੇਸ਼ਾਂ ਦੇ ਵਿਦਿਆਰਥੀਆਂ ਅਤੇ ਨਾਗਰਿਕਾਂ ਸਮੇਤ ਜਿਸ ਤਰਾਂ ਨਸਲੀ ਭੇਦ-ਭਾਵ, ਫ਼ੌਜੀ, ਸਿਵਲ ਅਤੇ ਸਰਹੱਦੀ ਸੁਰੱਖਿਆ ਅਮਲੇ ਦੀਆਂ ਅਣਮਨੁੱਖੀ ਜ਼ਿਆਦਤੀਆਂ ਦਾ ਸਾਹਮਣਾ ਕਰਨਾ ਪਿਆ, ਉਸ ਦੀਆਂ ਦਾਸਤਾਨਾਂ ਰੌਂਗਟੇ ਖੜੇ ਕਰਨ ਵਾਲੀਆਂ ਹਨ ਜਿਨਾਂ ਦਾ ਅਕਸਰ ਵਰਣਨ ਵਿਸ਼ਵ ਪ੍ਰੈੱਸ, ਭਾਰਤੀ ਅਤੇ ਸਥਾਨਕ ਪ੍ਰੈੱਸ ਰਾਹੀਂ ਵੇਖਣ ਨੂੰ ਮਿਲਿਆ।

ਇਸ ਸਬੰਧੀ ਕੈਨੇਡਾ ਦੀ ਨਾਮਵਰ ਅਖ਼ਬਾਰ ‘ਨੈਸ਼ਨਲ ਪੋਸਟ’ ਵਿਚ ਪੱਤਰਕਾਰ ਐਡਮ ਜੀਵੋ ਨੇ ਪੋਲੈਂਡ ਦੀ ਰਾਜਧਾਨੀ ਵਾਰਸਾ ਤੋਂ ਇਕ ਵਿਸਥਾਰਤ ਜਾਣਕਾਰੀ ਭਰਪੂਰ ਫੁੱਲ ਪੇਜ ਆਰਕੀਟਲ 25 ਮਾਰਚ 2022 ਨੂੰ ਲਿਖਿਆ ਸੀ। ਵਾਰਸਾ ਅੰਦਰ ਭਾਰਤੀ ਅਤੇ ਹੋਰ ਰਫਿਊਜੀਆਂ ਦੀ ਸੰਭਾਲ ਜਿਵੇਂ ਦੋ ਮੰਜ਼ਿਲਾ ਗੁਰਦੁਆਰੇ ਵੱਲੋਂ ਉਸ ਦੇ ਪ੍ਰਬੰਧਕ ਜੇਜੇ ਸਿੰਘ ਜੋ ਇੰਡੋ-ਪੋਲਿਸ਼ ਚੈਂਬਰ ਆਫ ਕਾਮਰਸ ਦੇ ਪ੍ਰਧਾਨ ਵੀ ਹਨ, ਦੀ ਅਗਵਾਈ ਵਿਚ ਆਪਣੇ ਭਾਰਤੀ ਅਤੇ ਸਿੰਧੀ ਸਹਿਯੋਗੀਆਂ ਨਾਲ ਮਿਲ ਕੇ ਜੀਅ ਤੋੜ ਲਗਨ ਨਾਲ ਕੀਤੀ, ਉਸ ਤੋਂ ਪ੍ਰਭਾਵਿਤ ਹੋ ਕੇ ਉਹ ਲਿਖਦੇ ਹਨ ਕਿ ਜੋ ਨਿਮਰਤਾ ਅਤੇ ਸੰਗਤ ਭਾਵ ਨਾਲ ਉਨਾਂ ਉੱਥੇ ਵੇਖਿਆ ਉਸ ਨੇ ਮੇਰੇ ਵਿਚਾਰਾਂ ਨੂੰ ਹੋਰ ਪ੍ਰਪੱਕਤਾ ਪ੍ਰਦਾਨ ਕੀਤੀ ਕਿ ਇਹ ਵਿਸ਼ਵ ਇਕ ਵਧੀਆ ਖ਼ੂਬਸੂਰਤ ਸਥਾਨ ਬਣ ਸਕਦਾ ਹੈ ਜੇਕਰ ਸਿੱਖ ਭਾਈਚਾਰੇ ਦੀ ਸੋਚ ਅਤੇ ਸੇਵਾਭਾਵ ਤੋਂ ਸੇਧ ਲਵੇ। ਸਿੱਖ 80ਵੇਂ ਅਤੇ 90ਵੇਂ ਦਹਾਕੇ ਵਿਚ ਵਪਾਰ ਅਤੇ ਕਾਰੋਬਾਰ ਲਈ ਪੋਲੈਂਡ ਆਉਣੇ ਸ਼ੁਰੂ ਹੋਏ ਸਨ। ਅੱਜ ਇਸ ਦੇਸ਼ ਵਿਚ ਉਨਾਂ ਦੀ ਅਬਾਦੀ ਲਗਪਗ 15000 ਹੈ। ਵਾਰਸਾ ਵਿਚ ਉਨਾਂ ਨੇ ਨਾਨਕ ਨਾਮਲੇਵਾ ਸਿੰਧੀ ਭਾਈਚਾਰੇ ਨਾਲ ਮਿਲ ਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੋ ਮੰਜ਼ਿਲਾ ਇਮਾਰਤ ਵਿਚ ਸ਼ੁਰੂ ਕੀਤਾ। ਨਾਲ ਹੀ ਇਕ ਕਮਰੇ ਦਾ ਲੰਗਰ ਹਾਲ ਅਤੇ ਕੱਚਾ ਵਿਹੜਾ ਵੀ ਹੈ। ਅਜਿਹਾ ਹੀ ਸੰਨ 2014 ਵਿਚ ਆਪਣੇ ਲੜਕੇ ਦੀ ਸ਼ਾਦੀ ਵੇਲੇ ਇਕ ਖ਼ੂਬਸੂਰਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਲੇਖਕ ਨੇ ਪੰਜਾਬੀ ਅਤੇ ਸਿੰਧੀ ਭਾਈਚਾਰੇ ਵੱਲੋਂ ਮਿਲ ਕੇ ਉਸਾਰਿਆ ਗਿਆ ਪਨਾਮਾ ਵਿਖੇ ਦੇਖਿਆ ਸੀ। ਜਿੱਥੇ ਉਸ ਗੁਰਦੁਆਰੇ ਵਿਚ ਹਰ ਐਤਵਾਰ ਨੂੰ ਲਗਭਗ 1000-1200

ਪੰਜਾਬੀ-ਸਿੰਧੀ ਸੰਗਤ ਜੁੜਦੀ ਵੇਖੀ ਉੱਥੇ ਵਾਰਸਾ ਗੁਰਦੁਆਰੇ ਵਿਚ ਹਰ ਐਤਵਾਰ ਨੂੰ 300 ਤੋਂ 500 ਪੰਜਾਬੀ-ਭਾਰਤੀ-ਸਿੰਧੀ ਸੰਗਤ ਜੁੜਦੀ ਹੈ।

ਪਹਿਲਾਂ ਤਾਂ ਭਾਰਤੀ ਵਿਦਿਆਰਥੀਆਂ ਅਤੇ ਸਹਿਯੋਗੀਆਂ ਨੂੰ ਪੋਲੈਂਡ ਅੰਦਰ ਇਸ ਗੁਰਦੁਆਰੇ ਦਾ ਪਤਾ ਹੀ ਨਾ ਲੱਗਾ। ਜਿਉਂ-ਜਿਉਂ ਪਤਾ ਚੱਲਦਾ ਗਿਆ ਉਹ ਭਾਰਤ ਸਰਕਾਰ ਦੇ ਆਪ੍ਰੇਸ਼ਨ ਗੰਗਾ ਤਹਿਤ ਸਵਦੇਸ਼ ਪਰਤਣ ਦੇ ਪ੍ਰਬੰਧਾਂ ਤਕ ਇਸ ਗੁਰਦੁਆਰੇ ਵਿਚ ਆਉਂਦੇ ਰਹੇ ਜਿੱਥੇ ਉਨਾਂ ਦੇ ਲੰਗਰ, ਰਿਹਾਇਸ਼, ਕੱਪੜੇ-ਲੀੜੇ, ਦਵਾ-ਦਾਰੂ ਦੇ ਪ੍ਰਬੰਧ ਦੇ ਵਿੱਤੋਂ ਵੱਧ ਯਤਨ ਹੁੰਦੇ ਰਹੇ। ਪ੍ਰਬੰਧਕ ਨੇ ਟਵੀਟ ਕਰ ਕੇ ਇਸ ਗੁਰਦੁਆਰੇ ਬਾਰੇ ਜਾਣਕਾਰੀ ਦਿੱਤੀ ਜਿਸ ਨੂੰ ਕਰੀਬ 25000 ਲੋਕਾਂ ਨੇ ਪਸੰਦ ਕੀਤਾ। ਉਨਾਂ ਨਾਲ ਨਾ ਸਿਰਫ਼ ਵਿਦਿਆਰਥੀਆਂ ਬਲਕਿ ਅਜਿਹੇ ਵਪਾਰੀਆਂ-ਕਾਰੋਬਾਰੀਆਂ ਨੇ ਵੀ ਸੰਪਰਕ ਕੀਤਾ ਜੋ ਦਹਾਕਿਆਂ ਦੀ ਕਮਾਈ ਜੰਗ ਅਤੇ ਯੂਕਰੇਨੀਆਂ ਦੇ ਨਸਲੀ ਵਿਤਕਰੇ ਕਰ ਕੇ ਗੁਆਉਂਦਿਆਂ ਖ਼ਾਲੀ ਹੱਥ ਭਾਰਤ ਵਾਪਸ ਪਰਤ ਰਹੇ ਸਨ। ਰੂਸ ਨਾਲ ਭਾਰਤ ਦੇ ਬਹੁਤ ਪੁਰਾਣੇ ਸਬੰਧ ਹਨ। ਕਸ਼ਮੀਰ ਬਾਰੇ ਅਨੇਕ ਮਤਿਆਂ ਨੂੰ ਯੂਐੱਨ ਸੁਰੱਖਿਆ ਕੌਂਸਲ ਵਿਚ ਉਹ ਭਾਰਤ ਦੇ ਹੱਕ ਵਿਚ ਵੀਟੋ ਕਰਦਾ ਰਿਹਾ। ਸੰਨ 1971 ਦੀ ਭਾਰਤ-ਪਾਕਿਸਤਾਨ ਜੰਗ ਵਿਚ ਬੰਗਾਲ ਦੀ ਖਾੜੀ ਵਿਚ ਅਮਰੀਕਾ ਵੱਲੋਂ ਪਾਕਿਸਤਾਨ ਦੀ ਹਮਾਇਤ ਵਿਚ ਭੇਜੇ 7ਵੇਂ ਸਮੁੰਦਰੀ ਬੇੜੇ ਨੂੰ ਵੀ ਉਸ ਨੇ ਸਖ਼ਤੀ ਨਾਲ ਰੋਕ ਦਿੱਤਾ ਸੀ।

ਲਿਹਾਜ਼ਾ ਜਨਰਲ ਏ.ਕੇ.ਨਿਆਜ਼ੀ ਦੀ ਕਮਾਨ ਵਿਚ ਪੂਰਬੀ ਪਾਕਿਸਤਾਨ ਵਿਚ 90 ਹਜ਼ਾਰ ਪਾਕਿਸਤਾਨੀ ਫ਼ੌਜ ਨੂੰ ਭਾਰਤੀ ਪੂਰਬੀ ਕਮਾਨ ਦੇ ਕਮਾਂਡਰ ਜਨਰਲ ਜਗਜੀਤ ਸਿੰਘ ਅਰੋੜਾ ਅੱਗੇ ਹਥਿਆਰ ਸੁੱਟਣੇ ਪਏ। ਉਪਰੰਤ ਭਾਰਤੀ ਉਪ ਮਹਾਦੀਪ ਵਿਚ ‘ਬੰਗਲਾਦੇਸ਼’ ਨਾਮਕ ਆਜ਼ਾਦ ਪ੍ਰਭੂਸੱਤਾ ਸੰਪੰਨ ਦੇਸ਼ ਹੋਂਦ ਵਿਚ ਆਇਆ। ਯੂਐੱਨ ਸੁਰੱਖਿਆ ਕੌਂਸਲ ਵਿਚ ਰੂਸ ਵੱਲੋਂ ਯੂਕਰੇਨ ’ਤੇ ਹਮਲੇ ਸਬੰਧੀ ਨਿਖੇਧੀ ਮਤੇ ਦੀ ਵੋਟਿੰਗ ਵੇਲੇ ਭਾਰਤ ਨਦਾਰਦ ਰਿਹਾ। ਇਵੇਂ ਹੀ ਆਰਥਿਕ ਪਾਬੰਦੀਆਂ ਅਤੇ ਹੋਰ ਮਸਲਿਆਂ ਵੇਲੇ। ਭਾਰਤ ਦੇ ਇਸ ਰਵੱਈਏ ਕਾਰਨ ਯੂਕਰੇਨ ਨਾਰਾਜ਼ ਹੀ ਨਹੀਂ ਹੋਇਆ ਬਲਕਿ ਖਿਝ ਗਿਆ ਸੀ। ਉਹ ਭੁੱਲ ਗਿਆ ਕਿ ਭਾਰਤੀ ਵਿਦਿਆਰਥੀਆਂ ਨੇ ਆਪਣੀ ਪੜਾਈ ਅਤੇ ਠਹਿਰ ਦੇ ਰੂਪ ਵਿਚ ਅਰਬਾਂ ਰੁਪਇਆਂ ਦਾ ਯੋਗਦਾਨ ਉਸ ਦੇ ਖ਼ਜ਼ਾਨੇ ਵਿਚ ਪਾਇਆ ਸੀ। ਯੂਕਰੇਨ ਅੰਦਰ ਨਿਊ ਨਾਜ਼ੀਵਾਦੀਆਂ, ਗੋਰੇ ਨਸਲਵਾਦੀਆਂ ਹੀ ਨਹੀਂ ਬਲਕਿ ਪੁਲਿਸ, ਫ਼ੌਜ, ਸਰਹੱਦੀ ਸੁਰੱਖਿਆ ਬਲਾਂ ਨੇ ਭਾਰਤੀਆਂ ਨੂੰ ਤੰਗ-ਪਰੇਸ਼ਾਨ ਕੀਤਾ, ਕੁੱਟ-ਮਾਰ ਕੀਤੀ ਅਤੇ ਡਰਾਇਆ-ਧਮਕਾਇਆ ਗਿਆ। ਉਨਾਂ ਦੀ ਸੁਰੱਖਿਆ, ਖਾਣ-ਪੀਣ, ਅਤਿ ਦੀ ਠੰਢ ਤੋਂ ਬਚਾਅ ਤੇ ਗੁਆਂਢੀ ਦੇਸ਼ਾਂ ਵਿਚ ਜਾਣ ਦਾ ਪ੍ਰਬੰਧ ਵੀ ਨਾ ਕੀਤਾ ਗਿਆ। ਸੈਂਕੜੇ ਕਿਲੋਮੀਟਰ ਉਨਾਂ ਨੂੰ ਤੁਰਨਾ ਪਿਆ। ਅਨੇਕਾਂ ਭਾਰਤੀਆਂ ਨੂੰ ਕਾਰਾਂ ਵਿਚ ਨਿੱਘ ਲੈਣਾ ਪਿਆ ਕਿਉਂਕਿ ਉਨਾਂ ਨੂੰ ਘਰਾਂ ਵਿਚ ਥਾਂ ਨਹੀਂ ਦਿੱਤੀ ਗਈ। ਸਰਹੱਦਾਂ ’ਤੇ ਪਹਿਲਾਂ ਯੂਕਰੇਨੀ ਅਤੇ ਦੂਸਰੇ ਗੋਰਿਆਂ ਨੂੰ ਗੁਆਂਢੀ ਦੇਸ਼ਾਂ ਵਿਚ ਦਾਖ਼ਲ ਹੋਣ ਦਾ ਪ੍ਰਬੰਧ ਕੀਤਾ। ਭਾਰਤੀਆਂ ਦੀਆਂ ਵੱਖਰੀਆਂ ਲਾਈਨਾਂ ਬਣਾ ਕੇ 10-10 ਘੰਟੇ ਸਰਦੀ ਵਿਚ ਬਗੈਰ ਰੋਟੀ-ਟੁੱਕ, ਚਾਹ-ਪਾਣੀ ਦੇ ਖੜੇ ਹੋਣ ਲਈ ਮਜਬੂਰ ਕੀਤਾ। ਜੇ ਗਹੁ ਨਾਲ ਵੇਖਿਆ ਜਾਵੇ ਤਾਂ ਬ੍ਰਿਟੇਨ ਅਤੇ ਯੂਰਪੀਅਨ ਯੂਨੀਅਨ ਦੀ ਇਮੀਗ੍ਰੇਸ਼ਨ ਨੀਤੀ ਵਿਚ ਕਾਲੇ-ਭੂਰੇ ਲੋਕਾਂ ਦੀ ਸਨਮਾਨਯੋਗ ਥਾਂ ਨਹੀਂ ਹੈ। ਇਹ ਉਹੀ ਦੇਸ਼ ਹਨ ਜੋ ਅਫ਼ਗਾਨ, ਸੀਰੀਆ, ਇਰਾਕ ਸ਼ਰਨਾਰਥੀਆਂ ਲਈ ਤਾਂ ਸਰਹੱਦਾਂ ’ਤੇ ਕੰਧਾਂ ਉਸਾਰ ਰਹੇ ਸਨ ਪਰ ਯੂਕਰੇਨੀਆਂ ਨੂੰ ਬਾਹਾਂ ਉਲਾਰ ਕੇ ‘ਜੀ ਆਇਆਂ’ ਕਹਿ ਰਹੇ ਸਨ।

ਜਰਮਨੀ ਨੇ ਗ਼ੈਰ-ਗੋਰੇ ਸ਼ਰਨਾਰਥੀਆਂ ਨੂੰ 23 ਮਈ 2022 ਤਕ ਦੇਸ਼ ਛੱਡਣ ਦਾ ਹੁਕਮ ਸੁਣਾ ਦਿੱਤਾ ਸੀ। ਦੂਸਰੇ ਪਾਸੇ ਸਿੱਖ ਭਾਈਚਾਰੇ ਦੇ ਪ੍ਰਭਾਵ ਕਾਰਨ ਇਕ ਯੂਕਰੇਨੀਅਨ ਜੋੜਾ ਜਿਸ ਵਿਚ ਔਰਤ ਭਾਵੇਂ ਗਰਭਵਤੀ ਸੀ, ਲੰਬੇ ਸਮੇਂ ਤੋਂ ਵਾਰਸਾ ਗੁਰਦੁਆਰੇ ਦੇ ਦਰਸ਼ਨ ਲਈ ਆ ਰਿਹਾ ਹੈ। ਸੇਵਾ ਲਈ ਆਪਣੇ ਨਾਲ ਫਲ-ਫਰੂਟ, ਸਬਜ਼ੀ, ਆਟਾ-ਦਾਲ ਲੈ ਕੇ ਆਉਂਦਾ ਹੈ। ਲੰਗਰ ਪਕਾਉਣ ਅਤੇ ਵਰਤਾਉਣ ਵਿਚ ਮਦਦ ਕਰਦਾ ਹੈ। ਉਨਾਂ ਦਾ ਮਤ ਹੈ ਕਿ ਸਿੱਖ ਇਕ ਅਜਬ ਭਾਈਚਾਰਾ ਹੈ। ਇਕ-ਦੂਜੇ ਨਾਲ ਸਨੇਹ ਕਰਨਾ, ਹਰ ਮਾਈ-ਭਾਈ ਨੂੰ ਸਤਿਕਾਰ ਦੇਣਾ, ਕੰਠ ਲਾਉਣਾ, ਲੋੜਵੰਦਾਂ ਦੀ ਸੇਵਾ-ਸੰਭਾਲ ਕਰਨਾ ਅਤੇ ਸਭ ਨੂੰ ਇਕ ਸਮਝਣਾ ਇਨਾਂ ਦਾ ਅਤਿ ਪ੍ਰਭਾਵਸ਼ਾਲੀ ਵਰਤਾਰਾ ਹੈ। ਇਹ ਵਿਸ਼ਵ ਦੇ ਬਹੁਤ ਹੀ ਖ਼ੂਬਸੂਰਤ ਲੋਕ ਹਨ ਜੋ ਨਾਨਕ ਨਾਮਲੇਵਾ ਸ਼ਰਧਾਲੂਆਂ ਵਜੋਂ ਇਸ ਧਰਤੀ ’ਤੇ ਵਿਚਰ ਰਹੇ ਹਨ।

**ਦਰਬਾਰਾ ਸਿੰਘ ਕਾਹਲੋਂ**

## ਵਿੱਤੀ ਸਾਧਨਾਂ ਦੀ ਮਜ਼ਬੂਤੀ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ

ਪੰਜਾਬ ਇਸ ਵੇਲੇ ਵੱਖ-ਵੱਖ ਕਾਰਨਾਂ ਕਰਕੇ ਕਈ ਅਲਾਮਤਾਂ ਨਾਲ ਘਿਰਿਆ ਹੋਇਆ ਹੈ, ਜਿਸ ਬਾਰੇ ਨਵੀਂ ਸਰਕਾਰ ਨੂੰ ਕਮਰਕੱਸੇ ਛੇਤੀ-ਛੇਤੀ ਕਰਨੇ ਪੈਣਗੇ। ਸਭ ਤੋਂ ਪ੍ਰਮੁੱਖ ਹੈ ਸਰਕਾਰੀ ਤੰਤਰ ਵਿਚ ਲੋਕਾਂ ਦੀ ਭਰੋਸਗੀ ਨੂੰ ਬਹਾਲ ਕਰਨਾ, ਜਿਸ ਤੋਂ ਆਮ ਪੰਜਾਬੀ ਟੁੱਟੇ ਹੋਏ ਹਨ। ਇਸ ਪੱਖੋਂ ਮੁੱਖ ਮੰਤਰੀ ਦੀ ਹਦਾਇਤ ਦਾ ਅਸਰ ਦਿਖਣਾ ਸ਼ੁਰੂ ਹੋ ਗਿਆ ਹੈ। ਤਿੰਨ ਲੱਖ ਕਰੋੜ ਦਾ ਕਰਜ਼ਾ ਭੂਤ ਬਣਿਆ ਖੜਾ ਹੈ, ਜਿਸ ਦੀ ਵਿਆਜ ਅਦਾਇਗੀ ’ਤੇ ਹੀ ਅੱਧੇ ਤੋਂ ਵੱਧ ਸਰਕਾਰੀ ਆਮਦਨ ਖਰਚ ਹੋ ਜਾਂਦੀ ਹੈ। ਸਰਕਾਰੀ ਜ਼ਰੂਰੀ ਖ਼ਰਚਿਆਂ ਤੇ ਹੋਰ ਦੇਣਦਾਰੀਆਂ ਸਦਕਾ ਵਿਕਾਸ ਕੰਮਾਂ ਲਈ ਆਮਦਨ ਨਾਮਾਤਰ ਬਚਦੀ ਹੈ। ਵਿੱਤੀ ਸਾਧਨਾਂ ਦੀ ਮਜ਼ਬੂਤੀ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਰਿਸ਼ਵਤਖੋਰੀ ’ਤੇ ਕਾਬੂ, ਟੈਕਸ ਚੋਰੀਆਂ ’ਤੇ ਰੋਕ ਅਤੇ ਉਪਲਬਧ ਕੁਦਰਤੀ ਸਾਧਨਾਂ ਦੀ ਲੁੱਟ ’ਤੇ ਕਾਬੂ ਪਾ ਕੇ ਅਤੇ ਵਿੱਤੀ ਮਾਹਰਾਂ ਦੀ ਰਾਇ ਨਾਲ ਹੋਰ ਸਰੋਤਾਂ ਤੋਂ ਆਮਦਨ ਵਧਾਉਣ ਨਾਲ ਸਹਿਜੇ ਹੀ ਸਰਕਾਰੀ ਖਜ਼ਾਨਾ ਭਰਨਾ ਸ਼ੁਰੂ ਹੋ ਸਕਦਾ ਹੈ। ਸਰਕਾਰੀ ਨੌਕਰੀਆਂ ਬਾਰੇ ਕੀਤਾ ਐਲਾਨ ਸਲਾਹੁਣਯੋਗ ਹੈ। ਇਸ ਦੇ ਨਾਲ ਸਰਕਾਰੀ ਭਰਤੀ ਵਾਲੀਆਂ ਸੰਸਥਾਵਾਂ ਵਿਚ ਵਿਸ਼ਵਾਸ ਬਹਾਲੀ ਵੀ ਓਨੀ ਹੀ ਜ਼ਰੂਰੀ ਹੈ, ਕਿਉਂਕਿ ਪਹਿਲਾਂ ਕਈ ਸਰਕਾਰਾਂ ਨੇ ਕਾਰਪੋਰੇਸ਼ਨਾਂ ਤੇ ਬੋਰਡਾਂ ਨੂੰ ਆਪਣੇ ਚਹੇਤਿਆਂ ਦੀ ਭਰਤੀ ਲਈ ਹੀ ਰੱਖਿਆ ਹੋਇਆ ਸੀ। ਬਹੁਤ ਸਾਰੇ ਉਦਯੋਗ ਪੰਜਾਬ ਵਿਚੋਂ ਬਾਹਰ ਚਲੇ ਗਏ ਹਨ ਅਤੇ ਹੋਰ ਵੀ ਜਾ ਰਹੇ ਹਨ। ਇਹ ਪ੍ਰਕਿਰਿਆ ਗੰਭੀਰ ਵਿਚਾਰ ਮੰਗਦੀ ਹੈ। ਉਦਯੋਗਾਂ ਤੇ ਖ਼ਾਸ ਕਰਕੇ ਖੇਤੀ ਆਧਾਰਿਤ ਉਦਯੋਗਾਂ ਦੀ ਸਥਾਪਨਾ ਬੇਰੁਜ਼ਗਾਰੀ ’ਤੇ ਕਾਬੂ ਪਾਉਣ ਲਈ ਜ਼ਰੂਰੀ ਹੈ। ਖੇਤੀ ਸੈਕਟਰ ਪੰਜਾਬ ਦੀ ਰੀੜ ਦੀ ਹੱਡੀ ਹੈ। ਇਸ ਦੀਆਂ ਸਾਰੀਆਂ ਸਮੱਸਿਆਵਾਂ, ਖੇਤੀ ਲਾਗਤਾਂ, ਮੁੱਲ, ਕਰਜ਼ਾ, ਆਤਮ-ਹੱਤਿਆਵਾਂ ਆਦਿ ਬਾਰੇ ਇਕ ਵਿਸ਼ੇਸ਼ਗ ਕਮੇਟੀ ਬਣਾ ਕੇ ਉਨਾਂ ਦੀ ਦਰੁਸਤੀ ਬਹੁਤ ਜ਼ਰੂਰੀ ਹੈ। ਪ੍ਰਾਈਵੇਟ ਸਿੱਖਿਆ ਤੇ ਸਿਹਤ ਸਹੂਲਤਾਂ ਬਾਰੇ ਸਰਵੇਖਣ ਇਸ਼ਾਰਾ ਕਰਦੇ ਹਨ ਕਿ ਆਮ ਕਿਸਾਨ ਤੇ ਹੋਰ ਲੋਕਾਂ ਦੀ ਆਮਦਨ ਦਾ ਵੱਡਾ ਹਿੱਸਾ ਇਨਾਂ ਉੱਪਰ ਖਰਚ ਹੋ ਜਾਂਦਾ ਹੈ। ਅਜੋਕਾ ਸਮਾਂ ਤਕਨਾਲੋਜੀ ਦਾ ਹੈ, ਇਸ ਲਈ ਆਈ. ਟੀ ਤੇ ਕੰਪਿਊਟਰ ਇੰਡਸਰਟੀਅਲ ਸੈਂਟਰ (ਹੱਬ) ਦੀ ਸਥਾਪਨਾ ਨਵਾਂ ਗਿਆਨ ਹਾਸਲ ਕਰਨ ਵਾਲੇ ਨੌਜਵਾਨਾਂ ਦੇ ਰੁਜ਼ਗਾਰ ਲਈ ਸਹਾਈ ਹੋ ਸਕਦੇ ਹਨ। ਇਸ ਦੇ ਨਾਲ ਹੀ ਉੱਭਰ ਰਹੀ ਸਮੱਸਿਆ ਹੈ ਸੜਕਾਂ ਉੱਪਰ ਵਧ ਰਹੇ ਟ੍ਰੈਫਿਕ ਦੀ ਹਾਦਸਿਆਂ ਵਿਚ ਵਧੇਰੇ ਕਮਾਊ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਪੰਜਾਬ ਵਿਚ ਹਰ ਰੋਜ਼ ਔਸਤਨ 12 ਲੋਕ ਹਾਦਸਿਆਂ ਵਿਚ ਰੱਬ ਨੂੰ ਪਿਆਰੇ ਹੋ ਜਾਂਦੇ ਹਨ। ਨੌਜਵਾਨ ਪੀੜੀ ਦਾ ਪੰਜਾਬ ਵਿਚੋਂ ਪ੍ਰਵਾਸ ਆਉਣ ਵਾਲੇ ਸਮੇਂ ਵਿਚ ਪੰਜਾਬੀ ਸਮਾਜ ਲਈ ਨਵੀਂਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਜੋ ਸੋਚਣ ਦਾ ਮਸਲਾ ਹੈ। ਧਰਤੀ ਹੇਠਲਾ ਪਾਣੀ, ਨਸ਼ਾ ਮੁਕਤੀ, ਵਾਤਾਵਰਨ ਦੀ ਸੰਭਾਲ ਆਦਿ ਹੋਰ ਮਸਲੇ ਹਨ, ਜਿਨਾਂ ਬਾਰੇ ਗੰਭੀਰਤਾ ਦੀ ਜ਼ਰੂਰਤ ਹੈ। ਪੰਜਾਬ ਲਈ ਸਮਾਂ ਕਠਿਨ ਹੈ ਪਰ ਰਾਹ ’ਤੇ ਲਿਆਉਣਾ ਨਾਮੁਮਕਿਨ ਨਹੀਂ।

**ਡਾਕਟਰ ਸੁਖਦੇਵ ਸਿੰਘ**

## ਪਰਵਾਸ ਨਾਲ ਜੁੜੇ ਸਰੋਕਾਰ

ਬੀਤੇ ਵਰੇ ਸਭ ਤੋਂ ਵੱਧ ਲੋਕ ਭਾਰਤ ਤੋਂ ਪਰਵਾਸ ਕਰ ਕੇ ਕੈਨੇਡਾ ਵਿਚ ਆਏ ਸਨ। ਯਕੀਨਨ ਇਨਾਂ ਵਿਚ ਬਹੁ-ਗਿਣਤੀ ਵਿਦਿਆਰਥੀ ਵੀਜ਼ੇ ’ਤੇ ਆਏ ਬੱਚਿਆਂ ਦੀ ਹੈ। ਆਪਣੇ ਮਾਪਿਆਂ ਤੋਂ ਦੂਰ ਆਏ ਇਨਾਂ ਵਿਦਿਆਰਥੀਆਂ ਦੇ ਬਹੁਤ ਸਾਰੇ ਸੁਪਨੇ ਹਨ। ਇੱਥੇ ਆਉਣ ਨਾਲ ਉਨਾਂ ਦੇ ਪਰਿਵਾਰਾਂ ਦੀ ਬਣਤਰ ਬਦਲ ਜਾਂਦੀ ਹੈ। ਪਰਿਵਾਰ ਦੋ ਦੇਸ਼ਾਂ ਅਤੇ ਦੋ ਘਰਾਂ ਵਿਚ ਵੰਡਿਆ ਜਾਂਦਾ ਹੈ। ਕਈ ਹਾਲਤਾਂ ਵਿਚ ਬਜ਼ੁਰਗਾਂ ਨੂੰ ਆਪਣੇ ਰਹਿਣ-ਸਹਿਣ ਅਤੇ ਭਾਈਚਾਰਕ ਸਾਂਝ ਦਾ ਤਿਆਗ ਕਰਨਾ ਪੈਂਦਾ ਹੈ ਪਰ ਅਜਿਹੇ ਵਿਦਿਆਰਥੀਆਂ ਦੀ ਆਬਾਦੀ ਵਧਣ ਨਾਲ ਹੁਣ ਇਹ ਇਕੱਲੇ-ਦੁਕੱਲੇ ਨਹੀਂ ਰਹੇ ਸਗੋਂ ਭੀੜਾਂ ਬਣ ਗਏ ਹਨ। ਭੀੜਾਂ ਦੀ ਆਪਣੀ ਮਾਨਸਿਕਤਾ ਅਤੇ ਵਿਵਹਾਰ ਹੁੰਦਾ ਹੈ। ਇਸ ਵਿਵਹਾਰ ਵਿਚ ਬਹੁਤ ਸਾਰਾ ਅਜਿਹਾ ਵੀ ਸ਼ਾਮਲ ਹੋ ਜਾਂਦਾ ਹੈ ਜੋ ਸਿਸਟਮ ਦੇ ਹਾਣ ਦਾ ਨਹੀਂ ਹੁੰਦਾ। ਇਹ ਵਿਵਹਾਰ ਦਹਾਕੇ ਪਹਿਲਾਂ ਆ ਵਸੇ ਹਮ-ਵਤਨੀਆਂ ਦੀ ਸਮਾਜਿਕਤਾ ਨੂੰ ਵੀ ਠੇਸ ਪੁਚਾਉਂਦਾ ਹੈ। ਨਤੀਜੇ ਵਜੋਂ ਉਨਾਂ ਸਥਾਈ ਵਸੋਂ ਵਾਲਿਆਂ ਦਾ ਇਨਾਂ ਨਵੇਂ ਆਏ ਬੱਚਿਆਂ ਨਾਲ ਰਿਸ਼ਤਾ ਮੋਹ ਵਾਲਾ ਨਹੀਂ ਰਹਿੰਦਾ। ਕੁਝ ਵਰੇ ਪਹਿਲਾਂ ਇਨਾਂ ਨੂੰ ਆਸਰਾ ਦੇਣ ਵਾਲੇ, ਘਰ ਰੱਖ ਕੇ ਰੋਟੀ ਖੁਆਉਣ ਵਾਲੇ ਹੁਣ ਉਲਾਮੇ ਦਿੰਦੇ ਹਨ, ਸ਼ਿਕਾਇਤਾਂ ਕਰਦੇ ਹਨ। ਇੱਥੋਂ ਦੇ ਸਿਸਟਮ ਨਾਲ ਇਕਸੁਰ ਹੋਏ ਪੁਰਾਣੇ ਲੋਕ ਮਹਿਸੂਸ ਕਰਦੇ ਹਨ ਕਿ ਇਹ ਨਵੀਂ ਆਮਦ ਸਿਸਟਮ ਵਿਚ ਵਿਗਾੜ ਪੈਦਾ ਕਰ ਰਹੀ ਹੈ। ਜਿਸ ਸੁਥਰੇ ਸਿਸਟਮ ਦੀ ਖਿੱਚ ਨੇ ਉਨਾਂ ਨੂੰ ਆਪਣੀ ਭੋਇੰ ਛੱਡਣ ਲਈ ਲਈ ਮਜਬੂਰ ਕੀਤਾ ਸੀ ਜਾਂ ਪ੍ਰੇਰਿਆ ਸੀ, ਉਸ ਦੀ ਨਿਰਸ਼ਲਤਾ ਵਿਚ ਕੁਝ ਲੋਕਾਂ ਦਾ ਵਿਵਹਾਰ ਅਤੇ ਪੂੰਜੀ ਕਮਾਉਣ ਦਾ ਲੋਭ ਦੂਸ਼ਿਤ ਵਾਤਾਵਰਨ ਪੈਦਾ ਕਰ ਰਿਹਾ ਹੈ। ਡਰੱਗਜ਼ ਵਰਗਾ ਕਾਰੋਬਾਰ ਜਿਸ ਤੋਂ ਪੰਜਾਬ ਬੁਰੀ ਤਰਾਂ ਪੀੜਤ ਹੈ, ਦੀ ਦਸਤਕ ਜਦ ਸੱਤ ਸਮੁੰਦਰ ਪਾਰ ਇਸ ਧਰਤੀ ਉੱਪਰ ਸੁਣਦੀ ਹੈ ਤਾਂ ਸੁਪਨੇ ਵਿਲਕਦੇ ਵੀ ਹਨ ਅਤੇ ਟੁੱਟਦੇ ਵੀ ਹਨ। ਡਰੱਗਜ਼ ਦੇ ਇਸ ਘਿਨਾਉਣੇ ਵਰਤਾਰੇ ਦੀ ਪਹੁੰਚ ਸਕੂਲਾਂ ਵਿਚ ਪੜਦੇ ਬੱਚਿਆਂ ਤਕ ਵੀ ਹੋ ਗਈ ਹੈ। ਜਦੋਂ ਕੋਈ ਪਰਿਵਾਰ ਆਪਣੀ ਚੰਗੀ-ਭਲੀ ਜ਼ਿੰਦਗੀ ਅਤੇ ਅਹੁਦੇ ਤਿਆਗ ਕੇ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਦੀ ਖ਼ਾਤਰ ਇਸ ਵਤਨ ਵਿਚ ਪਨਾਹ ਲੈਂਦਾ ਹੈ, ਉਸ ਪਰਿਵਾਰ ਦੇ ਬੱਚੇ ਜੇਕਰ ਇਸ ਅਲਾਮਤ ਦਾ ਸ਼ਿਕਾਰ ਹੋ ਜਾਣ ਤਾਂ ਮਾਪਿਆਂ ਦੀ ਮਾਨਸਿਕਤਾ ਅਤੇ ਪੀੜਾ ਤੁਸੀਂ ਸਮਝ ਹੀ ਸਕਦੇ ਹੋ। ਜਿਨਾਂ ਲੋਕਾਂ ਨੇ ਆਪਣੇ ਘਰ ਇਨਾਂ ਵਿਦਿਆਰਥੀਆਂ ਨੂੰ ਕਿਰਾਏ ’ਤੇ ਦਿੱਤੇ ਹਨ, ਉਨਾਂ ਦੀ ਇਹ ਸ਼ਿਕਾਇਤ ਕਿ ਜੀ ਗੰਦ ਬੜਾ ਪਾਉਂਦੇ ਹਨ, ਸ਼ਰਮਸਾਰ ਕਰਦੀ ਹੈ। ਪੰਜਾਬੀ ਸੁਭਾਅ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦਾ ਦੁਨੀਆਂ ਵਿਚ ਬੋਲਬਾਲਾ ਹੈ ਪਰ ਇਸੇ ਸੁਭਾਅ ਵਿਚਲੀਆਂ ਖਰਮਸਤੀਆਂ, ਆਪਹੁਦਰਾਪਣ, ਫੁਕਰਾਪਣ ਅਤੇ ਹੁੱਲੜਬਾਜ਼ੀ ਸੰਵੇਦਨਸ਼ੀਲ ਬੰਦੇ ਨੂੰ ਪ੍ਰੇਸ਼ਾਨ ਕਰਨ ਲਈ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਸਮਾਜ ਵਿਚ ਤੁਹਾਡਾ ਰੁਤਬਾ ਅਹੁਦੇ ਕਰਕੇ ਵੀ ਹੁੰਦਾ ਹੈ ਅਤੇ ਤੁਹਾਡੇ ਰਹਿਣ-ਸਹਿਣ ਅਤੇ ਵਿਵਹਾਰ ਕਰਕੇ ਵੀ। ਆਪਣੀ ਸਮਾਜਿਕਤਾ ਨੂੰ ਸਤਿਕਾਰਤ ਮੁਹਾਂਦਰਾ ਦੇਣ ਲਈ ਵਕਤ ਲੱਗਦਾ ਹੈ ਪਰ ਇਸ ਵੱਕਾਰ ਨੂੰ

ਬਾਕੀ ਸਫ਼ਾ 30 ’ਤੇ

# ਪ੍ਰੋ. ਪੂਰਨ ਸਿੰਘ ਦੇ ਅੰਤਲੇ ਦਿਨਾਂ ਨੂੰ ਯਾਦ ਕਰਦਿਆਂ

## ਮਾਇਆ ਦੇਵੀ ਪੂਰਨ ਸਿੰਘ

ਆਪ ਜੀ ਦੇ ਕਥਨਾਂ ਨੂੰ ਬਿਆਨ ਕਰਨਾ ਐਸਾ ਹੀ ਹੈ ਜਿਵੇਂ ਰੱਬ ਨੂੰ ਰੂਪ ਰੰਗ ਵਿਚ ਲਿਆਉਣਾ। ਆਪ ਨੇ ਜੋ ਕਹਿਣਾ, ਜੋ ਕਰਨਾ ਮਿੱਥ ਗਿਣ ਕੇ ਨਹੀਂ ਕਰਦੇ ਸਨ। ਬੱਚਿਆਂ ਵਾਂਗੂ ਤੋਤਲੀਆਂ ਗੱਲਾਂ ਕਰੀ ਜਾਣੀਆਂ। ਸਿਰਫ਼ ਇਸ ਗੱਲ ਦਾ ਖ਼ਿਆਲ ਰੱਖਣਾ ਕਿ ਜਿਸ ਨੂੰ ਮੈਂ ਇਹ ਗੱਲਾਂ ਸੁਣ ਰਿਹਾ ਹਾਂ ਉਹ ਇਨਾਂ ਗੱਲਾਂ 'ਤੇ ਕਿੰਨਾ ਹਸਦਾ ਤੇ ਖ਼ੁਸ਼ੀ ਹੋ ਰਿਹਾ ਹੈ। ਤੇ ਜਿਵੇਂ ਸੁਣਨ ਵਾਲੇ ਸੁਣ ਕੇ ਹੋਰ ਗੱਲ ਸੁਣਨ ਨੂੰ ਤਿਆਰ ਹੋ ਜਾਂਦੇ, ਆਪ ਜੀ ਨੇ ਉਹੀ ਗੱਲਾਂ ਹੋਰ ਵਧਾ ਵਧਾ ਸੁਣਾਨੀਆਂ। ਸੁਣਨ ਵਾਲੇ ਨੇ ਕਿਸੇ ਹੋਰ ਨੂੰ ਸੁਣਾਨੀਆਂ ਤਾਂ ਹੋਰ ਅਰਥ ਤੇ ਰੂਪ ਰੰਗ ਦੇ ਕੇ। ਉਸ ਨੇ ਹੋਰ ਅਦਲਾ ਬਦਲੀ ਕਰ ਕੇ ਆਪ ਜੀ ਨੂੰ ਜਾ ਸੁਣਾਨੀਆ। ਆਪ ਨੇ ਸੁਣ ਕੇ ਹੈਰਾਨ ਪ੍ਰੇਸ਼ਾਨ ਹੋ ਜਾਣਾ, ਤੇ ਸੋਚਣਾ ਕਿ ਮੈਂ ਤਾਂ ਐਸੀਆਂ ਗੱਲਾਂ ਨਹੀਂ ਕੀਤੀਆਂ।

ਤੇ ਫੇਰ ਆਪ ਜੀ ਨੇ ਇਨਾਂ ਗੱਲਾਂ ਦੀ ਚਿੰਤਾ ਕਰਨੀ ਸ਼ੁਰੂ ਕਰ ਦਿੱਤੀ।

ਦੂਜੀ ਆਪ ਜੀ ਨੂੰ ਇਹ ਸੋਚ ਪੈ ਗਈ ਕਿ ਜਿਸ ਨੂੰ ਮੈਂ ਆਪਣਾ ਜੀਵਨ ਸਾਥੀ ਬਣਾਇਆ ਹੈ, ਉਨਾਂ ਮੇਰੀਆਂ ਗੱਲਾਂ ਗ਼ਲਤ ਸਮਝੀਆਂ ਹਨ ਤੇ ਗ਼ਲਤਫਹਿਮੀ ਫੈਲੀ ਹੈ। ਜਿਨਾਂ ਖ਼ਾਤਰ ਆਪ ਜੀਉਂਦੇ ਸਨ, ਜਦ ਉਨਾਂ ਦੀਆਂ ਗੱਲਾਂ ਵਿਚ ਪਰਿਵਰਤਨ ਵੇਖਿਆ, ਤਦ ਆਪ ਦਾ ਦਿਲ ਹਿਲ ਗਿਆ। ਇਸ ਦਿਲ ਹਿਲਾਉਣ ਵਾਲੀ ਗੱਲ ਨੂੰ ਬਰਦਾਸ਼ਤ ਕਰਨਾ ਕਠਨ ਹੋ ਗਿਆ। ਕਵੀ ਸਨ, ਵਲਵਲਿਆਂ ਭਰਿਆ ਦਿਲ ਸੀ, ਨਿੱਕੇ ਅੰਞਣੇ ਬੱਚੇ ਵਾਂਗੂੰ, ਜ਼ਰਾ ਪੁਚਕਾਰਿਆ, ਜ਼ਰਾ ਸ਼ਲਾਘਾ ਕੀਤੀ, ਤਾਂ ਹੱਸ ਪੈਣਾ, ਸਭ ਕੁਝ ਭੁੱਲ ਜਾਣਾ, ਖੇਡਾਂ ਵਿਚ ਰੁਝ ਜਾਣਾ। ਦਿਲ ਆਪ ਦਾ ਫਟਕ ਮਣੀ ਵਾਂਗੂੰ ਸਾਫ਼ ਸੀ, ਅਕਸ ਜ਼ਰੂਰ ਦੂਜੇ ਦਾ ਪੈ ਜਾਣਾ। ਐਸਾ ਹੋਂਦ ਵਿਚ ਆਇਆ ਹੋਇਆ ਆਦਮੀ ਮਿਲਣਾ ਕਠਨ ਹੈ। ਸਾਰੇ ਦੁੱਖ ਸੁਖ ਪਲਕ ਝਲਕ ਹੀ ਰਹਿੰਦੇ ਸਨ, ਗੁੱਸਾ ਵੀ ਕੜਕ ਦੇ ਕੇ, ਬੱਦਲਾਂ ਵਾਂਗੂ ਸਾਫ਼ ਹੋ ਜਾਂਦਾ। ਪਰ ਏਸ ਗੱਲ ਨੂੰ ਨਾ ਭੁੱਲ ਸਕੇ ਤੇ ਏਸ ਦੁਨੀਆਂ ਤੋਂ ਤੁਰਨ ਲਈ ਤਿਆਰੀ ਕਰ ਲੀਤੀ। ਮੈਂ ਬਹੁਤੇਰੀਆਂ ਤਸੱਲੀਆਂ ਦਿੱਤੀਆਂ, ਪਰ ਆਪ ਦੇ ਦਿਲ 'ਤੇ ਕੋਈ ਨਾ ਪੁੜੀ । ਆਪ ਆਪਣੇ ਆਪ 'ਤੇ ਗੁੱਸੇ ਹੋ ਗਏ ਤੇ ਆਪਣੇ ਆਪ ਨੂੰ ਬੇਅਰਥ ਸਮਝਣ ਲਗ ਪਏ।

ਪਹਿਲੀ ਵਾਲੀ ਕੜਕ, ਉਹ ਗਰਜਣਾ ਉਹ ਹੱਸ ਕੇ ਖਿੜਨਾ ਤੇ ਖਿੜਾਉਣਾ ਸਭ ਭੁੱਲ ਗਏ। ਐਸੀ ਹਾਲਤ ਵਿਚ ਆਪ ਨੇ ਇਕ ਵਡਾ ਸਾਰਾ ਲੇਖ ਆਪਣੇ ਮਨ ਦੇ ਖ਼ਿਆਲਾਂ ਦਾ ਪੰਜਾਬੀ ਵਿਚ ਲਿਖਿਆ, ਜੋ ਛਪਣ ਲਈ ਘਲਿਆ, ਪਰ ਛਪ ਕੇ ਨਾ ਆਇਆ। ਉਸ ਦੀ ਉਡੀਕ ਕਈ ਮਹੀਨੇ ਕਰਦੇ ਰਹੇ ਤੇ ਉਡੀਕਦੇ ਹੀ ਤੁਰ ਗਏ । ਉਹ ਲੇਖ ਸਾਨੂੰ ਵੀ ਨਾ ਮਿਲਿਆ।

ਜਿਨਾਂ ਲੋਕਾਂ ਨੇ ਹੱਸਦਿਆਂ ਵੇਖਿਆ ਸੀ ਉਹ ਆਪ ਜੀ ਦੀ ਚੁੱਪ ਵੇਖ ਕੇ ਹੈਰਾਨ ਹੁੰਦੇ। ਪਹਿਲੇ ਤਾਂ ਆਪ ਦੀਆਂ ਅੱਖਾਂ ਵਿਚ ਸਦਾ ਅਥਰੂ ਭਰੇ ਰਹਿੰਦੇ ਸਨ, ਉਹ ਅਬਚਲ ਮੂਰਤ ਅੱਖਾਂ ਅਗੇ ਰਹਿੰਦੀ ਤੇ ਗਾਉਂਦੇ ਫਿਰਦੇ :-

ਹਾਥ ਖ਼ਾਲੀ ਮਰਦਮੇ-ਦੀਦ ਬੁਤੋਂ ਸੇ ਕਿਆ ਮਿਲੇ,
ਮੋਤੀਉਂ ਕੀ ਪੰਜਾਏ-ਮਜ਼ਗਾਂ ਮੇਂ ਇਕ ਮਾਲਾ ਤੋਂ ਹੋ।

ਹੁਣ ਅੱਖਾਂ ਵਿਚ ਇਸ ਤਰਾਂ ਦਾ ਸੋਕਾ ਆ ਗਿਆ ਜਿਵੇਂ ਕਦੇ ਇਨਾਂ ਨੈਣਾਂ ਵਿਚ ਬੱਦਲ ਆਏ ਹੀ ਨਹੀਂ। ਡੇਹਰਾਦੂਨ ਤੋਂ ਪੰਜਾਬ ਵਲ ਤੁਰ ਪਏ। ਚੱਕਾਂ ਵਿਚ ਜਾਣਾ ਸੀ, ਸਰਕਾਰ ਨੂੰ ਮਾਮਲਾ ਦੇਣ। ਰਸਤੇ ਵਿਚ ਲਾਹੌਰ ਉਤਰੇ। ਮਾਯੂਸੀ ਨੇ ਦਿਲ 'ਤੇ ਡੇਰੇ ਲਾਏ ਹੋਏ ਸਨ। ਕਿਸੇ ਨੂੰ ਕੁਝ ਹਾਲ ਦਸਿਆ, ਕਿਸੇ ਨੂੰ ਕੁਝ ਨਾ ਦਸਿਆ। ਦਿਲ ਬੁਝਾ ਬੈਠੇ ਤੇ ਗਾਉਂਦੇ ਫਿਰਦੇ :

ਉਕਤਾ ਗਿਆ ਹੈ ਯਾ ਰੱਬ
ਦੁਨੀਆਂ ਕੀ ਮਹਿਫ਼ਲੋਂ ਸੇ,
ਕਿਆ ਲੁਤਫ਼ ਅੰਜਮਨ ਕਾਂ,
ਜੋ ਦਿਲ ਹੀ ਬੁਝ ਗਿਆ ਹੈ।

ਕੋਈ ਐਸਾ ਦੀਵਾ ਲਟ ਲਟ ਬਲਦਾ ਨਾ ਮਿਲਿਆ ਜੋ ਛੂੰਹਦਿਆਂ ਹੀ ਦਿਲ ਨੂੰ ਜਗਾ ਦੇਂਦਾ। ਸਦਾ ਖੁਸ਼ੀਆਂ ਵਿਚ ਰਹਿਣ ਵਾਲਿਆਂ ਨੂੰ ਮਾਯੂਸੀ ਨੇ ਐਸਾ ਮਾਯੂਸ ਕੀਤਾ ਕਿ ਹੱਸਣਾ ਖੇਡਣਾ, ਗਾਉਣਾ, ਖਾਣਾ ਸਭ ਭੁੱਲ ਗਿਆ। ਆਪ ਜੀ ਦੇ ਜੋ ਖ਼ਤ ਮੈਨੂੰ ਡੇਹਰਾਦੂਨ ਆਉਂਦੇ ਉਨਾਂ ਵਿਚ ਵੀ ਇਕ ਉਦਾਸੀ ਭਰੀ ਹੁੰਦੀ ਸੀ।

ਨਵੰਬਰ, 1930 ਦੇ ਸ਼ੁਰੂ ਵਿਚ ਲਾਹੌਰ ਤੋਂ ਡੇਹਰਾਦੂਨ ਖ਼ਬਰ ਆਈ ਕਿ ਆਪ ਜੀ ਨੂੰ ਟੀ. ਬੀ. ਦਾ ਰੋਗ ਲਗ ਗਿਆ ਹੈ। ਇਹ ਸੁਣਦੇ ਸਾਰ ਹੀ ਮੇਰਾ ਦਿਲ ਕੰਬ ਉਠਿਆ। ਡਾਕਟਰ ਖ਼ੁਦਾਦਾਦ, ਜੋ ਆਪਣੇ ਦਿਲ ਨੂੰ ਆਪਣੇ ਮਨ ਦੀ ਸ਼ਕਤੀ ਨਾਲ ਕਾਬੂ ਵਿਚ ਰਖਦੇ ਸਨ, ਵੀ ਆਪਣੇ ਦਿਲ ਨੂੰ ਕਾਇਮ ਨਾ ਰਖ ਸਕੇ। ਇਕਦਮ ਉਨਾਂ ਦਾ ਚਿਹਰਾ ਪੀਲਾ ਪੈ ਗਿਆ। ਡਾਕਟਰ ਬਲਬੀਰ ਸਿੰਘ ਅਤਿ ਵਿਆਕੁਲ ਹੋਏ।

ਮੈਂ ਝਟ ਹੀ ਆਪਣੇ ਮੰਝਲੇ ਲੜਕੇ ਨਿਰਲੇਪ ਸਿੰਘ ਨੂੰ ਨਾਲ ਲੈ ਕੇ ਲਾਇਲਪੁਰ ਚਲੀ ਆਈ ਜਿਥੇ ਗਾਰਗੀ ਤੇ ਮਲਕ ਅਮਰ ਸਿੰਘ ਰਹਿੰਦੇ ਸਨ। ਉਥੇ ਕੇ ਵੇਖਿਆ ਕਿ ਆਪ ਦੋਹਤ੍ਰੀ ਅਨੀਲਾ ਨਾਲ ਖੇਡ ਰਹੇ ਸਨ।

ਮੈਂ ਕਿਹਾ, 'ਚਲੋ ਡੇਹਰਾਦੂਨ ਚਲੀਏ।' ਉਨਾਂ ਨੇ ਇਸ ਦਾ ਜਵਾਬ ਕੁਝ ਨਾ ਦਿਤਾ, ਪਰ ਕਹਿਣ ਲਗੇ 'ਮੇਰੀਆਂ ਕਿਤਾਬਾਂ ਚੱਕਾਂ ਤੋਂ ਲੈ ਆਉ।'

ਮੈਂ, ਨਿਰਲੇਪ ਸਿੰਘ ਤੇ ਮਲਕ ਅਮਰ ਸਿੰਘ ਚੱਕਾਂ ਵਿਚ ਗਏ ਤੇ ਸਾਰੀਆਂ ਲਿਖਤੀ ਕਿਤਾਬਾਂ ਲੈ ਆਏ, ਹੋਰ ਕੁਝ ਨਾ ਲਿਆ।

ਨਵੰਬਰ, 1930 ਵਿਚ ਹੀ ਮੈਂ ਉਨਾਂ ਨੂੰ ਡੇਹਰਾਦੂਨ ਲੈ ਆਈ। ਪਰ ਸ਼ਹਿਰ ਤੇ ਸ਼ਹਿਰ ਦੇ ਆਦਮੀਆਂ ਤੋਂ ਘਬਰਾਉਂਦੇ। ਡੇਹਰਾਦੂਨ ਜੀਅ ਨਾ ਲੱਗਾ। ਇਸ ਲਈ ਡੋਈਵਾਲੇ (ਜੋ 12 ਮੀਲ ਪਰੇ ਹੈ) ਜਾਣ ਦਾ ਫ਼ੈਸਲਾ ਕੀਤਾ। ਉਥੇ ਫੈਕਟਰੀ ਹੈ, ਦਰਿਆ ਹੈ। ਫੈਕਟਰੀ ਚੱਲ ਰਹੀ ਸੀ। ਆਪ ਜੀ ਵੇਖ ਕੇ ਖ਼ੁਸ਼ ਹੋਏ। ਨੌਕਰ ਚਾਕਰ ਮਿਸਤਰੀ ਜੋ ਆਪ ਦੇ ਨਾਲ ਪਹਿਲੇ ਤੋਂ ਕੰਮ ਕਰਦੇ ਸਨ, ਉਹ ਸਾਰਾ ਕੰਮ ਪੁੱਛ ਪੁੱਛ ਕੇ ਕਰਨ ਲਗੇ। ਉਨਾਂ ਨੂੰ ਸਾਰਾ ਕੰਮ ਦਸਦੇ ਤੇ ਬਾਗ ਵਿਚ ਫਿਰਦੇ ਤੇ ਖ਼ੁਸ਼ ਹੁੰਦੇ।

ਬੀਮਾਰੀ ਵਿਚ ਆਪਣੇ ਆਪ ਨੂੰ ਇਕ ਛੋਟਾ ਬੱਚਾ ਸਮਝਦੇ ਤੇ ਬੱਚਿਆਂ ਵਾਲੀਆਂ ਗੱਲਾਂ ਕਰਦੇ। ਕਹਿੰਦੇ, 'ਦੇਖ, ਮਾਇਆ, ਮੇਰੇ ਸਿਰ 'ਤੇ ਛੱਬਾ ਗੁੰਦਿਆ ਹੋਇਆ ਹੈ। ਮੇਰੇ ਪੈਰਾਂ 'ਤੇ ਪੋਟੇ ਪਏ ਹੋਏ ਹਨ ਜੋ ਛਣ ਛਣ ਕਰਦੇ ਨੇ। ਤੈਨੂੰ ਆਵਾਜ਼ ਆਉਂਦੀ ਏ ?'

ਮੈਂ ਕਹਾਂ, 'ਹਾਂ ਜੀ'

ਜੋ ਡੋਈਵਾਲੇ ਵਿਚ ਬੱਚੇ ਸਨ ਉਨਾਂ ਨਾਲ ਖੇਡਦੇ।

ਪਰ ਅੰਦਰਲਾ ਕੁਮਲਾਇਆ ਹੋਇਆ ਸੀ ਇਸ ਤਰਾਂ ਜਿਵੇਂ ਜੀਵਨ ਦੀ ਕੋਈ ਨਿਕੀ ਜਿਹੀ ਜੜ ਕਿਧਰੇ ਫਸੀ ਹੋਈ ਹੈ, ਬਾਕੀ ਸਭ ਖ਼ਤਮ। ਉਨਾਂ ਜੜਾਂ ਨੂੰ ਮੈਂ ਮਜ਼ਬੂਤ ਕਰਨ ਦਾ ਬਹੁਤ ਜਤਨ ਕਰਾਂ ਪਰ ਆਪ ਜੀ ਆਪਣੇ ਆਪ ਉਤੇ ਆਪ ਹੀ ਗੁੱਸੇ ਹੋ ਗਏ ਸਨ।

ਇਸ ਤਰਾਂ ਤਨ ਖੁਰਦਾ ਰਿਹਾ, ਪਰ ਤਦ ਵੀ ਮਨ ਵੈਸਾ ਹੀ ਏਕਤਾ ਵਾਲਾ, ਪਿਆਰ ਭਰਿਆ। ਨਾ ਗੁੱਸਾ ਸੀ ਨਾ ਕਿਸੇ 'ਤੇ ਗਿੱਲਾ ਸੀ।

ਆਪ ਜੀ ਦਾ ਇਲਾਜ ਡੇਹਰਾਦੂਨ ਦੇ ਡਾਕਟਰ ਕਰਦੇ ਸਨ ਜੋ ਆਪ ਨੂੰ ਦੇਖਣ ਵਾਸਤੇ ਰੋਜ਼ ਆਉਂਦੇ। ਨਾਲ ਹੀ ਡਾਕਟਰ ਖ਼ੁਦਾਦਾਦ ਤੇ ਡਾਕਟਰ ਬਲਬੀਰ ਸਿੰਘ ਹੋਰ ਮਿੱਤਰਾਂ ਸਮੇਤ ਆਉਂਦੇ । ਡਾਕਟਰ ਖ਼ਦਾਦਾਦ 1905 ਤੋਂ ਲੈ ਕੇ ਜੀਵਨ ਦੇ ਅਖ਼ੀਰ ਤਕ ਸਾਡੇ ਨਾਲ ਰਹੇ।

ਜਦ ਵੇਖਿਆ ਕਿ ਡੋਈਵਲੇ ਵਿਚ ਰਹਿ ਕੇ ਬੀਮਾਰੀ ਨੂੰ ਫਾਇਦਾ ਨਹੀਂ ਹੋਇਆ। ਡੇਹਰਾਦੂਨ ਆ ਕੇ ਹਰ ਪਰਕਾਰ ਦਾ ਨਵਾਂ ਇਲਾਜ ਕਰਨਾ ਸ਼ੁਰੂ ਕੀਤਾ। ਜਿਸ ਵਿਚ ਫੇਫੜੇ ਨੂੰ ਬੰਦ ਵੀ ਕਰਾਇਆ, ਪਰ ਫਾਇਦਾ ਕੁਝ ਨਾ ਹੋਇਆ।

ਡਾਕਟਰ ਖ਼ੁਦਾਦਾਦ ਨਾਲ ਚੱਕਾ ਦੀ ਜ਼ਮੀਨ ਬਾਬਤ ਗੱਲਾਂ ਕਰਨੀਆਂ । ਜ਼ਮੀਨ ਦਾ ਮਾਮਲਾ ਦੇਣ ਦਾ ਆਪ ਨੂੰ ਬਹੁਤ ਫਿਕਰ ਸੀ ਕਿ ਮਾਮਲਾ ਨਾ ਦਿਤਾ ਤਾਂ ਕਿਤੇ ਮੁਰੱਬੇ ਜ਼ਬਤ ਨਾ ਹੋ ਜਾਣ। ਡਾਕਟਰ ਖ਼ੁਦਾਦਾਦ ਨੇ ਆਪ ਦਾ ਫਿਕਰ ਹਟਾਉਣ ਵਾਸਤੇ ਮਾਮਲਾ ਭੇਜ ਦਿਤਾ। ਭਾਵੇਂ ਉਸ ਵੇਲੇ ਰੁਪਏ ਦੀ ਬਹੁਤ ਥੁੜ ਸੀ । ਜਦ ਮਾਮਲੇ ਦੀ ਰਸੀਦ ਆਪ ਦੇ ਹੱਥਾਂ ਵਿਚ ਫੜਾਈ, ਆਪ ਬਹੁਤ ਖ਼ੁਸ਼ ਹੋਏ ।

ਆਪ ਜੀ ਨੂੰ ਕਿਸਮ ਕਿਸਮ ਦੀਆਂ ਹੋਰ ਅਲਾਮਤਾਂ ਵੀ ਸਨ, ਜਿਨਾਂ ਦਾ ਇਲਾਜ ਇਕ ਦੂਜੇ ਤੋਂ ਵੱਖਰਾ ਸੀ-ਗਾਊਨ, ਐਲਬਰਾਮੇਡੋਰੀਆ, ਡਾਇਬਟੀਜ਼ ਤੇ ਟੀ. ਬੀ. ਜਦ ਟੀ. ਬੀ. ਨੂੰ ਵੇਖਣ ਲਈ ਐਕਸ-ਰੇਅ ਕਰਵਾਇਆ, ਐਕਸ-ਰੇਅ ਵਾਲੇ ਹੈਰਾਨ ਰਹਿ ਗਏ ਕਿ ਇੰਨੀਆਂ ਚੌੜੀਆਂ ਰਿੱਬਾਂ ਵਾਲੇ ਨੂੰ ਟੀ. ਬੀ. ਕਿਵੇਂ ਹੋ ਗਈ। ਹੱਡੀਆਂ ਇੰਚ ਤੋਂ ਜ਼ਿਆਦਾ ਚੌੜੀਆਂ ਸਨ। ਪਰ ਇਹ ਕਿਸੇ ਨੂੰ ਪਤਾ ਨਹੀਂ ਸੀ ਕਿ ਸਭ ਤੋਂ ਵੱਡੀ ਬੀਮਾਰੀ ਅੰਦਰਲੀ ਉਦਾਸੀ ਹੈ। ਜੋ ਵੀ ਇਲਾਜ ਹੁੰਦਾ ਰਿਹਾ ਉਸ ਵਿਚ ਆਪ ਨੇ ਆਪਣੀ ਕੋਈ ਰਾਏ ਨਾ ਦਿਤੀ । ਹਰ ਇਕ ਇਲਾਜ ਇਸ ਤਰਾਂ ਕਰਾਂਦੇ ਕਿ ਜਿਸਮ ਸੁੰਨ ਹੈ। ਫੇਫੜਾ ਬੰਦ ਕਰਨ ਵੇਲੇ ਵੀ ਵੈਸੇ ਹੀ ਚੁੱਪ ਰਹੇ । ਕਾਫੀ ਮਿਕਦਾਰ ਵਿਚ ਖ਼ੂਨ ਕਢਿਆ ਤਦ ਵੀ ਚੁੱਪ। ਦਮੋਦਰ ਸਿੰਘ ਇੰਜੀਨੀਅਰ, ਜਿਸ ਦੇ ਨਾਲ ਜਾਪਾਨ ਵਿਚ ਇਕੱਠਿਆਂ ਸਫਰ ਕੀਤਾ ਅਤੇ ਉਥੇ ਤਿੰਨ ਸਾਲ ਇਕ ਕਮਰੇ ਵਿਚ ਰਹੇ, ਦਾ ਖ਼ਤ ਆਇਆ ਕਿ ਸੰਤ ਲਖਬੀਰ ਸਿੰਘ ਨੂੰ ਅਰਜ਼ ਕਰੋ ਕਿ ਆਪ ਦੇ ਅਰੋਗ ਹੋਣ ਲਈ ਅਰਦਾਸ ਕਰਨ । ਇਹ ਮਾਰਚ 930 ਦੀ ਗੱਲ ਹੈ।

ਤਦ ਆਪ ਜੀ ਨੇ ਡਾਕਟਰ ਬਲਬੀਰ ਸਿੰਘ ਨੂੰ ਦੂਸਰੇ ਕਮਰੇ ਤੋਂ ਬੁਲਾ ਲਿਆ। ਉੱਚਾ ਨਹੀਂ ਬੋਲ ਸਕਦੇ ਸਨ । ਉਨਾਂ ਆਪਣਾ ਕੰਨ ਆਪ ਜੀ ਦੇ ਮੂੰਹ ਨਾਲ ਲਾਇਆ ।

ਆਪ ਨੇ ਕਿਹਾ, 'ਦੇਖ ਸੰਤਾਂ ਪਾਸ ਅਰਜ਼ ਨਹੀਂ ਕਰਨੀ ।' ਆਪਣੀ ਬਾਂਹ ਨੂੰ ਹੱਥ ਲਾ ਕੇ ਕਹਿਣ ਲੱਗੇ ਇਸ ਮੁੱਠੀ ਭਰ ਕਾਇਆ ਵਾਸਤੇ ਅਰਜ਼ ਕਰਨੀ ਗ਼ਲਤ ਗੱਲ ਹੈ। ਖ਼ਬਰਦਾਰ ਐਸੀ ਗਲ ਕਰੋ ਤਾਂ ਜੋ ਹੋਣਾ ਹੈ ਸੋ ਹੋਣ ਦਿਓ ।



ਪ੍ਰੋਫੈਸਰ ਪੂਰਨ ਸਿੰਘ ਜੀ

ਮੈਂ ਕਦੇ ਜ਼ਰਾ ਜਿੰਨੀ ਬੀਮਾਰ ਹੋ ਜਾਣਾ ਤਦ ਸਖਤ ਫਿਕਰ ਕਰਨਾ ਤੇ ਕਹਿਣਾ, 'ਮਾਇਆ, ਜੇ ਤੂੰ ਬੀਮਾਰ ਹੋ ਗਈ ਮੈਨੂੰ ਕੌਣ ਪੁਛੇਗਾ ?' ਮੇਰੇ ਬੀਮਾਰ ਹੋਣ ਤੋਂ ਡਰਦੇ ਸਨ। ਉਨਾਂ ਨੂੰ ਖ਼ਬਰ ਸੀ ਕਿ ਮੇਰੀ ਬੀਮਾਰੀ ਪ੍ਰਹੇਜ਼ ਵਾਲੀ ਏ, ਉਹ ਆਪ ਸਾਰਿਆਂ ਤੋਂ ਪ੍ਰਹੇਜ਼ ਕਰਨ ਲਗ ਪਏ। ਪਰ ਆਪ ਉਨਾਂ ਨੇ ਕਦੀ ਕਿਸੇ ਪ੍ਰਹੇਜ਼ ਵਾਲੀ ਬੀਮਾਰੀ ਤੋਂ ਕਦੇ ਪ੍ਰਹੇਜ਼ ਨਹੀਂ ਕੀਤਾ ਸੀ। ਆਪ ਦੇ ਬੀਮਾਰ ਹੋਣ ਤੋਂ ਪਹਿਲੇ ਲਾਹੌਰ ਹਸਪਤਾਲ ਵਿਚ ਇਕ ਲੜਕੀ ਬੀਬੀ ਗੋਬਿੰਦ ਕੌਰ ਟੀ. ਬੀ. ਨਾਲ ਬੀਮਾਰ ਸੀ। ਆਪ ਨੇ ਉਹਦੇ ਪਾਸ ਜਾ ਕੇ ਕਿੰਨਾਂ ਕਿੰਨਾਂ ਚਿਰ ਗੱਲਾਂ ਕਰਨੀਆਂ, ਪਿਆਰ ਕਰਨਾ। ਉਹ ਬੀਬੀ ਅਜੇ ਤਕ ਮੌਜੂਦ ਹੈ।

ਮੇਰੇ ਦਿਲ ਵਿਚ ਕਦੇ ਵੀ ਇਸ ਬੀਮਾਰੀ ਵਾਸਤੇ ਪ੍ਰਹੇਜ਼ ਨਹੀਂ ਆਇਆ। ਆਪ ਜੀ ਤੋਂ ਤਾਂ ਮੈਂ ਕੀ ਪ੍ਰਹੇਜ਼ ਕਰਨਾ ਸੀ । ਮੈਂ ਉਨਾਂ ਕੋਲ ਰਾਤ ਦਿਨ ਬੈਠਾ ਰਹਿਣਾ। ਰਾਤ ਸੌਣ ਵਕਤ ਜਿਵੇਂ ਅਗੇ 'ਗੁਡ ਨਾਈਟ' ਕਰਦੇ ਹੁੰਦੇ ਸਾਂ, ਇਸੇ ਤਰਾਂ ਪਿਆਰ ਕਰ ਜੱਫੀ ਦਾ 'ਗੁਡ ਨਾਈਟ' ਕਰਨੀ। ਆਪ ਕਹਿੰਦੇ ਰਹਿੰਦੇ, 'ਐਸਾ ਨਾ ਕਰ।' ਮੈਂ ਆਖਾਂ, 'ਇਸ ਖਲੜੀ ਦੀ ਖਾਤਰ ਇਹ ਅਮੁੱਲ ਵਕਤ ਗਵਾ ਦਿਆਂ, ਮੇਰੇ ਵਾਸਤੇ ਇਹ ਤਾਕਤ ਹੈ। ਆਪ ਫ਼ਿਕਰ ਨਾ ਕਰੋ।'

ਤੁਰਨ ਤੋਂ ਕੁਝ ਦਿਨ ਪਹਿਲੇ ਸਰਦਾਰ ਸੰਪੂਰਨ ਸਿੰਘ ਬੈਰਿਸਟਰ ਨੂੰ ਯਾਦ ਕੀਤਾ। ਉਹ ਵਲਾਇਤ ਵਿਚ ਸਨ। ਪਰ ਆ ਹੀ ਗਏ। ਉਹ ਵੀ ਵਾਹੋਦਾਹ ਆਪ ਤੇ ਭੈਣ ਨਰਿੰਦਰ ਜੀ (ਆਪਣੀ ਸਰਦਾਰਨੀ) ਨੂੰ ਨਾਲ ਲੈ ਆਏ। ਘੁਟ ਕੇ ਜੱਫੀ ਮਾਰ ਉਨਾਂ ਨੂੰ ਆ ਮਿਲੇ। ਭਾਵੇਂ ਉਨਾਂ ਦੀਆਂ ਅੱਖਾਂ ਡੁਲ ਡੁਲ ਕਰ ਰਹੀਆਂ ਸਨ, ਪਰ ਅੱਥਰੂ ਛਿਪਾ ਕੇ ਹੀ ਰਖੇ । ਉਸ ਕਮਰੇ ਵਿਚ 'ਕੱਠਿਆਂ ਬੈਠ ਕੇ ਰੋਟੀ ਖਾਧੀ। ਭੈਣ ਤੇ ਭਰਾ ਨਾਲ ਬੜੀਆਂ ਗੱਲਾਂ ਕਰਦੇ ਰਹੇ। ਫੇਰ ਉਹ ਦੋਵੇਂ ਵਿਦਾ ਹੋ ਕੇ ਲਾਇਲਪੁਰ ਚਲੇ ਗਏ। ਆਪ ਨੇ ਆਪਣੀ ਬੀਮਾਰੀ ਵਿਚ ਹੋਰ ਕਿਸੇ ਨੂੰ ਮਿਲਣ ਵਾਸਤੇ ਯਾਦ ਨਹੀਂ ਕੀਤਾ। ਪਰ ਇਕ ਦਿਨ ਡਾਕਟਰ ਦੀਵਾਨ ਸਿੰਘ ਸਿਵਲ ਸਰਜਨ ਨੂੰ ਯਾਦ ਕੀਤਾ। ਉਨਾਂ ਨਾਲ ਕਿਸੇ ਗੱਲ ਤੋਂ ਝਗੜਾ ਹੋਇਆ ਸੀ । ਉਸ ਝਗੜੇ ਵਿਚ ਡਾਕਟਰ ਦੀਵਾਨ ਸਿੰਘ ਜੀ ਕੁਝ ਗੁੱਸੇ ਹੋ ਗਏ । ਇਸ ਵਾਸਤੇ ਆਪ ਦਾ ਦਿਲ ਸੀ ਕਿ ਉਹ ਗੁੱਸਾ ਹਟਾ ਜਾਈਏ। ਉਸ ਨੂੰ ਯਾਦ ਕੀਤਾ ਤੇ ਖ਼ਤ ਲਿਖਵਾਇਆ। ਜਦ ਡਾਕਟਰ ਦੀਵਾਨ ਸਿੰਘ ਜੀ ਆਏ, ਬੜੇ ਪਿਆਰ ਨਾਲ ਦੋਵੇਂ ਮਿਲੇ। ਉਸ ਨੂੰ ਕਿਹਾ, 'ਯਾਰਾ ਤੂੰ ਮੈਨੂੰ ਮਾਫ਼ ਕਰ ਦੇਵੀਂ।' ਉਸ ਨੇ ਜੱਫੀ ਮਾਰ ਕੇ ਕਿਹਾ, 'ਓ ਭਾਪਾ ਤੈਨੂੰ ਹੁਣ ਤਕ ਇਹ ਗੱਲ ਯਾਦ ਹੈ, ਤੇ ਰੋ ਪਿਆ। ਫੇਰ ਉਸੇ ਰਾਤ ਉਹ ਸ਼ਿਮਲੇ ਵਲ ਚਲਾ ਗਿਆ। ਅਗਲੇ ਦੇਸ਼ ਨੂੰ ਟੁਰਨ ਤੋਂ ਇਕ ਦਿਨ ਪਹਿਲੇ ਮੈਂ ਆਪ ਦੇ ਪਾਸ 'ਕੱਲੀ ਬੈਠੀ ਹੋਈ ਸਾਂ। ਕਿਹਾ ਨੇ, 'ਮਾਇਆ ! ਮੈਂ ਤੇਰੇ ਲਈ ਕੁਝ ਰੁਪਿਆ ਨਹੀਂ ਛੱਡਿਆ।' ਮੈਂ ਹੈਰਾਨ ਹੋ ਕੇ ਆਖਿਆ, 'ਆਪ ਨੂੰ ਇਹ ਖ਼ਿਆਲ ਕਿਉਂ ਆਇਆ ? ਜੋ ਦੌਲਤ ਤੁਸਾਂ ਮੈਨੂੰ ਦਿੱਤੀ ਹੈ, ਕਿਸੇ ਪਾਤਸ਼ਾਹ ਨੇ ਵੀ ਆਪਣੀ ਰਾਣੀ ਨੂੰ ਨਹੀਂ ਦਿੱਤੀ ਹੋਣੀ। ਮੇਰੇ ਅੰਦਰੋਂ ਤੁਸਾਂ ਭੁੱਖ ਦੂਰ ਕਰ ਦਿੱਤੀ ਏ, ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਰਹੀ, ਰੱਜ ਗਈ ਹਾਂ। ਆਪ ਇਸ ਗੱਲ ਦਾ ਫ਼ਿਕਰ ਨਾ ਕਰੋ।'

ਮੈਂ ਨਹੀਂ ਸੀ ਚਾਹੁੰਦੀ ਕਿ ਇਸ ਵਕਤ ਆਪ ਜੀ ਨੂੰ ਕਿਸੇ ਵਲਵਲਿਆਂ ਵਿਚ ਵਲਾਂ। ਬਿਲਕੁਲ ਸਹਿਜ ਸੁਭਾ ਫਿਰਦੀ ਤੁਰਦੀ ਰਹੀ।

ਡਾਕਟਰ ਨੇ ਮੈਨੂੰ ਦੂਜੇ ਕਮਰੇ ਵਿਚ ਬੁਲਾਇਆ ਕਹਿਣ ਲੱਗਾ, 'ਬਸ ਇਹ ਮਹਾਨ ਵਿਅਕਤੀ ਇਸ ਦੁਨੀਆਂ ਤੋਂ ਟੁਰਨ ਲੱਗਾ ਹੈ । ਦਿਲ ਦੀ ਧੜਕਨ ਤਾਂ ਬੰਦ ਹੋ ਗਈ, ਸਿਰਫ਼ ਫੇਫੜਿਆਂ ਵਿਚ ਸਾਹ ਹੈ।

ਉਸ ਵਕਤ ਮੈਨੂੰ ਐਸਾ ਲੱਗਾ ਕਿ ਮੇਰੀਆਂ ਹੱਡੀਆਂ ਕਾੜ ਕਾੜ ਕਰ ਰਹੀਆਂ ਹਨ। ਜਿਵੇਂ ਭੂਚਾਲ ਆਇਆ ਛੱਤ ਦੀਆਂ ਕੜੀਆਂ ਕਾੜ ਕਾੜ ਕਰਦੀਆਂ ਨੇ, ਤਿਵੇਂ ਮੈਨੂੰ ਇਕ ਇਕ ਹੱਡੀ ਦੀ ਕਾੜ ਕਾੜ ਦੀ ਆਵਾਜ਼ ਆਈ। ਮੈਂ ਉਸ ਵਕਤ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿਚ ਜਾ ਕੇ ਅਰਦਾਸ ਕੀਤੀ, 'ਹੇ ਗੁਰੂ ਨਾਨਕ, ਮੈਂ ਨਾ ਡੋਲਾਂ, ਤੂੰ ਮੇਰੇ ਅੰਦਰ ਆ, ਮੈਨੂੰ ਫੜ ਲੈ। ਆਪ ਜੀ ਇਸ ਵਕਤ ਆਪ ਦੇ ਪਾਸ ਆ ਰਹੇ ਹਨ। ਮੈਂ ਆਪ ਲਈ ਬਾਣੀ ਦੀਆਂ ਸੁਗਾਤਾਂ ਭੇਜਾਂ।' ਇਹ ਕਹਿੰਦਿਆਂ ਹੀ ਮੇਰਾ ਦਿਲ ਠਹਿਰ ਗਿਆ। ਮੈਂ ਆਪ ਪਾਸ ਆ ਗਈ।

ਆਖਣ ਲੱਗੇ, 'ਮਾਇਆ, ਭਾਪੇ (ਡਾਕਟਰ ਖ਼ੁਦਾਦਾਦ) ਨੂੰ ਬੁਲਾ।' ਉਹ ਵੀ ਨਾਲ ਦੇ ਕਮਰੇ ਵਿਚ ਵਿਆਕੁਲ ਹੋਏ ਹੋਏ ਫਿਰ ਰਹੇ ਸਨ। ਉਨਾਂ ਪਾਸ ਆ ਕੇ ਡਾਕਟਰ ਖ਼ੁਦਾਦਾਦ ਖੜਾ ਹੋ ਗਿਆ।

ਆਖਣ ਲੱਗੇ, 'ਭਾਪਾ, ਮੈਂ ਚਲਿਆ ਹਾਂ।

ਭਾਪਾ ਜੀ ਨੇ ਅੱਗੋਂ ਕਿਹਾ, 'ਨਹੀਂ ਜੀ, ਇਹ ਨਾ ਕਹੋ।'

ਆਪਣੀ ਲੰਮੀ ਬਾਂਹ ਨੂੰ ਉਲਾਰਿਆ ਤੇ ਉਚਿਆਂ ਕਰ ਕੇ ਕਿਹਾ, 'ਬਸ ਤੂੰ ਤਾਂ ਇਸ ਤਰਾਂ ਹੀ ਕਹਿੰਦਾ ਰਹੇਗਾ।'

ਉਹ ਬਾਂਹ ਜਿਹੜੀ ਲੈਕਚਰ ਦੇਦਿਆਂ ਉਲਾਰ ਉਲਾਰ ਲੋਕਾਂ ਨੂੰ ਸਮਝਾਂਦੀ ਤੇ ਦਿਲ ਹਿਲਾਂਦੀ ਸੀ, ਮੇਰੇ ਦਿਲ ਨੇ ਸੋਚਿਆ, ਕਿ ਇਸ ਬਾਂਹ ਨੇ ਅਖ਼ੀਰਲਾ ਹੁਲਾਰਾ ਲੀਤਾ ਹੈ। ਡਾਕਟਰ ਖ਼ੁਦਾਦਾਦ ਦੀ ਇਹ ਖ਼ਾਸੀਅਤ ਸੀ ਕਿ ਉਹ ਕਿਸੇ ਗੱਲ ਨੂੰ ਦੁਖਦਾਈ ਨਹੀਂ ਸੀ ਸਮਝਦਾ। ਡਾਕਟਰ ਖ਼ੁਦਾਦਾਦ ਤਾਂ ਬਾਹਰ ਚਲੇ ਗਏ।

ਫਿਰ ਆਪ ਨੇ ਮੈਨੂੰ ਕਿਹਾ, 'ਮਾਇਆ, ਮੈਂ ਚੱਲਿਆ ਹਾਂ।'

ਮੈਂ ਨਹੀਂ ਚਾਹੁੰਦੀ ਸੀ ਕਿ ਆਪ ਨੂੰ ਅੰਤ ਵੇਲੇ ਮੋਹ ਦੀ ਰੱਸੀ ਪਾਵਾਂ ਤੇ ਕਿਹਾ, 'ਜਨ ਨਾਨਕ ਨਾਮੁ ਸਲਹਿ ਤੂੰ ਲੁਡਿ ਲੁਡਿ ਦਰਗਹ ਵੰਞੁ।।'

ਆਪ ਜੀ ਨੇ ਤਾਂ ਇਹ ਕਹਿ ਕੇ ਅੱਖਾਂ ਮੀਟ ਲੀਤੀਆਂ । ਅਜੇ ਸਾਹ ਆਉਂਦਾ ਸੀ। ਮੈਂ ਉਸ ਵਕਤ ਮੱਥੇ ਉਤੇ ਇਕ ਪਿਆਰ ਵਾਲਾ ਚੁੰਮਣ ਦਿੱਤਾ । ਉਸ ਵਕਤ ਵੀ ਸਿਰ ਹਿਲਾਇਆ, ਮਨੇ ਕਰਨ ਲਈ।

ਉਸ ਕਮਰੇ ਵਿਚ ਬਾਣੀ ਦੇ ਰਸੀਏ, ਮੇਰੀ ਮਾਂ, ਭੈਣ ਤੇ ਦੋ ਭਤੀਜੀਆਂ ਮੌਜੂਦ ਸਨ।

ਮੈਂ 'ਬਾਵਨ ਅਖਰੀ' ਦਾ ਪਾਠ ਕਰ ਰਹੀ ਸਾਂ । ਆਪ ਜੀ ਦਾ ਹੱਥ ਆਪਣੇ ਹੱਥ ਵਿਚ ਲਿਆ ਹੋਇਆ ਸੀ।

ਸੁਣਦਿਆਂ ਸੁਣਦਿਆਂ ਆਪ ਜੀ ਦੇ ਸਵਾਸ ਅਹਿਸਤਾ ਹੋ ਗਏ । ਬਿਲਕੁਲ ਚੁਪ ਹੋ ਗਏ ਤੇ ਇਸ ਤਰਾਂ ਮਾਲੂਮ ਹੋਏ ਕਿ :-

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥

ਵਕਤ ਬਾਅਦ ਦੁਪਹਿਰ ਦਾ ਸੀ। ਕਮਰੇ ਦਾ ਅਜੀਬ ਪ੍ਰਭਾਵ ਸੀ। ਵਿਛੋੜਾ ਨਹੀਂ ਸੀ ਮਾਲੂਮ ਹੁੰਦਾ। ਮੇਲ ਮੇਲ ਲੱਗਦਾ ਸੀ। ਉਸੇ ਸ਼ਾਮ 31 ਮਾਰਚ, 1931 ਨੂੰ ਹੀ ਜਿਸਮ ਅਗਨੀ ਭੇਟਾ ਕਰ ਦਿਤਾ। ਘਰ ਵਿਚ ਸ਼ਾਂਤ ਪ੍ਰਭਾਵ ਰਿਹਾ। ਸਾਰੇ ਬਾਣੀ ਪੜਦੇ ਸਨ। ਉਸ ਵੇਲੇ ਸਾਰਾ ਪਰਿਵਾਰ ਕੋਲ ਸੀ। ਘਰ ਵਿਚ ਇਸ ਤਰਾਂ ਦਾ ਪ੍ਰਭਾਵ ਸੀ :-

ਕਬੀਰੁ ਜਾ ਦਿਨ ਹਉ ਮੂਆ
ਪਾਛੈ ਭਇਆ ਅਨੰਦੁ॥
ਮੋਹਿ ਮਿਲਿਓ ਪ੍ਰਭੁ ਆਪਨਾ
ਸੰਗੀ ਭਜਹਿ ਗੋਬਿੰਦ॥

## ਮੋਦੀ ਰਾਜ ਦੇ ਅੱਠ...

ਇਕ ਦੂਜੇ ਦੇ ਧਰਮ ਵਿਰੁੱਧ ਬੇਵਜਾ ਗੱਲਾਂ ਕੀਤੀਆਂ ਜਾਂਦੀਆਂ ਸਨ। ਪੁਲਿਸ ਪ੍ਰਸ਼ਾਸਨ 'ਤੇ ਇਕ ਧਰਮ ਵਿਸ਼ੇਸ਼ ਦਾ ਪੱਖ ਲੈਣ ਦੇ ਦੋਸ਼ ਲਗਦੇ ਸਨ, ਪਰ ਸਮਾਜ ਵਿਚ ਦੰਗਾ ਕਰਾਉਣ ਵਾਲਿਆਂ ਦੇ, ਇਸ ਤਰਾਂ ਦੇ ਨੇਤਾਵਾਂ ਅਤੇ ਪੁਲਿਸ ਪ੍ਰਸ਼ਾਸਨ ਦੇ ਸੋਹਲੇ ਨਹੀਂ ਸਨ ਗਾਏ ਜਾਂਦੇ, ਉਨਾਂ ਨੂੰ ਸਮਾਜ ਦੀ ਪ੍ਰਵਾਨਗੀ ਵੀ ਨਹੀਂ ਸੀ ਹੁੰਦੀ। ਅੱਜ ਸ਼ਰਮ ਦੀ ਉਹ ਦੀਵਾਰ ਭੁਰ-ਭੁਰ ਕੇ ਡਿਗ ਗਈ ਹੈ ਅਤੇ ਹਿੰਦੂਤਵ ਦੇ ਨਾਂ 'ਤੇ ਹਰ ਗਲਤ ਕੰਮ ਨੂੰ ਨੈਤਿਕਤਾ ਦਾ ਲਿਬਾਸ ਪਹਿਨਾਇਆ ਜਾ ਰਿਹਾ ਹੈ, ਜੋ ਜਿੰਨੀ ਤੇਜ਼ੀ ਅਤੇ ਊਰਜਾ ਨਾਲ ਨਫ਼ਰਤ ਫੈਲਾਅ ਰਿਹਾ ਹੈ, ਦੂਜੇ ਧਰਮ ਦੇ ਲੋਕਾਂ ਨੂੰ ਗਾਲਾਂ ਦੇ ਰਿਹਾ ਹੈ, ਉਹ ਸਮਾਜ ਵਿਚ ਉਨਾ ਹੀ ਚੰਗਾ ਅਤੇ ਸਨਮਾਨਿਤ ਮੰਨਿਆ ਜਾ ਰਿਹਾ ਹੈ। ਅਜਿਹਾ ਇਸ ਲਈ ਹੋ ਰਿਹਾ ਹੈ ਕਿ ਸੱਤਾ ਇਸ ਤਰਾਂ ਦੇ ਲੋਕਾਂ ਨੂੰ ਸਨਮਾਨਿਤ ਕਰ ਰਹੀ ਹੈ, ਉਨਾਂ ਨੂੰ ਆਦਰਸ਼ ਦੇ ਤੌਰ 'ਤੇ ਸਥਾਪਤ ਕਰ ਰਹੀ ਹੈ। ਭਾਵ ਸਮਾਜ ਦੀਆਂ ਪ੍ਰਵਾਨਿਤ ਕਦਰਾਂ-ਕੀਮਤਾਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਰਤੀ ਸੱਭਿਅਤਾ ਦੀਆਂ ਸਰਬੋਤਮ ਕਦਰਾਂ-ਕੀਮਤਾਂ ਮਮਤਾ, ਕਰੁਣਾ, ਸੱਚ, ਅਹਿੰਸਾ ਅਤੇ ਸਹਿਣਸ਼ੀਲਤਾ ਨੂੰ ਮੁਢਲੇ ਤੌਰ 'ਤੇ ਬਦਲਿਆ ਜਾ ਰਿਹਾ ਹੈ ਕਿਉਂਕਿ ਸੱਤਾ 'ਤੇ ਕਾਬਜ਼ ਵਿਚਾਰਧਾਰਾ ਇਹ ਮੰਨਦੀ ਹੈ ਕਿ ਇਨਾਂ ਕਦਰਾਂ-ਕੀਮਤਾਂ ਦੀ ਵਜਾ ਕਰਕੇ ਹੀ ਹਿੰਦੂ ਸਮਾਜ ਹਜ਼ਾਰਾਂ ਸਾਲਾਂ ਤੱਕ ਗੁਲਾਮ ਰਿਹਾ ਹੈ। ਇਤਿਹਾਸ ਦਾ ਇਹ ਸਰਲੀਕਰਨ ਦੇਸ਼ ਲਈ ਬੇਹੱਦ ਖ਼ਤਰਨਾਕ ਹੈ। ਇਹ ਦੇਸ਼ ਨੂੰ ਇਕ ਹੋਰ ਵੰਡ ਦੀ ਦਿਸ਼ਾ ਵੱਲ ਲੈ ਜਾਵੇਗਾ।

ਸਾਡੇ ਅੱਜ ਦੇ ਸੱਤਾ ਦੇ ਸ਼ਿਖ਼ਰ 'ਤੇ ਬੈਠੇ ਲੋਕ ਇਹ ਭੁੱਲ ਗਏ ਹਨ ਕਿ ਤਲਵਾਰ ਦੇ ਜ਼ੋਰ ਨਾਲ ਜਿਨਾਂ ਸੱਭਿਅਤਾਵਾਂ ਨੇ ਕਬਜ਼ਾ ਕੀਤਾ, ਉਹ ਅੱਜ ਕਿਸ ਹਾਲਤ ਵਿਚ ਹਨ। ਉਨਾਂ ਨੂੰ ਦੁਨੀਆ ਵਿਚ ਕਿਸ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ। ਕੀ ਇਕ ਸੱਭਿਅਤਾ ਦੇ ਨਾਤੇ ਅਸੀਂ ਵੀ ਉਹ ਹੀ ਗ਼ਲਤੀਆਂ ਦੁਹਰਾਈਏ? ਤਾਜ ਮਹੱਲ ਨੂੰ ਬਰਬਾਦ ਕਰਨ ਨਾਲ ਹਿੰਦੂ ਸੱਭਿਅਤਾ ਦੀ ਤਰੱਕੀ ਨਹੀਂ ਹੋਵੇਗੀ ਅਤੇ ਨਾ ਹੀ ਕੁਤੁਬ ਮਿਨਾਰ ਨੂੰ ਵਿਸ਼ਣੂ ਸਤੰਭ ਸਾਬਤ ਕਰਨ ਨਾਲ ਇਤਿਹਾਸ ਵਿਚ ਬਦਲਾ ਪੂਰਾ ਹੋਵੇਗਾ। ਕ੍ਰਿਸ਼ਨ ਜਨਮ ਭੂਮੀ ਲਈ ਈਦਗਾਹ ਦੀ ਜ਼ਮੀਨ ਮਿਲ ਵੀ ਗਈ ਤਾਂ ਕੀ ਭਾਰਤ ਫਿਰ ਤੋਂ ਸੋਨੇ ਦੀ ਚਿੜੀ ਕਹਾਏਗਾ? ਸੋਨੇ ਦੀ ਚਿੜੀ ਭਾਰਤ ਉਦੋਂ ਕਹਾਉਂਦਾ ਸੀ ਜਦੋਂ ਇਸ ਧਰਤੀ 'ਤੇ ਰਿਗਵੇਦ ਦੀ ਰਚਨਾ ਹੋਈ ਸੀ ਅਤੇ ਵੇਦਾਂਤ ਨੇ ਦੁਨੀਆ ਦੇ ਸਾਹਮਣੇ ਗਿਆਨ ਦੇ ਨਵੇਂ ਦਰਵਾਜ਼ੇ ਖੋਲੇ ਸਨ, ਉਸ ਨੇ ਵਾਹ-ਵਾਹੀ ਦਾ ਨਹੀਂ, ਸੁੱਤੀਆਂ ਹੋਈਆਂ ਸੱਭਿਅਤਾਵਾਂ ਨੂੰ ਜਗਾਉਣ ਕਰਨ ਦਾ ਕੰਮ ਕੀਤਾ ਸੀ। ਜਦੋਂ ਉਸ ਨੇ ਕਿਹਾ ਸੀ 'ਅਥਾਤੋਂ ਬ੍ਰਹਮ ਜਗਿਆਸਾ' ਉਦੋਂ ਦੁਨੀਆ ਉਸ ਦੇ ਸਾਹਮਣੇ ਨਤਮਸਤਕ ਹੋਈ ਸੀ, ਨਾ ਕਿ ਉਦੋਂ ਜਦੋਂ ਉਹ ਦੂਜਿਆਂ ਦੀਆਂ ਧਾਰਮਿਕ ਥਾਵਾਂ 'ਤੇ ਚੜ ਕੇ ਆਪਣਾ ਝੰਡਾ ਲਹਿਰਾਉਣ ਦਾ ਹੁਨਰ ਹਾਸਲ ਕਰ ਰਹੀ ਹੈ।

## ਵਿਦਿਆ ਮਾਰਤੰਡ...

ਇਸ ਕਰਕੇ ਸਵਾਮੀ ਹਰਦਾਸ ਸੰਗੀਤ ਕਲਾ ਪ੍ਰੀਸ਼ਦ ਭੋਪਾਲ ਵਲੋਂ ਵੀ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ ਹੈ।ਗੁਰੂ ਅਰਜਨ ਕੀਰਤਨ ਮੰਡਲ ਪਟਿਆਲਾ ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਪਟਿਆਲਾ ਵਲੋਂ ਵੀ ਆਪ ਜੀ ਦੀਆਂ ਕੀਰਤਨ ਦੇ ਖੇਤਰ ਵਿਚ ਪ੍ਰਾਪਤੀਆਂ ਨੂੰ ਵੇਖਦਿਆਂ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ ਹੈ। ਪ੍ਰੋ. ਹਰਭਜਨ ਸਿੰਘ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਸ਼ਰੇਅ ਗੁਰੂ ਅਤੇ ਸੰਗਤ ਨੂੰ ਹੀ ਦਿੰਦੇ ਹਨ।

## ਕਿਸਾਨਾਂ ਤੇ ਖੇਤ ...

ਪੰਜਾਬ ਵਿਚ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਵਿਚ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਹਨ। ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਘੱਟ ਮਿਲਣ ਕਾਰਨ ਕੁਝ ਪੇਂਡੂ ਮਜ਼ਦੂਰ ਨਜ਼ਦੀਕ ਦੇ ਕਸਬਿਆਂ/ਸ਼ਹਿਰਾਂ ਵਿਚ ਮਜ਼ਦੂਰੀ ਕਰਨ ਜਾਂਦੇ ਹਨ ਪਰ ਉਨਾਂ ਵਿਚੋਂ ਜ਼ਿਆਦਾਤਰ ਨੂੰ ਰੁਜ਼ਗਾਰ ਨਾ ਮਿਲਣ ਕਾਰਨ ਲੇਬਰ ਚੌਕਾਂ ਵਿਚ ਬੈਠਿਆਂ ਘਰੋਂ ਲਿਆਂਦੀ ਰੁੱਖੀ-ਸੁੱਕੀ ਰੋਟੀ ਮੁੱਲ ਦੀ ਚਾਹ ਦੇ ਛੋਟੇ ਜਿਹੇ ਕੱਪ ਨਾਲ ਖਾਂਦਿਆਂ ਦੇਖਿਆ ਜਾਂਦਾ ਹੈ। ਭਾਵੇਂ ਮਗਨਰੇਗਾ ਅਧੀਨ 100 ਦਿਨਾਂ ਦੇ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਦਿੱਤੀ ਗਈ ਹੈ ਪਰ ਪੇਂਡੂ ਮਜ਼ਦੂਰਾਂ ਨੂੰ ਮਗਨਰੇਗਾ ਅਧੀਨ ਬਹੁਤ ਹੀ ਘੱਟ ਦਿਨਾਂ ਦਾ ਰੁਜ਼ਗਾਰ ਮਿਲਣ ਦੇ ਨਾਲ ਨਾਲ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨਾਂ ਕਾਰਨਾਂ ਕਰਕੇ ਉਨਾਂ ਦੀ ਸ਼ੁੱਧ ਆਮਦਨ ਬਹੁਤ ਹੀ ਘੱਟ ਹੋਣ ਦੇ ਨਤੀਜੇ ਵਜੋਂ ਉਨਾਂ ਦੇ ਖੀਸੇ ਖ਼ਾਲੀ ਹੀ ਰਹਿੰਦੇ ਹਨ।

ਜ਼ਿੰਦਗੀ ਦੀਆਂ ਸਾਰੀਆਂ ਮੁੱਢਲੀਆਂ ਲੋੜਾਂ ਦਾ ਪੂਰਾ ਹੋਣਾ ਤਾਂ ਦੂਰ ਦੀ ਗੱਲ ਹੈ, ਇਨਾਂ ਮਜ਼ਦੂਰਾਂ ਨੂੰ ਦੋ ਡੰਗਾਂ ਦੀ ਰੋਟੀ ਲਈ ਚੁੱਲਾ ਬਲਦਾ ਰੱਖਣ ਲਈ ਵੀ ਉਧਾਰ ਲੈਣਾ ਪੈਂਦਾ ਹੈ ਜਿਹੜਾ ਸਮੇਂ ਸਿਰ ਨਾ ਮੋੜੇ ਜਾਣ ਕਾਰਨ ਕਰਜ਼ੇ ਦਾ ਰੂਪ ਅਖ਼ਤਿਆਰ ਕਰ ਜਾਂਦਾ ਹੈ। ਦੇਖਣ ਨੂੰ ਤਾਂ ਭਾਵੇਂ ਇਹ ਕਰਜ਼ਾ ਬਹੁਤ ਥੋੜਾ ਲੱਗਦਾ ਹੈ ਪਰ ਇਨਾਂ ਜ਼ਮੀਨ-ਵਿਹੂਣੇ ਅਤੇ ਖਾਲੀ ਖੀਸਿਆਂ ਵਾਲੇ ਮਜ਼ਦੂਰਾਂ ਲਈ ਅਕਹਿ ਅਤੇ ਅਸਹਿ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਖੇਤ ਮਜ਼ਦੂਰਾਂ ਕੋਲ ਫ਼ੋਨ ਹਨ, ਪਰ ਮਜ਼ਦੂਰੀ ਪ੍ਰਾਪਤ ਕਰਨ ਲਈ ਫ਼ੋਨ ਦਾ ਹੋਣਾ ਜ਼ਰੂਰੀ ਹੈ। ਇਹ ਫ਼ੋਨ ਜਾਂ ਤਾਂ ਬਹੁਤ ਘੱਟ ਕੀਮਤ ਵਾਲੇ ਜਾਂ ਪਹਿਲਾਂ ਮੁਕਾਬਾਲਤਨ ਉੱਚ-ਆਮਦਨ ਵਾਲੇ ਲੋਕਾਂ ਵੱਲੋਂ ਵਰਤੇ ਹੁੰਦੇ ਹਨ। ਇਸ ਤਰਾਂ ਦਾ ਕੇਸ ਹੀ ਇਨਾਂ ਮਜ਼ਦੂਰਾਂ ਵਿਚੋਂ ਕੁਝ ਕੋਲ ਸਕੂਟਰ/ਸਕੂਟਰੀ ਹੋਣ ਦਾ ਹੈ। ਇਨਾਂ ਮਜ਼ਦੂਰਾਂ ਦੇ ਕੁਝ ਘਰਾਂ ਵਿਚ ਮੇਜ਼-ਕੁਰਸੀਆਂ ਜਾਂ ਸੋਫ਼ੇ ਵੀ ਹਨ, ਪਰ ਉਹ ਵੀ ਮੁਕਾਬਲਤਨ ਉੱਚ-ਆਮਦਨ ਵਾਲੇ ਲੋਕਾਂ ਦੁਆਰਾ ਵਰਤੇ ਹੁੰਦੇ ਹਨ। ਇਨਾਂ ਮਜ਼ਦੂਰਾਂ ਦੇ ਜ਼ਿਆਦਾਤਰ ਜੀਆਂ ਦੇ ਤਨ ਉੱਤੇ ਪਾਏ ਹੋਏ ਕੱਪੜੇ ਹੁੰਦੇ ਹਨ ਜਾਂ ਮੁਕਾਬਲਤਨ ਉੱਚ-ਆਮਦਨ ਵਾਲੇ ਲੋਕਾਂ ਦੇ ਉਤਾਰੇ ਹੋਏ ਹੁੰਦੇ ਹਨ।

ਭਾਵੇਂ ਮੁਲਕ ਦੇ ਆਜ਼ਾਦ ਹੋਣ ਨਾਲ ਮੁਲਕ ਵਿਚੋਂ ਕਾਨੂੰਨੀ ਤੌਰ ਉੱਤੇ ਜਗੀਰਦਾਰੀ ਖ਼ਤਮ ਕਰ ਦਿੱਤੀ ਗਈ ਪਰ ਪੰਜਾਬ ਦੇ ਜ਼ਿਆਦਾਤਰ ਕਿਸਾਨਾਂ ਦੀ ਜਗੀਰੂ ਮਾਨਸਿਕਤਾ ਖੇਤ ਮਜ਼ਦੂਰਾਂ ਨੂੰ ਵੱਖ ਵੱਖ ਪੱਖਾਂ ਤੋਂ ਜਲੀਲ ਕਰਦੀ ਸ਼ਰੇਆਮ ਦਿਖਾਈ ਦਿੰਦੀ ਹੈ। ਇਸ ਦੀ ਇਕ ਤਾਜ਼ਾ ਉਦਾਹਰਣ ਬਠਿੰਡਾ ਅਤੇ ਸੰਗਰੂਰ ਜ਼ਿਲਿਆਂ ਦੇ ਤਿੰਨ ਪਿੰਡਾਂ ਵਿਚ ਕਿਸਾਨਾਂ ਵੱਲੋਂ ਖੇਤ ਮਜ਼ਦੂਰਾਂ ਸਬੰਧੀ ਕੀਤੇ ਗਏ ਫ਼ੈਸਲੇ ਹਨ।

ਪੰਜਾਬ ਦੇ ਖੇਤ ਮਜ਼ਦੂਰਾਂ ਦੀਆਂ ਵੱਖ ਵੱਖ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਉਪਾਅ ਕਰਨੇ ਚਾਹੀਦੇ ਹਨ। ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਵੱਖ ਵੱਖ ਪਿੰਡਾਂ ਵਿਚ ਪੰਚਾਇਤੀ ਜ਼ਮੀਨ ਉੱਪਰੋਂ ਕਬਜ਼ੇ ਛਡਾਉਣ ਦੇ ਨਤੀਜੇ ਵਜੋਂ ਪ੍ਰਾਪਤ ਹੋਈ ਜ਼ਮੀਨ ਨੂੰ ਖੇਤ ਮਜ਼ਦੂਰਾਂ ਨੂੰ ਬਿਨਾਂ ਕਿਸੇ ਠੇਕੇ ਲਏ ਤੋਂ ਸਹਿਕਾਰੀ ਖੇਤੀਬਾੜੀ ਲਈ ਦਿੱਤੇ ਜਾਣਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਅਗਾਂਹਵਧੂ ਜਥੇਬੰਦੀਆਂ ਪਿਛਲੇ ਸਾਲਾਂ ਦੀ ਤਰਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿਚਕਾਰ ਤਨਾਅ ਨੂੰ ਘਟਾਉਣ ਲਈ ਅੱਗੇ ਆਉਣ।

## ਹਵਾ ਪ੍ਰਦੂਸ਼ਣ ਬਨਾਮ...

ਜੇਕਰ ਗੱਲ ਭਾਰਤ ਦੀ ਕੀਤੀ ਜਾਵੇ ਤਾਂ ਭਾਰਤ ਦੇ 14 ਸ਼ਹਿਰ ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਹਨ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਦੁਨੀਆ ਵਿੱਚ 10 ਵਿੱਚੋਂ 9 ਲੋਕ ਪ੍ਰਦੂਸ਼ਣ ਵਾਲੀ ਹਵਾ ਵਿੱਚ ਸਾਹ ਲੈਂਦੇ ਹਨ। ਇਨਾਂ ਕੁਝ ਸਰਵੇਖਣਾਂ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਹਵਾ ਪ੍ਰਦੂਸ਼ਣ ਨੂੰ ਤਬਦੀਲੀਯੋਗ ਖ਼ਤਰੇ ਵਜੋਂ ਦੇਖਿਆ ਜਾ ਸਕਦਾ ਹੈ।

ਜੇਕਰ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਤੋਂ ਅਗਵਾਈ ਲਈਏ ਤਾਂ ਗੁਰਬਾਣੀ ਨੇ ਬਨਸਪਤੀ ਦੀ ਸਾਂਭ ਸੰਭਾਲ ਦੀ ਖਾਸ ਤਾਕੀਦ ਕੀਤੀ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜ਼ਿਆਦਾ ਬਾਣੀ ਵਿੱਚ ਕੁਦਰਤ, ਬਨਸਪਤੀ ਦਾ ਜ਼ਿਕਰ ਹੋਇਆ ਹੈ। ਗੁਰੂ ਸਾਹਿਬ ਨੇ ਹਵਾ, ਪਾਣੀ, ਧਰਤ ਨੂੰ ਗੁਰੂ, ਪਿਤਾ, ਮਾਤਾ ਖਾਸ ਰੁਤਬਿਆਂ ਨਾਲ ਨਿਵਾਜਿਆ ਹੈ। ਪਰ ਮਨੁੱਖ ਹੈ ਕਿ ਆਪਣੀ ਜਿੰਮੇਵਾਰੀ ਤੋਂ ਅਵੇਸਲਾ ਹੋਇਆ ਅੰਨੇਵਾਹ ਕੁਦਰਤ ਦਾ ਘਾਣ ਕਰ ਰਿਹਾ ਹੈ। ਸਾਡੀਆਂ ਕੁਦਰਤ ਦੀ ਸਾਂਭ ਸੰਭਾਲ ਨੂੰ ਲੈਕੇ ਇਹ ਅਣਗਹਿਲੀਆਂ ਸਾਡਾ ਅਤੇ ਆਉਣ ਵਾਲੀਆਂ ਹੋਰ ਪੀੜੀਆਂ ਦੇ ਜੀਵਨ ਨੂੰ ਵਿਨਾਸ਼ ਵੱਲ ਧਕੇਲ ਦੇਣਗੀਆਂ। ਅੱਜ ਅਸੀਂ ਪੱਥਰਾਂ ਦੇ ਘਰਾਂ, ਸ਼ਹਿਰਾਂ ਦੇ ਵਸਨੀਕ ਬਣ ਬਣਾਉਟੀ ਫੁੱਲਾਂ, ਗੁਲਦਸਤਿਆਂ ਵਿਚੋਂ ਮਹਿਕਾਂ ਲੱਭਣ ਵਿੱਚ ਜੁੱਟੇ ਹੋਏ ਹਾਂ ਅਤੇ ਕੁਦਰਤ ਦੀ ਅਹਿਮੀਅਤ ਨੂੰ ਅੱਖੋਂ ਪਰੋਖਾ ਕਰ ਰਹੇ ਹਾਂ।

ਅੱਜ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਨ ਬਣੇ ਡੀਜਲ ਤੋਂ ਚੱਲਦੇ ਵਾਹਨ, ਫੈਕਟਰੀਆਂ ਵਿਚੋਂ ਨਿਕਲਦਾ ਦੂਸ਼ਿਤ ਧੂੰਆਂ, ਫਸਲਾਂ ਦੀ ਰਹਿੰਦ ਖੂੰਹਦ ਨੂੰ ਲੱਗਦੀਆਂ ਅੱਗਾਂ ਤੇ ਅੰਨੇਵਾਹ ਹੋ ਰਹੀ ਰੁੱਖਾਂ ਦੀ ਕਟਾਈ ਹੈ। ਇੱਕ ਛੋਟਾ ਜਿਹਾ ਪੌਦਾ ਰੁੱਖ ਬਣਨ ਵਿੱਚ ਕਿੰਨੇ ਵਰੇ ਲੈਂਦਾ ਹੈ, ਪਰ ਸਾਡੀ ਅਖੌਤੀ ਤਰੱਕੀ ਦੇ ਨਾਮ ਤੇ ਲੋੜ ਪੈਣ ਤੇ ਕਿਸੇ ਨਵੀਂ ਇਮਾਰਤ ਨੂੰ ਬਣਾਉਣ ਲਈ ਜੇ. ਸੀ. ਬੀ ਦੇ ਜੁਬਾੜੇ ਵਿੱਚ ਰੁੱਖ ਨੂੰ ਪਾ ਦੁੱਧ ਵਿਚ ਪਈ ਮੱਖੀ ਵਾਂਗ ਪੁੱਟ ਕੇ ਸੁੱਟ ਦਿੱਤਾ ਜਾਂਦਾ ਹੈ।

ਹਾਲੇ ਵੀ ਸਮਾਂ ਹੈ, ਸਮੇਂ ਦੀ ਨਜ਼ਾਕਤ ਨੂੰ ਸਮਝੀਏ ਅਤੇ ਕੁਦਰਤੀ ਸਾਧਨਾਂ ਦੀ ਵਰਤੋਂ ਪ੍ਰਤੀ ਸੁਚੇਤ ਹੋਈਏ। ਹਵਾ, ਪਾਣੀ ਤੇ ਧਰਤ ਨੂੰ ਬਚਾ ਲਈਏ। ਸੁਗੰਧਾਂ ਭਰੀ ਠੰਡੀ ਹਵਾ, ਅੰਮ੍ਰਿਤ ਵਰਗਾ ਪਾਣੀ ਸਾਨੂੰ ਕੁਦਰਤ ਨੇ ਮੁਫ਼ਤ ਦਿੱਤਾ ਹੈ। ਇਸਦੀ ਕਦਰ ਕਰੀਏ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਦੂਸ਼ਿਤ ਹਵਾ ਵਿੱਚ ਸਾਹ ਲੈਣਾ ਮੁਸ਼ਕਲ ਹੋ ਜਾਵੇਗਾ ਅਤੇ ਉਨਾਂ ਦਾ ਜੀਵਨ ਦੁੱਭਰ ਹੋ ਜਾਵੇਗਾ। ਕੁਝ ਜਿਆਦਾ ਨਹੀਂ ਤਾਂ ਹਰ ਘਰ ਵਿੱਚ ਜਿੰਨੇ ਪਰਿਵਾਰ ਦੇ ਮੈਂਬਰ ਹਨ, ਆਪਣੇ ਸਾਹ ਲੈਣ ਲਈ ਆਪਣੇ ਹਿੱਸੇ ਦਾ ਇੱਕ ਇੱਕ ਰੁੱਖ ਜਰੂਰ ਲਾਉਣ, ਕਿਉਂਕਿ ਰੁੱਖ ਹਵਾ ਨੂੰ ਸਾਫ਼ ਤੇ ਸ਼ੁੱਧ ਕਰਨ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਉਂਦੇ ਹਨ। ਬਨਸਪਤੀ ਨਾਲ ਪਿਆਰ ਤੇ ਇਸਦੀ ਸਾਂਭ ਸੰਭਾਲ ਹੀ ਸਾਡੇ ਕੋਲ ਇੱਕ ਮਾਤਰ ਰਸਤਾ ਹੈ ਜਿਸ ਨਾਲ ਅਸੀਂ ਆਉਣ ਵਾਲੀਆਂ ਪੀੜੀਆਂ ਦਾ ਜੀਵਨ ਬਚਾ ਸਕਦੇ ਹਾਂ।

## ਪਰਵਾਸ ਨਾਲ ਜੁੜੇ ਸਰੋਕਾਰ

ਮਿੱਟੀ ਵਿਚ ਮਿਲਾਉਣ ਲਈ ਕੁਝ ਕੁ ਲੋਕਾਂ ਦੀਆਂ ਬੇਤਰਤੀਬ ਹਰਕਤਾਂ ਬਹੁਤ ਹੁੰਦੀਆਂ ਹਨ। ਆਪਣੇ ਦੇਸ਼ ਦੀ ਬੁਰਾਈ ਅਸੀਂ ਜਿਨਾਂ ਗੱਲਾਂ ਕਰ ਕੇ ਕਰਦੇ ਹਾਂ, ਉਨਾਂ ਗੱਲਾਂ ਦੇ ਵਿਗਸਣ ਦਾ ਮਾਹੌਲ ਜਦ ਇੱਥੇ ਬਣਾਵਾਂਗੇ ਤਾਂ ਸਮਾਂ ਸਾਨੂੰ ਕਦੇ ਮਾਫ਼ ਨਹੀਂ ਕਰੇਗਾ। ਸਿਆਣੇ ਲੋਕ ਆਪਣੇ ਦੇਸ਼ ਦੀਆਂ ਬੁਰਾਈਆਂ ਨੂੰ ਉੱਥੇ ਹੀ ਦਫ਼ਨਾ ਕੇ ਪਰਵਾਸ ਕਰਦੇ ਹਨ। ਉਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੇ ਪਿਆਰੇ ਵਤਨ ਦੀਆਂ ਚੰਗਿਆਈਆਂ ਨੂੰ ਪੱਲੇ ਬੰਨ ਕੇ ਦੂਜੇ ਮੁਲਕ ਵਿਚ ਜਾਣ। ਇਸ ਤਰਾਂ ਉਨਾਂ ਦੇ ਅਮੀਰ ਵਿਰਸੇ ਦੀਆਂ ਧੁੰਮਾਂ ਸੱਤ ਸਮੁੰਦਰ ਪਾਰ ਵੀ ਪੈਂਦੀਆਂ ਹਨ।

ਕੈਨੇਡਾ ਆ ਵਸੇ ਪੰਜਾਬੀਆਂ ਦਾ ਇਸ ਦੀ ਆਰਥਿਕਤਾ ਵਿਚ ਬਹੁਤ ਵੱਡਾ ਯੋਗਦਾਨ ਹੈ। ਵੇਅਰਹਾਊਸ ਵਿਚ ਮਜ਼ਦੂਰੀ ਕਰਨ ਤੋਂ ਇਲਾਵਾ ਆਮਦਨ ਉੱਪਰ ਟੈਕਸ ਦੇਣਾ, ਖ਼ਰੀਦੋ-ਫ਼ਰੋਖ਼ਤ ਕਰਨੀ, ਰਿਹਾਇਸ਼ੀ ਘਰਾਂ ਦਾ ਕਾਰੋਬਾਰ ਅਤੇ ਟਰਾਂਸਪੋਰਟ ਰਾਹੀਂ ਦੇਸ਼ ਦੀ ਆਰਥਿਕਤਾ ਵਿਚ ਪਰਵਾਸੀ ਆਪਣਾ ਹਿੱਸਾ ਪਾ ਰਹੇ ਹਨ। ਦੇਸ਼ ਦੀ ਰਾਜਨੀਤੀ ਵਿਚ ਵੀ ਇਨਾਂ ਪਰਵਾਸੀਆਂ ਦਾ ਯੋਗਦਾਨ ਜ਼ਿਕਰ-ਗੋਚਰਾ ਹੈ। ਸਮਾਜਿਕ ਅਤੇ ਸਾਹਿਤਕ, ਕਲਾਤਮਿਕ, ਕਾਰਜਾਂ ਵਿਚ ਜੁੱਟੇ ਲੋਕ ਵੀ ਆਪਣੇ ਭਾਈਚਾਰੇ ਦਾ ਮਾਣ ਵਧਾ ਰਹੇ ਹਨ। ਟਰਾਂਸਪੋਰਟ ਸਮੇਤ ਬਹੁਤ ਸਾਰੇ ਕਾਰੋਬਾਰਾਂ ਵਿਚ ਇਨਾਂ ਦੀ ਸਰਦਾਰੀ ਹੈ। ਇਸ ਸਰਦਾਰੀ ਨੂੰ ਬਣਾਈ ਰੱਖਣ ਲਈ ਬਾਲਗ ਪਰਵਾਸੀਆਂ ਨੂੰ ਸਿੱਖਿਅਤ ਕਰਨ ਦੀ ਲੋੜ ਹੈ। ਇਸ ਨਵੀਂ ਆਮਦ ਨੂੰ ਜੌਬ ਲੱਭਣ, ਰਹਿਣ ਲਈ ਰੈਂਟ ਅਤੇ ਖਾਣ-ਪੀਣ ਦਾ ਪ੍ਰਬੰਧ ਕਰਨ ਵਿਚ ਮੁਸ਼ਕਲਾਂ ਵੀ ਆ ਰਹੀਆਂ ਹਨ। ਇੱਥੇ ਜ਼ਿੰਦਗੀ ਦਾ ਆਰੰਭ ਚੁਣੌਤੀ ਭਰਿਆ ਹੈ ਪਰ ਜਿਵੇਂ-ਜਿਵੇਂ ਤੁਸੀਂ ਇੱਥੋਂ ਦੇ ਲੋਕਾਂ, ਭਾਸ਼ਾ, ਅਨੁਸ਼ਾਸਨ ਅਤੇ ਸੱਭਿਆਚਾਰ ਬਾਰੇ ਜਾਣੂ ਹੁੰਦੇ ਹੋ, ਜੀਵਨ ਸੁਖਾਲਾ ਹੁੰਦਾ ਜਾਂਦਾ ਹੈ। ਲੋੜ ਆਪਣੀਆਂ ਕੁਝ ਕੁ ਅਮਾਨਵੀ, ਦੂਸ਼ਿਤ, ਰੌਲੇ ਅਤੇ ਝਗੜੇ ਵਰਗੀਆਂ ਆਦਤਾਂ ਨੂੰ ਤਿਆਗਣ ਦੀ ਹੈ। ਇਹ ਆਦਤਾਂ ਹਰ ਨਿਜ਼ਾਮ ਅੰਦਰ ਸਮੱਸਿਆਵਾਂ ਪੈਦਾ ਕਰਦੀਆਂ ਹਨ। ਲੋੜ ਇੱਥੋਂ ਦੇ ਸਹਿਜ ਨੂੰ ਅਪਨਾਉਣ ਦੀ ਹੈ। ਲੋੜ ਇੱਥੋਂ ਦੀ ਇਮਾਨਦਾਰਾਨਾ ਸੋਚ ਨੂੰ ਅਪਨਾਉਣ ਦੀ ਹੈ।

ਮਲਵਿੰਦਰ

## ਪੱਖੀ ਘੁੰਗਰੂਆਂ ਵਾਲੀ...

ਛੱਡ ਪੱਖਿਆਂ ਦਾ ਆਸਰਾ ਤੱਕਣ ਲੱਗੇ। ਮੁਟਿਆਰਾਂ ਵੱਲੋਂ ਵੀ ਪੱਖੀਆਂ ਬਣਾਉਣ ਦਾ ਰੁਝਾਨ ਆਖਰੀ ਸਾਹਾਂ 'ਤੇ ਆ ਗਿਆ। ਜਿਹੜੀਆਂ ਦਾਦੀਆਂ-ਮਾਵਾਂ ਬੱਚਿਆਂ ਨੂੰ ਲੋਰੀ ਸੁਣਾਉਂਦੀਆਂ ਹੋਈਆਂ ਪੱਖੀ ਝੱਲਦੀਆਂ ਹੋਈਆਂ ਇੱਕ ਪਰਿਵਾਰਕ ਦ੍ਰਿਸ਼ ਪੇਸ਼ ਕਰਦੀਆਂ ਸਨ, ਉਹ ਸਭ ਖਤਮ ਹੋ ਗਿਆ। ਦਾਦੀਆਂ ਵੱਲੋਂ ਲਿਆਂਦੀਆਂ ਦਾਜ ਦੀਆਂ ਪੱਖੀਆਂ ਸੰਦੂਕਾਂ ਵਿੱਚ ਹੀ ਘੁਕ ਸੌਂ ਗਈਆਂ। ਪਰ ਉਨਾਂ ਦਾਦੀਆਂ ਵੱਲੋਂ ਸੰਦੂਕਾਂ ਵਿੱਚ ਪੱਖੀਆਂ ਦੀ ਸੰਭਾਲ ਨੇ ਵੀ ਸਾਡੇ ਸਮਾਜ ਨੂੰ ਨਵਾਂ ਰੰਗ ਦਿੱਤਾ। ਜਿਵੇਂ ਇੱਕ ਕਵੀ ਨੇ ਬੜਾ ਸੋਹਣਾ ਲਿਖਿਆ ਹੈ :-

ਦਾਦੀ ਲਿਆਈ ਜੋ ਦਾਜ 'ਚ ਪੱਖੀ  
ਬੜੀ ਉਸ ਸੰਭਾਲ ਕੇ ਰੱਖੀ।  
ਜਦੋਂ ਕੋਈ ਮਹਿਮਾਨ ਘਰ ਆਵੇ  
ਝੱਟ ਦਾਦੀ ਪੱਖੀ ਕੱਢ ਲਿਆਵੇ।  
ਗਰਮੀ ਵਿੱਚ ਹਵਾ ਦੇਵੇ ਸੋਹਣੀ  
ਪਾਸ ਨਾ ਆਵੇ ਕੋਈ ਮੱਛਰ-ਮੱਖੀ  
ਦਾਦੀ ਲਿਆਈ ਜੋ ਦਾਜ 'ਚ ਪੱਖੀ

ਹੁਣ ਤਾਂ ਵਿਗਿਆਨ ਨੇ ਕਮਾਲ ਹੀ ਕਰ ਦਿੱਤਾ ਹੈ, ਉਸ ਪਿਆਰੀ ਪੱਖੀ ਦੀ ਥਾਂ ਨਵੇਂ-ਨਵੇਂ ਕੂਲਰਾਂ ਅਤੇ ਏਸੀ ਨੇ ਲੈ ਲਈ ਹੈ। ਪੱਕੇ ਤਪਦੇ ਘਰਾਂ ਨੂੰ ਵੀ ਇਹ ਏਸੀ ਠੰਢਾ ਠਾਰ ਕਰ ਦਿੰਦੇ ਹਨ, ਪਰ ਪਹਿਲਾਂ ਪਿੰਡਾਂ ਵਿੱਚ ਕੱਚੇ ਘਰ ਵੀ ਗਰਮੀ ਵਿੱਚ ਏਅਰ ਕੰਡੀਸ਼ਨ ਦਾ ਕੰਮ ਕਰ ਦਿੰਦੇ ਸਨ ਕਿਉਂਕਿ ਉਹ ਪੱਕੇ ਘਰਾਂ ਵਾਂਗ ਤਪਦੇ ਨਹੀਂ ਸਨ, ਅੰਦਰ ਚਲਦੀਆਂ ਝਾਲਰਾਂ ਵਾਲੀਆਂ ਪੱਖੀਆਂ ਚੰਗੀ ਰਾਹਤ ਪ੍ਰਦਾਨ ਕਰਦੀਆਂ ਸਨ। ਭਾਵੇਂ ਇਹ ਵਿਗਿਆਨਕ ਸੁੱਖ ਮਨੁੱਖ ਨੂੰ ਗਰਮੀ ਤੋਂ ਤਾਂ ਬਚਾ ਲੈਂਦੇ ਹਨ, ਪਰ ਡਾਕਟਰ ਆਮ ਹੀ ਦੱਸਦੇ ਹਨ ਕਿ ਮਨੁੱਖ ਨੂੰ ਜ਼ਿਆਦਾ ਏਸੀ ਅੱਗੇ ਨਹੀਂ ਬੈਠਣਾ ਚਾਹੀਦਾ ਕਿਉਂਕਿ ਏਸੀ ਵਿੱਚ ਬਾਹਾਂ ਜੁੜਨ ਦਾ ਖਤਰਾ ਬਣਿਆ ਰਹਿੰਦਾ ਹੈ। ਜਦੋਂ ਕਿ ਪੱਖੀ ਨੂੰ ਚਲਾਉਣ ਨਾਲ ਬਾਹਾਂ ਦੀ ਖੂਬ ਵਰਜਿਸ਼ ਹੋ ਜਾਂਦੀ ਸੀ, ਇਹ ਬਾਹਾਂ ਨੂੰ ਜੋੜਨ ਦੀ ਥਾਂ ਤੰਦਰੁਸਤੀ ਬਖ਼ਸ਼ਦੀ ਸੀ। ਅੱਜ ਵੀ ਪੰਜਾਬ ਵਿੱਚ ਕਦੇ-ਕਦੇ ਬਿਜਲੀ ਸੰਕਟ ਦੇ ਨਾਲ ਜਦੋਂ ਲੰਬੇ ਸਮੇਂ ਤੱਕ ਬਿਜਲੀ ਨਹੀਂ ਆਉਂਦੀ ਤਾਂ ਪੁਰਾਣੀਆਂ ਪੱਖੀਆਂ ਨੂੰ ਲੱਭਣਾ ਜ਼ਰੂਰੀ ਹੋ ਜਾਂਦਾ ਹੈ। ਤਾਂ ਹੀ ਕਿਸੇ-ਕਿਸੇ ਘਰ ਅੱਜ ਵੀ ਇਹ ਪੱਖੀ ਘੁੰਗਰੂਆਂ ਵਾਲੀ ਮਿਲ ਹੀ ਜਾਂਦੀ ਹੈ ਅਤੇ ਸਾਨੂੰ ਯਾਦ ਕਰਵਾ ਦਿੰਦੀ ਹੈ ਸਾਡਾ ਭੁੱਲਿਆ ਵਿਸਰਿਆ ਸੱਭਿਆਚਾਰਕ ਵਿਰਸਾ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:  
510-240-5949  
Email:asrtimes@gmail.com

## ਖੇਤੀ ਨੂੰ ਲਾਭਦਾਇਕ...

9 ਫ਼ੀਸਦੀ ਜਾਂ ਇਸ ਤੋਂ ਉੱਪਰ ਉੱਚ ਆਰਥਿਕ ਵਿਕਾਸ ਦੇ ਅਨੁਮਾਨ ਜੋ ਅਸੀਂ ਲਗਾਉਣੇ ਜਾਰੀ ਰੱਖਦੇ ਹਾਂ, ਵਾਧੂ ਗ਼ੈਰ-ਖੇਤੀ ਰੁਜ਼ਗਾਰ ਪ੍ਰਦਾਨ ਕਰੇਗਾ, ਹੁਣ ਇਸ ਚੁਣੌਤੀ ਨੂੰ ਨੀਤੀ ਨਿਰਮਾਤਾਵਾਂ ਵਲੋਂ ਕਬੂਲਣ ਦੀ ਜ਼ਰੂਰਤ ਹੈ, ਉਨ੍ਹਾਂ ਵਲੋਂ ਖੇਤੀ ਦੇ ਪੁਨਰ ਨਿਰਮਾਣ 'ਤੇ ਧਿਆਨ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ ਕਈ ਅਰਥਸ਼ਾਸਤਰੀ ਖ਼ੁਸ਼ੀ ਮਹਿਸੂਸ ਕਰਦੇ ਹਨ, ਜਦੋਂ ਵੱਖ-ਵੱਖ ਸਮੇਂ 'ਤੇ ਆਉਣ ਵਾਲੀਆਂ ਕੁਝ ਰਿਪੋਰਟਾਂ ਪਿੰਡਾਂ ਤੋਂ ਪਲਾਇਨ ਦੀ ਵਧੀ ਹੋਈ ਦਰ ਦਾ ਸੰਕੇਤ ਦਿੰਦੀਆਂ ਹਨ, ਇਹ ਆਰਥਿਕ ਵਿਚਾਰ ਅਜਿਹੀ ਮਾਨਸਿਕਤਾ ਤੋਂ ਪੈਦਾ ਹੁੰਦਾ ਹੈ, ਜੋ ਹੇਠਲੀ ਪੱਧਰ 'ਤੇ ਹੁੰਦੇ ਬਦਲਾਵਾਂ ਨੂੰ ਦੇਖਣ ਤੋਂ ਇਨਕਾਰ ਕਰਦਾ ਹੈ। ਭਾਰਤ ਦੀ ਲਗਭਗ 50 ਫ਼ੀਸਦੀ ਅਬਾਦੀ ਦੇ ਨਾਲ 60 ਕਰੋੜ ਤੋਂ ਵੱਧ ਲੋਕ ਖੇਤੀਬਾੜੀ 'ਤੇ ਨਿਰਭਰ ਹਨ, ਚੁਣੌਤੀ ਇਹ ਹੋਣੀ ਚਾਹੀਦੀ ਹੈ ਕਿ ਖੇਤੀ ਨੂੰ ਇਕ ਵਿਵਹਾਰਕ ਕਿੱਤਾ ਕਿਵੇਂ ਬਣਾਇਆ ਜਾਵੇ? ਲੋਕਾਂ ਨੂੰ ਪਿੰਡਾਂ ਵਿਚੋਂ ਬਾਹਰ ਕੱਢਣ ਦੀ ਬਜਾਏ ਬਿਹਤਰ ਬਦਲ ਪਿੰਡਾਂ ਨੂੰ ਖ਼ੁਸ਼ਹਾਲ ਬਣਾਉਣਾ ਹੋਵੇਗਾ। ਸਿਰਫ਼ ਇਸ ਲਈ ਕਿ ਅਮਰੀਕਾ ਅਤੇ ਯੂਰਪੀ ਯੂਨੀਅਨ ਨੇ ਬੇਦਰਦੀ ਨਾਲ ਖੇਤੀ ਅਬਾਦੀ ਨੂੰ ਸ਼ਹਿਰਾਂ ਵੱਲ ਜਾਣ ਲਈ ਮਜਬੂਰ ਕੀਤਾ ਸੀ, ਇਸ ਦਾ ਮਤਲਬ ਇਹ ਨਹੀਂ ਹੈ ਕਿ ਸਾਨੂੰ ਵੀ ਉਸੇ ਨੁਸਖੇ ਦਾ ਅੱਖਾਂ ਬੰਦ ਕਰਕੇ ਪਾਲਣ ਕਰਨਾ ਹੋਵੇਗਾ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਕ ਕਿਸਾਨ ਇਕ ਕਾਰੋਬਾਰੀ ਵੀ ਹੁੰਦਾ ਹੈ। ਛੋਟੀ ਜੋਤ ਹੋਣ ਦੇ ਬਾਵਜੂਦ 86 ਫ਼ੀਸਦੀ ਕਿਸਾਨਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਹੈ, ਫਿਰ ਵੀ ਉਹ ਸਾਲ ਦਰ ਸਾਲ ਰਿਕਾਰਡ ਫ਼ਸਲ ਪੈਦਾ ਕਰਦੇ ਹਨ। ਖੇਤੀਬਾੜੀ ਵਿਚ ਜਨਤਕ ਖੇਤਰ ਦੇ ਨਿਵੇਸ਼ 'ਚ ਨਿਰੰਤਰ ਗਿਰਾਵਟ ਦੇ ਨਾਲ, ਜਿਵੇਂ ਆਰ.ਬੀ.ਆਈ. ਨੇ ਇਕ ਅਧਿਐਨ 'ਚ 2011-12 ਅਤੇ 2017-18 ਵਿਚ ਕੁਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ ਲਗਭਗ 0.4 ਫ਼ੀਸਦੀ ਹੋਣ ਦੀ ਗਣਨਾ ਕੀਤੀ ਸੀ, ਅਸੀਂ ਛੋਟੇ ਕਿਸਾਨਾਂ ਤੋਂ ਚਮਤਕਾਰ ਕਰਨ ਦੀ ਉਮੀਦ ਨਹੀਂ ਕਰ ਸਕਦੇ। ਪਰ ਫਿਰ ਵੀ ਉਹ ਦੇਸ਼ ਨੂੰ ਭਰੋਸੇਯੋਗ ਇਕ ਮਜ਼ਬੂਤ ਆਰਥਿਕ ਆਧਾਰ ਮੁਹੱਈਆ ਕਰਨਾ ਜਾਰੀ ਰੱਖਦੇ ਹਨ। ਜੇਕਰ ਅਸੀਂ ਕਿਸਾਨਾਂ ਨੂੰ ਸਿਰਫ਼ ਉਨ੍ਹਾਂ ਦਾ ਹੱਕ ਦਿੱਤਾ ਹੁੰਦਾ ਅਤੇ ਉਨ੍ਹਾਂ ਨੂੰ ਸਹੀ ਤਰ੍ਹਾਂ ਦਾ ਜਨਤਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਹੁੰਦਾ ਤਾਂ ਮੈਨੂੰ ਯਕੀਨ ਹੈ ਕਿ ਉਹ ਭਵਿੱਖ ਲਈ ਖੇਤੀ ਨੂੰ ਇਕ ਪਸੰਦੀਦਾ ਕਾਰੋਬਾਰੀ ਕਿੱਤੇ ਵਿਚ ਬਦਲਣ ਦੇ ਸਮਰੱਥ ਹੋ ਸਕਦੇ ਸਨ।

ਪਰ ਸਭ ਤੋਂ ਪਹਿਲਾਂ ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਾਡੇ ਨੀਤੀ ਨਿਰਮਾਤਾਵਾਂ ਨੂੰ ਖੇਤੀਬਾੜੀ ਖੇਤਰ ਨੂੰ ਪਛੜਿਆ ਹੋਇਆ ਸਮਝਣਾ ਅਤੇ ਖੇਤੀ ਨੂੰ ਇਕ ਆਰਥਿਕ ਬੋਝ ਮੰਨਣ ਦੀ ਇਤਿਹਾਸਕ ਭੁੱਲ ਨੂੰ ਸਵੀਕਾਰਨਾ ਚਾਹੀਦਾ ਹੈ। ਲੰਬੇ ਸਮੇਂ ਤੋਂ ਮੈਂ ਇਹ ਕਹਿੰਦਾ ਆ ਰਿਹਾ ਹਾਂ ਕਿ ਉਦਯੋਗਿਕ ਵਿਕਾਸ ਲਈ ਖੇਤੀਬਾੜੀ ਨੂੰ ਕੁਰਬਾਨ ਕਰਨ ਦੀ ਨੀਤੀ ਸਿਰਫ਼ ਖੇਤੀਬਾੜੀ 'ਤੇ ਨਿਰਭਰ ਸ਼ਰਨਾਰਥੀਆਂ ਦੀ ਇਕ ਮਜ਼ਬੂਤ ਸੈਨਾ ਤਿਆਰ ਕਰਨ ਵਿਚ ਮਦਦ ਕਰ ਰਹੀ ਹੈ, ਜਿਨ੍ਹਾਂ ਨੂੰ ਜਾਣਬੁਝ ਕੇ ਖੇਤੀਬਾੜੀ 'ਚੋਂ ਬਾਹਰ ਕੱਢਿਆ ਜਾ ਰਿਹਾ ਹੈ ਤਾਂ ਜੋ ਉਹ ਸ਼ਹਿਰਾਂ ਵਿਚ ਜਾਣ, ਜਿੱਥੇ ਸਸਤੇ ਕਿਰਤੀਆਂ ਦੀ ਲੋੜ ਹੈ। ਉਦਯੋਗਿਕ ਖੇਤਰ 'ਤੇ ਵੱਧ ਜ਼ੋਰ ਨੇ ਕਿਸਾਨ ਭਾਈਚਾਰੇ ਤੋਂ ਧਿਆਨ ਹਟਾ ਦਿੱਤਾ ਸੀ। ਉਹ ਇਕ ਗ਼ਲਤੀ ਸੀ।

ਇਹ 'ਸਭ ਕਾ ਸਾਥ, ਸਭ ਕਾ ਵਿਕਾਸ' ਪ੍ਰਾਪਤ ਕਰਨ ਦਾ ਸਭ ਤੋਂ ਢੁੱਕਵਾਂ ਤਰੀਕਾ ਹੁੰਦਾ, ਕਾਸ਼ ਜੇਕਰ ਅਸੀਂ ਦ੍ਰਿੜਤਾ ਨਾਲ ਇਸ ਦੇ ਨਾਲ ਖੜੇ ਹੁੰਦੇ ਅਤੇ ਇਸ ਦੀ ਬਜਾਏ ਖੇਤੀਬਾੜੀ ਨੂੰ ਮੁੜ ਸੁਰਜੀਤ ਕਰਨ 'ਤੇ ਧਿਆਨ ਦਿੱਤਾ ਹੁੰਦਾ। ਆਓ, ਗ਼ੈਰ-ਖੇਤੀਬਾੜੀ ਰੁਜ਼ਗਾਰ ਦੀ ਕਮੀ ਬਾਰੇ ਚਿੰਤਾ ਕਰਨ ਦੀ ਬਜਾਏ, ਖੇਤੀ ਨੂੰ ਇਕ ਵਿਵਹਾਰਕ ਤੇ ਲਾਭਦਾਇਕ ਰੁਜ਼ਗਾਰ ਬਣਾਉਣ ਵੱਲ ਧਿਆਨ ਦੇਈਏ।

## ਝੋਨਾ ਘਟਾਓ ਤੇ...

ਫਸਲਾਂ ਜਿਵੇਂ ਕਿ ਮੱਕੀ, ਬਾਜਰ, ਕੋਧਰਾ, ਜਵਾਰ, ਰਾਗੀ ਆਦਿ ਦੀ ਕਾਸ਼ਤ ਕੀਤੀ ਜਾਵੇ।

ਪੰਜਾਬ ਵਿੱਚ ਖੇਤੀ ਦੀ ਘਣਤਾ 200% ਹੈ, ਜੋ ਕਿ ਬਹੁਤ ਜ਼ਿਆਦਾ ਹੈ। ਇਸ ਨੂੰ ਘਟਾਉਣ ਲਈ ਜਮੀਨ ਦੇ ਇੱਕ ਚੌਥਾਈ ਹਿੱਸੇ ਵਿੱਚ ਸਾਉਣ ਦੀ ਫਸਲ ਨਾ ਬੀਜੀ ਜਾਵੇ।

ਕੱਦੂ ਕਰਕੇ ਝੋਨਾ ਲਾਉਣ ਦੀ ਥਾਂ ਵੱਟਾਂ ਉੱਤੇ ਝੋਨਾ ਲਾਉਣ ਦੀ ਤਕਨੀਕ ਅਪਣਾਈ ਜਾਵੇ। ਫਸਲਾਂ ਦੀ ਸਿੰਜਾਈ ਲਈ ਫੁਆਰਾ ਜਾਂ ਤੁਪਕਾ ਸਿੰਜਾਈ ਆਦਿ ਵਿਧੀਆਂ ਦੀ ਵਰਤੋਂ ਕੀਤੀ ਜਾਵੇ।

ਖੇਤਾਂ ਵਿਚ ਤਲਾਅ ਬਣਾਅ ਕੇ ਅਤੇ ਪੁਰਾਣੀਆਂ ਢਾਬਾਂ ਨੂੰ ਮੁੜ ਸੁਰਜੀਤ ਕਰਕੇ ਮੀਂਹ ਦੇ ਪਾਣੀ ਨੂੰ ਇਕੱਠਾ ਕੀਤਾ ਜਾਵੇ ਤੇ ਖੇਤਾਂ ਦੀ ਸਿੰਜਾਈ ਲਈ ਵਰਤਿਆ ਜਾਵੇ।

ਜਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਡਿੱਗਣੋਂ ਬਚਾਉਣ ਲਈ ਘਰਾਂ ਅਤੇ ਹੋਰ ਵੱਡੀਆਂ ਇਮਾਰਤਾਂ ਦੀਆਂ ਛੱਤਾਂ ਦੇ ਜਮੀਨਦੋਜ਼ ਕੀਤਾ ਜਾਵੇ।

ਫੌਰੀ ਨੀਤੀ ਦੇ ਤੌਰ ਤੇ ਪੰਜਾਬ ਦੇ ਜਲ ਸੰਕਟ ਵਿੱਚੋਂ ਪੰਜਾਬ ਨੂੰ ਕੱਢਣ ਲਈ ਝੋਨੇ ਹੇਠਲੇ 76,66,000 ਰਕਬੇ ਵਿੱਚੋਂ 30-35 ਲੱਖ ਏਕੜ ਰਕਬੇ ਨੂੰ ਝੋਨਾ ਮੁਕਤ ਕਰਨ ਦੀ ਫੌਰੀ ਲੋੜ ਹੈ।

ਇਸ ਲਈ ਪਰਵਾਸੀ ਅਤੇ ਨੌਕਰੀਪੇਸ਼ਾ ਪੰਜਾਬੀ ਅਹਿਮ ਭੂਮਿਕਾ ਨਿਭਾਅ ਸਕਦੇ ਹਨ ਕਿਉਂਕਿ ਇਹ ਆਰਥਕ ਤੌਰ ਉੱਤੇ ਖੇਤੀ ਉੱਤੇ ਨਿਰਭਰ ਨਹੀਂ ਹਨ। ਸਾਰੇ ਪੰਜਾਬੀ ਪਰਵਾਸੀ ਜ਼ਮੀਨ ਠੇਕੇ ਉਤੇ ਦੇ ਕੇ ਖੇਤੀ ਕਰਵਾਉਂਦੇ ਹਨ। ਇਕ ਅੰਦਾਜ਼ੇ ਮੁਤਾਬਕ ਕੇਂਦਰੀ ਪੰਜਾਬ ਦੀ 70% ਜ਼ਮੀਨ ਦੀ ਖੇਤੀ ਠੇਕੇ ਉਤੇ ਹੁੰਦੀ ਹੈ।

ਪੰਜਾਬ ਦੇ ਲਗਭਗ ਤੀਹ ਲੱਖ ਜੀਅ ਪੱਕੇ ਤੌਰ ਉੱਤੇ ਬਾਹਰਲੇ ਮੁਲਕਾਂ ਵਿੱਚ ਚਲੇ ਗਏ ਹਨ। ਜੇਕਰ ਉਹ ਪੰਜਾਬ ਵਿੱਚ ਪ੍ਰਤੀ ਜੀਅ ਇੱਕ ਏਕੜ ਵਿਚੋਂ ਵੀ ਝੋਨੇ ਦੀ ਫਸਲ ਘੱਟ ਕਰਵਾਉਣ ਲਈ ਉੱਦਮ ਕਰਨ ਤਾਂ ਪੰਜਾਬ ਵਿੱਚ ਝੋਨੇ ਹੇਠ ਰਕਬੇ ਨੂੰ 30 ਲੱਖ ਏਕੜ ਘਟਾਇਆ ਜਾ ਸਕਦਾ ਹੈ। ਇਸ ਲਈ ਪੰਜਾਬ ਦਰਦੀ ਪਰਵਾਸੀ ਝੋਨੇ ਹੇਠੋਂ ਰਕਬਾ ਕੱਢਣ ਅਤੇ ਫਸਲੀ ਰਹਿੰਦ-ਖੂਹੰਦ ਨੂੰ ਅੱਗ ਨਾ ਲਾਉਣ ਦੀ ਸ਼ਰਤ ਉੱਤੇ ਉਸ ਜ਼ਮੀਨ ਦਾ ਠੇਕਾ ਘੱਟ ਕਰਕੇ ਪੰਜਾਬ ਵਿੱਚ ਅਹਿਮ ਫਸਲੀ ਤਬਦੀਲੀ ਲਿਆਉਣ ਦਾ ਸਵੱਬ ਬਣ ਸਕਦੇ ਹਨ। ਇਹ ਸਹਿਜੇ ਹੀ ਕੀਤਾ ਜਾ ਸਕਦਾ ਹੈ। ਪੰਜਾਬ ਵਿੱਚ ਔਸਤਨ ਠੇਕਾ 40 ਹਜ਼ਾਰ ਰੁਪਏ ਦੇ ਕਰੀਬ ਹੈ। ਜੇਕਰ ਜ਼ਮੀਨ ਨੂੰ ਝੋਨਾ ਮੁਕਤ ਕਰਨ ਦੀ ਇਵਜ਼ ਵਿੱਚ ਇਕ ਏਕੜ ਦਾ ਠੇਕਾ ਅੱਧਾ ਲਿਆ ਤਾਂ ਹਰ ਪਰਵਾਸੀ ਪ੍ਰਤੀ ਏਕੜ ਸਿਰਫ □230 (ਯੂਰਪ), $275 (ਯੂ.ਐਸ.), $333 (ਕਨੇਡਾ), $360 (ਆਸਟ੍ਰੇਲੀਆ) ਸਲਾਨਾ ਦਾ ਯੋਗਦਾਨ ਪਾ ਕੇ ਪੰਜਾਬ ਬੰਜਰ ਹੋਣ ਤੋਂ ਬਚਾ ਸਕਦਾ ਹੈ।

## ਜੂਨ 84 ਘੱਲੂਘਾਰਾ...

ਉਂਝ ਵੀ ਦੋਸ਼ੀ ਸਰਕਾਰ ਕੋਲੋਂ ਹੀ ਜਾਂਚ ਦੀ ਮੰਗ ਕਰਨਾ ਕਿਧਰਲੀ ਦਾਨਸ਼ਮੰਦੀ ਸੀ? ਉਂਝ ਸ਼੍ਰੋਮਣੀ ਕਮੇਟੀ ਨੇ ਦਿੱਲੀ ਹਾਈਕੋਰਟ ਵਿਚ ਭਾਰਤ ਸਰਕਾਰ 'ਤੇ ਹਜ਼ਾਰ ਕਰੋੜ ਦੇ ਮੁਆਵਜ਼ੇ ਦਾ ਕੇਸ ਕੀਤਾ ਹੋਇਆ ਹੈ ਜਿਸ ਵਿਚ ਲਾਇਬ੍ਰੇਰੀ ਵੀ ਸ਼ਾਮਿਲ ਹੈ। ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਸਰੂਪਾਂ, ਪੋਥੀਆਂ, ਗੁਟਕਿਆਂ, ਹੁਕਮਨਾਮਿਆਂ ਦਾ ਮੁੱਲ ਪੈਸਿਆਂ 'ਚ ਆਂਕਿਆ ਜਾ ਸਕਦਾ ਹੈ? ਪੰਜਾਬ ਵਿਚ ਦਸ ਸਾਲ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਰਾਜ ਰਿਹਾ ਹੈ, ਕੇਂਦਰ ਵਿਚ ਉਨਾਂ ਦੀ ਭਾਈਵਾਲ ਭਾਜਪਾ ਦੀ ਸਰਕਾਰ ਹੈ, ਇਸ ਦੌਰਾਨ ਲਾਇਬ੍ਰੇਰੀ ਦੀ ਤਲਾਸ਼ ਲਈ ਕੀ ਯਤਨ ਹੋਏ ਹਨ, ਇਹ ਕਿਸੇ ਨੂੰ ਨਹੀਂ ਪਤਾ। ਸਾਲ 2020 ਵਿਚ ਕੇਂਦਰ ਸਰਕਾਰ ਨੇ ਸੀ. ਬੀ. ਆਈ. ਦੇ ਹਵਾਲੇ ਨਾਲ ਇਕ ਸੂਚੀ ਜਾਰੀ ਕਰਕੇ ਕਿਹਾ ਸੀ ਕਿ ਉਹ ਲਾਇਬ੍ਰੇਰੀ ਦਾ ਸਾਰਾ ਸਾਮਾਨ ਵਾਪਸ ਕਰ ਚੁੱਕੇ ਹਨ। ਉਨਾਂ ਨੇ ਕੁਝ ਵਿਅਕਤੀਆਂ ਦੇ ਨਾਂਅ ਵੀ ਜਾਰੀ ਕੀਤੇ ਸਨ ਜਿਨਾਂ ਵਿਚ ਸਾਬਕਾ ਸਕੱਤਰ ਦਿਲਮੇਘ ਸਿੰਘ ਅਤੇ ਸਾਬਕਾ ਸਕੱਤਰ ਕੁਲਵੰਤ ਸਿੰਘ ਦੇ ਨਾਂਅ ਬੋਲਦੇ ਸਨ ਕਿ ਇਨਾਂ ਵਿਅਕਤੀਆਂ ਦੇ ਦਸਤਖ਼ਤ ਲੈ ਕੇ ਵਸਤੂਆਂ ਸੌਂਪੀਆਂ ਗਈਆਂ ਸਨ। ਮਾਮਲਾ ਭਖਣ 'ਤੇ ਸ਼੍ਰੋਮਣੀ ਕਮੇਟੀ ਨੇ ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਹੇਠ ਪੰਜ ਮੈਂਬਰੀ ਕਮੇਟੀ ਕਾਇਮ ਕਰ ਦਿੱਤੀ ਸੀ, ਇਸ ਵਿਚ ਮੁੱਖ ਸਕੱਤਰ ਰੂਪ ਸਿੰਘ, ਬੀਬੀ ਜਗੀਰ ਕੌਰ, ਦਿਲਮੇਘ ਸਿੰਘ, ਅਤੇ ਸੁਖਦੇਵ ਸਿੰਘ ਭੂਰਾ ਕੋਹਨਾ ਸ਼ਾਮਿਲ ਸਨ। ਪਰ ਬਡੂੰਗਰ ਦੇ ਦੱਸਣ ਮੁਤਾਬਿਕ ਕਮੇਟੀ ਦੀਆਂ ਹੁਣ ਤੱਕ ਦੋ ਮੀਟਿੰਗਾਂ ਹੀ ਹੋਈਆਂ ਹਨ ਪਰ ਜਾਂਚ ਅਗਾਂਹ ਨਹੀਂ ਤੁਰ ਸਕੀ। ਸਪੱਸ਼ਟ ਹੈ ਕਿ ਜਾਂਚ ਅਗਾਂਹ ਤੁਰੇਗੀ ਵੀ ਨਹੀਂ। ਹੁਣ ਭੂਰਾ ਕੋਹਨਾ ਸੇਵਾ ਮੁਕਤ ਹੋ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ੩੨੮ ਸਰੂਪ ਲਾਪਤਾ ਹੋਣ ਤੋਂ ਬਾਅਦ ਡਾ. ਰੂਪ ਸਿੰਘ ਪਰਿਵਾਰ ਸਮੇਤ ਕੈਨੇਡਾ ਚਲੇ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਕਲਚਰ ਸੈਂਟਰ ਚੰਡੀਗੜ ਦੀ ਮਾਰਫ਼ਤ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਪ੍ਰਿੰ: ਸਤਵੀਰ ਸਿੰਘ ਨੂੰ 87 ਦੁਰਲੱਭ ਪੇਂਟਿੰਗਾਂ ਸੌਂਪੀਆਂ ਸਨ, ਹੁਣ ਪੇਂਟਿੰਗਾਂ ਕਿੱਥੇ ਹਨ ਇਸ ਦੀ ਵੀ ਉੱਘ-ਸੁਘ ਨਹੀਂ ਲਗਦੀ।

ਇਸ ਸਾਰੇ ਘਟਨਾਕ੍ਰਮ 'ਚੋਂ ਇਹੋ ਸਿੱਟਾ ਨਿਕਲਦਾ ਹੈ ਕਿ ਸੀ.ਬੀ.ਆਈ. ਦੇ ਅਫ਼ਸਰ ਇਹ ਦੁਰਲੱਭ ਸਰੂਪ, ਪੋਥੀਆਂ, ਗੁਟਕੇ, ਹੁਕਮਨਾਮੇ ਆਦਿ ਖੁਰਦ-ਬੁਰਦ ਕਰਨ ਲਈ ਜ਼ਿੰਮੇਵਾਰ ਹਨ। ਸ਼੍ਰੋਮਣੀ ਕਮੇਟੀ ਇਸ ਸਾਰੇ ਮਾਮਲੇ ਦੀ ਠੀਕ ਤਰਾਂ ਪੈਰਵੀ ਕਰਨ ਵਿਚ ਅਸਫਲ ਸਿੱਧ ਹੋਈ ਹੈ। ਇਸ ਸਭ ਕੁਝ ਦੇ ਸਿੱਟੇ ਵਜੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੀਆਂ ਸਾਰੀਆਂ ਇਤਿਹਾਸਕ, ਦੁਰਲੱਭ ਤੇ ਕੀਮਤੀ ਪੁਸਤਕਾਂ ਖੁਰਦ-ਬੁਰਦ ਹੋ ਗਈਆਂ ਹਨ। ਇਸ ਦੁਖਦਾਈ ਘਟਨਾਕ੍ਰਮ 'ਤੇ ਅਮੀਰ ਮੀਨਾਈ ਦਾ ਇਹ ਸ਼ੇਅਰ ਹੀ ਢੁਕਦਾ ਹੈ :

'ਹੂਏ ਨਾਮਵਰ ਬੇਨਿਸ਼ਾਂ ਕੈਸੇ ਕੈਸੇ।
ਜ਼ਮੀਂ ਖਾ ਗਈ ਆਸਮਾਂ ਕੈਸੇ ਕੈਸੇ।'

## ਰਾਜਨਾਥ ਸਿੰਘ ਨੇ...

**ਗੈਰ-ਐਨਡੀਏ ਵੋਟਰਾਂ ਨੇ ਸ਼ਾਹ ਨੂੰ ਸਭ ਤੋਂ ਹੇਠਲੀ ਪਾਇਦਾਨ 'ਤੇ ਰੱਖਿਆ**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਭਾਵੇਂ ਐਨਡੀਏ ਵੋਟਰਾਂ ਵਿੱਚ ਕਾਫ਼ੀ ਮਕਬੂਲ ਹਨ, ਪਰ ਗੈਰ-ਐਨਡੀਏ ਵੋਟਰਾਂ ਨੇ 5 ਮੰਤਰੀਆਂ ਦੀ ਇਸ ਸੂਚੀ ਵਿੱਚ ਸ਼ਾਹ ਨੂੰ ਸਭ ਤੋਂ ਹੇਠਲੀ ਪਾਇਦਾਨ 'ਤੇ ਹਨ। ਐਨਡੀਏ ਵੋਟਰਾਂ ਵਿਚੋਂ ਸ਼ਾਹ 7.79 ਦੇ ਸਕੋਰ ਨਾਲ ਤੀਜੇ ਸਥਾਨ 'ਤੇ ਹਨ। ਐਨਡੀਏ ਵੋਟਰਾਂ ਨੇ ਸ਼ਾਹ ਨੂੰ 5.53 ਦਾ ਸਕੋਰ ਦਿੱਤਾ ਹੈ।

## ਸਿੱਧੂ ਮੂਸੇਵਾਲਾ ਕਤਲ...

**ਗੁਰਵਿੰਦਰ ਦੀ ਗੋਲੀ ਕੱਢੀ, ਗੁਰਪ੍ਰੀਤ ਦਾ ਇਲਾਜ ਜਾਰੀ**

ਦਿਆਨੰਦ ਮੈਡੀਕਲ ਕਾਲਜ ਦੇ ਡਾਕਟਰਾਂ ਨੇ ਗੁਰਵਿੰਦਰ ਸਿੰਘ ਦੇ ਮੋਢੇ 'ਤੇ ਲੱਗੀ ਗੋਲੀ ਕੱਢ ਦਿੱਤੀ ਹੈ ਤੇ ਉਸ 'ਤੇ ਪਲੱਸਤਰ ਲਾ ਦਿੱਤਾ ਹੈ, ਜਦੋਂ ਕਿ ਗੁਰਪ੍ਰੀਤ ਦੇ ਸਰੀਰ 'ਤੇ ਲੱਗੀਆਂ ਤਿੰਨ ਗੋਲੀਆਂ ਨੂੰ ਕੱਢਣ ਲਈ ਡਾਕਟਰਾਂ ਦੀਆਂ ਟੀਮਾਂ ਲੱਗੀਆਂ ਹੋਈਆਂ ਹਨ ਤੇ ਉਸ ਦਾ ਇਲਾਜ ਚੱਲ ਰਿਹਾ ਹੈ। ਡਾ. ਰਜਨੀਸ਼ ਗਰਗ ਨੇ ਦੱਸਿਆ ਕਿ ਆਪਰੇਸ਼ਨ ਕਰਕੇ ਗੋਲੀਆਂ ਕੱਢ ਲਈਆਂ ਗਈਆਂ ਹਨ। ਦੋਵਾਂ ਦੀ ਹਾਲਤ ਠੀਕ ਹੈ।

**ਬਠਿੰਡਾ, ਹਰਿਆਣਾ ਤੇ ਰਾਜਸਥਾਨ ਵਿਚ ਛਾਪੇ**

ਉਤਰਾਖੰਡ ਪੁਲਿਸ ਨਾਲ ਇਕ ਸਾਂਝੇ ਅਪਰੇਸ਼ਨ ਵਿਚ ਪੰਜਾਬ ਪੁਲਿਸ ਨੇ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਪੰਜ ਵਿਅਕਤੀਆਂ ਨੂੰ ਦੇਹਰਾਦੂਨ ਤੋਂ ਹਿਰਾਸਤ ਵਿਚ ਲਿਆ ਹੈ। ਇਨ੍ਹਾਂ 'ਤੇ ਹੱਤਿਆ ਵਿਚ ਸ਼ਾਮਲ ਹੋਣ ਦਾ ਸ਼ੱਕ ਜ਼ਾਹਿਰ ਕੀਤਾ ਗਿਆ ਹੈ। ਇਨ੍ਹਾਂ ਨੂੰ ਸ਼ਿਮਲਾ ਬਾਈਪਾਸ ਇਲਾਕੇ ਤੋਂ ਫੜਿਆ ਗਿਆ ਹੈ ਤੇ ਪੰਜਾਬ ਲਿਆਂਦਾ ਗਿਆ ਹੈ। ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ ਮਨਪ੍ਰੀਤ ਢੈਪਈ ਮੰਨਾ ਵਿਚ ਜਾਂਚ ਟੀਮ ਨੂੰ 'ਜ਼ਿਆਦਾ ਦਿਲਚਸਪੀ' ਹੈ। ਉਹ ਅਪਰਾਧਿਕ ਪਿਛੋਕੜ ਦਾ ਹੈ। ਉਨ੍ਹਾਂ ਕਿਹਾ ਕਿ ਉਹ ਕੁਝ ਗੈਂਗਸਟਰਾਂ ਨਾਲ ਜੁੜਿਆ ਹੋਇਆ ਸੀ। ਬਾਕੀ ਸਾਰੇ ਉਸ ਦੇ ਸਾਥੀ ਹਨ ਜਿਨ੍ਹਾਂ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਹੈ। ਇਸੇ ਦੌਰਾਨ ਸਿੱਧੂ 'ਤੇ ਹਮਲਾ ਕਰਨ ਵਾਲੇ ਅੱਠ ਹਮਲਾਵਰਾਂ ਦੀ ਪੈੜ ਨੱਪਣ ਲਈ ਪੁਲਿਸ ਨੇ ਬਠਿੰਡਾ ਤੇ ਨਾਲ ਲੱਗਦੇ ਹਰਿਆਣਾ ਤੇ ਰਾਜਸਥਾਨ ਸੂਬਿਆਂ ਦੇ ਕਈ ਜ਼ਿਲ੍ਹਿਆਂ ਵਿਚ ਵੀ ਛਾਪੇ ਮਾਰੇ ਹਨ। ਸੂਤਰਾਂ ਮੁਤਾਬਕ ਮੰਨਾ ਢੈਪਈ ਪਿੰਡ ਨਾਲ ਸਬੰਧਤ ਹੈ ਜੋ ਕਿ ਕਤਲ ਵਾਲੀ ਥਾਂ ਜਵਾਹਰਕੇ ਪਿੰਡ ਦੇ ਨੇੜੇ ਹੀ ਹੈ। ਉਸ ਨੂੰ ਹਾਲੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਪੁਲਿਸ ਮੁਤਾਬਕ ਹਮਲਾਵਰਾਂ ਵੱਲੋਂ ਅਪਰਾਧ ਲਈ ਵਰਤੀ ਗਈ ਬੋਲੈਰੋ ਗੱਡੀ ਉਤੇ ਕਿਸੇ ਹੋਰ ਕਾਰ ਦੀ ਨੰਬਰ ਪਲੇਟ ਲੱਗੀ ਹੋਈ ਸੀ। ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਨੂੰ ਹੱਲ ਕਰਨ ਅਤੇ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਪੰਜਾਬ ਪੁਲਿਸ ਵੱਖ-ਵੱਖ ਪਹਿਲੂਆਂ 'ਤੇ ਜਾਂਚ ਕਰ ਰਹੀ ਹੈ। ਭਾਵੇਂ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪਰਿਵਾਰ ਦੀ ਮੰਗ 'ਤੇ ਹੱਤਿਆ ਦੀ ਜਾਂਚ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਉਣ ਦਾ ਫ਼ੈਸਲਾ ਲਿਆ ਹੈ। ਡੀ.ਜੀ.ਪੀ. ਪੰਜਾਬ ਦੇ ਨਿਰਦੇਸ਼ਾਂ 'ਤੇ ਪੁਲਿਸ ਵਲੋਂ ਪੰਜਾਬ ਤੋਂ ਇਲਾਵਾ ਗੁਆਂਢੀ ਰਾਜਾਂ ਵਿਚ ਸੂਹ ਲੈ ਕੇ ਛਾਪੇਮਾਰੀ ਜਾਰੀ ਹੈ। ਜਾਣਕਾਰੀ ਅਨੁਸਾਰ ਜਿੱਥੇ ਪੰਜਾਬ ਪੁਲਿਸ ਦੀ ਇੱਕ ਟੀਮ ਨੇ ਦੇਹਰਾਦੂਨ (ਉੱਤਰਾਖੰਡ) ਵਿਚੋਂ ਕਈ ਵਿਅਕਤੀ ਹਿਰਾਸਤ ਵਿਚ ਲਏ ਹਨ ਉੱਥੇ ਦਿੱਲੀ ਪੁਲਿਸ ਵੀ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੀ ਭੂਮਿਕਾ ਦੀ ਜਾਂਚ ਕਰਨ ਵਿਚ ਰੁੱਝ ਗਈ ਹੈ। ਦੱਸਣਾ ਬਣਦਾ ਹੈ ਕਿ ਗਾਇਕ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਬਿਸ਼ਨੋਈ ਗਰੁੱਪ ਅਤੇ ਵਿਦੇਸ਼ ਵੱਸਦੇ ਗੋਲਡੀ ਬਰਾੜ ਨੇ ਲਈ ਸੀ। ਇਸੇ ਦੌਰਾਨ ਪੰਜਾਬ ਪੁਲਿਸ ਦੀ ਇੱਕ ਟੀਮ ਵਲੋਂ ਸਿੱਧੂ ਮੂਸੇਵਾਲਾ ਹੱਤਿਆ ਮਾਮਲੇ ਵਿਚ ਮਾਨਸਾ ਕੈਂਚੀਆਂ ਸਥਿਤ ਮਨਸੁੱਖ ਢਾਬੇ 'ਤੇ ਪੁੱਛਗਿੱਛ ਕੀਤੀ ਗਈ ਹੈ। ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਘੁੰਮ ਰਹੀ ਸੀ, ਜਿਸ ਵਿਚ ਸਵੇਰ ਸਮੇਂ ਕਈ ਨੌਜਵਾਨ ਬਰੇਕ ਫਾਸਟ ਕਰ ਰਹੇ ਸਨ। ਸ਼ੱਕ ਕੀਤਾ ਜਾਂਦਾ ਹੈ ਕਿ ਇਹ ਨੌਜਵਾਨ ਹਮਲਾਵਰ ਹਨ। ਪੁਲਿਸ ਅਧਿਕਾਰੀ ਗੁਰਮੀਤ ਸਿੰਘ ਚੌਹਾਨ ਦੀ ਅਗਵਾਈ ਵਿਚ ਓਥੋਂ ਦੀ ਟੀਮ ਨੇ ਸੀਸੀਟੀਵੀ ਫੁਟੇਜ ਵੀ ਲਏ ਹਨ।

**ਤਿਹਾੜ ਜੇਲ ਵਿਚ ਲਾਰੈਂਸ ਬਿਸ਼ਨੋਈ ਤੇ ਹੋਰ ਗੈਂਗਸਟਰਾਂ ਤੋਂ ਪੁੱਛਗਿਛ**

ਦਿੱਲੀ ਪੁਲਿਸ ਨੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਕੇਸ ਦੇ ਸੰਬੰਧ ਵਿਚ ਇਥੇ ਤਿਹਾੜ ਜੇਲ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਹੋਰ ਗੈਂਗਸਟਰਾਂ ਤੋਂ ਪੁੱਛਗਿੱਛ ਕੀਤੀ। ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਦੀ ਇਕ ਟੀਮ ਵਲੋਂ ਤਿਹਾੜ ਜੇਲ ਅੰਦਰੋਂ ਮੂਸੇਵਾਲਾ ਨੂੰ ਮਾਰਨ ਦੀ ਕਥਿਤ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ, ਸ਼ਾਹਰੁਖ਼, ਕਾਲਾ ਰਾਣਾ ਤੇ ਕਾਲਾ ਜਠੇਬੰਦੀ ਤੋਂ ਪੁੱਛਗਿੱਛ ਕੀਤੀ ਗਈ ਹੈ। ਫਿਲਹਾਲ ਇਹ ਸ਼ੱਕ ਜਤਾਇਆ ਜਾ ਰਿਹਾ ਹੈ ਮੂਸੇਵਾਲਾ ਦੀ ਹੱਤਿਆ ਦੀ ਸਾਜਿਸ਼ ਤਿਹਾੜ ਜੇਲ ਵਿਚ ਬੰਦ ਕੁਝ ਗੈਂਗਸਟਰਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਦੁਆਰਾ ਰਚੀ ਗਈ ਹੋ ਸਕਦੀ ਹੈ। ਇਹ ਸ਼ੱਕ ਕੀਤਾ ਜਾ ਰਿਹਾ ਹੈ ਕਿ ਜੇਲ ਵਿਚ ਬੰਦ ਗੈਂਗਸਟਰਾਂ ਵਲੋਂ ਕੈਨੇਡਾ ਰਹਿੰਦੇ ਗੈਂਗਸਟਰ ਗੋਲਡੀ ਬਰਾੜ ਨਾਲ ਸੰਪਰਕ ਕਰਨ ਲਈ ਵੀ.ਓ.ਆਈ.ਪੀ. ਕਾਲਾਂ ਕੀਤੀਆਂ ਜਾ ਰਹੀਆਂ ਹਨ, ਜਿਸ ਨੇ ਫਿਰ ਆਪਣੇ ਸਹਿਯੋਗੀਆਂ ਨੂੰ ਇਥੇ ਜਬਰੀ ਵਸੂਲੀ ਅਤੇ ਹੋਰ ਅਪਰਾਧਾਂ ਨੂੰ ਅੰਜਾਮ ਦੇਣ ਦੇ ਨਿਰਦੇਸ਼ ਦਿੱਤੇ ਹਨ। ਦਿੱਲੀ ਦੀ ਇਕ ਅਦਾਲਤ ਨੇ ਜੇਲ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿਚ ਉਸ ਨੇ ਜੇਲ ਅਧਿਕਾਰੀਆਂ ਨੂੰ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਮਾਮਲੇ ਵਿਚ ਪੰਜਾਬ ਪੁਲਿਸ ਨੂੰ ਆਪਣੀ ਹਿਰਾਸਤ ਨਾ ਦੇਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ। ਵਿਸ਼ੇਸ਼ ਜੱਜ ਪਰਵੀਨ ਸਿੰਘ ਨੇ ਕਿਹਾ ਕਿ ਉਸ ਪਟੀਸ਼ਨ 'ਤੇ ਵਿਚਾਰ ਕਰਨ ਦਾ ਕੋਈ ਆਧਾਰ ਨਹੀਂ ਹੈ। ਲਾਰੈਂਸ ਬਿਸ਼ਨੋਈ ਨੇ ਆਪਣੀ ਪਟੀਸ਼ਨ ਵਿਚ ਕਿਹਾ ਸੀ ਕਿ ਉਹ ਇਕ ਵਿਦਿਆਰਥੀ ਸਿਆਸੀ ਆਗੂ ਹੈ ਅਤੇ ਸਿਆਸੀ ਰੰਜਿਸ਼ ਕਾਰਨ ਉਸ ਨੂੰ ਖ਼ਿਲਾਫ਼ ਪੰਜਾਬ ਅਤੇ ਚੰਡੀਗੜ ਵਿਚ ਦਰਜ ਕਈ ਝੂਠੇ ਮਾਮਲਿਆਂ ਵਿਚ ਉਹ ਫਸਿਆ ਹੋਇਆ ਹੈ ਅਤੇ ਉਸ ਨੂੰ ਡਰ ਹੈ ਕਿ ਪੰਜਾਬ ਪੁਲਿਸ ਵਲੋਂ ਉਸ ਦਾ ਫ਼ਰਜ਼ੀ ਮੁਕਾਬਲਾ ਕਰ ਦਿੱਤਾ ਜਾਵੇਗਾ। ਜੇਕਰ ਉਸ ਨੂੰ ਵਾਰੰਟ 'ਤੇ ਲਿਆ ਜਾਂਦਾ ਹੈ ਤਾਂ ਉਸ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਜੇਕਰ ਪੁਲਿਸ ਪੁੱਛਗਿੱਛ ਕਰਨਾ ਚਾਹੁੰਦੀ ਹੈ ਤਾਂ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਜਾਵੇ। ਅਦਾਲਤ ਨੇ ਇਸ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਲਾਅ ਐਂਡ ਆਰਡਰ ਦਾ ਕੰਮ ਵੇਖਣਾ ਸੂਬੇ ਦੀ ਪੁਲਿਸ ਦਾ ਅਧਿਕਾਰ ਹੈ।

**ਕੀ ਕਹਿੰਦੇ ਨੇ ਡੀਜੀਪੀ**

ਮਾਨਸਾ-ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਹੋਏ ਕਤਲ ਨੂੰ ਲੈ ਕੇ ਪੰਜਾਬ ਦੇ ਡੀ. ਜੀ. ਪੀ. ਵੀ. ਕੇ. ਭਾਵਰਾ ਵੱਲੋਂ ਵੱਡੇ ਖੁਲਾਸੇ ਕੀਤੇ ਗਏ ਹਨ। ਡੀ.ਜੀ.ਪੀ. ਭਾਵਰਾ ਨੇ ਖੁਲਾਸੇ ਕਰਦੇ ਹੋਏ ਕਿਹਾ ਕਿ ਮੌਕੇ ਤੋਂ ਤਕਰੀਬਨ 30 ਗੋਲੀਆਂ ਦੇ ਖੋਲ ਬਰਾਮਦ ਹੋਏ ਹਨ ਉਸ ਤੋਂ ਵੱਖ-ਵੱਖ ਬੋਰ ਦੇ ਜਿਵੇਂ 9ਐੱਮ. ਐੱਮ. ਤੇ 455 ਦੇ ਹਨ, ਨੂੰ ਦੇਖ ਕੇ ਲੱਗਦਾ ਹੈ ਕਿ ਮੂਸੇਵਾਲਾ ਦੇ ਕਤਲ ਲਈ ਵੱਖ-ਵੱਖ ਤਿੰਨ ਤਰਾਂ ਦੇ ਹਥਿਆਰਾਂ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਨਾਲ ਹੀ ਉਨਾਂ ਕਿਹਾ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਮੂਸੇਵਾਲਾ ਕੋਲ ਬੁਲੇਟ ਪਰੂਫ ਗੱਡੀ ਸੀ ਪਰ ਉਹ ਉਸ ਵਿਚ ਨਹੀਂ ਗਿਆ ਸੀ। ਇਸ ਕਤਲ ਦੀ ਜ਼ਿੰਮੇਵਾਰੀ ਕੈਨੇਡਾ ਤੋਂ ਲਾਰੈਂਸ ਬਿਸ਼ਨੋਈ ਗੈਂਗ ਨੇ ਲਈ ਹੈ।

## 'ਆਪ' ਵਿਧਾਇਕਾ...

ਵਿਧਾਇਕ ਬੀਬੀ ਨੇ ਪੁਲਿਸ ਨੂੰ ਦੱਸਿਆ ਕਿ ਕੁਝ ਦਿਨ ਪਹਿਲਾਂ ਉਸ ਨੂੰ ਸੂਚਨਾ ਮਿਲੀ ਸੀ ਕਿ ਸਿਕੰਦਰ ਸਿੰਘ ਨਾਂ ਦੇ ਵਿਅਕਤੀ ਨੇ ਆਪਣੀ ਫੇਸਬੁੱਕ 'ਤੇ ਆਈਡੀ ਬਣਾਈ ਹੈ। ਦੋਸ਼ੀ ਆਪਣੀ ਆਈਡੀ ਰਾਹੀਂ ਉਸ 'ਤੇ ਭੱਦੀਆਂ ਤੇ ਅਸ਼ਲੀਲ ਟਿੱਪਣੀਆਂ ਕਰ ਰਿਹਾ ਹੈ। ਉਸ ਦੀ ਕਾਰਜਸ਼ੈਲੀ 'ਤੇ ਵੀ ਟਿੱਪਣੀ ਕੀਤੀ। ਇਸ ਸਬੰਧੀ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਮੁਲਜ਼ਮ ਕਿਸ ਪਾਰਟੀ ਨਾਲ ਸਬੰਧਤ ਹੈ।



ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com